

Ray Dhaliwal
Real Estate Broker

# Moving to Indiana?

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊ ਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 07, February 18, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਪੰਜਾਬ ਵਿਚ ਹੁਣ ਸੰਵਿਧਾਨਕ ਸੰਕਟ!

## ਮੁੱਖ ਮੰਤਰੀ ਤੇ ਰਾਜਪਾਲ ਆਹਮੋ-ਸਾਹਮਣੇ


**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਖੁੱਲ੍ਹ ਕੇ ਆਹਮੋ-ਸਾਹਮਣੇ ਹੋ ਗਏ ਹਨ। ਮੌਜੂਦਾ ਬਣੇ ਹਾਲਾਤ ਪੰਜਾਬ ਵਿਚ ਕਿਸੇ ਵੱਡੇ ਸੰਵਿਧਾਨਕ ਸੰਕਟ ਵੱਲ ਇਸ਼ਾਰਾ ਕਰਦੇ ਹਨ। ਇਸ ਤੋਂ ਪਹਿਲਾਂ ਵੀ ਭਾਵੇਂ ਦੋਵਾਂ ਵਿਚਕਾਰ ਨੋਕ-ਝੋਕ ਜਾਰੀ ਸੀ ਪਰ ਇਸ ਵਾਰ ਭਗਵੰਤ ਮਾਨ ਵੱਲੋਂ ਦੋ ਟੁੱਕ ਆਖ ਦਿੱਤਾ ਹੈ ਕਿ ਉਸ (ਰਾਜਪਾਲ) ਨੂੰ ਸਰਕਾਰ ਦੇ ਕੰਮਾਂ ਵਿਚ ਇਸ ਤਰ੍ਹਾਂ ਲੱਤਾਂ ਡਾਹੁਣ ਦਾ ਹੱਕ ਹੀ ਨਹੀਂ ਹੈ।

ਦਰਅਸਲ, ਰਾਜਪਾਲ ਨੇ ਪੱਤਰ ਲਿਖ ਕੇ ‘ਆਪ’ ਸਰਕਾਰ ਵੱਲੋਂ ਲਏ ਗਏ ਕਈ ਫੈਸਲਿਆਂ ’ਤੇ ਉਂਗਲ ਚੁੱਕਦਿਆਂ ਮੁੱਖ ਮੰਤਰੀ ਤੋਂ ਜੁਆਬ ਮੰਗਿਆ ਸੀ। ਉਧਰ, ਮੁੱਖ ਮੰਤਰੀ ਨੇ ਦੋ ਟੁੱਕ ਲਫ਼ਜ਼ਾਂ ਵਿਚ ਇਨ੍ਹਾਂ ਮਾਮਲਿਆਂ ’ਤੇ ਕੋਈ ਲਿਖਤੀ ਜੁਆਬ ਦੇਣ ਤੋਂ ਕੋਰਾ ਇਨਕਾਰ ਕਰ ਦਿੱਤਾ ਹੈ। ਰਾਜਪਾਲ ਨੇ ਪੁਰਾਣੇ ਲਿਖੇ ਪੱਤਰਾਂ ਦੇ ਹਵਾਲਿਆਂ ਨਾਲ ਗਿਲਾ ਕੀਤਾ ਹੈ ਕਿ ਸਰਕਾਰ ਕਿਸੇ ਪੱਤਰ ਦਾ ਜੁਆਬ ਨਹੀਂ ਦੇ ਰਹੀ ਹੈ ਜਦੋਂ ਕਿ ਜੁਆਬ ਦੇਣ ਲਈ ਸਰਕਾਰ ਪਾਬੰਦ ਹਨ। ਰਾਜਪਾਲ ਨੇ ਹੁਣ ਤਲਖ਼ ਰੌਂਅ ਵਿਚ ਇੱਥੋਂ ਤੱਕ ਆਖ ਦਿੱਤਾ ਹੈ ਕਿ ਜੇਕਰ ਉਨ੍ਹਾਂ ਵੱਲੋਂ ਮੰਗੀ ਸੂਚਨਾ 15 ਦਿਨਾਂ ’ਚ ਸਰਕਾਰ ਨੇ ਮੁਹੱਈਆ ਨਾ ਕਰਾਈ ਤਾਂ ਉਨ੍ਹਾਂ ਨੂੰ ਅਗਲੀ ਕਾਰਵਾਈ ਲਈ ਕਾਨੂੰਨੀ ਸਲਾਹ ਲੈਣ ਲਈ ਮਜਬੂਰ ਹੋਣਾ ਪਵੇਗਾ।

ਦੂਜੇ ਪਾਸੇ ਭਗਵੰਤ ਮਾਨ ਨੇ ਉਸੇ ਲਹਿਜੇ ਵਿਚ ਟਵੀਟ ਕਰਕੇ ਸਾਫ਼ ਕਰ ਦਿੱਤਾ ਹੈ ਕਿ ਉਹ ਪੰਜਾਬ ਦੇ ਲੋਕਾਂ ਨੂੰ ਜਵਾਬਦੇਹ ਹਨ, ਨਾ ਕਿ ਕੇਂਦਰ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਕਿਸੇ ਰਾਜਪਾਲ ਪ੍ਰਤੀ ਉਹ ਜਵਾਬਦੇਹ ਹਨ। ਯਾਦ ਰਹੇ ਕਿ ਰਾਜਪਾਲ ਨੇ ਪਹਿਲਾਂ ਵੀ ਕਈ ਮੌਕਿਆਂ ‘ਤੇ ਮੁੱਖ ਮੰਤਰੀ ਦੇ ਫੈਸਲਿਆਂ ‘ਤੇ ਨਿਸ਼ਾਨਾ ਸਾਧਿਆ ਹੈ ਤੇ ਮੁੱਖ ਮੰਤਰੀ ਨੇ ਉਸੇ ਤਰਜ਼ ‘ਤੇ ਜਵਾਬੀ ਹੱਲੇ ਵੀ ਬੋਲੇ ਹਨ। ਮੌਜੂਦਾ ਮਾਹੌਲ ਸਾਫ ਇਸ਼ਾਰਾ ਕਰ ਰਿਹਾ ਹੈ ਕਿ ਭਗਵੰਤ ਮਾਨ ਹੁਣ ਰਾਜਪਾਲ ਨਾਲ ਇਕ ਪਾਸਾ ਕਰਨ ਦੇ ਮੂਡ ਵਿਚ ਜਾਪਦੇ ਹਨ। ਪਿਛਲੇ ਕੁਝ ਸਮੇਂ ਤੋਂ ਗੈਰ ਭਾਜਪਾ ਸੱਤਾ ਵਾਲੀਆਂ ਸੂਬਾ ਸਰਕਾਰਾਂ ਤੇ ਰਾਜਪਾਲਾਂ ਵਿਚ ਟਕਰਾਅ ਲਗਾਤਾਰ ਵਧ ਰਿਹਾ ਹੈ। ਦਿੱਲੀ ਅਤੇ ਪੱਛਮੀ ਬੰਗਾਲ ਵਿਚ ਵੀ ਇਹ ਟਕਰਾਅ ਸਿਖਰਾਂ ਛੂੰਹਦਾ ਰਿਹਾ ਹੈ। ਰਾਜਧਾਨੀ ਦਿੱਲੀ ਵਿਚ ਬਹੁਤੇ ਵਿਭਾਗ ਕੇਂਦਰ ਅਧੀਨ ਹੋਣ ਕਾਰਨ ਇਥੋਂ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਕਦੇ ਵਾਹ ਨਹੀਂ ਚੱਲੀ ਤੇ ਰਾਜਪਾਲ ਵੱਲੋਂ ਹਮੇਸ਼ਾ ਸਰਕਾਰ ਦੇ ਫੈਸਲਿਆਂ ਵਿਚ ਅੜਿੱਕੇ ਪਾਉਂਦਾ ਆਇਆ ਹੈ। ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਵਿਚ ਵੀ ਇਹੋ ਮਾਹੌਲ ਹੈ। ਵਿਰੋਧੀ ਧਿਰਾਂ ਲਗਾਤਾਰ ਦੋਸ਼ ਲਾਉਂਦਿਆਂ ਆ ਰਹੀਆਂ ਹਨ ਕਿ ਰਾਜਪਾਲ ਭਾਜਪਾ ਦੇ ਸਿਆਸੀ ਨੁਮਾਇੰਦੇ ਵਾਂਗ ਵਿਚਰ ਰਿਹਾ ਹੈ। ਪਿਛਲੇ ਦਿਨੀਂ ਰਾਜਪਾਲ ਦੇ ਸਰਹੱਦੀ ਪਿੰਡ ਦੇ ਦੌਰੇ ਵੀ ਚਰਚਾ ਦਾ ਵਿਸ਼ਾ ਬਣੇ ਸਨ। ਰਾਜਪਾਲ ਨੇ ਪਿੰਡਾਂ ਦੇ ਸਰਪੰਚਾਂ ਸਣੇ ਹੋਰ ਨੁਮਾਇੰਦਿਆਂ ਨਾਲ ਮਿਲਣੀ ਕਰ ਕੇ ਸਿਆਸੀ ਧਿਰਾਂ ਨੂੰ ਸੋਚੀਂ ਪਾ ਦਿੱਤਾ ਸੀ। ਉਸ ਸਮੇਂ ਰਾਜਪਾਲ ਨੇ ਇਕ ਸਿਆਸੀ ਵਿਰੋਧੀ ਵਾਂਗ ਸਰਕਾਰ ਦੇ ਕੰਮਾਂ ਦੀ ਨੁਕਤਾਚੀਨੀ ਕੀਤੀ। ਸੂਬੇ ਵਿਚ ਨਸ਼ਿਆਂ ਦ ਮੁੱਦੇ ਉਤੇ ਸਰਕਾਰ ਦੀ ਨਾਲਾਇਕੀ ਨੂੰ ਉਭਾਰਿਆ। ਅਕਾਲੀ ਦਲ ਬਾਦਲ ਸਣੇ ਵਿਰੋਧੀ ਧਿਰਾਂ ਨੇ ਰਾਜਪਾਲ ਦੀ ਇਸ ਸਰਗਰਮੀ ਨੂੰ ਸੰਘੀ ਢਾਂਚੇ ਨੂੰ ਢਾਹ ਲੈਣ ਵਾਲੀ ਦੱਸਿਆ ਸੀ।

ਚੇਤੇ ਰਹੇ ਕਿ ਸ੍ਰੀ ਪੁਰੋਹਿਤ ਨੇ ਸਿੰਗਾਪੁਰ ‘ਚ ਸਿਖਲਾਈ ਲਈ ਭੇਜੇ ਗਏ ਪ੍ਰਿੰਸੀਪਲਾਂ ਦੀ ਚੋਣ ‘ਚ ਪਾਰਦਰਸ਼ਤਾ ਦੀ ਘਾਟ ‘ਤੇ ਸੁਆਲ ਚੁੱਕੇ ਹਨ। ਰਾਜਪਾਲ ਨੇ ਮੁੱਖ ਮੰਤਰੀ ਨੂੰ ਪ੍ਰਿੰਸੀਪਲਾਂ ਦੀ ਸਿੰਗਾਪੁਰ ਭੇਜੇ ਜਾਣ ਲਈ ਕੀਤੀ ਪੂਰੀ ਚੋਣ ਪ੍ਰਕਿਰਿਆ ਦੇ ਮਾਪਦੰਡ, ਸਿੰਗਾਪੁਰ ਵਿਚ ਸਿਖਲਾਈ ਤੇ ਯਾਤਰਾ ‘ਤੇ ਆਏ ਖਰਚੇ ਤੋਂ ਇਲਾਵਾ ਰਹਿਣ-ਸਹਿਣ ਦੇ ਖ਼ਰਚੇ ਦਾ ਵੇਰਵਾ ਵੀ ਮੰਗਿਆ ਹੈ। ਪੰਜਾਬ ਸਰਕਾਰ ਨੇ ਪਿਛਲੇ ਦਿਨੀਂ 36 ਪ੍ਰਿੰਸੀਪਲਾਂ ਨੂੰ ਸਿੰਗਾਪੁਰ ‘ਚ ਸਿਖਲਾਈ ਲਈ ਭੇਜਿਆ ਸੀ। ਰਾਜਪਾਲ ਨੇ

(ਬਾਕੀ ਸਫਾ 6 ‘ਤੇ)





### ਸਭ ਭਾਜਪਾ ਦੇ ਇਸ਼ਾਰੇ ’ਤੇ ਹੋ ਰਿਹੈ: ਆਪ

**ਚੰਡੀਗੜ੍ਹ:** ‘ਆਪ’ ਨੇ ਰਾਜਪਾਲ ਵੱਲੋਂ ਸੂਬਾ ਸਰਕਾਰ ਦੇ ਰੋਜ਼ਾਨਾ ਦੇ ਕੰਮਕਾਜ ਵਿਚ ਦਖਲ ਦੇਣ ਦੀ ਆਲੋਚਨਾ ਕੀਤੀ ਹੈ। ਪਾਰਟੀ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਦੇ ਰਾਜਪਾਲ ਆਪਣੇ ਅਹੁਦੇ ਦੀ ਮਰਿਆਦਾ ਨੂੰ ਬਰਕਰਾਰ ਨਹੀਂ ਰੱਖ ਰਹੇ। ‘ਆਪ’ ਆਗੂਆਂ ਨੇ ਰਾਜਪਾਲ ’ਤੇ ਭਾਜਪਾ ਦੇ ਇਸ਼ਾਰੇ ’ਤੇ ਕੰਮ ਕਰਨ ਦੇ ਦੋਸ਼ ਲਾਏ। ਉਨ੍ਹਾਂ ਸੂਬੇ ਦੇ ਰਾਜਪਾਲ ਨੂੰ ਤਬਦੀਲ ਕਰਨ ਦੀ ਮੰਗ ਕੀਤੀ। ਸ੍ਰੀ ਕੰਗ ਕਿਹਾ ਕਿ ਸਰਕਾਰ ਦੇ ਕੰਮਕਾਜ ’ਚ ਦਖਲਅੰਦਾਜ਼ੀ ਕਰ ਕੇ ਪੰਜਾਬ ਦੇ ਵਿਕਾਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੰਵਿਧਾਨ ਦੀ ਧਾਰਾ 157 ਤਹਿਤ ਮੁੱਖ ਮੰਤਰੀ ਤੇ ਰਾਜਪਾਲ ਦੋਵੇਂ ਭਾਰਤ ਦੇ ਸੰਵਿਧਾਨ ਪ੍ਰਤੀ ਜਵਾਬਦੇਹ ਹਨ ਤੇ ਰਾਜਪਾਲ ਮੰਤਰੀ ਮੰਡਲ ਦੀ ਸਹਾਇਤਾ ਤੇ ਸਲਾਹ ਅਨੁਸਾਰ ਕੰਮ ਕਰਦੇ ਹਨ।

# ਪੱਕਾ ਮੋਰਚਾ: ਮੁਹਾਲੀ-ਚੰਡੀਗੜ੍ਹ ਦੀ ਹੱਦ ਸੀਲ



**ਮੁਹਾਲੀ:** ਬੰਦੀ ਸਿੰਘਾਂ ਦੀ ਰਿਹਾਈ ਸਣੇ ਹੋਰ ਸਿੱਖ ਮਸਲਿਆਂ ਸਬੰਧੀ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਤੇ ਹੋਰ ਸਿੱਖ ਜਥੇਬੰਦੀਆਂ ਦਾ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉਤੇ ਪੱਕਾ ਮੋਰਚਾ ਜਾਰੀ ਹੈ। ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਵੱਲ ਕੂਚ ਕਰਨ ਦਾ ਯਤਨ ਕਰਨ ਸਮੇਂ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਹੋਏ ਟਕਰਾਅ ਮਗਰੋਂ ਪੰਜਾਬ ਸਰਕਾਰ ਦੇ ਹੁਕਮਾਂ ‘ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਸੁਰੱਖਿਆ ਵਧਾ ਦਿੱਤੀ ਹੈ। ਚੰਡੀਗੜ੍ਹ ਦੀਆਂ ਬਰੂਹਾਂ ‘ਤੇ ਹੁਣ ਦੋ ਬੁਲੇਟ ਪਰੂਫ ਟਰੈਕਟਰਾਂ ਸਣੇ ਰੇਤੇ ਨਾਲ ਭਰੇ ਚਾਰ ਵੱਡੇ ਟਿੱਪਰ ਵੀ ਖੜ੍ਹੇ ਕੀਤੇ ਗਏ ਹਨ ਤਾਂ ਜੋ ਪ੍ਰਦਰਸ਼ਨਕਾਰੀ ਬੈਰੀਕੇਡ ਤੋੜ ਕੇ ਚੰਡੀਗੜ੍ਹ ਵਿਚ ਦਾਖਲ ਨਾ ਹੋ ਸਕਣ। ਕੌਮੀ ਇਨਸਾਫ ਮੋਰਚੇ ਦੇ ਬੈਨਰ ਹੇਠ 31 ਮੈਂਬਰੀ ਵਫ਼ਦ ਨੇ ਮੁੱਖ ਮੰਤਰੀ ਦੀ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ ਵੱਲ ਵਧਣ ਦਾ ਯਤਨ ਕੀਤਾ ਪਰ ਪੁਲਿਸ ਬਲ ਨੇ ਪ੍ਰਦਰਸ਼ਨਕਾਰੀਆਂ ਦਾ ਰਾਹ ਡੱਕ ਲਿਆ। ਰੋਕੇ ਜਾਣ ‘ਤੇ ਪ੍ਰਦਰਸ਼ਨਕਾਰੀ ਉਥੇ ਸ਼ਾਂਤਮਈ ਧਰਨੇ ‘ਤੇ ਬੈਠ ਗਏ। ਕਰੀਬ ਦੋ ਘੰਟੇ ਬਾਅਦ ਸਾਰੇ ਧਰਨਾਕਾਰੀ ਮੁੜ ਪੱਕੇ ਮੋਰਚੇ ਵਾਲੀ ਥਾਂ ‘ਤੇ ਚਲੇ ਗਏ। ਮੁਹਾਲੀ ਅਤੇ ਚੰਡੀਗੜ੍ਹ ਦੀਆਂ ਸਾਂਝੀਆਂ ਹੱਦਾਂ ‘ਤੇ ਪੁਲਿਸ ਵੱਲੋਂ ਕੰਡਾ ਤਾਰ ਲਗਾ ਕੇ

(ਬਾਕੀ ਸਫਾ 6 ‘ਤੇ)




TBF
THE BAINS FIRM

Manpreet S. Bains

Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*Personal Injury and Wrongful Death Attorneys*


Case Results*

$10 MILLION
Motorcycle vs. Truck Collision

$8 MILLION
Wrongful Death

$5.25 MILLION
Traumatic Brain Injury

Offices in San Francisco and Union City



WILLIAM E. WEISS
Of Counsel



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥

# IN LOVING MEMORY OF



# Harjit Singh Dhesi

NOVEMBER 8TH, 1959 - FEBRUARY 12TH, 2023

## FUNERAL SERVICE

SUNDAY, FEBRUARY 19TH 2 PM- 3:30 PM
RESTLAND FUNERAL HOME
13005 GREENVILLE AVE
DALLAS, TX 75243

## BHOG

4 PM ONWARDS
GURDWARA SINGH SABHA
1201 ABRAMS RD
RICHARDSON, TX 75081

GURMAIL DHESI 903-744-2131
HARVINDER RANDHAWA 214-769-8946

# Matrimonials

## ਲੜਕੀ ਦੀ ਲੋੜ ਹੈ

US settled, Jatt Sikh, well educated, landlord family seeks professionally qualified match for US Citizen, handsome, turbaned boy, 6", 26, B.E. Computer Science, excellent salary, teetotaler, well versed in both cultures. Please respond with recent photographs and detailed particulars at singhusa2022@gmail.com, or WhatsApp: +1-248-854-0003 5-8

Khatri Hindu family looking for a suitable match for their son US Citizen 38, 5'9" divorced with full custody of child, non-smoker/non-drinker. Caste and religion no bar. Well settled in California.
Please contact Whatsapp/Phone: 909-286-5400" 3-6

An educated Jatt Sikh family looking for a suitable match for their 42, 5'10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com 2-5

Looking for a suitable match for our USA green card holder, 5'7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or
E-mail at: santokhkainth53@gmail.com. 1-4

Suitable Jatt Sikh match for US born Jatt Sikh Gill boy 30, 5'8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com 1-4

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also. Want sikh beautiful girl with professional qualifications. Please Contact us at: +9198963-19944 (India). 4-7

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5'11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ:
765-602-6904 (ਵ੍ਹਟਸਐਪ)। 2-5

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5'10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906
or E-mail at sanjogmatri27@gmail.com 1-4

Looking for suitable, educated match for Jatt Sikh boy, born in 1995, 5'10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com 1-4

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only.
Please contact us at 678-448-2202. 53-3

## ਪੁਲਿਸ ਨੇ ਕਾਲੇ ਵਿਅਕਤੀ ਦੀ ਬਿਮਾਰੀ ਦੀ ਪਰਵਾਹ ਕੀਤੇ ਬਗੈਰ ਤਾਕਤ ਦੀ ਵਰਤੋਂ ਕੀਤੀ, ਵੀਡੀਓ ਜਾਰੀ

**ਉੱਤਰੀ ਕੈਰੋਲੀਨਾ:** ਪਿਛਲੇ ਇੱਥੇ ਪੁਲਿਸ ਵੱਲੋਂ ਗ੍ਰਿਫਤਾਰੀ ਵੇਲੇ 32 ਸਾਲਾ ਕਾਲੇ ਵਿਅਕਤੀ ਡੈਰੀਅਲ ਟਾਇਰ ਵਿਲੀਅਮਜ਼ ਦੀ ਹੋਈ ਮੌਤ ਸਬੰਧੀ ਜਾਰੀ ਵੀਡੀਓ ਵਿਚ ਪੁਲਿਸ ਉਸ ਨਾਲ ਕਥਿਤ ਧੱਕੇਸ਼ਾਹੀ ਕਰਦੀ ਹੋਈ ਨਜ਼ਰ ਆ ਰਹੀ ਹੈ। ਵਿਲੀਅਮਜ਼ ਪੁਲਿਸ ਅਫਸਰਾਂ ਨੂੰ ਆਪਣੀ ਦਿਲ ਦੀ ਬਿਮਾਰੀ ਬਾਰੇ ਦੱਸਦਾ ਹੈ ਪਰੰਤੂ ਪੁਲਿਸ ਉਸਦੀ ਗੱਲ ਨਹੀਂ ਸੁਣਦੀ। ਵਿਲੀਅਮਜ਼ ਤੇ ਪੁਲਿਸ ਅਫਸਰਾਂ ਵਿਚਾਲੇ ਤਕਰਾਰ ਹੁੰਦੀ ਹੈ। ਬਾਅਦ ਵਿਚ ਪੁਲਿਸ ਜ਼ਮੀਨ ਉਪਰ ਡਿੱਗੇ ਹੋਏ ਵਿਲੀਅਮਜ਼ 'ਤੇ ਸਟੇਨਗੰਨ ਦੀ ਵਰਤੋਂ ਕਰਦੀ ਹੈ। ਇਸ ਦੇ ਇਕ ਘੰਟੇ ਬਾਅਦ ਹੀ ਹਸਪਤਾਲ ਵਿਚ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਦੀ ਇਕ ਰਿਪੋਰਟ ਅਨੁਸਾਰ ਖੜ੍ਹੀ ਕਾਰ ਵਿਚ ਵਿਲੀਅਮਜ਼ ਡਰਾਈਵਰ ਵਾਲੀ ਸੀਟ ਉਪਰ ਬੈਠਾ ਸੀ ਜਦੋਂ ਪੁਲਿਸ ਅਫਸਰਾਂ ਨੇ ਉਸਦੀ ਕਾਰ ਵਿਚ ਸ਼ਰਾਬ ਦਾ ਖੁਲ੍ਹਾ ਹੋਇਆ ਕੰਟੇਨਰ ਤੇ ਭੰਗ ਵੇਖੀ। ਗ੍ਰਿਫਤਾਰੀ ਵੇਲੇ ਸਟੇਨਗੰਨ ਨਾਲ ਤਿੰਨ ਝਟਕੇ ਦੇਣ ਉਪਰੰਤ ਉਸਨੂੰ ਹੱਥਕੜੀ ਲਾਈ ਗਈ। ਇਸ ਮਾਮਲੇ ਦੀ ਰਲੀਘ ਪੁਲਿਸ ਵਿਭਾਗ ਜਾਂਚ ਕਰ ਰਿਹਾ ਹੈ ਜਦਕਿ 6 ਪੁਲਿਸ ਅਫਸਰਾਂ ਨੂੰ ਛੁੱਟੀ ਉਪਰ ਭੇਜ ਦਿੱਤਾ ਗਿਆ ਹੈ। ਸਟੇਟ ਬਿਊਰੋ ਆਫ ਇਨਵੈਸਟੀਗੇਸ਼ਨ ਵੀ ਮਾਮਲੇ ਦੀ ਜਾਂਚ ਕਰ ਰਿਹਾ ਹੈ। ***-ਰਿਪੋਰਟ: ਹੁਸਨ ਲੜੋਆ ਬੰਗਾ***

## ਭਾਰਤੀ ਮੂਲ ਦੇ ਮਾਲਕ ਨੂੰ ਆਪਣੇ ਮੁਲਾਜ਼ਮਾਂ ਨੂੰ 69000 ਡਾਲਰ ਓਵਰਟਾਈਮ ਦੇਣ ਦੇ ਆਦੇਸ਼

**ਮਿਸ਼ੀਗਨ:** ਇੱਥੇ ਤਿੰਨ ਨਰਸਿੰਗ ਹੋਮਜ਼ ਦੇ ਮਾਲਕ ਤੇ ਸੰਚਾਲਕ ਭਾਰਤੀ ਮੂਲ ਦੇ ਇਕ ਵਿਅਕਤੀ ਵਲੋਂ ਕਿਰਤ ਨਿਯਮਾਂ ਦੀ ਉਲੰਘਣਾ ਕਰ ਕੇ ਆਪਣੇ ਮੁਲਾਜ਼ਮਾਂ ਨੂੰ ਓਵਰਟਾਈਮ ਨਾ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਸੰਘੀ ਜਾਂਚ ਤੋਂ ਬਾਅਦ ਐਮੀ ਪਟੇਲ ਨਾਮੀ ਭਾਰਤੀ ਨੂੰ ਆਪਣੇ ਮੁਲਾਜ਼ਮਾਂ ਨੂੰ 69000 ਡਾਲਰ ਓਵਰਟਾਈਮ ਦੇਣ ਦਾ ਆਦੇਸ਼ ਦਿੱਤਾ ਗਿਆ ਹੈ।

ਐਮੀ ਪਟੇਲ ਚੈਸਨਿੰਗ ਨਰਸਿੰਗ ਸੈਂਟਰ, ਬਕਿਨੋਸ਼ਾਇਰ ਨਰਸਿੰਗ ਸੈਂਟਰ ਤੇ ਵੈਸਟਵੁੱਡ ਨਰਸਿੰਗ ਸੈਂਟਰ, ਡੈਟਰੋਇਟ ਦਾ ਮਾਲਕ ਤੇ ਸੰਚਾਲਕ ਹੈ। ਇਨ੍ਹਾਂ ਤਿੰਨ ਨਰਸਿੰਗ ਸੈਂਟਰਾਂ ਵਿਚ 45 ਮੁਲਾਜ਼ਮ ਮੈਨੇਜਰ ਵਜੋਂ ਕੰਮ ਕਰਦੇ ਹਨ। ਕਿਰਤ ਵਿਭਾਗ ਦੀ ਵੇਜ਼ ਐਂਡ ਆਵਰਜ਼ ਡਿਵੀਜ਼ਨ ਨੇ ਜਾਂਚ ਵਿਚ ਪਾਇਆ ਕਿ ਪਟੇਲ ਨੇ ਇਕ ਹਫਤੇ ਵਿਚ 40 ਘੰਟੇ ਤੋਂ ਘੱਟ ਕੰਮ ਕਰਨ 'ਤੇ ਆਪਣੇ ਮੈਨੇਜਰਾਂ ਨੂੰ ਪ੍ਰਤੀ ਘੰਟਾ ਮਜ਼ਦੂਰੀ ਦੇ ਹਿਸਾਬ ਨਾਲ ਅਦਾਇਗੀ ਕੀਤੀ ਤੇ 40 ਘੰਟੇ ਤੋਂ ਵੱਧ ਕੰਮ ਕਰਨ 'ਤੇ ਤਨਖਾਹ ਦੇ ਆਧਾਰ 'ਤੇ ਅਦਾਇਗੀ ਕੀਤੀ। ਟਿਮੋਲਿਨ ਮਿਸ਼ੈਲ, ਡਿਸਟ੍ਰਿਕਟ ਡਾਇਰੈਕਟਰ ਆਫ ਵੇਜ ਐਂਡ ਆਵਰਜ਼ ਡਿਵੀਜ਼ਨ ਡੈਟਰੋਇਟ ਨੇ ਕਿਹਾ ਹੈ ਕਿ ਮਾਲਕ ਮਨਮਾਨੇ ਢੰਗ ਨਾਲ ਆਪਣੇ ਮੁਲਾਜ਼ਮਾਂ ਨੂੰ ਕੁਝ ਹਫਤਿਆਂ ਦੀ ਅਦਾਇਗੀ ਪ੍ਰਤੀ ਘੰਟੇ ਦੇ ਹਿਸਾਬ ਨਾਲ ਤੇ ਕੁਝ ਹੋਰ ਹਫਤਿਆਂ ਦੀ ਅਦਾਇਗੀ ਤਨਖਾਹ ਦੇ ਆਧਾਰ 'ਤੇ ਕਰਨ ਦਾ ਨਿਰਣਾ ਨਹੀਂ ਲੈ ਸਕਦਾ। ਅਜਿਹਾ ਕਰ ਕੇ ਪਟੇਲ ਨੇ ਸਪੱਸ਼ਟ ਤੌਰ 'ਤੇ ਸੰਘੀ ਨਿਯਮਾਂ ਦੀ ਉਲੰਘਣਾ ਕੀਤੀ ਹੈ।


SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

***EARLY BIRD SALE!!!!***


**Domestic fares available**


## ਦੋ ਵਿਦਿਆਰਥਣਾਂ ਵੱਲੋਂ ਕਾਲੀ ਵਿਦਿਆਰਥਣ ਦੇ ਕਾਲਾ ਪੇਂਟ ਮਲਣ ਤੇ ਨਸਲੀ ਟਿੱਪਣੀਆਂ ਕਰਨ ਦੀ ਵੀਡੀਓ ਵਾਇਰਲ

ਫਿਲਾਡੈਲਫੀਆ: ਇੱਥੋਂ ਦੇ ਇਕ ਹਾਈ ਸਕੂਲ ਦੀਆਂ ਦੋ ਵਿਦਿਆਰਥਣਾਂ ਵੱਲੋਂ ਇਕ ਕਾਲੀ ਵਿਦਿਆਰਥਣ ਦੇ ਚਿਹਰੇ ਉਪਰ ਕਾਲੇ ਰੰਗ ਦੀ ਸਪਰੇਅ ਕਰਨ ਤੇ ਨਸਲੀ ਟਿੱਪਣੀਆਂ ਕਰਨ ਦੀ ਵੀਡੀਓ ਸੋਸ਼ਲ ਮੀਡੀਆ ਉਪਰ ਵਾਇਰਲ ਹੋਣ ਤੋਂ ਬਾਅਦ ਅਧਿਕਾਰੀਆਂ ਨੇ ਕਿਹਾ ਹੈ ਕਿ ਦੋਸ਼ੀ ਵਿਦਿਆਰਥੀਆਂ ਵਿਰੁੱਧ ਕਾਰਵਾਈ ਹੋਵੇਗੀ। ਇਹ ਵੀਡੀਓ ਸਕੂਲ ਤੋਂ ਬਾਹਰ ਬਣਾਈ ਗਈ ਹੈ। ਚੀਫ ਕਮਿਊਨੀਕੇਸ਼ਨ ਅਫਸਰ ਫਿਲਾਡੈਲਫੀਆ ਕੈਨਥ ਏ ਗਾਵਿਨ ਅਨੁਸਾਰ ਵੀਡੀਓ ਵਿਚਲੀਆਂ ਦੋ ਲੜਕੀਆਂ ਸੇਂਟ ਹੁਬਰਟ ਕੈਥੋਲਿਕ ਹਾਈ ਸਕੂਲ ਫਾਰ ਗਰਲਜ਼ ਦੀਆਂ ਹਨ ਜਦਕਿ ਤੀਸਰੀ ਲੜਕੀ ਸਕੂਲ ਦੀ ਵਿਦਿਆਰਥਣ ਨਹੀਂ ਹੈ। ਲੜਕੀਆਂ ਦੇ ਵਿਹਾਰ ਨੂੰ ਵੇਖਦਿਆਂ ਅਨੁਸ਼ਾਸਨਿਕ ਕਾਰਵਾਈ ਤਹਿਤ ਉਨ੍ਹਾਂ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ ਤੇ ਕੌਂਸਲਿੰਗ ਲਈ ਭੇਜਿਆ ਜਾ ਸਕਦਾ ਜਾਂ ਸਕੂਲ ਵਿਚੋਂ ਕੱਢਿਆ ਵੀ ਜਾ ਸਕਦਾ ਹੈ। ਇਕ ਵੱਖਰੇ ਬਿਆਨ ਵਿਚ ਫਰੈਂਕਲਿਨ ਟਾਊਨ ਚਾਰਟਰ ਹਾਈ ਸਕੂਲ ਨੇ ਕਿਹਾ ਹੈ ਕਿ ਵੀਡੀਓ ਵਿਚ ਨਜ਼ਰ ਆ ਰਹੀ ਸਕੂਲ ਦੀ ਸਾਬਕਾ ਵਿਦਿਆਰਥਣ ਜਾਂ ਹੋਰ ਕਿਸੇ ਵੀ ਵਿਦਿਆਰਥੀ ਜਿਸ ਨੇ ਅਜਿਹਾ ਭੱਦਾ ਵਿਹਾਰ ਕੀਤਾ, ਲਈ ਸਕੂਲ ਵਿਚ ਕੋਈ ਥਾਂ ਨਹੀਂ ਹੈ।


*No Cost Financing Available!*
*Call 919-307-7577 or 847-530-1550*
*MKhatri@PrismHomeLending.com*
*NC, IL and CA Mortgage Loans*

*Prism Lending Inc. NMLS # 1587080*
*CA, FL, GA, IL, IN, NC, TX, WI Licensee*
*850 E Higgins road, Suite #125W, Schaumburg, IL 60173*



*Madan Khatri*
*NMLS #1980752*

PropertyZoom Inc.
*Want to Buy/Sell Home or RE Investments*
*(Up to 30% Comm'n Credit – NC License # C34703)*
*17 years of Exp. / 500+ Transactions*
*700+ Residence and Investment units*
*Call Now 919-307-7577 or 847-530-1550*
Top 1st or 2nd Producer for Several Years at
Berkshire Hathaway HS AH-IL Office
1204 Nichols Creek Road, Durham NC 27703

# ਭਾਜਪਾ 'ਚ ਜਾਣ ਵਾਲਾ ਇਕ ਹੋਰ ਸਾਬਕਾ ਮੰਤਰੀ ਵਿਜੀਲੈਂਸ ਦੀ ਰਡਾਰ 'ਤੇ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਕਾਂਗਰਸ ਮੰਤਰੀ ਤੇ ਭਾਜਪਾ 'ਚ ਸ਼ਮੂਲੀਅਤ ਕਰਨ ਵਾਲੇ ਮੁਹਾਲੀ ਦੇ ਸਿਆਸੀ ਆਗੂ ਬਲਬੀਰ ਸਿੰਘ ਸਿੱਧੂ ਅਤੇ ਉਨ੍ਹਾਂ ਦੇ ਭਰਾ ਅਮਰਜੀਤ ਸਿੰਘ ਉਰਫ ਜੀਤੀ ਜੋ ਮੁਹਾਲੀ ਨਗਰ ਨਿਗਮ ਦਾ ਮੇਅਰ ਹੈ, ਵਿਰੁੱਧ ਸਰੋਤਾਂ ਤੋਂ ਜ਼ਿਆਦਾ ਆਮਦਨੀ ਦੇ ਮਾਮਲੇ ਵਿਚ ਜਾਂਚ ਤੇਜ਼ ਕਰ ਦਿੱਤੀ ਹੈ।

ਪੰਜਾਬ 'ਚ ਜਦੋਂ ਆਮ ਆਦਮੀ ਪਾਰਟੀ ਦੇ ਹੱਥ ਸੱਤਾ ਆ ਗਈ ਸੀ ਤਾਂ ਬਲਬੀਰ ਸਿੰਘ ਸਿੱਧੂ ਤੇ ਉਨ੍ਹਾਂ ਦੇ ਮੇਅਰ ਭਰਾ ਨੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲਿਆ ਸੀ। ਵਿਜੀਲੈਂਸ ਵੱਲੋਂ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਮੂਲੀਅਤ ਕਰਨ ਵਾਲੇ ਤੀਜੇ ਸਾਬਕਾ ਮੰਤਰੀ ਖਿਲਾਫ਼ ਜਾਂਚ ਆਰੰਭੀ ਹੈ। ਇਸ ਤੋਂ ਪਹਿਲਾਂ ਸ਼ਾਮ ਸੁੰਦਰ ਅਰੋੜਾ ਵਿਜੀਲੈਂਸ ਦੇ ਕਾਬੂ ਆ ਚੁੱਕੇ ਹਨ ਤੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਵਿਰੁਧ ਵਿਜੀਲੈਂਸ ਵੱਲੋਂ ਇਸੇ ਤਰ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ।



ਵਿਜੀਲੈਂਸ ਵੱਲੋਂ ਮੇਅਰ ਜੀਤੀ ਖਿਲਾਫ਼ 19 ਜਨਵਰੀ ਨੂੰ ਜਾਂਚ ਖੋਲ੍ਹੀ ਗਈ ਸੀ। ਵਿਜੀਲੈਂਸ ਨੇ ਮੁਹਾਲੀ ਦੇ ਮੇਅਰ ਵੱਲੋਂ ਬਣਾਈਆਂ ਨਾਮੀ ਬੇਨਾਮੀ ਜਾਇਦਾਦਾਂ ਦੀ ਸੂਚੀ ਹੀ ਤਿਆਰ ਨਹੀਂ ਕੀਤੀ ਸਗੋਂ ਜ਼ਮੀਨਾਂ 'ਤੇ ਕਬਜ਼ੇ, ਮੁਹਾਲੀ ਨਗਰ ਨਿਗਮ ਵੱਲੋਂ ਕੀਤੇ ਵਿਕਾਸ ਕਾਰਜਾਂ ਵਿਚ ਗੜਬੜੀਆਂ ਅਤੇ ਹੋਰ ਤੱਥ ਵੀ ਇਕੱਤਰ ਕੀਤੇ ਹਨ।

ਵਿਜੀਲੈਂਸ ਸੂਤਰਾਂ ਦਾ ਦੱਸਣਾ ਹੈ ਕਿ ਸਿੱਧੂ ਭਰਾਵਾਂ ਖਿਲਾਫ਼ ਜਾਂਚ ਲਈ ਸਰਕਾਰ ਨੇ ਨਵੰਬਰ ਮਹੀਨੇ ਦੌਰਾਨ ਹਰੀ ਝੰਡੀ ਦੇ ਦਿੱਤੀ ਸੀ। ਉਸ ਤੋਂ ਤੁਰਤ ਬਾਅਦ ਪਹਿਲਾਂ ਤਾਂ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਖ਼ਿਲਾਫ਼ ਜਾਂਚ ਆਰੰਭੀ ਗਈ ਸੀ। ਉਸ ਤੋਂ ਬਾਅਦ ਜਿਵੇਂ ਹੀ ਸਿੱਧੂ ਪਰਿਵਾਰ ਦੀਆਂ ਜਾਇਦਾਦਾਂ ਦਾ ਵੇਰਵਾ ਲੰਮਾ ਹੁੰਦਾ ਗਿਆ ਤਾਂ ਵਿਜੀਲੈਂਸ ਨੇ ਮੇਅਰ ਜੀਤੀ ਵੱਲੋਂ ਬਣਾਈਆਂ ਜਾਇਦਾਦਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿੱਧੂ ਭਰਾਵਾਂ ਨੇ ਆਪਣੇ ਸਰਕਾਰੀ ਰੁਤਬੇ ਦੀ ਦੁਰਵਰਤੋਂ ਕਰ ਕੇ ਮੁਹਾਲੀ, ਰੋਪੜ, ਬਰਨਾਲਾ ਤੇ ਬਠਿੰਡਾ ਜ਼ਿਲ੍ਹਿਆਂ ਸਮੇਤ ਚੰਡੀਗੜ੍ਹ 'ਚ ਜਾਇਦਾਦਾਂ ਬਣਾਈਆਂ। ਵਿਜੀਲੈਂਸ ਦੀ ਮੁਢਲੀ ਰਿਪੋਰਟ ਵਿਚ ਬਲਬੀਰ ਸਿੰਘ ਸਿੱਧੂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਬਣਾਈਆਂ ਗਈਆਂ ਜਿਨ੍ਹਾਂ ਜਾਇਦਾਦਾਂ ਅਤੇ ਸੰਪਤੀਆਂ ਦਾ ਜ਼ਿਕਰ ਕੀਤਾ ਗਿਆ ਹੈ, ਉਸ ਵਿਚ ਬਠਿੰਡਾ, ਬਰਨਾਲਾ ਤੇ ਰੋਪੜ ਜ਼ਿਲ੍ਹਿਆਂ 'ਚ ਜ਼ਮੀਨਾਂ ਸਮੇਤ ਚੰਡੀਗੜ੍ਹ ਦੇ ਸੈਕਟਰ 34 ਵਿੱਚ ਤਿੰਨ ਐਸ.ਸੀ.ਓ. ਨਬਰ 33, 34 ਅਤੇ 35 ਵਿੱਚ ਹਿੱਸਾ, ਮੇਅਰ ਭਰਾ ਦੇ ਨਾਮ ਸਾਂਝੀ 68 ਏਕੜ ਜ਼ਮੀਨ ਮੁਹਾਲੀ ਦੇ ਪਿੰਡ ਮਾਣਕਮਾਜਰਾ 'ਚ ਸ਼ਾਮਲ ਹੈ। ਇਸ ਰਿਪੋਰਟ ਵਿਚ ਅੱਧੀ ਦਰਜਨ ਮਹਿੰਗੀਆਂ ਕਾਰਾਂ ਹੋਣ ਦਾ ਜ਼ਿਕਰ ਵੀ ਕੀਤਾ ਗਿਆ ਹੈ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿੱਧੂ ਭਰਾਵਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਬੈਂਕ ਖਾਤਿਆਂ ਦੀ ਜਾਣਕਾਰੀ ਅਤੇ ਹੋਰ ਵੇਰਵੇ ਇਕੱਤਰ ਕੀਤੇ ਜਾ ਰਹੇ ਹਨ।

## ਸਾਬਕਾ ਮੰਤਰੀ ਧਰਮਸੋਤ ਨੂੰ ਜੇਲ੍ਹ ਭੇਜਿਆ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਪੁਲਿਸ ਰਿਮਾਂਡ ਖਤਮ ਹੋਣ 'ਤੇ ਦੁਬਾਰਾ ਮੁਹਾਲੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੁਲਜ਼ਮ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਅਧੀਨ ਨਾਭਾ ਦੀ ਸੈਂਟਰਲ ਜੇਲ੍ਹ ਵਿਚ ਭੇਜ ਦਿੱਤਾ ਹੈ। ਧਰਮਸੋਤ ਖ਼ਿਲਾਫ਼ ਜੰਗਲਾਤ ਵਿਭਾਗ ਵਿਚ ਕਾਂਗਰਸ ਵਜ਼ਾਰਤ ਸਮੇਂ ਹੋਏ ਵੱਖੋ-ਵੱਖ ਘੁਟਾਲਿਆਂ ਸਬੰਧੀ ਪਹਿਲਾਂ ਹੀ ਭ੍ਰਿਸ਼ਟਾਚਾਰ ਦਾ ਕੇਸ ਚੱਲ ਰਿਹਾ ਹੈ। ਇਸ ਮਾਮਲੇ ਵਿਚ ਉਨ੍ਹਾਂ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ ਅਤੇ ਹੁਣ ਕਾਫੀ ਦਿਨਾਂ ਤੋਂ ਜ਼ਮਾਨਤ 'ਤੇ ਸਨ। ਸਾਬਕਾ ਮੰਤਰੀ 'ਤੇ ਪੈਸੇ ਲੈ ਕੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਤੇ ਬਦਲੀਆਂ ਕਰਨ ਦਾ ਵੀ ਦੋਸ਼ ਹੈ। ਵਿਜੀਲੈਂਸ ਅਨੁਸਾਰ ਸਾਧੂ ਸਿੰਘ ਧਰਮਸੋਤ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਬਾਰੇ ਪਹਿਲਾਂ ਹੀ ਜਾਂਚ ਚੱਲ ਰਹੀ ਸੀ।

# ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਵਿਆਹ ਬੰਧਨ ਵਿਚ ਬੱਝੇ



**ਰਈਆ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਵਿਆਹ ਬੰਧਨ ਵਿਚ ਬੱਝ ਗਏ। ਜ਼ਿਲ੍ਹਾ ਅੰਮ੍ਰਿਤਸਰ ਦੇ ਆਪਣੇ ਜੱਦੀ ਪਿੰਡ ਜਲੂਪੁਰ ਖੈੜਾ ਨਜ਼ਦੀਕ (ਰਈਆ) ਗੁਰਦੁਆਰਾ ਬਾਬਾ ਕਾਲਾ ਮਹਿਰ ਵਿਖੇ ਉਨ੍ਹਾਂ ਸਾਦੇ ਢੰਗ ਨਾਲ ਯੂ.ਕੇ. ਦੀ ਵਸਨੀਕ ਬੀਬੀ ਕਿਰਨਦੀਪ ਕੌਰ ਪੁੱਤਰੀ ਪਿਆਰਾ ਵਾਸੀ ਪਿੰਡ ਕੁਲਾਰ ਜ਼ਿਲ੍ਹਾ ਜਲੰਧਰ ਨਾਲ ਲਾਵਾਂ ਲਈਆਂ। ਉਨ੍ਹਾਂ ਕਿਹਾ ਕਿ ਵਿਆਹ ਦੀ ਰਸਮ ਨੂੰ ਸਾਦਾ ਰੱਖ ਕੇ ਉਨ੍ਹਾਂ ਅਜਿਹੇ ਸਮਾਗਮ ਸਾਦੇ ਢੰਗ ਨਾਲ ਕਰਨ ਦਾ ਸੰਦੇਸ਼ ਦਿੱਤਾ ਹੈ। ਜਥੇਬੰਦੀ ਦੇ ਪਹਿਲਾਂ ਤੋਂ ਨਿਰਧਾਰਤ ਪ੍ਰੋਗਰਾਮ ਨਿਰਵਿਘਨ ਚਲਦੇ ਰਹਿਣਗੇ।

# ਡੇਰਾ ਮੁਖੀ ਦੀ ਪੈਰੋਲ ਬਾਰੇ ਹਰਿਆਣਾ ਨੂੰ ਨੋਟਿਸ ਦਿੱਤਾ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਪੈਰੋਲ ਖ਼ਿਲਾਫ਼ ਦਾਇਰ ਕੀਤੀ ਗਈ ਪਟੀਸ਼ਨ 'ਤੇ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਹੋਈ। ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ ਨੇ ਵੀ ਪਿਛਲੇ ਹਫਤੇ ਜਨਹਿੱਤ ਪਟੀਸ਼ਨ ਦਾਖਲ ਕੀਤੀ ਸੀ। ਮਗਰੋਂ ਤਕਨੀਕੀ ਕਾਰਨਾਂ ਕਰ ਕੇ ਉਨ੍ਹਾਂ ਇਹ ਪਟੀਸ਼ਨ ਵਾਪਸ ਲੈ ਲਈ ਸੀ।

ਹੁਣ ਸ਼੍ਰੋਮਣੀ ਕਮੇਟੀ ਨੇ ਸਿਆਲਕਾ ਰਾਹੀਂ ਨਵੀਂ ਜਨਹਿੱਤ ਪਟੀਸ਼ਨ ਦਾਇਰ ਕਰ ਕੇ ਹਰਿਆਣਾ ਸਰਕਾਰ ਵੱਲੋਂ ਡੇਰਾ ਮੁਖੀ ਨੂੰ ਪੈਰੋਲ ਦੇਣ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਟੀਸ਼ਨ ਵਿਚ ਡਿਪਟੀ ਕਮਿਸ਼ਨਰ ਵੱਲੋਂ ਪੈਰੋਲ ਦੇਣ ਦੇ ਮਾਮਲੇ ਵਿਚ ਨਿਯਮਾਂ ਦੀ ਉਲੰਘਣਾ ਕਰਨ 'ਤੇ ਸਵਾਲ ਚੁੱਕੇ ਹਨ। ਐਸ.ਜੀ.ਪੀ.ਸੀ. ਨੇ ਰੋਹਤਕ



ਦੇ ਡੀ.ਸੀ. ਵੱਲੋਂ ਡੇਰਾ ਮੁਖੀ ਨੂੰ 40 ਦਿਨ ਦੀ ਪੈਰੋਲ ਦੇ ਆਦੇਸ਼ ਨੂੰ ਹਰਿਆਣਾ ਦੇ ਸਦਾਚਾਰ ਕੈਦੀ (ਅਸਥਾਈ ਰਿਹਾਈ) ਐਕਟ 2022 ਦੀ ਧਾਰਾ 11 ਦੇ ਨਿਯਮਾਂ ਦੇ ਉਲਟ ਦੱਸਦਿਆਂ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਪੈਰੋਲ ਦੌਰਾਨ ਡੇਰਾ ਮੁਖੀ ਦੇ ਗੈਰਕਾਨੂੰਨੀ ਬਿਆਨਾਂ ਤੇ ਗਤੀਵਿਧੀਆਂ ਸਬੰਧੀ ਵੀ ਹਾਈ ਕੋਰਟ ਨੂੰ ਜਾਣੂ ਕਰਵਾਇਆ ਗਿਆ ਹੈ। ਕਮੇਟੀ ਨੇ ਕਿਹਾ ਹੈ ਕਿ ਉਸ ਨੂੰ ਪੈਰੋਲ ਦੇਣ ਨਾਲ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਲਈ ਖਤਰਾ ਖੜ੍ਹਾ ਹੋ ਸਕਦਾ ਹੈ।

## ਔਰਤਾਂ ਨੂੰ ਹਰ ਮਹੀਨੇ ਹਜ਼ਾਰ ਰੁਪਏ ਮਿਲਣ ਦੀ ਆਸ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਸਰਕਾਰ ਅਗਲੇ ਵਿੱਤੀ ਵਰ੍ਹੇ 'ਚ ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਵਿੱਤੀ ਸਹਾਇਤਾ ਦੇਣ ਦੀ ਗਾਰੰਟੀ ਨੂੰ ਅੰਜਾਮ ਦੇ ਸਕਦੀ ਹੈ। ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਵਿੱਤੀ ਬੋਝ ਬਾਰੇ ਵਿਉਂਤਬੰਦੀ ਕੀਤੀ ਜਾਣ ਲੱਗੀ ਹੈ।

ਸੰਭਾਵੀ ਤੌਰ 'ਤੇ ਮਈ 2024 ਵਿਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਸੂਬਾ ਸਰਕਾਰ ਆਪਣੇ ਇਸ ਵਾਅਦੇ ਨੂੰ ਪੂਰਾ ਕਰਨ ਲਈ ਯਤਨਸ਼ੀਲ ਹੈ। ਹਾਲਾਂਕਿ ਇਸ ਗਾਰੰਟੀ ਨੂੰ ਫੌਰੀ ਲਾਗੂ ਕਰਨਾ ਵਿੱਤੀ ਤੌਰ 'ਤੇ ਸਰਕਾਰ ਲਈ ਕਾਫੀ ਮੁਸ਼ਕਲ ਕੰਮ ਹੈ। ਇਕ ਸੀਨੀਅਰ ਮੰਤਰੀ ਨੇ ਇਸ ਬਾਰੇ ਕਿਹਾ ਕਿ ਬੇਸ਼ੱਕ ਇਹ ਗਾਰੰਟੀ ਬਜਟ ਤਜਵੀਜ਼ਾਂ ਦਾ ਹਿੱਸਾ ਤਾਂ ਨਹੀਂ ਹੋਵੇਗੀ, ਪਰ ਸਰਕਾਰ ਇਸ ਦਾ ਮਗਰੋਂ ਐਲਾਨ ਕਰੇਗੀ। ਵਿੱਤ ਵਿਭਾਗ ਦੇ ਸੂਤਰ ਆਖਦੇ ਹਨ ਕਿ ਇਸ ਵਾਸਤੇ ਸਾਲਾਨਾ ਕਰੀਬ ਇਕ ਹਜ਼ਾਰ ਕਰੋੜ ਰੁਪਏ ਦੀ ਲੋੜ ਹੈ। ਅਧਿਕਾਰੀ ਦੱਸਦੇ ਹਨ ਕਿ ਇਸ ਗਾਰੰਟੀ ਨੂੰ ਪੜਾਅਵਾਰ ਵੀ ਅਮਲ ਵਿਚ ਲਿਆਂਦਾ ਜਾ ਸਕਦਾ ਹੈ।

# ਜ਼ਮਾਨਤ 'ਤੇ ਬਾਹਰ ਆਏ ਸਿਮਰਜੀਤ ਬੈਂਸ ਦਾ ਸ਼ਕਤੀ ਪ੍ਰਦਰਸ਼ਨ

**ਬਰਨਾਲਾ:** ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਸੱਤ ਮਹੀਨਿਆਂ ਬਾਅਦ ਜ਼ਮਾਨਤ 'ਤੇ ਬਾਹਰ ਆ ਗਏ ਹਨ। ਇਸ ਮੌਕੇ ਬੈਂਸ ਨੇ ਬਰਨਾਲਾ ਜੇਲ੍ਹ ਤੋਂ ਲੁਧਿਆਣਾ ਤੱਕ ਰੋਡ ਸ਼ੋਅ ਕੱਢਿਆ ਅਤੇ ਲੁਧਿਆਣਾ ਪਹੁੰਚਣ 'ਤੇ ਬੈਂਸ ਦੇ ਸਮਰਥਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ।

ਆਪਣੇ ਸਥਾਨਕ ਦਫਤਰ ਕੋਟ ਮੰਗਲ ਸਿੰਘ ਪਹੁੰਚ ਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਨੇ ਕਿਹਾ ਕਿ ਉਨ੍ਹਾਂ ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਲੜੀ ਸੀ, ਇਸ ਕਰਕੇ ਇਹ ਕੇਸ ਉਨ੍ਹਾਂ ਨੂੰ ਇਨਾਮ ਵੱਜੋਂ ਮਿਲੇ ਸਨ। ਬੈਂਸ ਨੇ ਇਸ ਮੌਕੇ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ 2024 ਦੀਆਂ ਲੋਕ ਸਭਾ ਚੋਣਾਂ ਵਿਚ ਪੂਰੀ ਤਾਕਤ ਨਾਲ ਲੜੇਗੀ। ਇਸ ਮੌਕੇ ਬੈਂਸ ਨੇ ਬੰਦੀ ਸਿੰਘਾਂ ਦੀ



ਰਿਹਾਈ, ਜ਼ੀਰਾ ਫੈਕਟਰੀ, ਬੇਅਦਬੀ ਮਾਮਲਿਆਂ ਵਿਚ ਇਨਸਾਫ ਦੀ ਮੰਗ ਲਈ ਲੱਗਿਆ ਪੱਕਾ ਮੋਰਚਾ, ਸਿੱਧੂ ਮੂਸੇਵਾਲਾ ਦਾ ਕਤਲ, ਲਤੀਫ਼ਪੁਰਾ 'ਚ ਬੇਘਰ ਕੀਤੇ ਗਏ ਲੋਕਾਂ ਆਦਿ ਮੁੱਦਿਆਂ 'ਤੇ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕੀਤੇ। ਉਨ੍ਹਾਂ 'ਆਪ' ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਸੂਬੇ ਵਿਚ ਭ੍ਰਿਸ਼ਟਾਚਾਰ ਕਈ ਗੁਣਾ ਵੱਧ ਗਿਆ ਹੈ। ਇਸ ਤੋਂ ਪਹਿਲਾਂ ਬਰਨਾਲਾ ਜੇਲ੍ਹ ਦੇ ਬਾਹਰ ਸਿਮਰਜੀਤ ਸਿੰਘ ਬੈਂਸ ਦੇ ਸਵਾਗਤ ਲਈ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਸਮਰਥਕ ਇਕੱਠੇ ਹੋਏ। ਇਸ ਮੌਕੇ ਬੈਂਸ ਨੇ ਕਿਹਾ ਕਿ ਹਾਈ ਕੋਰਟ ਨੇ ਉਨ੍ਹਾਂ ਦੀ ਸੱਚਾਈ ਨੂੰ ਦੇਖ ਕੇ ਹੀ ਜ਼ਮਾਨਤ ਮਨਜ਼ੂਰ ਕੀਤੀ ਹੈ। ਸਾਬਕਾ ਵਿਧਾਇਕ ਬੈਂਸ ਨੇ ਦੱਸਿਆ ਕਿ ਜੇਲ੍ਹ ਤੋਂ ਬਾਹਰ ਆਉਣ ਤੋਂ ਪਹਿਲਾਂ ਹੀ ਉਸ ਨੂੰ ਵਿਦੇਸ਼ ਤੋਂ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਧਮਕੀ ਵਿਚ ਲਿਖਿਆ ਗਿਆ ਹੈ ਕਿ ਹੁਣ ਉਹ ਬਾਹਰ ਆ ਗਿਆ ਹੈ, ਇਸ ਲਈ ਹੁਣ ਉਸ ਦੀ ਖੇਡ ਖਤਮ ਹੈ। ਬੈਂਸ ਨੇ ਦੱਸਿਆ ਕਿ ਉਨ੍ਹਾਂ ਦੇ ਵੱਡੇ ਭਰਾ ਸਾਬਕਾ ਵਿਧਾਇਕ ਜਥੇਦਾਰ ਬਲਵਿੰਦਰ ਸਿੰਘ ਬੈਂਸ ਨੇ ਇਸ ਸਬੰਧੀ ਡੀ.ਜੀ.ਪੀ. ਤੇ ਪੁਲਿਸ ਕਮਿਸ਼ਨਰ ਲੁਧਿਆਣਾ ਨੂੰ ਸ਼ਿਕਾਇਤ ਭੇਜੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਪਰਿਵਾਰ ਨੂੰ ਕੁਝ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

# ਅਟਾਰੀ ਨੂੰ ਸੂਬੇ ਦਾ ਪਹਿਲਾ 'ਸਮਾਰਟ ਪਿੰਡ' ਬਣਾਇਆ ਜਾਵੇਗਾ: ਧਾਲੀਵਾਲ

**ਅਟਾਰੀ:** ਪੰਜਾਬ ਸਰਕਾਰ ਵੱਲੋਂ ਸਿੱਖ ਰਾਜ ਦੇ ਮਹਾਨ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦਾ 177ਵਾਂ ਸ਼ਹੀਦੀ ਦਿਹਾੜਾ ਅਟਾਰੀ ਸਥਿਤ ਉਨ੍ਹਾਂ ਦੀ ਯਾਦਗਾਰ ਵਿਖੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਕਰਵਾਏ ਗਏ ਸੂਬਾ ਪੱਧਰੀ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਜਸਵਿੰਦਰ ਸਿੰਘ ਰਮਦਾਸ ਹਲਕਾ ਵਿਧਾਇਕ ਅਟਾਰੀ ਸ਼ਾਮਲ ਹੋਏ।

ਆਏ ਹੋਏ ਮਹਿਮਾਨਾਂ ਨੇ ਸ਼ਹੀਦ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਤੇ ਜਵਾਨਾਂ ਨੇ ਹਥਿਆਰ ਉਲਟੇ ਕਰਕੇ ਸਲਾਮੀ ਦਿੱਤੀ। ਸਮਾਗਮ ਵਿਚ ਹਾਜਰ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਧਾਲੀਵਾਲ ਨੇ ਐਲਾਨ ਕੀਤਾ ਕਿ ਮਹਾਨ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੇ ਪਿੰਡ ਨੂੰ ਪੰਜਾਬ ਦਾ ਪਹਿਲਾ ਸਮਾਰਟ ਪਿੰਡ ਬਣਾਇਆ ਜਾਵੇਗਾ। ਉਨ੍ਹਾਂ ਆਪਣੇ ਅਖ਼ਤਿਆਰੀ ਫੰਡ ਵਿਚੋਂ ਪਿੰਡ ਨੂੰ 10 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਉਨ੍ਹਾਂ ਕਿਹਾ ਕਿ ਅਟਾਰੀ ਪਿੰਡ ਨੂੰ ਨਵਾਂ ਰੂਪ ਦਿੱਤਾ ਜਾਵੇਗਾ। ਵਿਧਾਇਕ ਜਸਵਿੰਦਰ ਸਿੰਘ ਰਮਦਾਸ ਨੇ ਕਿਹਾ ਕਿ ਸਰਕਾਰ ਵੱਲੋਂ ਇਸ ਦਿਹਾੜੇ ਨੂੰ ਹਰ ਸਾਲ ਸੂਬਾ ਪੱਧਰ 'ਤੇ ਮਨਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਜਰਨੈਲ ਅਟਾਰੀਵਾਲਾ ਨੇ 18 ਸਾਲ ਦੀ ਉਮਰ ਵਿਚ ਜੰਗਾਂ ਲੜਨੀਆਂ ਸ਼ੁਰੂ ਕੀਤੀਆਂ ਤੇ ਆਖਰੀ ਸਾਹ ਤੱਕ ਇਹ ਸਿਲਸਿਲਾ ਜਾਰੀ ਰੱਖਿਆ। ਇਸ ਤੋਂ ਪਹਿਲਾਂ ਸ਼ਹੀਦ ਦੀ ਸਮਾਧ 'ਤੇ ਰਖਵਾਏ ਗਏ ਅਖੰਡ ਪਾਠ ਦੇ ਭੋਗ ਪਾਉਣ ਮਗਰੋਂ ਸ੍ਰੀ ਦਰਬਾਰ ਸਾਹਿਬ ਤੋਂ ਪੁੱਜੇ ਰਾਗੀ ਜਥੇ ਨੇ ਕੀਰਤਨ ਕੀਤਾ।

## ਪੁਲਿਸ ਮੁਖੀਆਂ ਵੱਲੋਂ ਤਾਲਮੇਲ 'ਤੇ ਜ਼ੋਰ

**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਅਤੇ ਚੰਡੀਗੜ੍ਹ ਦੇ ਡੀ.ਜੀ.ਪੀ. ਪ੍ਰਵੀਰ ਰੰਜਨ ਦੀ ਸਾਂਝੀ ਪ੍ਰਧਾਨਗੀ ਹੇਠ ਪੰਜਾਬ ਪੁਲਿਸ ਅਤੇ ਚੰਡੀਗੜ੍ਹ ਪੁਲਿਸ ਦਰਮਿਆਨ ਤਾਲਮੇਲ ਮੀਟਿੰਗ ਕੀਤੀ ਗਈ ਤਾਂ ਜੋ ਦੋਵਾਂ ਬਲਾਂ ਦਰਮਿਆਨ ਬਿਹਤਰ ਤਾਲਮੇਲ ਯਕੀਨੀ ਬਣਾਇਆ ਜਾ ਸਕੇ। ਮੀਟਿੰਗ ਦੌਰਾਨ ਪੰਜਾਬ ਤੇ ਚੰਡੀਗੜ੍ਹ ਵਿਚ ਸਰਗਰਮ ਗੈਂਗਸਟਰਾਂ ਤੇ ਅਪਰਾਧੀਆਂ ਵਿਰੁੱਧ ਰਣਨੀਤੀ ਘੜਨ ਬਾਰੇ ਚਰਚਾ ਕੀਤੀ ਗਈ। ਡੀ.ਜੀ.ਪੀ. ਗੌਰਵ ਯਾਦਵ ਨੇ ਤਜਵੀਜ਼ ਦਿੱਤੀ ਕਿ ਖੇਤਰ ਵਿਚ ਗੈਂਗਸਟਰਾਂ ਦੀਆਂ ਗਤੀਵਿਧੀਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਗੁਆਂਢੀ ਰਾਜਾਂ ਦੇ ਜ਼ਿਲ੍ਹਾ ਪੁਲਿਸ ਮੁਖੀਆਂ ਅਤੇ ਐਸ.ਐਸ.ਪੀਜ਼. ਵਿਚਕਾਰ ਤਿਮਾਹੀ ਜਾਂ ਦੋ-ਮਾਸਿਕ ਮੀਟਿੰਗਾਂ ਕੀਤੀਆਂ ਜਾਣ।

# ਜੇਲ੍ਹਾਂ 'ਚੋਂ ਗੈਂਗਸਟਰਾਂ ਦੀ ਸਰਗਰਮੀ ਪੁਲਿਸ ਲਈ ਚੁਣੌਤੀ ਬਣੀ

**ਪਟਿਆਲਾ:** ਪੰਜਾਬ ਪੁਲਿਸ ਦੇ ਯਤਨਾਂ ਦੇ ਬਾਵਜੂਦ ਗੈਂਗਸਟਰਾਂ ਵੱਲੋਂ ਜੇਲ੍ਹਾਂ 'ਚ ਰਹਿ ਕੇ ਵੀ ਸਰਗਰਮੀਆਂ ਜਾਰੀ ਹਨ। ਇਹ ਗੈਂਗਸਟਰ ਮੋਬਾਈਲ ਫੋਨਾਂ ਰਾਹੀਂ ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਨਾਲ ਰਾਬਤੇ 'ਚ ਹਨ ਤੇ ਪੰਜਾਬ 'ਚ ਹਥਿਆਰਾਂ ਦਾ ਕਾਰੋਬਾਰ ਵੀ ਚਲਾ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪਟਿਆਲਾ ਪੁਲਿਸ ਵੱਲੋਂ 'ਬੰਬੀਹਾ ਗਰੁੱਪ' ਦੇ ਗੈਂਗਸਟਰ ਤੇਜਿੰਦਰ ਸਿੰਘ ਗੁੱਲੂ ਨੂੰ ਪੰਜ ਆਧੁਨਿਕ ਪਿਸਤੌਲਾਂ ਸਣੇ ਗ੍ਰਿਫਤਾਰ ਕੀਤਾ ਗਿਆ ਹੈ।

ਮੁਢਲੀ ਜਾਂਚ ਦੌਰਾਨ ਸਾਹਮਣੇ ਆਇਆ ਕਿ ਇਨ੍ਹਾਂ ਹਥਿਆਰਾਂ ਦਾ ਪ੍ਰਬੰਧ ਉਸ ਨੇ ਛੇ ਸਾਲਾਂ



ਤੋਂ ਫਰੀਦਕੋਟ ਜੇਲ੍ਹ 'ਚ ਬੰਦ ਬੰਬੀਹਾ ਗਰੁੱਪ ਦੇ ਅਮਰੀਕ ਸਿੰਘ ਸ਼ੇਰੂਮਾਨ ਦੇ ਕਹਿਣ 'ਤੇ ਕੀਤਾ ਸੀ। ਇਹ ਦੋਵੇਂ ਵਿਦੇਸ਼ਾਂ 'ਚ ਰਹਿੰਦੇ ਗੈਂਗਸਟਰਾਂ ਦੇ ਸੰਪਰਕ 'ਚ ਸਨ। ਐਸ.ਐਸ.ਪੀ. ਵਰੁਣ ਸ਼ਰਮਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਇਹ ਗ੍ਰਿਫਤਾਰੀ ਤੇ ਬਰਾਮਦਗੀ ਥਾਣਾ ਸ਼ੰਭੂ ਦੇ ਐਸ.ਐਚ.ਓ. ਇੰਸਪੈਕਟਰ ਕਿਰਪਾਲ ਸਿੰਘ ਤੇ ਸੀ.ਆਈ.ਏ. ਪਟਿਆਲਾ ਦੇ ਇੰਚਾਰਜ ਸ਼ਮਿੰਦਰ ਸਿੰਘ ਦੀਆਂ ਟੀਮਾਂ ਨੇ ਕੀਤੀ ਹੈ। ਪੁੱਛ-ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਗੁੱਲੂ ਨੇ ਇਹ ਹਥਿਆਰ ਸ਼ੇਰੂਮਾਨ ਦੇ ਕਹਿਣ 'ਤੇ ਖਰੀਦੇ ਸਨ। ਇਸ ਮਗਰੋਂ ਜਦੋਂ ਜੇਲ੍ਹ 'ਚੋਂ ਲਿਆ ਕੇ ਸ਼ੇਰੂਮਾਨ ਤੋਂ ਪੁੱਛ ਪੜਤਾਲ ਕੀਤੀ ਗਈ ਤਾਂ ਉਸ ਕੋਲੋਂ ਫੋਨ ਬਰਾਮਦ ਹੋਏ। ਇਹ ਵੀ ਪਤਾ ਲੱਗਿਆ ਹੈ ਕਿ ਸ਼ੇਰੂਮਾਨ ਦੇ ਅਰਮੀਨੀਆ 'ਚ ਰਹਿ ਰਹੇ ਗੈਂਗਸਟਰ ਗੌਰਵ ਪਟਿਆਲ ਲੱਕੀ ਵਾਸੀ ਧਨਾਸ ਤੇ ਮਨੀਲਾ 'ਚ ਰਹਿ ਰਹੇ ਕੋਠੇਪੱਤੀ ਜ਼ਿਲ੍ਹਾ ਮੋਗਾ ਦੇ ਜੈਕਪਾਲ ਸਿੰਘ ਲਾਲੀ ਨਾਲ ਵੀ ਸਬੰਧ ਹਨ।

# ਵੀਜ਼ਿਆਂ ਦੀ ਪ੍ਰਮਾਣਿਕਤਾ ਨਵਿਆਉਣ ਦਾ ਅਮਲ ਮੁੜ ਸ਼ੁਰੂ ਕਰੇਗਾ ਅਮਰੀਕਾ




**ਵਾਸ਼ਿੰਗਟਨ:** ਅਮਰੀਕਾ ਸਾਲ ਦੇ ਅਖੀਰ ਤੱਕ ਐੱਚ-1ਬੀ ਅਤੇ ਐੱਲ 1 ਵੀਜ਼ਾ ਜਿਹੀਆਂ ਸ਼੍ਰੇਣੀਆਂ ਵਿਚ ਘਰੇਲੂ ਵੀਜ਼ਿਆਂ ਦੀ ਪ੍ਰਮਾਣਿਕਤਾ ਨਵਿਆਉਣ ਦਾ ਅਮਲ ਮੁੜ ਸ਼ੁਰੂ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸ ਕਦਮ ਨਾਲ ਸੈਂਕੜੇ ਵਿਦੇਸ਼ੀ ਤਕਨੀਕੀ ਮੁਲਾਜ਼ਮਾਂ ਖਾਸ ਕਰ ਕੇ ਭਾਰਤ ਦੇ ਹਜ਼ਾਰਾਂ ਲੋਕਾਂ ਨੂੰ ਫਾਇਦਾ ਹੋਵੇਗਾ।

ਗੌਰਤਲਬ ਹੈ ਕਿ ਸੰਨ 2004 ਤੱਕ ਗੈਰ-ਪਰਵਾਸੀ ਵੀਜ਼ਿਆਂ ਦੀਆਂ ਕੁਝ ਸ਼੍ਰੇਣੀਆਂ ਖਾਸ ਤੌਰ 'ਤੇ ਐੱਚ-1ਬੀ ਨੂੰ ਅਮਰੀਕਾ 'ਚ ਨਵਿਆਇਆ ਜਾ ਸਕਦਾ ਸੀ। ਇਸ ਤੋਂ ਬਾਅਦ ਵਿਦੇਸ਼ੀ ਤਕਨੀਕੀ ਮੁਲਾਜ਼ਮਾਂ ਨੂੰ ਆਪਣੇ ਪਾਸਪੋਰਟ 'ਤੇ ਐੱਚ-1ਬੀ ਐਕਸਟੈਂਸ਼ਨ ਦੀ ਮੋਹਰ ਲਗਾਉਣ ਲਈ ਦੇਸ ਤੋਂ ਬਾਹਰ ਜਾਣਾ ਪੈਣ ਲੱਗਿਆ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕਾਮਿਆਂ ਨੂੰ ਆਪਣੇ ਦੇਸ਼ ਵਿਚ ਜਾ ਕੇ ਮੋਹਰ ਲਗਵਾਉਣੀ ਪੈਂਦੀ ਹੈ। ਜਦੋਂ ਇਹ ਪਾਇਲਟ ਪ੍ਰੋਜੈਕਟ ਮੁਕੰਮਲ ਤੌਰ 'ਤੇ ਲਾਗੂ ਹੋ ਗਿਆ ਤਾਂ ਪੇਸ਼ੇਵਰ ਮੁਲਾਜ਼ਮ ਅਮਰੀਕਾ ਵਿਚ ਹੀ ਆਪਣੇ ਵੀਜ਼ਿਆਂ ਨੂੰ ਨਵਿਆਉਣ ਲਈ ਮੋਹਰ ਲਗਵਾ ਸਕਣਗੇ।

ਇੱਥੇ ਦੱਸਣਾ ਬਣਦਾ ਹੈ ਕਿ ਵੀਜ਼ਾ ਨਵਿਆਉਣ ਜਾਂ ਜਾਰੀ ਕਰਨ ਲਈ ਵਿਦੇਸ਼ੀ ਕਾਮਿਆਂ ਨੂੰ 800 ਦਿਨਾਂ ਜਾਂ ਦੋ ਸਾਲ ਤੋਂ ਵੱਧ ਸਮੇਂ ਦੀ ਉਡੀਕ ਕਰਨੀ ਪੈਂਦੀ ਹੈ ਜੋ ਉਨ੍ਹਾਂ ਲਈ ਪਰੇਸ਼ਾਨੀ ਦਾ ਸਬੱਬ ਬਣਦਾ ਹੈ। ਜ਼ਿਕਰਯੋਗ ਹੈ ਕਿ ਐੱਚ-1ਬੀ ਵੀਜ਼ਾ ਗੈਰ-ਪਰਵਾਸੀ ਵੀਜ਼ਾ ਹੈ ਜੋ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਦੀਆਂ ਕੰਪਨੀਆਂ ਵਿਚ ਕੰਮ ਕਰਨ ਲਈ ਪ੍ਰਵਾਨਗੀ ਪ੍ਰਦਾਨ ਕਰਦਾ ਹੈ।

## ਵੀਜ਼ਾ ਅਰਜ਼ੀਆਂ ਦੀ ਗਿਣਤੀ ਘਟਾਉਣ ਲਈ ਸਿਫਾਰਸ਼ਾਂ

**ਵਾਸ਼ਿੰਗਟਨ:** ਅਮਰੀਕੀ ਵਿਦੇਸ਼ ਵਿਭਾਗ ਨੇ ਚੁੱਪ ਚੁਪੀਤੇ ਰਾਸ਼ਟਰਪਤੀ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰ ਦਿੱਤੀਆਂ ਹਨ ਜਿਸ ਨੇ ਭਾਰਤ 'ਚ ਵੀਜ਼ਾ ਇੰਟਰਵਿਊ ਲਈ ਅਮਰੀਕੀ ਕੂਟਨੀਤਕ ਮਿਸ਼ਨ ਖੋਲ੍ਹਣ ਜਿਹੇ ਕਦਮਾਂ ਦੇ ਸੁਝਾਅ ਦਿੱਤੇ ਹਨ। ਇਨ੍ਹਾਂ ਦਾ ਉਦੇਸ਼ ਭਾਰਤ 'ਚ ਬਕਾਇਆ ਵੀਜ਼ਾ ਅਰਜ਼ੀਆਂ ਦੀ ਗਿਣਤੀ ਘੱਟ ਕਰਨਾ ਹੈ। ਭਾਰਤ ਉਨ੍ਹਾਂ ਕੁਝ ਮੁਲਕਾਂ 'ਚੋਂ ਇਕ ਹੈ ਜਿਥੇ ਕਰੋਨਾ ਵਾਇਰਸ ਨਾਲ ਸਬੰਧਤ ਯਾਤਰਾ ਪਾਬੰਦੀਆਂ ਹਟਾਏ ਜਾਣ ਮਗਰੋਂ ਅਮਰੀਕੀ ਵੀਜ਼ੇ ਲਈ ਅਰਜ਼ੀਆਂ 'ਚ ਤੇਜੀ ਦੇਖੀ ਗਈ ਹੈ। ਰਾਸ਼ਟਰਪਤੀ ਕਮਿਸ਼ਨ ਨੇ ਪਾਇਆ ਕਿ ਵੀਜ਼ਾ ਅਪੁਆਇੰਟਮੈਂਟ 'ਚ ਦੇਰੀ ਨਾਲ ਉਨ੍ਹਾਂ ਵਿਦਿਆਰਥੀਆਂ ਅਤੇ ਵਿਜ਼ਿਟਰਾਂ ਲਈ ਮੁਸ਼ਕਲਾਂ ਪੈਦਾ ਹੋ ਰਹੀਆਂ ਹਨ ਜਿਨ੍ਹਾਂ ਦੀ ਅਮਰੀਕਾ 'ਚ ਪੜ੍ਹਾਈ ਅਤੇ ਯਾਤਰਾ ਕਰਨ ਦੀ ਯੋਜਨਾ ਹੈ।

## ਐੱਚ-1ਬੀ ਵੀਜ਼ਿਆਂ ਦੀ ਮਿਆਦ ਵਧਾਉਣ 'ਤੇ ਜ਼ੋਰ

**ਵਾਸ਼ਿੰਗਟਨ:** ਅਮਰੀਕਾ ਦੇ ਤਕਨੀਕੀ ਖੇਤਰ ਵਿਚ ਵੱਡੇ ਪੱਧਰ 'ਤੇ ਮੁਲਾਜ਼ਮਾਂ ਦੀ ਛਾਂਟੀ ਕੀਤੀ ਜਾ ਰਹੀ ਹੈ। ਇਸ ਕਾਰਨ ਪਰਵਾਸੀ ਭਾਰਤੀ ਪੇਸ਼ੇਵਰ ਮੁਲਾਜ਼ਮ ਵੀ ਬੇਰੁਜ਼ਗਾਰ ਹੁੰਦੇ ਜਾ ਰਹੇ ਹਨ। ਲੇਅਆਫ ਟਰੈਕਰ ਡਾਟ ਕਾਮ ਅਨੁਸਾਰ ਅਮਰੀਕਾ ਵਿਚ ਬੀਤੇ ਜਨਵਰੀ ਮਹੀਨੇ ਵਿਚ 91 ਹਜ਼ਾਰ ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਕੱਢਿਆ ਗਿਆ ਹੈ ਤੇ ਆਉਣ ਵਾਲੇ ਮਹੀਨਿਆਂ ਵਿਚ ਇਹ ਅੰਕੜਾ ਵਧ ਸਕਦਾ ਹੈ। ਇਸੇ ਦੌਰਾਨ ਦੋ ਭਾਰਤੀ-ਅਮਰੀਕੀ ਸੰਸਥਾਵਾਂ ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਆਨਲਾਈਨ ਪਟੀਸ਼ਨ ਭੇਜੀ ਹੈ ਕਿ ਬੇਰੁਜ਼ਗਾਰ ਹੋਏ ਵਿਦੇਸ਼ੀਆਂ ਦੇ ਐੱਚ-1ਬੀ ਵੀਜ਼ਿਆਂ ਦੀ ਮਿਆਦ ਦੋ ਮਹੀਨਿਆਂ ਤੋਂ ਵਧਾ ਕੇ ਇਕ ਸਾਲ ਕੀਤੀ ਜਾਵੇ ਤਾਂ ਕਿ ਉਹ ਅਮਰੀਕਾ ਵਿਚ ਹੀ ਰਹਿੰਦਿਆਂ ਨਵਾਂ ਰੁਜ਼ਗਾਰ ਲੱਭ ਸਕਣ।

# ਕਮਨੀਵ ਕੌਰ ਦੇ ਦੇਹਾਂਤ ਨਾਲ ਰਾਏ ਤੇ ਗਿੱਲ ਪਰਿਵਾਰ ਨੂੰ ਸਦਮਾ

### ਉੱਚ ਦਰਜੇ ਦੀ ਸੰਗੀਤਕਾਰ ਸੀ ਕਮਨੀਵ

**ਸ਼ਿਕਾਗੋ:** ਇੱਥੋਂ ਦੇ ਰਾਏ ਪਰਿਵਾਰ ਦੇ ਮੋਢੀ, ਪ੍ਰੋਫੈਸਰ ਅਤੇ ਸਾਇੰਸਦਾਨ ਰਹੇ ਡਾ. ਕਰਮਜੀਤ ਸਿੰਘ ਰਾਏ ਦੀ ਪੋਤਰੀ ਕਮਨੀਵ ਕੌਰ ਲੰਘੀ 13 ਫਰਵਰੀ ਨੂੰ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਈ ਹੈ। ਭਾਵੇਂ ਕਮਨੀਵ ਦੀ ਜ਼ਿੰਦਗੀ ਦਾ ਸਫਰ ਛੋਟਾ ਹੀ ਸੀ, ਪਰ ਇੰਨੇ ਸਮੇਂ ਵਿਚ ਵੀ ਉਸ ਨੇ ਬਹੁਤ ਸਾਰੀਆਂ ਜ਼ਿੰਦਗੀਆਂ ਨੂੰ ਰੁਸ਼ਨਾਇਆ। ਉਸ ਨੇ ਸਾਰੇ ਪਰਿਵਾਰ ਦੀ ਹਾਜ਼ਰੀ ਵਿਚ ਆਪਣੀ ਭੈਣ ਦੀ ਗੋਦ ਵਿਚ ਆਖਰੀ ਸਾਹ ਲਏ।



ਕਮਨੀਵ ਇਕ ਉੱਚ ਦਰਜੇ ਦੀ ਸੰਗੀਤਕਾਰ ਸੀ, ਜਿਸ ਨੂੰ 27 ਸਾਜ਼ਾਂ ਦੀ ਮੁਹਾਰਤ ਹਾਸਲ ਸੀ ਅਤੇ ਸਿੱਖ ਸੰਗੀਤ ਨਾਲ ਉਸਦਾ ਉਚੇਚਾ ਲਗਾਓ ਸੀ। ਉਹ ਨਿਡਰ ਅਤੇ ਅਣਥੱਕ ਯਾਤਰੀ ਸੀ। ਅੰਡਰ ਗਰੈਜੂਏਟ ਡਿਗਰੀ ਸੰਪੂਰਨ ਕਰਨ ਉਪਰੰਤ ਉਹ ਇਸਤੰਬੋਲ ਚਲੀ ਗਈ, ਜਿੱਥੇ ਤਿੰਨ ਸਾਲ ਉਸਨੇ ਵੱਖੋ ਵੱਖ ਸੰਗੀਤਕ ਅਤੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਹਿੱਸਾ ਲਿਆ ਅਤੇ ਇਨ੍ਹਾਂ ਦਾ ਸੰਚਾਲਨ ਵੀ ਕੀਤਾ।

ਕਮਨੀਵ ਨੇ ਆਪਣੀ ਬਿਮਾਰੀ ਬਾਰੇ ਜਾਣਦੇ ਹੋਏ ਵੀ ਮਨੁੱਖਤਾਵਾਦੀ ਅਸੂਲਾਂ ਨੂੰ ਜੀਵਨ ਦਾ ਹਿੱਸਾ ਬਣਾ ਕੇ ਯੂਕਰੇਨ ਪਹੁੰਚ ਕੇ ਲੋੜਵੰਦਾਂ ਦੀ ਸਹਾਇਤਾ ਕੀਤੀ। ਪਿਛਲੇ ਸਾਲ ਅਪਰੈਲ ਵਿਚ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਯਾਤਰਾ ਕਰਨ ਗਏ ਜਥੇ ਨਾਲ ਵੀ ਉਹ ਗਈ ਅਤੇ ਸਾਰਿਆਂ ਨਾਲ ਚੰਗਾ ਸਮਾਂ ਬਤੀਤ ਕੀਤਾ। ਉਸ ਨੇ ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ ਅਤੇ ਬੇਰ ਸਾਹਿਬ ਸਿਆਲਕੋਟ ਵਿਖੇ ਕੀਰਤਨ ਵੀ ਕੀਤਾ। ਉਸ ਨੇ 50 ਦੇਸ਼ਾਂ ਦੀ ਯਾਤਰਾ ਕੀਤੀ। ਕਮਨੀਵ ਨੇ ਸਭ ਦੇ ਦਿਲਾਂ ਨੂੰ ਜਿੱਤਿਆ ਅਤੇ ਉਹ ਸਭ ਨੂੰ ਹਮੇਸ਼ਾ ਯਾਦ ਰਹੇਗੀ।

ਉਸ ਦੇ ਦਾਦਕੇ ਰਾਏ ਪਰਿਵਾਰ ਦੇ ਮੋਢੀ ਡਾ. ਕਰਮਜੀਤ ਸਿੰਘ ਰਾਏ ਨੇ ਤਕਰੀਬਨ 40 ਸਾਲ Notre Dame ਯੂਨੀਵਰਸਟੀ ਵਿਚ Genetics ਦੇ ਪ੍ਰੋਫੈਸਰ ਅਤੇ ਸਾਇੰਸਦਾਨ ਵਜੋਂ ਕੰਮ ਕੀਤਾ ਤੇ World Bank ਲਈ ਵੀ ਸੇਵਾਵਾਂ ਨਿਭਾਈਆਂ। ਉਸ ਦੇ ਨਾਨਾ ਜੀ ਸ. ਉਜਾਗਰ ਸਿੰਘ ਗਿੱਲ ਨੇ ਸਿੱਖ ਇਤਿਹਾਸ ਦੀ ਡੂੰਘੀ ਖੋਜ ਕਰ ਕੇ ਕਈ ਪੁਸਤਕਾਂ ਸਿੱਖ ਪੰਥ ਦੀ ਝੋਲੀ ਪਾਈਆਂ। ਉਹ ਆਪਣੇ ਪਿੱਛੇ ਪਿਤਾ ਸੁਖਦੇਵ ਸਿੰਘ ਰਾਏ, ਮਾਤਾ ਮਨਦੀਪ ਕੌਰ ਗਿੱਲ, ਦਾਦਾ ਡਾ. ਕਰਮਜੀਤ ਸਿੰਘ ਅਤੇ ਦਾਦੀ ਗੁਰਮੀਤ ਕੌਰ, ਨਾਨਾ ਉਜਾਗਰ ਸਿੰਘ ਅਤੇ ਨਾਨੀ ਸੁਰਜੀਤ ਕੌਰ, ਭੈਣ ਉਪਾਹਵਨ ਕੌਰ ਅਤੇ ਜੀਜਾ ਡਾ. ਹਰਜੀਵ ਸਿੰਘ ਨੂੰ ਛੱਡ ਗਈ ਹੈ।

ਕਮਨੀਵ ਦਾ ਅੰਤਿਮ ਸੰਸਕਾਰ 17 ਫਰਵਰੀ, ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਤੋਂ ਦੁਪਹਿਰ 1 ਵਜੇ ਦਰਮਿਆਨ Davenport Family Funeral Home and Crematory 941 S Old Rand Rd, Lake Zurich ਵਿਖੇ ਹੋਵੇਗਾ। ਉਪਰੰਤ ਬਾਅਦ ਦੁਪਹਿਰ 2 ਤੋਂ 5 ਵਜੇ ਦਰਮਿਆਨ ਪੈਲਾਟਾਈਨ ਗੁਰਦੁਆਰਾ ਸਾਹਿਬ Sikh Religious Society 1280 Winnetka St, ਵਿਖੇ ਅੰਤਿਮ ਅਰਦਾਸ ਹੋਵੇਗੀ।

## ਭਾਰਤ ਦੇ ਰੂਸ ਨਾਲ ਸਬੰਧਾਂ ਅਤੇ ਜਮਹੂਰੀ ਕਦਰਾਂ ਦੇ ਨਿਘਾਰ 'ਤੇ ਅਮਰੀਕਾ ਦੀ ਤਿੱਖੀ ਨਜ਼ਰ

**ਵਾਸ਼ਿੰਗਟਨ:** ਭਾਰਤ ਦੇ ਰੂਸ ਨਾਲ ਸਬੰਧਾਂ ਅਤੇ ਮੁਲਕ 'ਚ ਜਮਹੂਰੀ ਕਦਰਾਂ-ਕੀਮਤਾਂ ਤੇ ਅਦਾਰਿਆਂ ਦੇ ਨਿਘਾਰ ਵਾਲੇ ਰੁਝਾਨ ਉਤੇ ਅਮਰੀਕਾ ਦੀ ਤਿੱਖੀ ਨਜ਼ਰ ਹੈ। ਸੈਨੇਟ ਦੀ ਵਿਦੇਸ਼ ਮਾਮਲਿਆਂ ਨਾਲ ਸਬੰਧਤ ਕਮੇਟੀ ਨੇ ਇਕ ਰਿਪੋਰਟ ਵਿਚ ਬਾਇਡਨ ਸਰਕਾਰ ਨੂੰ ਇਸ ਪਾਸੇ ਵੱਲ ਧਿਆਨ ਦੇਣ ਲਈ ਕਿਹਾ ਹੈ। ਅਮਰੀਕਾ ਵੱਲੋਂ ਜਦੋਂ ਰਣਨੀਤਕ ਤੌਰ 'ਤੇ ਅਹਿਮ ਹਿੰਦ-ਪ੍ਰਸ਼ਾਂਤ ਖਿੱਤੇ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਤਾਂ ਭਾਰਤ ਦੇ ਹੋਰ ਮੁਲਕਾਂ ਨਾਲ ਸਬੰਧਾਂ 'ਤੇ ਵੀ ਨਜ਼ਰ ਰੱਖਣ ਦੀ ਲੋੜ ਜਤਾਈ ਗਈ ਹੈ। ਡੈਮੋਕਰੈਟਿਕ ਪਾਰਟੀ ਵੱਲੋਂ ਜਾਰੀ ਰਿਪੋਰਟ ਵਿਚ ਮਜ਼ਬੂਤ ਤੇ ਜਮਹੂਰੀ ਭਾਰਤ ਦਾ ਸਮਰਥਨ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਚੀਨ ਖਿੱਤੇ 'ਚ ਆਪਣੀ ਤਾਕਤ ਦਿਖਾ ਰਿਹਾ ਹੈ।

# ਰੂਸ ਵੱਲੋਂ ਯੂਕਰੇਨੀ ਸ਼ਹਿਰਾਂ 'ਤੇ ਲਗਾਤਾਰ ਗੋਲਾਬਾਰੀ

**ਕੀਵ:** ਰੂਸੀ ਬਲਾਂ ਨੇ ਦੇਸ਼ ਦੇ ਪੂਰਬ ਵਿਚ ਹੋਰ ਜ਼ਮੀਨ 'ਤੇ ਕਬਜ਼ਾ ਕਰਨ ਲਈ ਯੂਕਰੇਨ ਦੇ ਸ਼ਹਿਰਾਂ 'ਤੇ ਗੋਲਾਬਾਰੀ ਜਾਰੀ ਰੱਖੀ ਜਦਕਿ ਯੂਕਰੇਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਰੂਸ ਨੂੰ ਇਥੇ ਵੱਡੇ ਪੱਧਰ 'ਤੇ ਜੰਗ ਛੇੜਨ ਵਿਚ ਮੁਸ਼ਕਲ ਹੋ ਰਹੀ ਹੈ।

ਗਵਰਨਰ ਸੇਰਹੀ ਲਿਸਾਕ ਨੇ ਦੱਸਿਆ ਕਿ ਦੱਖਣ-ਪੂਰਬੀ ਦਨਿਪਰੋਪੈਟਰੋਵਸ ਖੇਤਰ ਦੇ ਸ਼ਹਿਰ ਨਿਕੋਪੋਲ ਵਿਚ ਸਵੇਰੇ ਰੂਸੀ ਗੋਲਾਬਾਰੀ ਵਿਚ ਇਕ ਵਿਅਕਤੀ ਹਲਾਕ ਹੋ ਗਿਆ ਅਤੇ ਇਕ ਹੋਰ ਜ਼ਖਮੀ ਹੋਇਆ ਹੈ। ਗੋਲਾਬਾਰੀ ਕਾਰਨ ਚਾਰ ਰਿਹਾਇਸ਼ੀ ਇਮਾਰਤਾਂ, ਇਕ ਵੋਕੇਸ਼ਨਲ ਸਕੂਲ ਤੇ ਇਕ ਪਾਣੀ ਸੋਧਕ ਕੇਂਦਰ ਦਾ ਨੁਕਸਾਨ ਹੋਇਆ ਹੈ। ਖੇਤਰੀ ਗਵਰਨਰ ਓਲੇਹ ਸਨੀਹੂਬੋਵ ਨੇ ਦੱਸਿਆ ਕਿ ਯੂਕਰੇਨ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਖਾਰਕੀਵ ਵਿਚ ਬੁਨਿਆਦੀ ਸਹੂਲਤ ਕੇਂਦਰਾਂ 'ਤੇ ਰਾਤ ਭਰ ਤਿੰਨ ਰੂਸੀ ਐੱਸ-300 ਮਿਜ਼ਾਈਲਾਂ ਦੇ ਹਮਲੇ ਦੌਰਾਨ ਇਕ ਵਿਅਕਤੀ



ਜ਼ਖਮੀ ਹੋ ਗਿਆ। ਯੂਕਰੇਨ ਦੀ ਫੌਜ ਨੇ ਦੱਸਿਆ ਕਿ ਯੂਕਰੇਨੀ ਬਲਾਂ ਨੇ ਅੰਸ਼ਿਕ ਕਬਜ਼ੇ ਵਾਲੇ ਜ਼ੈਪੋਰਿਜੀਆ ਅਤੇ ਦੋਨੇਤਸਕ ਖੇਤਰਾਂ ਵਿਚ ਰੂਸ ਦੇ ਪੰਜ ਡਰੋਨਾਂ ਨੂੰ ਡੇਗ ਲਿਆ। ਰੂਸੀ ਬਲਾਂ ਨੇ ਇਹ ਹਮਲੇ ਅਜਿਹੇ ਸਮੇਂ ਕੀਤੇ ਹਨ ਜਦੋਂ ਰੂਸ ਪੂਰਬੀ ਉਦਯੋਗਿਕ ਖੇਤਰ ਡੋਨਾਬਾਸ ਜਿਸ ਵਿਚ ਦੋਨੇਤਸਕ ਅਤੇ ਲੁਹਾਂਸਕ ਖੇਤਰ ਵੀ ਸ਼ਾਮਲ ਹਨ, 'ਤੇ ਕਬਜ਼ਾ ਕਰਨ ਲਈ ਜੋਰ ਲਾ ਰਿਹਾ ਹੈ।

ਯੂਕਰੇਨ ਤੇ ਪੱਛਮੀ ਅਧਿਕਾਰੀਆਂ ਵੱਲੋਂ ਚਿਤਾਵਨੀ ਦਿੱਤੀ ਗਈ ਹੈ ਕਿ ਜਦੋਂ ਜੰਗ ਛਿੜੀ ਨੂੰ ਇਕ ਸਾਲ ਪੂਰਾ ਹੋਣ ਵਾਲਾ ਹੈ ਤਾਂ ਪਾਸਾ ਪਲਟਣ ਲਈ ਰੂਸ ਇੱਥੇ ਵੱਡੇ ਹਮਲੇ ਸ਼ੁਰੂ ਕਰ ਸਕਦਾ ਹੈ। ਪਰ ਯੂਕਰੇਨੀ ਅਧਿਕਾਰੀਆਂ ਨੇ ਕਿਹਾ ਕਿ ਰੂਸ ਨੂੰ ਵੱਡੀ ਕਾਰਵਾਈ ਕਰਨ 'ਚ ਮੁਸ਼ਕਲ ਪੇਸ਼ ਆ ਰਹੀ ਹੈ। ਯੂਕਰੇਨ ਦੀ ਕੌਮੀ ਸੁਰੱਖਿਆ ਤੇ ਰੱਖਿਆ ਕੌਂਸਲ ਸਕੱਤਰ ਓਲੈਕਸੀ ਡੈਨੀਲੋਵ ਨੇ ਯੂਕਰੇਨੀ ਟੈਲੀਵਿਜ਼ਨ 'ਤੇ ਕਿਹਾ, "ਵੱਡੇ ਹਮਲੇ ਨੂੰ ਲੈ ਕੇ ਉਨ੍ਹਾਂ ਨੂੰ ਵੱਡੀਆਂ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ।"

## ਜੰਗ ਰੋਕਣ ਲਈ ਭਾਰਤੀ ਕੋਸ਼ਿਸ਼ਾਂ ਦਾ ਸਵਾਗਤ ਕਰੇਗਾ ਅਮਰੀਕਾ

**ਵਾਸ਼ਿੰਗਟਨ:** ਵ੍ਹਾਈਟ ਹਾਊਸ ਨੇ ਕਿਹਾ ਕਿ ਅਮਰੀਕਾ ਰੂਸ-ਯੂਕਰੇਨ ਵਿਚਾਲੇ ਜੰਗ ਨੂੰ ਰੋਕਣ ਵਾਲੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੀ ਜਾਣ ਵਾਲੀ ਕਿਸੇ ਵੀ ਕੋਸ਼ਿਸ਼ ਦਾ ਸਵਾਗਤ ਕਰੇਗਾ। ਰਣਨੀਤਕ ਤਾਲਮੇਲ ਬਾਰੇ ਕੌਮੀ ਸੁਰੱਖਿਆ ਕੌਂਸਲ ਕੋਆਰਡੀਨੇਟਰ ਜੌਹਨ ਕਿਰਬੀ ਦਾ ਬਿਆਨ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵੱਲੋਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਸਣੇ ਹੋਰ ਰੂਸੀ ਨੇਤਾਵਾਂ ਨਾਲ ਮੁਲਾਕਾਤ ਤੋਂ ਬਾਅਦ ਆਇਆ। ਕਿਰਬੀ ਨੇ ਕਿਹਾ, "ਪ੍ਰਧਾਨ ਮੰਤਰੀ ਮੋਦੀ ਉਨ੍ਹਾਂ ਨੂੰ ਮਨਾ ਸਕਦੇ ਹਨ। ਮੈਂ ਪ੍ਰਧਾਨ ਮੰਤਰੀ ਮੋਦੀ ਨਾਲ ਗੱਲ ਕਰਾਂਗਾ ਕਿ ਕੀ ਉਹ ਕੋਈ ਕੋਸ਼ਿਸ਼ ਕਰਨਾ ਚਾਹੁੰਦੇ ਹਨ। ਯੂਕਰੇਨ ਵਿਚ ਜੰਗ ਰੋਕਣ ਲਈ ਅਮਰੀਕਾ ਕਿਸੇ ਵੀ ਕੋਸ਼ਿਸ਼ ਦਾ ਸਵਾਗਤ ਕਰੇਗਾ।"

## ਸਰਵਾਈਕਲ ਕੈਂਸਰ ਦੀ ਦਵਾਈ ਜੂਨ ਤੋਂ?

**ਨਵੀਂ ਦਿੱਲੀ:** ਸਰਕਾਰ ਵੱਲੋਂ ਜੂਨ ਤੋਂ ਛੇ ਸੂਬਿਆਂ ਵਿਚ 9 ਤੋਂ 14 ਵਰ੍ਹਿਆਂ ਦੀਆਂ ਕੁੜੀਆਂ 'ਚ ਸਰਵਾਈਕਲ ਕੈਂਸਰ ਦੀ ਰੋਕਥਾਮ ਲਈ ਦਵਾਈ ਵੰਡਣ ਦੀ ਸ਼ੁਰੂਆਤ ਕੀਤੇ ਜਾਣ ਦੀ ਸੰਭਾਵਨਾ ਹੈ। ਕਰਨਾਟਕ, ਤਮਿਲਨਾਡੂ, ਮਿਜ਼ੋਰਮ, ਛਤੀਸਗੜ੍ਹ, ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ ਵਿਚ ਵੈਕਸੀਨੇਸ਼ਨ ਮੁਹਿੰਮ ਦੇ ਪਹਿਲੇ ਪੜਾਅ 'ਚ 2.55 ਕਰੋੜ ਕੁੜੀਆਂ ਨੂੰ ਹਿਊਮਨ ਪਾਪੀਲੋਮਾਵਾਇਰਸ (ਐਚ.ਪੀ.ਵੀ.) ਵੈਕਸੀਨ ਦੇਣ ਦਾ ਟੀਚਾ ਮਿਥਿਆ ਗਿਆ ਹੈ।

# ਬਰਤਾਨੀਆ 'ਚ ਕਸ਼ਮੀਰੀ ਤੇ ਖਾਲਿਸਤਾਨ ਪੱਖੀ ਕੱਟੜਵਾਦ ਫੈਲਣ 'ਤੇ ਚਿੰਤਾ ਜ਼ਾਹਿਰ

**ਲੰਡਨ:** ਬਰਤਾਨੀਆ ਸਰਕਾਰ ਦੀ ਅਤਿਵਾਦ ਵਿਰੋਧੀ ਯੋਜਨਾ ਦੀ ਸਮੀਖਿਆ ਵਿਚ ਕਸ਼ਮੀਰ ਬਾਰੇ ਬਰਤਾਨਵੀ ਮੁਸਲਮਾਨਾਂ ਦੇ ਕੱਟੜਪੰਥੀ ਹੋਣ ਅਤੇ ਖਤਰਨਾਕ ਹੋ ਰਹੇ ਖਾਲਿਸਤਾਨ ਪੱਖੀ ਅਤਿਵਾਦ ਨੂੰ ਵਧਦੀ ਚਿੰਤਾ ਕਰਾਰ ਦਿੱਤਾ ਗਿਆ ਹੈ। ਸਮੀਖਿਆ ਵਿਚ ਦੇਸ਼ ਲਈ ਖਤਰੇ ਵਜੋਂ ਇਸਲਾਮੀ ਕੱਟੜਵਾਦ ਨਾਲ ਨਜਿੱਠਣ ਲਈ ਨੀਤੀਆਂ 'ਚ ਸੁਧਾਰ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ।

ਸਰਕਾਰ ਦੀ ਅਤਿਵਾਦ ਵਿਰੋਧੀ ਰਣਨੀਤੀ ਦੀ ਇਸ ਹਫਤੇ ਪ੍ਰਕਾਸ਼ਿਤ ਸਮੀਖਿਆ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ ਕਸ਼ਮੀਰ ਬਾਰੇ ਪਾਕਿਸਤਾਨ ਦੀ ਬਿਆਨਬਾਜ਼ੀ ਬਰਤਾਨਵੀ ਮੁਸਲਿਮ ਭਾਈਚਾਰੇ 'ਚ ਭਾਰਤ ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ਦਾ ਕੰਮ ਕਰ ਰਹੀ ਹੈ। ਸਮੀਖਿਆ ਵਿਚ ਬਰਤਾਨੀਆ ਅੰਦਰ ਸਰਗਰਮ ਖਾਲਿਸਤਾਨ ਪੱਖੀ ਸਮੂਹਾਂ ਦੀ ਥੋੜ੍ਹ ਜਿਹੀ ਗਿਣਤੀ ਵੱਲੋਂ ਕੀਤੇ ਜਾ ਪ੍ਰਚਾਰ ਵਿਰੁੱਧ ਵੀ ਚਿਤਾਵਨੀ ਦਿੱਤੀ ਗਈ ਹੈ। ਖਾਲਿਸਤਾਨ ਪੱਖੀ ਕੱਟੜਵਾਦ ਦੇ ਮੁੱਦੇ 'ਤੇ ਰਿਪੋਰਟ ਵਿਚ ਕਿਹਾ ਗਿਆ ਹੈ, "ਬਰਤਾਨੀਆ ਦੇ ਸਿੱਖ ਭਾਈਚਾਰੇ ਵਿਚ ਉੱਭਰ ਰਹੇ ਖਾਲਿਸਤਾਨ ਪੱਖੀ ਕੱਟੜਵਾਦ ਤੋਂ ਵੀ ਸਾਵਧਾਨ ਰਹਿਣਾ ਚਾਹੀਦਾ ਹੈ। ਯੂਕੇ ਵਿਚ ਸਰਗਰਮ ਖਾਲਿਸਤਾਨ ਪੱਖੀ ਸਮੂਹਾਂ ਦੀ ਛੋਟੀ ਜਿਹੀ ਗਿਣਤੀ ਵੱਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸਰਕਾਰ ਸਿੱਖਾਂ ਨੂੰ ਤੰਗ ਕਰਨ ਲਈ ਭਾਰਤ ਵਿਚ ਆਪਣੇ ਹਮਰੁਤਬਾ ਨਾਲ ਮਿਲੀਭੁਗਤ ਕਰ ਰਹੀ ਹੈ। ਅਜਿਹੇ ਸਮੂਹਾਂ ਦੇ ਪ੍ਰਚਾਰ 'ਚ ਭਾਰਤ ਵਿਚ ਖਾਲਿਸਤਾਨ ਪੱਖੀ ਅੰਦੋਲਨ ਦੌਰਾਨ ਹੋਈ ਹਿੰਸਾ ਦੀ ਵਡਿਆਈ ਕੀਤੀ ਜਾਂਦੀ ਹੈ।" ਪਬਲਿਕ ਅਪਾਇੰਟਮੈਂਟਸ ਕਮਿਸ਼ਨਰ




ਵਿਲੀਅਮ ਸ਼ਾਅਕਰੌਸ ਵੱਲੋਂ ਕੀਤੀ ਗਈ ਇਸ ਸਮੀਖਿਆ ਵਿਚ ਬ੍ਰਿਟੇਨ 'ਚ ਖਾਲਿਸਤਾਨ ਪੱਖੀ ਛੋਟੇ ਗੁੱਟਾਂ ਵੱਲੋਂ ਫੈਲਾਏ ਜਾ ਰਹੇ ਝੂਠੇ ਬਿਰਤਾਂਤ ਖਿਲਾਫ ਵੀ ਚਿਤਾਵਨੀ ਦਿੱਤੀ ਗਈ ਹੈ। ਸਮੀਖਿਆ 'ਚ ਸ਼ਾਅਕਰੌਸ ਨੇ ਕਿਹਾ ਕਿ ਕੱਟੜਪੰਥੀ ਗੁੱਟਾਂ ਨਾਲ ਜੁੜੇ ਸਬੂਤਾਂ ਨੂੰ ਉਨ੍ਹਾਂ ਦੇਖਿਆ ਹੈ ਤੇ ਕਸ਼ਮੀਰ 'ਚ ਹਿੰਸਾ ਦਾ ਸੱਦਾ ਦੇਣ ਵਾਲੇ ਇਕ ਪਾਕਿਸਤਾਨੀ ਮੌਲਵੀ ਦੇ ਬ੍ਰਿਟੇਨ 'ਚ ਸਮਰਥਕ ਵੀ ਦੇਖੇ ਹਨ।

ਬ੍ਰਿਟੇਨ ਦੀ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਹਾਊਸ ਆਫ ਕਾਮਨਜ਼ 'ਚ ਕਿਹਾ ਕਿ ਉਹ ਰੋਕਥਾਮ ਰਣਨੀਤੀ ਤਹਿਤ ਸਮੀਖਿਆ ਦੀਆਂ ਸਾਰੀਆਂ ਸਿਫਾਰਸ਼ਾਂ ਤੇਜੀ ਨਾਲ ਲਾਗੂ ਕਰਨ ਦਾ ਇਰਾਦਾ ਰੱਖਦੀ ਹੈ। ਭਾਰਤੀ ਮੂਲ ਦੀ ਮੰਤਰੀ ਨੇ ਸੰਸਦ ਮੈਂਬਰਾਂ ਨੂੰ ਕਿਹਾ ਕਿ ਸੱਚਾਈ ਇਹ ਹੈ ਕਿ ਇਸਲਾਮਾਬਾਦ ਨਾਲ ਸਿੱਝਣ ਦਾ ਮਤਲਬ ਮੁਸਲਿਮ ਵਿਰੋਧੀ ਹੋਣਾ ਨਹੀਂ ਹੈ ਤੇ ਜੇ ਅਸਰਦਾਰ ਕਾਰਵਾਈ ਕਰਨੀ ਹੈ ਤਾਂ ਮੁਸਲਮਾਨਾਂ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

**Punjab Times**
Established in 2000
22nd Year in Publication

Published every Saturday
by A B Publication Inc.
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਭਗਵੰਤ ਵੱਲੋਂ ਪਾਕਿਸਤਾਨ ਨਾਲ ਵਪਾਰਕ ਸਬੰਧ ਬਣਾਉਣ ਤੋਂ ਕੋਰੀ ਨਾਂਹ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨਾਂ ਵੱਲੋਂ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਲਈ ਪਾਕਿਸਤਾਨ ਨਾਲ ਵਪਾਰ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਪਰ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਕਿਸਤਾਨ ਨਾਲ ਕਿਸੇ ਵੀ ਕਿਸਮ ਦੇ ਵਪਾਰਕ ਸਬੰਧ ਰੱਖਣ ਤੋਂ ਇਨਕਾਰ ਕਰ ਦਿੱਤਾ ਹੈ। ਸ੍ਰੀ ਮਾਨ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਰੋਜ਼ਾਨਾ ਡਰੋਨਾਂ ਰਾਹੀਂ ਨਸ਼ੀਲੇ ਪਦਾਰਥ ਅਤੇ ਹਥਿਆਰ ਭੇਜ ਕੇ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਦੇਸ਼ ਨਾਲ ਕਿਸੇ ਕਿਸਮ ਦੇ ਸਬੰਧ ਰੱਖਣਾ ਠੀਕ ਨਹੀਂ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਠੀਕ ਹੈ। ਇਸ ਲਈ ਸੂਬੇ ਦੇ ਕਿਸੇ ਵੀ ਵਸਨੀਕ ਨੂੰ ਚਿੰਤਤ ਹੋਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਸੂਬੇ ਵਿਚ ਗੈਂਗਸਟਰਾਂ ਨੂੰ ਠੱਲ੍ਹ ਪਾਉਣ ਲਈ ਪੰਜਾਬ ਪੁਲਿਸ ਦਿਨ-ਰਾਤ ਇਕ ਕਰਕੇ ਕੰਮ ਕਰ ਰਹੀ ਹੈ, ਜਿਸ ਸਦਕਾ ਵੱਡੀ ਗਿਣਤੀ ਗੈਂਗਸਟਰਾਂ ਨੂੰ ਜੇਲ੍ਹਾਂ ਵਿਚ ਡੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਹੱਦ ਨੂੰ ਸੁਰੱਖਿਅਤ ਕਰਨ ਲਈ ਕੇਂਦਰ ਸਰਕਾਰ ਦੀ ਮਦਦ ਨਾਲ ਸਰਹੱਦੀ ਖੇਤਰ ਵਿੱਚ ਚੌਕਸੀ ਵਧਾਈ ਗਈ ਹੈ।

# ਪਾਵਨ ਸਰੂਪ ਲਾਪਤਾ ਨਹੀਂ ਹੋਏ ਤੇ ਨਾ ਹੀ ਕੋਈ ਬੇਅਦਬੀ ਹੋਈ: ਧਾਮੀ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਥੇ ਮੁੜ ਦਾਅਵਾ ਕੀਤਾ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਜਿਨ੍ਹਾਂ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੀ ਗੱਲ ਕਹੀ ਜਾ ਰਹੀ ਹੈ, ਉਹ ਅਸਲ ਵਿਚ ਲਾਪਤਾ ਨਹੀਂ ਹੋਏ ਹਨ ਤੇ ਨਾ ਹੀ ਕੋਈ ਬੇਅਦਬੀ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਮਾਮਲਾ ਭੇਟਾ ਦੇ ਘਪਲੇ ਨਾਲ ਸਬੰਧਿਤ ਹੈ।

ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਹੁਣ ਤੱਕ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਫੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਮੁੱਦੇ ਸਬੰਧੀ ਸਿੱਖ ਸਦਭਾਵਨਾ ਦਲ ਦਾ ਧਰਨਾ ਜਾਰੀ ਹੈ। ਇਸ ਤੋਂ ਇਲਾਵਾ ਹੋਰ ਕਈ ਸਿੱਖ ਜਥੇਬੰਦੀਆਂ ਵੀ ਲਗਾਤਾਰ ਸਵਾਲ ਖੜ੍ਹੇ ਕਰ ਰਹੀਆਂ ਹਨ। ਇਸ ਸਬੰਧੀ ਇਕ ਵੀਡੀਓ ਜਾਰੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦਾਅਵਾ ਕੀਤਾ ਹੈ ਕਿ ਇਹ ਸਰੂਪ ਨਾ ਲਾਪਤਾ ਹੋਏ ਹਨ ਤੇ ਨਾ ਹੀ ਬੇਅਦਬੀ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਸ ਵੇਲੇ ਦੇ ਜ਼ਿੰਮੇਵਾਰ ਅਮਲੇ ਵੱਲੋਂ ਇਹ ਸਰੂਪ ਸੰਗਤ ਨੂੰ ਦਿੱਤੇ ਗਏ, ਪਰ ਇਨ੍ਹਾਂ ਦੀ ਭੇਟਾ ਦਰਜ ਨਹੀਂ ਕੀਤੀ ਗਈ ਤੇ ਇਹ ਭੇਟਾ ਉਨ੍ਹਾਂ ਦੀ ਜੇਬ ਵਿਚ ਚਲੀ ਗਈ। ਉਨ੍ਹਾਂ ਕਿਹਾ ਕਿ ਇਹ ਸਿੱਧੇ ਤੌਰ 'ਤੇ ਧੋਖਾਧੜੀ ਦਾ ਮਾਮਲਾ ਹੈ ਤੇ ਇਸ ਸਬੰਧੀ ਲਗਭਗ ਦਰਜਨ ਮੁਲਾਜ਼ਮਾਂ ਨੂੰ ਜੁਰਮਾਨਾ ਲਾਉਣ ਤੇ ਸੇਵਾਵਾਂ ਖਤਮ ਕਰਨ ਦੀ ਕਾਰਵਾਈ ਕੀਤੀ ਗਈ ਹੈ।

## ਆਮਦਨ ਕਰ ਵਿਭਾਗ ਵੱਲੋਂ ਬੀ.ਬੀ.ਸੀ. ਦਫਤਰਾਂ 'ਤੇ ਛਾਪੇ

**ਨਵੀਂ ਦਿੱਲੀ:** ਆਮਦਨ ਕਰ ਵਿਭਾਗ ਦੀਆਂ ਕਈ ਟੀਮਾਂ ਨੇ ਦਿੱਲੀ ਤੇ ਮੁੰਬਈ ਵਿਚਲੇ ਬੀ.ਬੀ.ਸੀ. ਦੇ ਦਫਤਰਾਂ ਵਿਚ ਛਾਪੇ ਮਾਰੇ। ਵਰਨਣਯੋਗ ਹੈ ਕਿ ਬੀਤੇ ਦਿਨੀਂ ਬੀ.ਬੀ.ਸੀ. ਨੇ ਗੋਦਰਾ ਕਾਂਡ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਡਾਕੂਮੈਂਟਰੀ ਜਾਰੀ ਕੀਤੀ ਸੀ ਤੇ ਇਸ ਖਿਲਾਫ ਸਰਕਾਰ ਨੇ ਕਾਫੀ ਨਾਰਾਜ਼ਗੀ ਪ੍ਰਗਟਾਈ ਸੀ। ਉਧਰ ਬੀ.ਬੀ.ਸੀ. ਨੇ ਕਿਹਾ ਕਿ ਉਹ 'ਪੂਰਾ ਸਹਿਯੋਗ' ਕਰ ਰਿਹਾ ਹੈ ਅਤੇ ਉਮੀਦ ਹੈ ਕਿ ਇਹ ਜਲਦੀ ਹੀ ਠੀਕ ਹੋ ਜਾਵੇਗਾ। ਇਸ ਦੌਰਾਨ ਭਾਜਪਾ ਨੇ ਬੀ.ਬੀ.ਸੀ. ਨੂੰ ਦੁਨੀਆਂ ਦੀ ਸਭ ਤੋਂ 'ਭ੍ਰਿਸ਼ਟ ਬਕਵਾਸ ਕਾਰਪੋਰੇਸ਼ਨ' ਕਰਾਰ ਦਿੱਤਾ ਅਤੇ ਕਿਹਾ ਕਿ ਮੀਡੀਆ ਸਮੂਹ ਦੇ ਖ਼ਿਲਾਫ਼ ਆਮਦਨ ਕਰ ਵਿਭਾਗ ਦਾ ਛਾਪਾ ਨਿਯਮਾਂ ਅਤੇ ਸੰਵਿਧਾਨ ਅਧੀਨ ਹੈ। ਵਿਰੋਧੀ ਧਿਰ ਕਾਂਗਰਸ ਨੇ ਕਿਹਾ ਹੈ ਕਿ ਅੱਜ ਦੀ ਕਾਰਵਾਈ ਨੇ ਸਾਬਤ ਕਰ ਦਿੱਤਾ ਹੈ ਕਿ ਮੋਦੀ ਸਰਕਾਰ ਆਪਣੀ ਨਿੰਦਾ ਤੋਂ ਪਰੇਸ਼ਾਨ ਹੋ ਜਾਂਦੀ ਹੈ ਤੇ ਡਰ ਕੇ ਹੋਛੀਆਂ ਹਰਕਤਾਂ ਕਰਦੀ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਵਰ੍ਹੇ ਦਾ ਨਾਨਕਸ਼ਾਹੀ ਕੈਲੰਡਰ ਜਾਰੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਤੋਂ ਨਾਨਕਸ਼ਾਹੀ ਸੰਮਤ 555 (2023-24) ਦਾ ਕੈਲੰਡਰ ਜਾਰੀ ਕੀਤਾ ਗਿਆ। ਨਾਨਕਸ਼ਾਹੀ ਸੰਮਤ ਮੁਤਾਬਕ ਨਵਾਂ ਵਰ੍ਹਾ ਇਕ ਚੇਤ ਭਾਵ 14 ਮਾਰਚ ਤੋਂ ਆਰੰਭ ਹੋਵੇਗਾ ਪਰ ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਵਰ੍ਹੇ ਦਾ ਕੈਲੰਡਰ ਇਕ ਮਹੀਨਾ ਪਹਿਲਾਂ ਜਾਰੀ ਕੀਤਾ ਗਿਆ ਹੈ।

ਇਹ ਕੈਲੰਡਰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਮੁੱਖ ਸ਼ਖ਼ਸੀਅਤਾਂ ਦੀ ਮੌਜੂਦਗੀ ਵਿਚ ਜਾਰੀ ਕੀਤਾ। ਇਸ ਵਾਰ ਦਾ ਕੈਲੰਡਰ ਅਕਾਲੀ ਬਾਬਾ ਫੂਲਾ ਸਿੰਘ ਦੇ 200 ਸਾਲਾ ਸ਼ਹੀਦੀ ਦਿਹਾੜੇ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਤੇ ਜੈਤੋ ਦੇ ਮੋਰਚੇ ਦੇ 100 ਸਾਲਾ ਨੂੰ ਸਮਰਪਿਤ ਕੀਤਾ ਗਿਆ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਤ ਕੀਤੇ ਗਏ ਇਸ ਕੈਲੰਡਰ ਵਿਚ ਸ੍ਰੀ ਹਰਿਮੰਦਰ ਸਾਹਿਬ ਤੇ ਆ ਰਹੇ ਸ਼ਤਾਬਦੀ ਦਿਹਾੜਿਆਂ ਨਾਲ ਸਬੰਧਤ ਤਸਵੀਰਾਂ ਲਗਾਈਆਂ ਗਈਆਂ ਹਨ।

ਕੈਲੰਡਰ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਸਾਲ ਅਹਿਮ ਸ਼ਤਾਬਦੀ ਦਿਹਾੜੇ ਆ ਰਹੇ ਹਨ, ਜੋ ਕੌਮੀ ਇਕਜੁੱਟਤਾ ਨਾਲ ਮਨਾਏ ਜਾਣਗੇ। ਉਨ੍ਹਾਂ ਕਿਹਾ ਕਿ ਇਸ ਵਾਰ ਨਾਨਕਸ਼ਾਹੀ ਸੰਮਤ 555 ਦਾ ਕੈਲੰਡਰ ਆਮ ਨਾਲੋਂ ਇਕ ਮਹੀਨਾ ਪਹਿਲਾਂ ਜਾਰੀ ਕੀਤਾ ਗਿਆ ਹੈ। ਇਸ ਦਾ ਮੰਤਵ ਸੰਗਤ ਨੂੰ ਗੁਰਪੁਰਬਾਂ ਅਤੇ ਇਤਿਹਾਸਕ ਦਿਹਾੜਿਆਂ ਬਾਰੇ ਅਗਾਊਂ ਜਾਣਕਾਰੀ ਦੇਣਾ ਹੈ ਕਿਉਂਕਿ ਇਸ ਸਬੰਧ ਵਿਚ ਸੰਗਤ ਅਕਸਰ ਹੀ ਸੁਝਾਅ ਭੇਜਦੀ ਸੀ। ਉਨ੍ਹਾਂ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਇਸ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰਪੁਰਬ ਤੇ ਇਤਿਹਾਸਕ ਦਿਹਾੜੇ ਮਨਾਏ ਜਾਣ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਇਕਜੁੱਟ ਹੋ ਕੇ ਸਾਂਝੇ ਯਤਨਾਂ ਲਈ ਅਪੀਲ ਕੀਤੀ। ਨਾਨਕਸ਼ਾਹੀ ਕੈਲੰਡਰ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਇਸ ਵਿਵਾਦ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਅਗਵਾਈ ਹੇਠ ਹੱਲ ਕੀਤਾ ਜਾਵੇਗਾ।

# ਨਸ਼ਾ ਤਸਕਰ ਕਾਬੂ ਕਰਨ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਹੁਣ ਤੱਕ 7999 ਐਫ.ਆਈ.ਆਰਜ਼. ਦਰਜ ਕਰਕੇ 1540 ਵੱਡੀਆਂ ਮੱਛੀਆਂ ਸਮੇਤ 10576 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇੰਸਪੈਕਟਰ ਜਨਰਲ ਆਫ ਪੁਲਿਸ (ਹੈੱਡਕੁਆਰਟਰ) ਸੁਖਚੈਨ ਸਿੰਘ ਗਿੱਲ ਨੇ ਇੱਥੇ ਆਪਣੀ ਹਫ਼ਤਾਵਾਰੀ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਕਿ ਪੁਲਿਸ ਟੀਮਾਂ ਨੇ ਸੂਬੇ ਭਰ 'ਚੋਂ 529.53 ਕਿੱਲੋਗਰਾਮ ਹੈਰੋਇਨ ਬਰਾਮਦ ਕੀਤੀ ਹੈ।

ਗੁਜਰਾਤ ਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਤੋਂ 147.5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ ਨਾਲ ਸਿਰਫ ਸੱਤ ਮਹੀਨਿਆਂ ਵਿਚ ਹੈਰੋਇਨ ਦੀ ਕੁੱਲ ਬਰਾਮਦਗੀ 677.03 ਕਿਲੋ ਹੋ ਗਈ ਹੈ। ਆਈ.ਜੀ.ਪੀ. ਨੇ ਦੱਸਿਆ ਕਿ ਪੁਲਿਸ ਨੇ ਸੂਬੇ ਭਰ ਵਿਚੋਂ 424 ਕਿਲੋ ਅਫੀਮ, 480.24 ਕਿਲੋ ਗਾਂਜਾ, 255 ਕੁਇੰਟਲ ਭੁੱਕੀ ਅਤੇ 51.39 ਲੱਖ ਗੋਲੀਆਂ/ਕੈਪਸੂਲ/ਟੀਕੇ/ ਫਾਰਮਾ ਓਪੀਓਡਜ਼ ਦੀਆਂ ਸ਼ੀਸ਼ੀਆਂ ਵੀ ਬਰਾਮਦ ਕੀਤੀਆਂ ਹਨ। ਪੁਲਿਸ ਨੇ ਇਨ੍ਹਾਂ ਸੱਤ ਮਹੀਨਿਆਂ ਵਿਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿਚੋਂ 10.03 ਕਰੋੜ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ। ਪਿਛਲੇ ਇਕ ਹਫ਼ਤੇ ਵਿਚ ਪੁਲਿਸ ਨੇ 27 ਵਪਾਰਕ ਮਾਮਲਿਆਂ ਸਮੇਤ 231 ਐਫ.ਆਈ.ਆਰਜ਼. ਦਰਜ ਕਰਕੇ 294 ਨਸ਼ਾ ਤਸਕਰਾਂ/ਸਪਲਾਇਰਾਂ ਨੂੰ ਗ੍ਰਿਫਤਾਰ ਕੀਤਾ।

## ਪੱਕਾ ਮੋਰਚਾ: ਮੁਹਾਲੀ-ਚੰਡੀਗੜ੍ਹ ਦੀ ਹੱਦ ਸੀਲ

*(ਪਹਿਲੇ ਸਫੇ ਦੀ ਬਾਕੀ)*

ਬੈਰੀਕੇਡਿੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਛੋਟੇ ਰਸਤਿਆਂ ਨੂੰ ਵੀ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ ਜਿਸ ਕਾਰਨ ਰਾਹਗੀਰ ਪਰੇਸ਼ਾਨ ਹੋ ਰਹੇ ਹਨ। ਪੱਕੇ ਮੋਰਚੇ ਨੇੜੇ ਵੀ ਪੰਜਾਬ ਪੁਲਿਸ ਦਾ ਸੁਰੱਖਿਆ ਘੇਰਾ ਪਹਿਲਾਂ ਨਾਲੋਂ ਵਧੇਰੇ ਮਜ਼ਬੂਤ ਕਰ ਦਿੱਤਾ ਗਿਆ ਹੈ। ਉਧਰ, ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਨੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਸਣੇ ਸਾਰੇ ਕੈਦੀਆਂ ਨੂੰ ਤੁਰਤ ਬਿਨਾ ਸ਼ਰਤ ਰਿਹਾਅ ਕਰਨ ਦੀ ਮੰਗ ਕਰਦਿਆਂ ਰੋਸ ਪ੍ਰਦਰਸ਼ਨ ਕੀਤੇ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਵੱਖ-ਵੱਖ ਥਾਵਾਂ 'ਤੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਬੰਦੀ ਸਿੰਘਾਂ ਸਣੇ ਹਰ ਧਰਮ, ਜਾਤ ਅਤੇ ਇਲਾਕੇ ਨਾਲ ਸਬੰਧਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਫੌਰੀ ਰਿਹਾਅ ਕੀਤਾ ਜਾਵੇ, ਅਦਾਲਤੀ ਸੁਣਵਾਈ ਤੋਂ ਬਿਨਾਂ ਹੀ ਸਾਲਾਂ-ਬੱਧੀ ਜੇਲ੍ਹਾਂ 'ਚ ਡੱਕੇ ਹੋਏ ਕੈਦੀਆਂ ਦੀ ਸੁਣਵਾਈ ਤੁਰਤ ਸ਼ੁਰੂ ਕਰਵਾਈ ਜਾਵੇ ਤੇ ਬਣਦੀ ਕਾਨੂੰਨੀ ਸਜ਼ਾ ਤੋਂ ਵੱਧ ਸਮਾਂ ਜੇਲ੍ਹ ਕੱਟ ਚੁੱਕੇ ਕੈਦੀਆਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।ਕਿਸਾਨ ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਭਵਿੱਖ ਵਿਚ ਕੈਦੀਆਂ ਨਾਲ ਅਜਿਹੀ ਬੇਇਨਸਾਫੀ ਨਾ ਹੋਣ ਦੀ ਗਾਰੰਟੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਮੇਤ ਦੇਸ਼ ਭਰ ਦੀਆਂ ਜੇਲ੍ਹਾਂ 'ਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਨਾ ਕਰਕੇ ਕੇਂਦਰੀ ਤੇ ਸੂਬਾ ਸਰਕਾਰਾਂ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਦਮਨ ਕਰ ਰਹੀਆਂ ਹਨ। ਇਨ੍ਹਾਂ ਕੈਦੀਆਂ ਵਿਚ ਪੰਜਾਬ ਦੇ 22 ਕੈਦੀ ਵੀ ਸ਼ਾਮਲ ਹਨ।

# ਪੰਜਾਬ ਵਿਚ ਹੁਣ ਸੰਵਿਧਾਨਕ ਸੰਕਟ!

*(ਪਹਿਲੇ ਸਫੇ ਦੀ ਬਾਕੀ)*

ਗੁਰਿੰਦਰਜੀਤ ਸਿੰਘ ਜਵੰਧਾ ਨੂੰ ਪੰਜਾਬ ਇਨਫੋਟੈੱਕ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਵੀ ਉਂਗਲ ਉਠਾਈ ਹੈ ਅਤੇ ਪੱਤਰ ਵਿਚ ਕਿਹਾ ਹੈ ਕਿ ਜਾਇਦਾਦਾਂ 'ਤੇ ਕਬਜ਼ਿਆਂ ਅਤੇ ਅਗਵਾ ਕੇਸ ਵਿਚ ਜਵੰਧਾ ਦਾ ਨਾਮ ਬੋਲਦਾ ਹੈ। ਉਨ੍ਹਾਂ ਸਰਕਾਰ ਵੱਲੋਂ ਲੱਖਾਂ ਦਲਿਤ ਬੱਚਿਆਂ ਦਾ ਵਜ਼ੀਫ਼ਾ ਨਾ ਵੰਡਣ ਅਤੇ ਗੈਰ-ਕਾਨੂੰਨੀ ਤੌਰ 'ਤੇ ਨਿਯੁਕਤ ਪੰਜਾਬ ਖੇਤੀ 'ਵਰਸਿਟੀ ਦੇ ਵਾਈਸ ਚਾਂਸਲਰ ਨੂੰ ਹਟਾਉਣ ਦੇ ਮਾਮਲੇ ਵਿਚ ਚੁੱਪ ਵੱਟੇ ਜਾਣ ਦੀ ਗੱਲ ਵੀ ਆਖੀ ਹੈ। ਰਾਜਪਾਲ ਨੇ ਚੰਡੀਗੜ੍ਹ ਦੇ ਸਾਬਕਾ ਐਸ.ਐਸ.ਪੀ. ਕੁਲਦੀਪ ਸਿੰਘ ਚਾਹਲ ਦੇ ਮਾਮਲੇ 'ਤੇ 14 ਦਸੰਬਰ ਨੂੰ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਸੀ।

ਇਸੇ ਦੌਰਾਨ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 167 ਅਨੁਸਾਰ ਉਨ੍ਹਾਂ ਵੱਲੋਂ ਪੁੱਛੇ ਗਏ ਵੇਰਵੇ ਅਤੇ ਸੂਚਨਾ ਦੇਣ ਲਈ ਸਰਕਾਰ ਪਾਬੰਦ ਹੈ ਪਰ ਮੁੱਖ ਮੰਤਰੀ ਨੇ ਕਦੇ ਪੱਤਰਾਂ ਦਾ ਜੁਆਬ ਦੇਣ ਦੀ ਪਰਵਾਹ ਨਹੀਂ ਕੀਤੀ। ਰਾਜਪਾਲ ਨੇ ਕਿਹਾ ਕਿ ਸੁਖਾਵੇਂ ਸਬੰਧਾਂ ਦੇ ਮੱਦੇਨਜ਼ਰ ਉਨ੍ਹਾਂ ਕਦੇ ਵੀ ਪਹਿਲਾਂ ਇਹ ਚਿੱਠੀਆਂ ਜਨਤਕ ਨਹੀਂ ਕੀਤੀਆਂ ਸਨ। ਜਵਾਬ ਨਾ ਮਿਲਣ ਕਾਰਨ ਹੁਣ ਉਹ ਚਿੱਠੀਆਂ ਜਨਤਕ ਕਰਨ ਵਾਸਤੇ ਮਜਬੂਰ ਹਨ। ਰਾਜਪਾਲ ਨੇ ਕਿਹਾ, 'ਬੇਸ਼ੱਕ ਤੁਸੀਂ ਲੋਕਾਂ ਦੇ ਫ਼ਤਵੇ ਨਾਲ ਮੁੱਖ ਮੰਤਰੀ ਹੋ ਪਰ ਇਸ ਗੱਲ ਦਾ ਵੀ ਖਿਆਲ ਰੱਖੋ ਕਿ ਤੁਹਾਨੂੰ ਸੰਵਿਧਾਨ ਮੁਤਾਬਕ ਪ੍ਰਸ਼ਾਸਨ ਚਲਾਉਣ ਲਈ ਚੁਣਿਆ ਗਿਆ ਹੈ।'

# ਯੂਨੀਵਰਸਿਟੀ 'ਚ ਗੋਲੀ ਚੱਲੀ, 3 ਹਲਾਕ

**ਈਸਟ ਲੈਂਸਿੰਗ:** ਅਮਰੀਕਾ ਦੀ ਮਿਸ਼ੀਗਨ ਸਟੇਟ ਯੂਨੀਵਰਸਿਟੀ ਵਿਚ ਬੰਦੂਕਧਾਰੀ ਨੇ ਗੋਲੀਬਾਰੀ ਕਰ ਦਿੱਤੀ, ਜਿਸ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖਮੀ ਹੋ ਗਏ। ਇਸ ਦੌਰਾਨ ਪਤਾ ਲੱਗਿਆ ਹੈ ਕਿ ਹਮਲਾਵਰ ਨੇ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਇਸ ਤੋਂ ਪਹਿਲਾਂ ਪੁਲਿਸ ਨੇ ਡਰੇ ਹੋਏ ਵਿਦਿਆਰਥੀਆਂ ਅਤੇ ਹੋਰਾਂ ਨੂੰ ਲੁਕਣ ਲਈ ਕਿਹਾ। ਯੂਨੀਵਰਸਿਟੀ 'ਚ ਸੈਂਕੜੇ ਪੁਲਿਸ ਅਧਿਕਾਰੀ ਮਸ਼ਕੂਕ ਦੀ ਭਾਲ ਵਿਚ ਜੁੱਟ ਗਏ ਸਨ। ਹਮਲਾਵਰ ਛੋਟੇ ਕੱਦ ਦਾ ਹੈ ਅਤੇ ਉਸ ਨੇ ਲਾਲ ਜੁੱਤੇ, ਜੈਕਟ ਟੋਪੀ ਪਾਈ ਹੋਈ ਸੀ।

## ਬੰਦੀ ਸਿੰਘ ਗੁਰਦੀਪ ਸਿੰਘ ਖੈੜਾ ਨੂੰ ਪੈਰੋਲ

**ਅੰਮ੍ਰਿਤਸਰ:** ਬੰਦੀ ਸਿੰਘਾਂ ਦੀ ਸੂਚੀ ਵਿਚ ਸ਼ਾਮਲ ਗੁਰਦੀਪ ਸਿੰਘ ਖੈੜਾ ਨੂੰ ਅੰਮ੍ਰਿਤਸਰ ਜੇਲ੍ਹ ਤੋਂ 7 ਹਫ਼ਤਿਆਂ ਵਾਸਤੇ ਪੈਰੋਲ ਛੁੱਟੀ ਮਿਲੀ ਹੈ। ਇਸ ਦੀ ਪੁਸ਼ਟੀ ਕਰਦਿਆਂ ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਹ ਕੁਝ ਸਮਾਂ ਪਹਿਲਾਂ ਪੀ.ਜੀ.ਆਈ. 'ਚ ਜ਼ੇਰੇ ਇਲਾਜ ਵੀ ਰਹੇ ਹਨ। ਇਲਾਜ ਮਗਰੋਂ ਉਹ ਮੁੜ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਆ ਗਏ ਸਨ। ਦਿੱਲੀ 'ਚ ਸਜ਼ਾ ਪੂਰੀ ਹੋਣ ਮਗਰੋਂ ਕਰਨਾਟਕ ਸਰਕਾਰ ਨੇ ਗੁਰਦੀਪ ਸਿੰਘ ਨੂੰ ਆਪਣੇ ਸੂਬੇ 'ਚ ਤਬਦੀਲ ਕਰ ਲਿਆ ਸੀ। 2015 ਵਿਚ ਉਨ੍ਹਾਂ ਨੂੰ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਤਬਦੀਲ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਮੁਹਾਲੀ ਵਿਖੇ ਇਕ ਪੱਕਾ ਮੋਰਚਾ ਵੀ ਲਾਇਆ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪ੍ਰਦੂਸ਼ਣ: ਹਰੀਕੇ ਜਲਗਾਹ ਤੋਂ ਮੂੰਹ ਮੋੜਨ ਲੱਗੇ ਪਰਵਾਸੀ ਪੰਛੀ

**ਅੰਮ੍ਰਿਤਸਰ:** ਹਰੀਕੇ ਜਲਗਾਹ ਵਿਚ ਇਸ ਸਾਲ ਪਰਵਾਸੀ ਪੰਛੀਆਂ ਦੀ ਗਿਣਤੀ ਘੱਟ ਰਹਿਣ ਦੀ ਸੰਭਾਵਨਾ ਹੈ। ਪਿਛਲੇ ਵਰ੍ਹੇ ਵੀ ਪਰਵਾਸੀ ਪੰਛੀਆਂ ਦੀ ਆਮਦ ਵਿਚ ਕਮੀ ਆਈ ਸੀ। ਸਤਲੁਜ ਅਤੇ ਬਿਆਸ ਦਰਿਆਵਾਂ ਦੇ ਸੰਗਮ ਉਤੇ ਸਥਿਤ ਹਰੀਕੇ ਜਲਗਾਹ ਵਿਚ ਇਨ੍ਹਾਂ ਪੰਛੀਆਂ ਦੀ ਆਮਦ ਘਟਣਾ ਪ੍ਰਦੂਸ਼ਣ ਅਤੇ ਵਾਤਾਵਰਨ ਵਿਚ ਆ ਰਹੇ ਨਿਘਾਰ ਨੂੰ ਇਸ ਦਾ ਇਕ ਕਾਰਨ ਮੰਨਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਸਤਲੁਜ ਦਰਿਆ ਵਿਚ ਬੁੱਢਾ ਨਾਲੇ ਦੇ ਰਸਤੇ ਲੁਧਿਆਣਾ ਦੇ ਕਾਰਖਾਨਿਆਂ ਦਾ ਜ਼ਹਿਰੀਲਾ ਪਾਣੀ ਸ਼ਾਮਲ ਹੁੰਦਾ ਹੈ ਜਿਸ ਕਾਰਨ ਹਰੀਕੇ ਜਲਗਾਹ ਵਿਚ ਸੰਗਮ 'ਤੇ ਸਾਰਾ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ। ਹਰੀਕੇ ਜਲਗਾਹ ਲਗਭਗ 4100 ਹੈਕਟੇਅਰ ਰਕਬੇ ਵਿਚ ਫੈਲੀ ਹੋਈ ਹੈ ਤੇ ਇਹ ਸਤਲੁਜ ਬਿਆਸ ਦੇ ਸੰਗਮ 'ਤੇ ਸਥਿਤ ਹੈ। ਇਹ ਜਲਗਾਹ ਤਿੰਨ ਜ਼ਿਲ੍ਹਿਆਂ ਤਰਨ ਤਾਰਨ,



ਫਿਰੋਜ਼ਪੁਰ, ਕਪੂਰਥਲਾ ਨੂੰ ਲੱਗਦੀ ਹੈ। ਹਰੀਕੇ ਜਲਗਾਹ ਵਿਚ ਇਨ੍ਹਾਂ ਪਰਵਾਸੀ ਪੰਛੀਆਂ ਦੀ ਗਿਣਤੀ ਦਾ ਕੰਮ ਜਾਰੀ ਹੈ।

ਇਹ ਪਰਵਾਸੀ ਪੰਛੀ ਮੱਧ ਏਸ਼ਿਆਈ ਖਿੱਤੇ ਵਿਚ ਅਤਿਅੰਤ ਠੰਢੇ ਮੌਸਮ ਕਾਰਨ ਉਥੋਂ ਪਰਵਾਸ ਕਰਕੇ ਭਾਰਤ ਵਿਚਲੀਆਂ ਜਲਗਾਹਾਂ 'ਤੇ ਆਉਂਦੇ ਹਨ। ਇਨ੍ਹਾਂ ਦੀ ਆਮਦ ਨਵੰਬਰ-ਦਸੰਬਰ ਮਹੀਨੇ ਵਿਚ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਇੱਥੇ ਮਾਰਚ ਮਹੀਨੇ ਤੱਕ ਰੁਕਦੇ ਹਨ। ਮੌਸਮ ਬਦਲਣ ਮਗਰੋਂ ਇਹ ਪੰਛੀ ਮੁੜ ਆਪਣੇ ਦੇਸਾਂ ਨੂੰ ਪਰਤ ਜਾਂਦੇ ਹਨ। ਹਜ਼ਾਰਾਂ ਕਿਲੋਮੀਟਰ ਦਾ ਸਫਰ ਕਰ ਕੇ ਇਹ ਪਰਵਾਸੀ ਪੰਛੀ ਹਰ ਸਾਲ ਸਾਇਬੇਰੀਆ, ਮੰਗੋਲੀਆ, ਕਜ਼ਾਖ਼ਸਤਾਨ, ਉਜ਼ਬੇਕਿਸਤਾਨ, ਰੂਸ ਅਤੇ ਦੁਨੀਆਂ ਦੇ ਹੋਰ ਦੇਸਾਂ ਤੋਂ ਇੱਥੇ ਪੁੱਜਦੇ ਹਨ। ਹਰੀਕੇ ਜਲਗਾਹ ਵਿਚ ਹਰ ਸਾਲ ਘੱਟੋ-ਘੱਟ 90 ਵੱਖ-ਵੱਖ ਪ੍ਰਜਾਤੀਆਂ ਦੇ ਪੰਛੀ ਪੁੱਜਦੇ ਹਨ ਜਿਨ੍ਹਾਂ ਵਿਚ ਵਧੇਰੇ ਕਾਮਨ ਟੀਲ, ਟਫਟਿੱਡ ਡੱਕ, ਰੂਡੀ ਸ਼ੈਲ ਡੱਕ, ਨਾਰਦਨ ਪਿੰਨਟੇਲ, ਕਾਮਨ ਪੋਚਰਡ ਤੇ ਹੋਰ ਪ੍ਰਜਾਤੀਆਂ ਦੇ ਪੰਛੀ ਸ਼ਾਮਲ ਹਨ।

ਜਾਣਕਾਰੀ ਮੁਤਾਬਕ ਇਸ ਵਾਰ ਜਿੱਥੇ ਜਲਗਾਹ ਵਿਚ ਲਗਭਗ 60 ਤੋਂ 70 ਹਜ਼ਾਰ ਪੰਛੀਆਂ ਦੀ ਆਮਦ ਹੋਈ ਹੈ। ਸਰਕਾਰੀ ਅੰਕੜਿਆਂ ਮੁਤਾਬਕ 2019 ਵਿਚ ਇੱਥੇ ਲਗਭਗ 83 ਪ੍ਰਜਾਤੀਆਂ ਦੇ ਪੰਛੀ ਪੁੱਜੇ ਸਨ ਅਤੇ ਉਨ੍ਹਾਂ ਦੀ ਗਿਣਤੀ ਇਕ ਲੱਖ 23 ਹਜ਼ਾਰ ਤੋਂ ਵੱਧ ਸੀ। 2020 ਵਿਚ ਇਨ੍ਹਾਂ ਪਰਵਾਸੀ ਪੰਛੀਆਂ ਦੀ ਗਿਣਤੀ ਘਟ ਕੇ 91 ਹਜ਼ਾਰ ਰਹਿ ਗਈ ਅਤੇ 90 ਪ੍ਰਜਾਤੀਆਂ ਦੇ ਪੰਛੀ ਪੁੱਜੇ ਸਨ। 2021 ਵਿਚ ਪਰਵਾਸੀ ਪੰਛੀਆਂ ਦੀ ਗਿਣਤੀ ਵਿਚ ਵੱਡੀ ਗਿਰਾਵਟ ਆਈ ਅਤੇ ਇਹ ਗਿਣਤੀ ਘਟ ਕੇ 74,869 ਰਹਿ ਗਈ ਜਦੋਂਕਿ 88 ਪ੍ਰਜਾਤੀਆਂ ਦੇ ਪੰਛੀ ਪੁੱਜੇ ਸਨ। ਜੰਗਲਾਤ ਅਧਿਕਾਰੀ ਕਮਲਜੀਤ ਸਿੰਘ ਨੇ ਦੱਸਿਆ ਕਿ ਪਰਵਾਸੀ ਪੰਛੀਆਂ ਦੀ ਗਿਣਤੀ ਵਿਚ ਕਮੀ ਦਾ ਇਕ ਕਾਰਨ ਸਤਲੁਜ ਦਰਿਆ ਵਿਚ ਪ੍ਰਦੂਸ਼ਣ ਦਾ ਵੱਧ ਹੋਣਾ ਹੋ ਸਕਦਾ ਹੈ। ਇਸ ਸਬੰਧ ਵਿਚ ਜੰਗਲਾਤ ਵਿਭਾਗ ਵੱਲੋਂ ਪ੍ਰਦੂਸ਼ਣ ਵਿਭਾਗ ਨੂੰ ਲੋੜੀਂਦੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ।

## ਸਾਬਕਾ ਵਿਧਾਇਕ ਬੋਨੀ ਅਜਨਾਲਾ ਵੱਲੋਂ ਅਕਾਲੀ ਦਲ ਤੋਂ ਅਸਤੀਫਾ



**ਅਜਨਾਲਾ:** ਵਿਧਾਨ ਸਭਾ ਹਲਕਾ ਅਜਨਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਪੰਜ ਵਾਰ ਚੋਣ ਲੜਨ ਵਾਲੇ ਪਾਰਟੀ ਦੇ ਸਾਬਕਾ ਕੌਮੀ ਮੀਤ ਪ੍ਰਧਾਨ ਅਤੇ ਸਾਬਕਾ ਅਕਾਲੀ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੰਬੋਧਤ ਅਸਤੀਫੇ ਵਿਚ ਬੋਨੀ ਅਜਨਾਲਾ ਨੇ ਲਿਖਿਆ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਹੁਕਮਾਂ ਅਤੇ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਾਲੀ ਪੜਤਾਲੀਆ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਨੂੰ ਅਣਗੌਲਿਆਂ ਕਰਕੇ ਵਿਧਾਨ ਸਭਾ ਚੋਣਾਂ ਵੇਲੇ ਸ਼੍ਰੋਮਣੀ ਅਕਾਲੀ ਦਲ ਨਾਲ ਧੋਖਾ ਕਰਨ ਵਾਲਿਆਂ ਨੂੰ ਹਲਕਾ ਇੰਚਾਰਜ ਤੇ ਹੋਰਨਾਂ ਅਹੁਦਿਆਂ ਨਾਲ ਨਿਵਾਜਿਆ ਜਾ ਰਿਹਾ ਹੈ ਜਿਸ ਕਾਰਨ ਉਹ ਪਾਰਟੀ ਦੀਆਂ ਸਾਰੀਆਂ ਹੀ ਜ਼ਿੰਮੇਵਾਰੀਆਂ ਤੋਂ ਅਸਤੀਫਾ ਦੇ ਰਹੇ ਹਨ। ਇਸ ਤੋਂ ਬਾਅਦ ਬੋਨੀ ਅਜਨਾਲਾ ਨੇ ਵਰਕਰਾਂ ਨਾਲ ਮੀਟਿੰਗ ਵੀ ਕੀਤੀ। ਸੂਤਰਾਂ ਅਨੁਸਾਰ ਬੋਨੀ ਅਜਨਾਲਾ ਭਾਜਪਾ ਵਿਚ ਸ਼ਾਮਲ ਹੋ ਸਕਦੇ ਹਨ।


## ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲੇ: ਅਕਾਲੀ ਦਲ



**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਦੇ ਦੋਸ਼ੀਆਂ ਦੀ ਪਛਾਣ ਕਰਕੇ ਕਾਨੂੰਨ ਮੁਤਾਬਕ ਢੁਕਵੀਆਂ ਸਜ਼ਾਵਾਂ ਦਿੱਤੀਆਂ ਜਾਣ। ਚੰਦੂਮਾਜਰਾ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਕੌਮੀ ਇਨਸਾਫ਼ ਮੋਰਚਾ ਦੇ ਮੈਂਬਰਾਂ ਵਿਰੁੱਧ ਪਰਚਾ ਦਰਜ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ, ਜਿਸ ਕਾਰਨ ਸਿੱਖ ਸੰਗਤ ਵਿਚ ਰੋਸ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਕਿ ਪੱਕੇ ਮੋਰਚੇ ਦੇ ਮੋਹਰੀ ਆਗੂਆਂ ਦੇ ਵਫ਼ਦ ਨੂੰ ਆਪਣੇ ਨਾਲ ਲੈ ਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੋਲ ਜਾਣ ਅਤੇ ਬੰਦੀ ਸਿੱਖ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਰਾਹ ਪੱਧਰਾ ਕਰਨ ਕਿਉਂਕਿ ਪ੍ਰੋ. ਭੁੱਲਰ ਦੀ ਰਿਹਾਈ ਦੀ ਫਾਈਲ ਇਕ ਸਾਲ ਤੋਂ ਕੇਜਰੀਵਾਲ ਦੀ ਟੇਬਲ 'ਤੇ ਪਈ ਹੈ। ਇਸ ਨਾਲ ਬਾਕੀ ਕੈਦੀਆਂ ਦੀ ਰਿਹਾਈ ਦਾ ਰਾਹ ਵੀ ਪੱਧਰਾ ਹੋਵੇਗਾ। ਇਸੇ ਦੌਰਾਨ ਸ੍ਰੀ ਚੰਦੂਮਾਜਰਾ ਨੇ ਮੁੱਖ ਮੰਤਰੀ ਨੂੰ ਇਸ ਮਾਮਲੇ ਵਿਚ ਸਰਬ ਪਾਰਟੀ ਮੀਟਿੰਗ ਸੱਦਣ ਅਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਪੰਜਾਬੀਆਂ ਦੀਆਂ ਇਕਸੁਰਤਾ ਅਤੇ ਇੱਕਜੁਟਤਾ ਨਾਲ ਬਣਾਉਣ ਤਾਂ ਜੋ ਕੇਂਦਰ ਸਰਕਾਰ ਅਤੇ ਬਾਕੀ ਸੂਬਿਆਂ ਦੀਆਂ ਸਰਕਾਰਾਂ ਸਾਹਮਣੇ ਬੰਦੀ ਸਿੰਘਾ ਰਿਹਾਈ ਲਈ ਪ੍ਰਭਾਵ ਬਣ ਸਕੇ।

## ਖੱਟਰ ਵੱਲੋਂ ਅਰਦਾਸ 'ਚ ਨੰਗੇ ਸਿਰ ਖੜ੍ਹੇ ਹੋਣ 'ਤੇ ਵਿਵਾਦ ਭਖਿਆ

**ਅੰਮ੍ਰਿਤਸਰ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਅਰਦਾਸ ਸਮੇਂ ਨੰਗੇ ਸਿਰ ਖੜ੍ਹੇ ਹੋਣ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਵਿਵਾਦ ਵਧ ਗਿਆ ਹੈ ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਮਰਿਆਦਾ ਦੀ ਉਲੰਘਣਾ ਦੱਸਦਿਆਂ ਇਸ ਦਾ ਸਖ਼ਤ ਨੋਟਿਸ ਲਿਆ ਹੈ ਅਤੇ ਉਨ੍ਹਾਂ ਨੂੰ ਸੰਗਤ ਕੋਲੋਂ ਮੁਆਫ਼ੀ ਮੰਗਣ ਲਈ ਆਖਿਆ ਹੈ।



ਇਸ ਸਬੰਧੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ ਜਿਸ ਵਿਚ ਅਰਦਾਸ ਹੋ ਰਹੀ ਹੈ। ਇਸ ਮੌਕੇ ਕਈ ਗੈਰ ਸਿੱਖ ਵਿਅਕਤੀਆਂ ਨੇ ਸਿਰ ਢਕੇ ਹੋਏ ਹਨ ਜਦਕਿ ਹਰਿਆਣਾ ਦੇ ਮੁੱਖ ਮੰਤਰੀ ਬਿਨਾਂ ਸਿਰ ਢਕੇ ਹੀ ਖੜ੍ਹੇ ਹਨ। ਉਹ ਅਰਦਾਸ ਵੇਲੇ ਅਰਦਾਸੀ ਸਿੱਖ ਨੂੰ ਭੇਟਾ ਵੀ ਦਿੰਦੇ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਬੀਤੇ ਦਿਨੀਂ ਹਰਿਆਣਾ ਦੇ ਫਰੀਦਾਬਾਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਚੈਰੀਟੇਬਲ ਹਸਪਤਾਲ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਜਿਸ ਦੇ ਸਮਾਗਮ ਮੌਕੇ ਸ੍ਰੀ ਖੱਟਰ ਦੀ ਇਹ ਵੀਡੀਓ ਸਾਹਮਣੇ ਆਈ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਖੱਟਰ ਪੰਜਾਬੀ ਮੂਲ ਨਾਲ ਸਬੰਧਤ ਹਨ ਅਤੇ ਉਨ੍ਹਾਂ ਨੂੰ ਸਿੱਖ ਮਰਿਆਦਾ ਬਾਰੇ ਪੂਰੀ ਜਾਣਕਾਰੀ ਹੈ। ਇਸ ਦੇ ਬਾਵਜੂਦ ਉਨ੍ਹਾਂ ਮਰਿਆਦਾ ਦਾ ਉਲੰਘਣ ਕੀਤਾ ਹੈ। ਅਫ਼ਸੋਸ ਇਸ ਗੱਲ ਦਾ ਵੀ ਹੈ ਕਿ ਸਮਾਗਮ ਦੌਰਾਨ ਨਵੀਂ ਬਣੀ ਹਰਿਆਣਾ ਕਮੇਟੀ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਧਮੀਜਾ ਵੀ ਮੁੱਖ ਮੰਤਰੀ ਨਾਲ ਖੜ੍ਹੇ ਨਜ਼ਰ ਆ ਰਹੇ ਹਨ ਪਰ ਉਨ੍ਹਾਂ ਵੱਲੋਂ ਵੀ ਮੁੱਖ ਮੰਤਰੀ ਨੂੰ ਰੋਕਿਆ ਨਹੀਂ ਗਿਆ। ਸ੍ਰੀ ਧਾਮੀ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਤੁਰੰਤ ਮੁਆਫ਼ੀ ਮੰਗਣ ਤੇ ਉਥੇ ਮੌਜੂਦ ਹਰਿਆਣਾ ਦੇ ਸਥਾਨਕ ਸਿੱਖ ਆਗੂ ਵੀ ਆਪਣਾ ਪੱਖ ਸਪੱਸ਼ਟ ਕਰਨ।

## ਬਿਰਧ ਸਰੂਪ ਇਕੱਠੇ ਕਰਨ ਦੇ ਮਾਮਲੇ 'ਚ 7 ਅਹੁਦੇਦਾਰ ਤਲਬ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਦੇ ਗੁਰਦੁਆਰਾ ਗੁਰੂ ਸਿੰਘ ਸਭਾ, ਮਾਈ ਭਾਗੋ ਕਰੋਲ ਬਾਗ ਵੱਲੋਂ ਸੇਵਾ ਸੰਭਾਲ ਦੇ ਨਾਂ 'ਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਬਿਰਧ ਪਾਵਨ ਸਰੂਪ ਇਕੱਠੇ ਕਰਨ ਦੇ ਮਾਮਲੇ ਦਾ ਨੋਟਿਸ ਲੈਂਦਿਆਂ 7 ਅਹੁਦੇਦਾਰਾਂ ਨੂੰ ਸ੍ਰੀ ਅਕਾਲ ਤਖਤ ਵਿਖੇ ਤਲਬ ਕੀਤਾ ਹੈ। ਜਥੇਦਾਰ ਨੇ ਦੱਸਿਆ ਕਿ ਇਸ ਸਬੰਧੀ ਕੁਝ ਦਿਨ ਪਹਿਲਾਂ ਸ੍ਰੀ ਅਕਾਲ ਤਖਤ ਵਿਖੇ ਜਾਣਕਾਰੀ ਪਹੁੰਚੀ ਸੀ ਕਿ ਇਸ ਜਥੇਬੰਦੀ ਵੱਲੋਂ ਹਾਲ ਹੀ ਵਿਚ ਜੈਪੁਰ ਤੋਂ 16 ਪਾਵਨ ਸਰੂਪ ਪ੍ਰਾਪਤ ਕੀਤੇ ਗਏ ਹਨ। ਇਸੇ ਤਰ੍ਹਾਂ ਬੀਤੇ ਦਿਨੀਂ ਭੋਪਾਲ ਤੋਂ ਵੀ ਇਕ ਬੱਸ ਰਾਹੀਂ 200 ਪਾਵਨ ਸਰੂਪ ਲਿਆਂਦੇ ਗਏ ਹਨ। ਇਸ ਬਾਰੇ ਪੜਤਾਲ ਲਈ ਜਥੇਬੰਦੀ ਦੇ 7 ਅਹੁਦੇਦਾਰਾਂ ਨੂੰ 15 ਫਰਵਰੀ ਨੂੰ ਸ੍ਰੀ ਅਕਾਲ ਤਖਤ ਵਿਖੇ ਤਲਬ ਕੀਤਾ ਗਿਆ ਗਿਆ।

## 'ਮਾਹੌਲ ਠੀਕ ਹੈ ਤਾਂ ਮਾਨ ਦੀ ਪਤਨੀ ਦੀ ਸੁਰੱਖਿਆ ਕਿਉਂ ਵਧਾਈ?'

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦਿਲ ਦੀ ਬਿਮਾਰੀ ਦਾ ਇਲਾਜ ਕਰਵਾਉਣ ਤੋਂ ਬਾਅਦ ਪਿੰਡ ਮੂਸਾ ਹਵੇਲੀ ਵਿਚ ਲੋਕਾਂ ਨੂੰ ਮਿਲੇ ਅਤੇ ਉਨ੍ਹਾਂ ਮੁੜ ਪੰਜਾਬ ਤੇ ਕੇਂਦਰ ਸਰਕਾਰ ਖਿਲਾਫ਼ ਰੋਸ ਜ਼ਾਹਿਰ ਕੀਤਾ।

ਉਨ੍ਹਾਂ ਕਿਹਾ ਕਿ ਪੁੱਤ ਦੇ ਕਤਲ ਨੂੰ 10 ਮਹੀਨਿਆਂ ਦਾ ਸਮਾਂ ਹੋਣ ਵਾਲਾ ਹੈ, ਪਰ ਅਜੇ ਤੱਕ ਅਸਲੀ ਕਾਤਲਾਂ ਦਾ ਪਤਾ ਨਹੀਂ ਲੱਗਿਆ ਜਦਕਿ ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਸੂਬੇ ਦੀ ਕਾਨੂੰਨ ਵਿਵਸਥਾ ਨੂੰ ਸਹੀ ਦੱਸਿਆ ਜਾ ਰਿਹਾ ਹੈ। ਇਸ ਦੇ ਉਲਟ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਪਤਨੀ ਲਈ 40-40 ਸੁਰੱਖਿਆ ਜਵਾਨ ਜੈਮਰ ਸਣੇ ਲਾਉਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਪੁੱਤ ਦੀ ਪਹਿਲੀ ਬਰਸੀ ਮਨਾਉਣ ਜਾ ਰਹੇ ਹਨ ਤੇ ਸਰਕਾਰਾਂ ਤੋਂ



ਜਦੋਂ ਇਨਸਾਫ਼ ਦੀ ਆਸ ਨਾ ਰਹੀ ਤਾਂ ਪੰਜਾਬ ਦੇ ਲੋਕਾਂ ਨੂੰ ਨਾਲ ਲੈ ਕੇ ਨਿਆਂ ਲੈਣ ਲਈ ਸੜਕਾਂ 'ਤੇ ਉਤਰਨਗੇ।

ਉਨ੍ਹਾਂ ਕਿਹਾ ਕਿ ਉਹ ਸਿੱਧੂ ਮੂਸੇਵਾਲਾ ਦੀ ਤਸਵੀਰ ਗੋਲੀਆਂ ਨਾਲ ਛਲਣੀ ਕੀਤੀ 'ਥਾਰ' ਉਤੇ ਰੱਖ ਕੇ ਸੜਕਾਂ 'ਤੇ ਘੁੰਮਣਗੇ। ਉਨ੍ਹਾਂ ਸਵਾਲ ਕੀਤਾ ਕਿ ਉਸ ਦੇ ਪੁੱਤ ਨੂੰ ਮਾਰਨ ਲਈ ਕਰੋੜਾਂ ਦੇ ਹਥਿਆਰ ਕਿਸ ਨੇ ਲੈ ਕੇ ਦਿੱਤੇ ਅਤੇ ਲਾਰੈਂਸ ਬਿਸ਼ਨੋਈ ਸਮੇਤ ਗੋਲਡੀ ਬਰਾੜ ਨੇ ਉਸ ਦੇ ਕਤਲ ਦੀ ਜ਼ਿੰਮੇਵਾਰੀ ਅਖ਼ਬਾਰਾਂ ਤੇ ਸੋਸ਼ਲ ਮੀਡੀਆ 'ਤੇ ਲਈ, ਜਿਸ ਤੋਂ ਵੱਡੇ ਪੁਲਿਸ ਕੋਲ ਹੋਰ ਕੀ ਸਬੂਤ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਉਹ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਘਟਾਉਣ ਸਬੰਧੀ ਜਾਣਕਾਰੀ ਨਸ਼ਰ ਕਰਨ ਵਾਲੇ ਮੀਡੀਆ ਡਾਇਰੈਕਟਰ ਬਲਤੇਜ ਪੰਨੂ ਤੋਂ ਪੁੱਛ-ਪੜਤਾਲ ਕਰਨ ਲਈ ਸਰਕਾਰ ਨੂੰ 4-5 ਵਾਰ ਬੇਨਤੀ ਕਰ ਚੁੱਕੇ ਹਨ ਪਰ ਅਜਿਹਾ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੇ ਵਿਦੇਸ਼ਾਂ ਨੂੰ ਜਾਣ ਦੇ ਰੁਝਾਨ ਦੇ ਹੱਲ ਲਈ ਮੁੱਖ ਮੰਤਰੀ ਅਤੇ ਉਸ ਦੀ ਕੈਬਨਿਟ ਅਜੇ ਤੱਕ ਗੰਭੀਰ ਨਹੀਂ ਹੋਈ।

## ਕਿਸਾਨ ਯੂਨੀਅਨ ਨੇ ਚਿਪ ਵਾਲਾ ਮੀਟਰ ਪੁੱਟਿਆ

**ਭਵਾਨੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਬਲਾਕ ਭਵਾਨੀਗੜ੍ਹ ਨੇ ਨੇੜਲੇ ਪਿੰਡ ਨੰਦਗੜ੍ਹ ਵਿਚ ਬਿਜਲੀ ਵਿਭਾਗ ਵੱਲੋਂ ਪਾਣੀ ਵਾਲੇ ਆਰ.ਓ. ਸਿਸਟਮ 'ਤੇ ਲਗਾਇਆ ਚਿੱਪ ਵਾਲਾ ਮੀਟਰ ਪੁੱਟ ਦਿੱਤਾ। ਇਸ ਉਪਰੰਤ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਯੂਨੀਅਨ ਦੇ ਬਲਾਕ ਆਗੂ ਕਰਮ ਚੰਦ ਪੰਨਵਾਂ ਅਤੇ ਇਕਾਈ ਪ੍ਰਧਾਨ ਰੋਹੀ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸੰਸਥਾਵਾਂ ਵਿਚ ਚਿਪ ਵਾਲੇ ਮੀਟਰ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਨੂੰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਦੱਸਿਆ ਕਿ ਇਹ ਮੀਟਰ ਬਿਜਲੀ ਵਿਭਾਗ



ਭਵਾਨੀਗੜ੍ਹ ਦੇ ਦਫਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇਗਾ।

## ਐਡਵਾਂਸ ਡੇਅਰੀ ਫਾਰਮਿੰਗ ਸਿਖਲਾਈ ਲਈ ਪਸ਼ੂ ਪਾਲਕਾਂ 'ਚ ਖਾਸਾ ਉਤਸ਼ਾਹ

**ਚੰਡੀਗੜ੍ਹ:** ਪੰਜਾਬ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਖਿਆ ਹੈ ਕਿ ਡੇਅਰੀ ਵਿਕਾਸ ਵਿਭਾਗ ਵੱਲੋਂ ਕਰਵਾਏ ਜਾਂਦੇ ਡੇਅਰੀ ਉੱਦਮ ਸਿਖਲਾਈ ਪ੍ਰੋਗਰਾਮ ਤਹਿਤ ਇਸ ਵਰ੍ਹੇ ਹੁਣ ਤੱਕ 6116 ਕਿਸਾਨਾਂ ਨੇ ਐਡਵਾਂਸ ਡੇਅਰੀ ਫਾਰਮਿੰਗ ਦੀ ਸਿਖਲਾਈ ਪ੍ਰਾਪਤ ਕੀਤੀ ਹੈ।

ਸੂਬੇ ਦੇ 9 ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰਾਂ ਰਾਹੀਂ ਪੇਂਡੂ ਨੌਜਵਾਨਾਂ ਨੂੰ ਡੇਅਰੀ ਕਿੱਤੇ ਰਾਹੀਂ ਸਵੈ-ਰੁਜ਼ਗਾਰ ਦੇ ਕਾਬਲ ਬਣਾਉਣ



ਲਈ ਚਾਰ ਹਫਤੇ ਦਾ ਡੇਅਰੀ ਉੱਦਮ ਸਿਖਲਾਈ ਪ੍ਰੋਗਰਾਮ 20 ਫਰਵਰੀ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਡੇਅਰੀ ਫਾਰਮਰਾਂ ਨੂੰ ਕੁਸ਼ਲ ਡੇਅਰੀ ਪ੍ਰਬੰਧਕ ਬਣਾਉਣ ਲਈ ਇਹ ਪ੍ਰੋਗਰਾਮ ਚਤਾਮਲੀ (ਜ਼ਿਲ੍ਹਾ ਰੋਪੜ), ਬੀਜਾ (ਜ਼ਿਲ੍ਹਾ ਲੁਧਿਆਣਾ), ਗਿੱਲ (ਜ਼ਿਲ੍ਹਾ ਮੋਗਾ), ਫਗਵਾੜਾ (ਜ਼ਿਲ੍ਹਾ ਜਲੰਧਰ), ਅਬੁਲ ਖੁਰਾਣਾ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ), ਵੇਰਕਾ (ਜ਼ਿਲ੍ਹਾ ਅੰਮ੍ਰਿਤਸਰ), ਤਰਨ ਤਾਰਨ, ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਅਤੇ ਸੰਗਰੂਰ ਸਥਿਤ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰਾਂ ਵਿਚ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਚਾਹਵਾਨ ਡੇਅਰੀ ਫਾਰਮਰ ਘੱਟੋ-ਘੱਟ ਦਸਵੀਂ ਪਾਸ ਹੋਵੇ, ਦਿਹਾਤੀ ਖੇਤਰ ਦਾ ਵਸਨੀਕ ਹੋਵੇ, ਉਸ ਦੇ ਘਰ ਵਿਚ 10 ਦੁਧਾਰੂ ਪਸ਼ੂ ਰੱਖੇ ਹੋਣ, ਉਹ 13 ਫਰਵਰੀ ਨੂੰ ਆਪਣਾ ਦਸਵੀਂ ਦਾ ਸਰਟੀਫ਼ਿਕੇਟ, ਆਧਾਰ ਕਾਰਡ ਅਤੇ ਪਾਸਪੋਰਟ ਸਾਈਜ਼ ਫੋਟੋ ਲੈ ਕੇ ਸੰਪਰਕ ਕਰ ਸਕਦਾ ਹੈ।

### ਕੇਂਦਰੀ ਨੀਤੀਆਂ ਕਾਰਨ ਨੁਕਸਾਨ ਹੋਇਆ: ਜੌੜਾਮਾਜਰਾ

**ਫਤਹਿਗੜ੍ਹ ਸਾਹਿਬ:** ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਫ਼ਤਹਿਗੜ੍ਹ ਸਾਹਿਬ ਹਲਕੇ ਦੇ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਦੇ ਦਫਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੋਸ਼ ਲਾਇਆ ਕਿ ਕੇਂਦਰ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦਾ ਹਮੇਸ਼ਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਿਚ ਭਾਵੇਂ ਭਾਜਪਾ ਜਾਂ ਕਾਂਗਰਸ ਦੀ ਸਰਕਾਰ ਹੋਵੇ, ਉਨ੍ਹਾਂ ਕਦੇ ਵੀ ਪੰਜਾਬ ਨਾਲ ਇਨਸਾਫ਼ ਨਹੀਂ ਕੀਤਾ ਤੇ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ।

# ਸਿੰਗਾਪੁਰ ਤੋਂ ਤਜਰਬੇ ਲੈ ਕੇ ਪਰਤੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ

**ਨਵੀਂ ਦਿੱਲੀ:** ਸਿੰਗਾਪੁਰ ਵਿਚ ਸਿਖਲਾਈ ਲੈਣ ਮਗਰੋਂ ਪਰਤੇ ਪੰਜਾਬ ਦੇ 36 ਪ੍ਰਿੰਸੀਪਲਾਂ ਦੇ ਪਹਿਲੇ ਬੈਚ ਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਸਵਾਗਤ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਹਾਜ਼ਰੀ ਵਿਚ ਸਿਖਲਾਈ ਤੋਂ ਪਰਤੇ ਇਨ੍ਹਾਂ ਪ੍ਰਿੰਸੀਪਲਾਂ ਨਾਲ ਸੰਵਾਦ ਰਚਾਉਂਦਿਆਂ ਕਿਹਾ ਕਿ ਇਨ੍ਹਾਂ ਪ੍ਰਿੰਸੀਪਲਾਂ ਦੇ ਤਜਰਬੇ ਨਾਲ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ ਮੁਤਾਬਕ ਭਵਿੱਖ ਲਈ ਤਿਆਰ ਕਰਨ ਵਿਚ ਮਦਦ ਮਿਲੇਗੀ।

ਉਨ੍ਹਾਂ ਕਿਹਾ ਕਿ ਸੂਬੇ ਲਈ ਇਹ ਇਤਿਹਾਸਕ ਦਿਨ ਹੈ ਕਿਉਂਕਿ ਇਹ ਪ੍ਰਿੰਸੀਪਲ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਇਕ ਪ੍ਰੇਰਕ ਵਜੋਂ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਜਦੋਂ ਵੀ ਨਵੀਂ ਨੀਤੀ ਪੇਸ਼ ਹੁੰਦੀ ਹੈ ਤਾਂ ਵਿਰੋਧ ਦੀ ਆਵਾਜ਼ ਉੱਠਦੀ ਹੈ ਪਰ ਉਹ ਸੂਬੇ ਦੇ ਹਿੱਤ ਵਿਚ ਕੋਈ ਵੀ ਫੈਸਲੇ ਲੈਣ ਵਿਚ ਕੋਈ ਗੁਰੇਜ਼ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਧਿਆਪਕਾਂ ਤੋਂ ਅਧਿਆਪਨ ਤੋਂ ਇਲਾਵਾ ਕੋਈ ਹੋਰ ਕੰਮ ਨਹੀਂ ਲਵੇਗੀ।



ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਕੇਂਦਰ ਸਰਕਾਰ ਤੋਂ ਪੱਤਰ ਮਿਲਿਆ ਕਿ ਅਧਿਆਪਕਾਂ ਦੀ ਡਿਊਟੀ ਜਨਗਣਨਾ ਲਈ ਲਗਾਈ ਜਾਵੇ ਪਰ ਉਨ੍ਹਾਂ ਇਸ ਨੂੰ ਸਿਰੇ ਤੋਂ ਨਕਾਰ ਦਿੱਤਾ ਅਤੇ ਕਿਹਾ ਕਿ ਇਸ ਕੰਮ ਲਈ ਹੋਰ ਸਿੱਖਿਅਤ ਨੌਜਵਾਨ ਲਗਾਏ ਜਾਣ।

ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਨੌਜਵਾਨਾਂ ਨੂੰ ਰੁਜ਼ਗਾਰ ਦਾ ਮੌਕਾ ਮਿਲੇਗਾ, ਉੱਥੇ ਵਿਦਿਆਰਥੀਆਂ ਲਈ ਮਿਆਰੀ ਸਿੱਖਿਆ ਯਕੀਨੀ ਬਣੇਗੀ। ਇਸੇ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਸ ਪ੍ਰਗਟਾਈ ਕਿ ਪਰਸਪਰ ਵਟਾਂਦਰਾ ਪ੍ਰੋਗਰਾਮ ਆਉਣ ਵਾਲੇ ਸਮਿਆਂ ਵਿਚ ਲਾਭਦਾਇਕ ਸਾਬਤ ਹੋਵੇਗਾ। ਉਨ੍ਹਾਂ ਕੌਮੀ ਰਾਜਧਾਨੀ ਵਿਚ ਅਜਿਹੀਆਂ ਲੋਕ ਪੱਖੀ ਪਹਿਲਕਦਮੀਆਂ ਲਾਗੂ ਕਰਨ ਦੇ ਦਿੱਲੀ ਸਰਕਾਰ ਦੇ ਰਾਹ ਵਿਚ ਅੜਿੱਕੇ ਡਾਹੁਣ ਵਾਲਿਆਂ ਦੀ ਨਿਖੇਧੀ ਕੀਤੀ। ਕੇਜਰੀਵਾਲ ਨੇ ਕਿਹਾ, ''ਉਹ ਦਿਨ ਦੂਰ ਨਹੀਂ, ਜਦੋਂ ਅਸੀਂ ਸਿੰਗਾਪੁਰ ਦੇ ਅਧਿਆਪਕਾਂ ਨੂੰ ਸਿਖਲਾਈ ਲਈ ਪੰਜਾਬ ਆਉਂਦਾ ਦੇਖਾਂਗੇ।'' ਇਸ ਮੌਕੇ ਉੱਤੇ ਪ੍ਰਿੰਸੀਪਲਾਂ ਨੇ ਸਿੰਗਾਪੁਰ ਵਿਚ ਸਿਖਲਾਈ ਦੌਰਾਨ ਮਿਲੇ ਤਜਰਬੇ ਸਾਂਝੇ ਕੀਤੇ।

## ਪੰਜਾਬ ਦੀ ਕਾਨੂੰਨ ਵਿਵਸਥਾ ਵਿਚ ਸੁਧਾਰ ਦਾ ਦਾਅਵਾ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਦੀ ਕਾਨੂੰਨ ਵਿਵਸਥਾ ਵਿਚ ਕਾਫੀ ਸੁਧਾਰ ਹੋਇਆ ਹੈ। ਉਨ੍ਹਾਂ ਨੇ ਟਵਿੱਟਰ 'ਤੇ ਇਕ ਮੀਡੀਆ ਰਿਪੋਰਟ ਨੂੰ ਟੈਗ ਕਰਦਿਆਂ ਸੁਨੇਹਾ ਦਿੱਤਾ ਕਿ ਪੰਜਾਬ ਵਿਚ ਪਹਿਲਾਂ ਗੈਂਗਸਟਰਾਂ ਨੂੰ ਸਿਆਸੀ ਸੁਰੱਖਿਆ ਮਿਲੀ ਹੋਈ ਸੀ ਪਰ ਹੁਣ ਹਾਲਾਤ ਬਦਲ ਗਏ ਹਨ। ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਦੇ ਸਹਿਯੋਗ ਨਾਲ ਭਗਵੰਤ ਮਾਨ ਨੇ ਪੰਜਾਬ ਦੀ ਕਾਨੂੰਨ ਵਿਵਸਥਾ ਵਿਚ ਸੁਧਾਰ ਲਿਆਂਦਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਤੇ ਦਿੱਲੀ ਵਿਚ 'ਆਪ' ਦੀਆਂ ਸਰਕਾਰਾਂ ਹਨ।

# ਕੌਮਾਂਤਰੀ ਯਾਤਰੀਆਂ ਨੂੰ ਕੋਵਿਡ ਜਾਂਚ ਰਿਪੋਰਟ ਤੋਂ ਛੋਟ



**ਨਵੀਂ ਦਿੱਲੀ:** ਚੀਨ, ਹਾਂਗਕਾਂਗ, ਜਾਪਾਨ, ਦੱਖਣੀ ਕੋਰੀਆ, ਸਿੰਗਾਪੁਰ ਤੇ ਥਾਈਲੈਂਡ ਤੋਂ ਭਾਰਤ ਆਉਣ ਵਾਲਿਆਂ ਨੂੰ ਜਹਾਜ਼ 'ਚ ਸਵਾਰ ਹੋਣ ਤੋਂ ਪਹਿਲਾਂ 'ਏਅਰ ਸੁਵਿਧਾ' ਪੋਰਟਲ ਉਤੇ ਕੋਵਿਡ ਜਾਂਚ ਰਿਪੋਰਟ ਦੇਣ ਦੀ ਲੋੜ ਨਹੀਂ ਹੋਵੇਗੀ। ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਨ ਨੇ ਦੱਸਿਆ ਕਿ ਸਰਕਾਰ ਨੇ ਇਹ ਫੈਸਲਾ ਪਿਛਲੇ ਚਾਰ ਹਫਤਿਆਂ ਤੋਂ ਕਰੋਨਾ ਕੇਸਾਂ ਦੇ ਘਟਣ ਦੇ ਮੱਦੇਨਜ਼ਰ ਕੀਤਾ ਹੈ।

ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵਿਚ ਹਮਰੁਤਬਾ ਰਾਜੀਵ ਬਾਂਸਲ ਨੂੰ ਭੇਜੇ ਗਏ ਪੱਤਰ ਵਿਚ ਭੂਸ਼ਨ ਨੇ ਕਿਹਾ ਕਿ ਉਨ੍ਹਾਂ ਦਾ ਮੰਤਰਾਲਾ ਕਰੋਨਾ ਵਾਇਰਸ ਦੇ ਮਾਮਲਿਆਂ ਵਿਚ ਕਮੀ ਦੇ ਮੱਦੇਨਜ਼ਰ ਬਾਹਰਲੇ ਮੁਲਕਾਂ ਤੋਂ ਆਉਣ ਵਾਲੇ ਲੋਕਾਂ ਲਈ ਹਦਾਇਤਾਂ ਵਿਚ ਬਦਲਾਅ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਦੀ ਕੋਵਿਡ-19 ਦੀ ਸਥਿਤੀ ਬਾਰੇ ਰਿਪੋਰਟ ਮੁਤਾਬਕ ਪਿਛਲੇ 28 ਦਿਨਾਂ ਵਿਚ ਆਲਮੀ ਪੱਧਰ 'ਤੇ ਨਵੇਂ ਮਾਮਲਿਆਂ ਦੀ ਗਿਣਤੀ ਵਿਚ 89 ਫੀਸਦੀ ਗਿਰਾਵਟ ਆਈ ਹੈ।

# ਮਹਾਰਾਸ਼ਟਰ ਵਿਚ ਲੰਗਰ ਘਰ ਦੀ ਇਮਾਰਤ ਢਾਹੀ

**ਯਵਤਮਾਲ:** ਯਵਤਮਾਲ ਕੌਮੀ ਮਾਰਗ 'ਤੇ ਇਕ ਲੰਗਰ ਘਰ ਦੀ ਇਮਾਰਤ ਮਾਲਕਾਂ ਦੇ ਕਥਿਤ ਵਿਵਾਦ ਕਾਰਨ ਢਾਹ ਦਿੱਤੀ ਗਈ। ਇਥੇ ਕਰੋਨਾ ਕਾਰਨ ਲਾਗੂ ਹੋਈ ਤਾਲਾਬੰਦੀ ਦੇ ਪਹਿਲੇ ਸਾਲ ਦੌਰਾਨ 20 ਲੱਖ ਤੋਂ ਵੱਧ ਪਰਵਾਸੀਆਂ ਨੂੰ ਲੰਗਰ ਛਕਾਇਆ ਗਿਆ ਸੀ। ਸੇਵਾਦਾਰ ਕਰਨੈਲ ਸਿੰਘ ਖਹਿਰਾ (84), ਜੋ ਕਿ ਯਵਤਮਾਲ ਕੌਮੀ ਮਾਰਗ-7 ਉਤੇ ਪਿਛਲੇ 35 ਸਾਲਾਂ ਤੋਂ ਲੰਗਰ ਦੀ ਸੇਵਾ ਕਰ ਰਹੇ ਸਨ, ਨੂੰ ਧੱਕੇ ਨਾਲ ਉਥੋਂ ਹਟਾ ਦਿੱਤਾ ਗਿਆ ਹੈ ਅਤੇ ਉਹ ਹੁਣ ਸੜਕ 'ਤੇ ਰਹਿਣ ਲਈ ਮਜਬੂਰ ਹਨ। ਇਹ ਲੰਗਰ ਘਰ ਪਿੰਡ ਕਰਾਂਜੀ ਨੇੜੇ ਡੇਰਾ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਜਾਂ 'ਗੁਰੂ ਕਾ ਲੰਗਰ' ਵਜੋਂ ਸਥਾਪਿਤ ਕੀਤਾ ਗਿਆ ਸੀ ਅਤੇ 24 ਮਾਰਚ 2020 ਤੋਂ ਸ਼ੁਰੂ ਹੋਈ ਤਾਲਾਬੰਦੀ ਦੌਰਾਨ ਇਹ ਲੱਖਾਂ ਗਰੀਬ ਦਿਹਾੜੀ, ਕਬਾਇਲੀਆਂ ਤੇ ਪਰਵਾਸੀਆਂ ਨੂੰ ਬਚਾਉਣ ਦਾ ਵਸੀਲਾ ਬਣਿਆ ਸੀ।



ਇਸ ਲੰਗਰ ਨੂੰ ਸ੍ਰੀ ਖਹਿਰਾ, ਜਿਹਣੇ ਕਿ ਇਲਾਕੇ ਵਿੱਚ 'ਖਹਿਰਾ ਬਾਬਾ' ਵਜੋਂ ਜਾਣੇ ਜਾਂਦੇ ਹਨ, ਚਲਾ ਰਹੇ ਸਨ ਅਤੇ ਉਨ੍ਹਾਂ ਨੇ ਤਾਲਾਬੰਦੀ ਦੌਰਾਨ ਉਥੋਂ ਲੰਘਦੇ ਲੋਕਾਂ ਨੂੰ ਦਾਨ ਦੇ ਸਹਾਰੇ ਚੌਵੀ ਘੰਟੇ ਮੁਫਤ ਲੰਗਰ ਛਕਾਇਆ। ਖਹਿਰਾ ਬਾਬਾ ਨੇ ਦੱਸਿਆ, ''ਜ਼ਮੀਨ ਮਾਲਕਾਂ ਵਿਚਾਲੇ ਵਿਵਾਦ ਕਾਰਨ ਕੁਝ ਦਿਨ ਪਹਿਲਾਂ ਅਧਿਕਾਰੀ ਇਥੇ ਆਏ ਅਤੇ ਉਨ੍ਹਾਂ 3000 ਹਜ਼ਾਰ ਵਰਗ ਫੁੱਟ ਵਿਚ ਬਣੀ 'ਲੰਗਰ ਦੀ ਇਮਾਰਤ' ਨੂੰ ਢਾਹ ਦਿੱਤਾ, ਜਿਹੜੀ ਉਨ੍ਹਾਂ ਨੇ 35 ਸਾਲਾਂ ਤੋਂ ਮਿਹਨਤ ਨਾਲ ਬਣਾਈ ਸੀ।'' ਇਸੇ ਦੌਰਾਨ ਸ਼ਿਵ ਸੈਨਾ (ਊਧਵ ਬਾਲ ਠਾਕਰੇ) ਦੇ ਕਿਸਾਨ ਨੇਤਾ ਕਿਸ਼ੋਰ ਤਿਵਾੜੀ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਜੰਗਲੀ ਇਲਾਕੇ ਤੋਂ 11 ਕੁ ਕਿਲੋਮੀਟਰ ਦੂਰ ਵਈ ਵਿਚ ਸਥਿਤ ਇਤਿਹਾਸਕ ਗੁਰਦੁਆਰਾ ਭਗੌਤ ਸਾਹਿਬ ਨਾਲ ਸਬੰਧਤ ਇਸ ਲੰਗਰ ਹਾਲ ਨੂੰ ਢਾਹੁਣ ਨੂੰ ਲੈ ਕੇ ਸੂਬਾ ਸਰਕਾਰ 'ਤੇ ਸਵਾਲ ਚੁੱਕੇ। ਤਿਵਾੜੀ ਨੇ ਕਿਹਾ, ''ਮਾਲਕਾਂ ਵਿਚ ਕੁਝ ਵਿਵਾਦ ਹੋ ਸਕਦੇ ਹਨ ਪਰ ਇਹ 'ਲੰਗਰ' 35 ਸਾਲਾਂ ਤੋਂ ਨਿਰਵਿਘਨ ਚੱਲ ਰਿਹਾ ਸੀ।

# ਪੰਜਾਬ ਸਰਕਾਰ ਜਲਦੀ ਸ਼ੁਰੂ ਕਰੇਗੀ 'ਫਰਿਸ਼ਤੇ' ਸਕੀਮ

**ਪਟਿਆਲਾ:** ਪੰਜਾਬ ਦੇ ਮੈਡੀਕਲ ਸਿੱਖਿਆ ਤੇ ਖੋਜ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਸੂਬੇ ਵਿੱਚ ਛੇਤੀ ਹੀ 'ਫਰਿਸ਼ਤੇ ਸਕੀਮ' ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਤਹਿਤ ਐਮਰਜੈਂਸੀ ਤੇ ਐਂਬੂਲੈਂਸ ਸੇਵਾਵਾਂ ਦਾ ਮਿਆਰ ਵਿਸ਼ਵ ਪੱਧਰ ਦਾ ਬਣਾਇਆ ਜਾਵੇਗਾ। ਉਹ ਸਰਕਾਰੀ ਰਾਜਿੰਦਰਾ ਹਸਪਤਾਲ ਦੀ ਐਮਰਜੈਂਸੀ 'ਚ ਮਰੀਜ਼ਾਂ ਨੂੰ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਗੌਰਮਿੰਟ ਮੈਡੀਕਲ ਕਾਲਜ ਵਿਚ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਸਿਹਤ ਮੰਤਰੀ ਨੇ ਦੱਸਿਆ ਕਿ ਸੜਕ ਹਾਦਸੇ ਤੋਂ ਬਾਅਦ ਪਹਿਲਾ ਇਕ ਘੰਟਾ 'ਗੋਲਡਨ-ਆਵਰ' ਹੁੰਦਾ ਹੈ ਤੇ ਇਸ ਦੌਰਾਨ ਮਰੀਜ਼ ਦੀ ਜਾਨ ਬਚਾਉਣ ਵਿਚ ਐਮਰਜੈਂਸੀ ਤੇ ਐਂਬੂਲੈਂਸ ਸੇਵਾਵਾਂ ਦੀ ਅਹਿਮੀਅਤ ਸਭ ਤੋਂ ਵੱਧ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸੜਕ ਹਾਦਸਿਆਂ ਕਾਰਨ ਹਰ ਸਾਲ ਔਸਤਨ 5500 ਜਾਨਾਂ ਜਾਂਦੀਆਂ ਹਨ ਤੇ ਇਸ ਮੌਤ ਦਰ ਨੂੰ ਘਟਾਉਣ ਲਈ ਹੀ 'ਫਰਿਸ਼ਤੇ' ਸਕੀਮ ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤਹਿਤ ਹਾਦਸੇ ਦੇ ਪੀੜਤਾਂ ਲਈ ਪਹਿਲੇ 24 ਘੰਟਿਆਂ ਦੌਰਾਨ ਵਿਸ਼ਵ ਪੱਧਰ ਦੀਆਂ ਸਿਹਤ ਸਹੂਲਤਾਂ ਮੁਫਤ ਮੁਹੱਈਆ ਕਰਵਾਈਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਮਰੀਜ਼ ਦੀ ਸੰਭਾਲ ਕਰਨ ਵਾਲਿਆਂ ਨੂੰ ਟੈਸਟ ਕਰਵਾਉਣ ਜਾਂ ਦਵਾਈਆਂ ਲੈਣ ਲਈ ਬਾਹਰ ਨਾ ਜਾਣਾ ਪਵੇ। ਇਸ ਸਬੰਧੀ ਰਾਜਿੰਦਰਾ ਹਸਪਤਾਲ ਦੀ ਐਮਰਜੈਂਸੀ 'ਚ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਐਨ.ਜੀ.ਓਜ਼. ਦਾ ਵੀ ਸਹਿਯੋਗ ਲਿਆ ਜਾ ਰਿਹਾ ਹੈ।

# ਭਾਜਪਾ ਨਸ਼ਿਆਂ ਖਿਲਾਫ ਮੁਹਿੰਮ ਵਿੱਢੇਗੀ

**ਸੰਗਰੂਰ:** ਹੁਣ ਨਸ਼ਿਆਂ ਖ਼ਿਲਾਫ਼ ਭਾਜਪਾ ਮੈਦਾਨ ਵਿਚ ਨਿੱਤਰੇਗੀ ਅਤੇ ਨਸ਼ਿਆਂ ਦਾ ਲੱਕ ਤੋੜਨ ਲਈ ਜ਼ਮੀਨੀ ਪੱਧਰ 'ਤੇ ਕੰਮ ਕਰੇਗੀ। ਭਾਜਪਾ ਦੇ ਸੂਬਾਈ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਦਾ ਦਰਿਆ ਠੱਲ੍ਹਣ ਦਾ ਨਾਂ ਨਹੀਂ ਲੈ ਰਿਹਾ। ਆਮ ਆਦਮੀ ਪਾਰਟੀ ਵੀ ਨਸ਼ਿਆਂ ਖ਼ਿਲਾਫ਼ ਠੋਸ ਕਦਮ ਨਹੀਂ ਚੁੱਕ ਸਕੀ ਜਿਸ ਕਾਰਨ ਹੁਣ ਨਸ਼ਿਆਂ ਖ਼ਿਲਾਫ਼ ਭਾਜਪਾ ਮੈਦਾਨ ਵਿਚ ਨਿੱਤਰੇਗੀ।

ਇਥੇ ਜ਼ਿਲ੍ਹਾ ਪ੍ਰਧਾਨ ਰਣਦੀਪ ਸਿੰਘ ਦਿਓਲ ਦੀ ਅਗਵਾਈ ਵਿਚ ਹੋਈ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ੍ਰੀ ਕਾਂਗੜ ਨੇ ਕਿਹਾ ਕਿ ਪੰਜਾਬ ਵਿਚ ਹਰ ਦਿਨ ਕੋਈ ਨਾ ਕੋਈ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਰਿਹਾ ਹੈ ਅਤੇ ਦਿਨੋਂ ਦਿਨ ਸਥਿਤੀ ਗੰਭੀਰ ਹੁੰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਜ਼ਿਲ੍ਹਾ ਪੱਧਰ 'ਤੇ ਨਸ਼ਿਆਂ ਖ਼ਿਲਾਫ਼ ਮੁਹਿੰਮ ਆਰੰਭ ਕਰ ਰਹੀ ਹੈ ਜਿਸ ਵਿਚ ਉਹ ਨਸ਼ਿਆਂ ਤੋਂ ਪੀੜਤ ਨੌਜਵਾਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਨਸ਼ਾ ਛੱਡਣ ਲਈ ਕਹੇਗੀ ਅਤੇ ਇਸ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰੇਗੀ। ਉਨ੍ਹਾਂ ਭਾਜਪਾ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਆਪਣੇ ਆਸੇ ਪਾਸੇ ਨਸ਼ਾ ਕਰਨ ਵਾਲੇ ਨੌਜਵਾਨਾਂ ਕੋਲ ਜਾ ਕੇ ਉਨ੍ਹਾਂ ਬਾਰੇ ਜਾਣਕਾਰੀ ਇਕੱਤਰ ਕਰਨ। ਸੂਬਾਈ ਮੀਤ ਪ੍ਰਧਾਨ ਅਰਵਿੰਦ ਖੰਨਾ ਤੇ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਲੋਕਾਂ ਵੱਲੋਂ ਮਿਲ ਰਹੇ ਹੁੰਗਾਰੇ ਤੋਂ ਸਪਸ਼ਟ ਹੈ ਪੰਜਾਬ ਵਿਚ ਅਗਲੀ ਸਰਕਾਰ ਭਾਜਪਾ ਦੀ ਹੀ ਹੋਵੇਗੀ। ਜ਼ਿਲ੍ਹਾ ਪ੍ਰਧਾਨ ਰਣਦੀਪ ਸਿੰਘ ਦਿਓਲ ਨੇ ਕਿਹਾ ਕਿ ਪਾਰਟੀ ਵੱਲੋਂ ਜੋ ਵੀ ਮੁਹਿੰਮ ਆਰੰਭੀ ਜਾਵੇਗੀ, ਉਸ ਨੂੰ ਬੂਥ ਪੱਧਰ ਤੱਕ ਲਿਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਭਾਜਪਾ ਦੀਆਂ ਬੂਥ ਪੱਧਰ ਦੀਆਂ ਕਮੇਟੀਆਂ ਵੀ ਗਠਿਤ ਕੀਤੀਆਂ ਜਾਣਗੀਆਂ।

## ਭਾਜਪਾ ਆਗੂ ਨੂੰ ਧਮਕੀ

**ਸ੍ਰੀ ਆਨੰਦਪੁਰ ਸਾਹਿਬ:** ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਜਤਿੰਦਰ ਸਿੰਘ ਅਠਵਾਲ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਤਿੰਦਰ ਸਿੰਘ ਅਠਵਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਵਿਦੇਸ਼ੀ ਨੰਬਰਾਂ ਤੋਂ ਕਈ ਵਾਰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ 5 ਫਰਵਰੀ ਨੂੰ ਸ਼ਾਮ 8.35 ਵਜੇ ਉਸ ਦੇ ਦੂਸਰੇ ਨੰਬਰ 'ਤੇ ਵਟਸਐਪ ਕਾਲ ਆਈ ਜਿਸ ਵਿਚ ਉਸ ਤੋਂ ਪੈਸੇ ਮੰਗੇ ਗਏ ਤੇ ਨਾ ਦੇਣ ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ।

# ਮਾਵਾਂ ਨਾਲ ਬੇਕਸੂਰ ਬੱਚੇ ਵੀ ਕੱਟ ਰਹੇ ਹਨ ਜੇਲ੍ਹ

**ਫਰੀਦਕੋਟ:** ਪੰਜਾਬ ਦੀਆਂ 11 ਜੇਲ੍ਹਾਂ ਵਿਚ 46 ਮਾਸੂਮ ਬੱਚੇ ਆਪਣੀਆਂ ਮਾਵਾਂ ਨਾਲ ਰਹਿ ਰਹੇ ਹਨ ਜੋ ਬਿਨਾਂ ਕੋਈ ਅਪਰਾਧ ਕੀਤਿਆਂ ਆਪਣੇ ਬਚਪਨ ਦੇ ਦਿਨ ਜੇਲ੍ਹਾਂ ਵਿਚ ਗੁਜ਼ਾਰ ਰਹੇ ਹਨ। ਸੂਚਨਾ ਅਧਿਕਾਰ ਤਹਿਤ ਮਿਲੀ ਜਾਣਕਾਰੀ ਅਨੁਸਾਰ ਫ਼ਰੀਦਕੋਟ ਦੀ ਕੇਂਦਰੀ ਮਾਡਰਨ ਜੇਲ੍ਹ ਵਿਚ ਦੋ ਬੱਚੇ ਹਨ ਜਿਨ੍ਹਾਂ ਦੀ ਉਮਰ 6 ਸਾਲ ਤੋਂ ਘੱਟ ਹੈ।




ਪੁਲਿਸ ਨੇ ਇਨ੍ਹਾਂ ਬੱਚਿਆਂ ਦੀ ਮਾਵਾਂ ਨੂੰ ਅਪਰਾਧਿਕ ਮਾਮਲਿਆਂ ਵਿਚ ਗ੍ਰਿਫ਼ਤਾਰ ਕੀਤਾ ਸੀ। ਬੱਚੇ ਛੋਟੇ ਹੋਣ ਕਾਰਨ ਅਤੇ ਘਰ ਵਿਚ ਕੋਈ ਦੇਖ ਭਾਲ ਕਰਨ ਵਾਲਾ ਨਾ ਹੋਣ ਕਰਕੇ ਜੇਲ੍ਹ ਗਈਆਂ ਮਾਵਾਂ ਨੂੰ ਆਪਣੇ ਬੱਚੇ ਵੀ ਜੇਲ੍ਹ ਵਿਚ ਹੀ ਰੱਖਣੇ ਪੈ ਰਹੇ ਹਨ। ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿਚ 5 ਬੱਚੇ ਰਹਿ ਰਹੇ ਹਨ। ਲੁਧਿਆਣਾ 'ਚ ਪੰਜਾਬ ਸਰਕਾਰ ਵੱਲੋਂ ਸਿਰਫ ਔਰਤਾਂ ਲਈ ਬਣਾਈ ਗਈ ਜੇਲ੍ਹ ਵਿਚ ਅੱਠ ਬੱਚੇ ਹਨ। ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਚ ਵੀ ਅੱਠ ਅਜਿਹੇ ਬੱਚਿਆਂ ਦੀ ਸ਼ਨਾਖ਼ਤ ਹੋਈ ਹੈ ਜਿਨ੍ਹਾਂ ਦੀ ਉਮਰ 3 ਤੋਂ 5 ਸਾਲ ਦੀ ਹੈ ਅਤੇ ਉਹ ਪਿਛਲੇ ਇਕ ਸਾਲ ਤੋਂ ਆਪਣੀਆਂ ਮਾਵਾਂ ਨਾਲ ਜੇਲ੍ਹ ਦੀਆਂ ਬੈਰਕਾਂ ਵਿਚ ਜ਼ਿੰਦਗੀ ਗੁਜ਼ਾਰ ਰਹੇ ਹਨ। ਕੇਂਦਰੀ ਜੇਲ੍ਹ ਬਠਿੰਡਾ ਵਿਚ ਵੀ ਅਜਿਹੇ ਪੰਜ ਬੱਚਿਆਂ ਦੀ ਸ਼ਨਾਖ਼ਤ ਹੋਈ ਹੈ। ਜੇਲ੍ਹ ਵਿਭਾਗ ਦੇ ਏ.ਡੀ.ਜੀ.ਪੀ. ਵੱਲੋਂ ਮੁਹੱਈਆ ਕਰਵਾਈ ਗਈ ਸੂਚਨਾ ਅਨੁਸਾਰ ਸੰਗਰੂਰ ਜੇਲ੍ਹ ਵਿਚ ਵੀ ਚਾਰ ਬੱਚੇ ਰਹਿ ਰਹੇ ਹਨ। ਇਸ ਤੋਂ ਇਲਾਵਾ ਕਪੂਰਥਲਾ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜੇਲ੍ਹਾਂ ਵਿਚ ਵੀ ਨਾਬਾਲਗ ਬੱਚੇ ਹਨ। ਪਿਛਲੇ 18 ਮਹੀਨਿਆਂ ਦੌਰਾਨ 7 ਬੱਚਿਆਂ ਦੀ ਜੇਲ੍ਹ ਵਿਚੋਂ ਰਿਹਾਈ ਵੀ ਹੋਈ ਹੈ ਕਿਉਂਕਿ ਅਦਾਲਤ ਨੇ ਉਨ੍ਹਾਂ ਦੀਆਂ ਮਾਵਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ। ਜੇਲ੍ਹ ਵਿਭਾਗ ਪੰਜਾਬ ਨੇ ਆਪਣੇ ਪੱਤਰ ਵਿਚ ਕਿਹਾ ਹੈ ਕਿ ਫਰੀਦਕੋਟ ਜੇਲ੍ਹ ਵਿਚ ਰੱਖੇ ਗਏ ਬੱਚਿਆਂ ਦੀ ਸਿਹਤ ਬਿਲਕੁਲ ਠੀਕ ਹੈ ਅਤੇ ਉਨ੍ਹਾਂ ਨੂੰ ਜੇਲ੍ਹ ਅੰਦਰ ਵੀ ਸਮਾਜਿਕ ਮਾਹੌਲ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਐਡਵੋਕੇਟ ਆਸ਼ੂ ਕੁਮਾਰ ਮਿੱਤਲ ਨੇ ਦੱਸਿਆ ਕਿ ਜੁਵੇਨਾਈਲ ਜਸਟਿਸ ਐਕਟ ਤਹਿਤ 18 ਸਾਲ ਤੋਂ ਘੱਟ ਕਿਸੇ ਵੀ ਬੱਚੇ ਨੂੰ ਜੇਲ੍ਹ ਵਿਚ ਨਹੀਂ ਰੱਖਿਆ ਜਾ ਸਕਦਾ ਤੇ ਇਨ੍ਹਾਂ ਬੱਚਿਆਂ ਲਈ ਵਿਸ਼ੇਸ਼ ਤੌਰ 'ਤੇ ਅਬਜ਼ਰਵੇਸ਼ਨ ਹੋਮ ਬਣਾਉਣੇ ਲਾਜ਼ਮੀ ਹਨ। ਫਰੀਦਕੋਟ ਵਿਚ ਵੀ ਨਾਬਾਲਗ ਤੇ ਛੋਟੇ ਬੱਚਿਆਂ ਲਈ ਅਬਜ਼ਰਵੇਸ਼ਨ ਹੋਮ ਸਥਾਪਿਤ ਕੀਤਾ ਗਿਆ ਹੈ।

ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਇਹ ਮਾਮਲਾ ਤੁਰਤ ਜੇਲ੍ਹ ਵਿਭਾਗ ਤੇ ਗ੍ਰਹਿ ਵਿਭਾਗ ਦੇ ਧਿਆਨ ਵਿਚ ਲਿਆਂਦਾ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਮਾਵਾਂ ਨਾਲ ਛੋਟੇ ਬੱਚਿਆਂ ਨੂੰ ਜੇਲ੍ਹ ਵਿਚ ਰੱਖਣ ਦੀ ਵਿਧੀ ਵਿਚ ਕੋਈ ਸੋਧ ਕੀਤੀ ਜਾਵੇ।

# ਸਾਬਕਾ ਸਰਪੰਚਾਂ ਨੇ ਸਰਕਾਰੀ ਖਜ਼ਾਨੇ ਨੂੰ ਤੀਹ ਕਰੋੜ ਦਾ ਚੂਨਾ ਲਾਇਆ

**ਚੰਡੀਗੜ੍ਹ:** ਪੰਜਾਬ ਦੇ ਲਗਭਗ ਸੱਤ ਸੌ ਸਾਬਕਾ ਸਰਪੰਚਾਂ ਨੇ ਸਰਕਾਰੀ ਖਜ਼ਾਨੇ ਨੂੰ ਕਰੀਬ ਤੀਹ ਕਰੋੜ ਰੁਪਏ ਦਾ ਚੂਨਾ ਲਾਇਆ ਹੈ ਜਿਨ੍ਹਾਂ ਬਾਰੇ ਪੰਜਾਬ ਸਰਕਾਰ ਵੱਲੋਂ ਰਿਪੋਰਟ ਮੰਗੀ ਗਈ ਹੈ। ਇਹ ਗੜਬੜ ਪੰਚਾਇਤੀ ਰਾਜ ਸੰਸਥਾਵਾਂ ਦੀ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ ਵਿਚ ਸਾਹਮਣੇ ਆਈ ਹੈ।

ਪੰਚਾਇਤਾਂ, ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦਾ ਅਪਰੈਲ 2016 ਤੋਂ ਮਾਰਚ 2019 ਤੱਕ ਦਾ ਆਡਿਟ ਕੀਤਾ ਗਿਆ ਸੀ ਜਿਸ ਦੌਰਾਨ ਪੰਚਾਇਤੀ ਅਦਾਰਿਆਂ ਵੱਲੋਂ ਕੀਤੇ ਅਨਿਯਮਿਤ ਖ਼ਰਚਿਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਡਿਵੀਜ਼ਨਲ ਡਿਪਟੀ ਡਾਇਰੈਕਟਰਾਂ ਨੂੰ ਪੱਤਰ ਭੇਜ ਕੇ ਸਬੰਧਤ ਪੰਚਾਇਤਾਂ 'ਤੇ ਉਂਗਲ ਉਠਾਈ ਗਈ ਹੈ ਅਤੇ ਉਨ੍ਹਾਂ ਤੋਂ ਇਸ ਬਾਰੇ ਰਿਪੋਰਟ ਵੀ ਮੰਗੀ ਹੈ। ਪੰਚਾਇਤ ਮਹਿਕਮੇ ਦੇ ਉੱਚ ਅਫ਼ਸਰਾਂ ਨੇ ਪੰਚਾਇਤੀ ਅਦਾਰਿਆਂ ਨੂੰ ਭਵਿੱਖ ਵਿੱਚ ਇਨ੍ਹਾਂ ਮਾਮਲਿਆਂ 'ਚ ਸਾਵਧਾਨੀ ਵਰਤਣ ਲਈ ਵੀ ਕਿਹਾ ਹੈ।

ਇਹ ਬੇਨੇਮੀਆਂ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਦੀ ਸਰਕਾਰ ਵੇਲੇ ਹੋਈਆਂ ਹਨ। ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ ਅਨੁਸਾਰ ਇਨ੍ਹਾਂ ਵਰ੍ਹਿਆਂ ਦੌਰਾਨ 19 ਪੰਚਾਇਤ ਸਮਿਤੀਆਂ ਤੇ 117 ਗਰਾਮ ਪੰਚਾਇਤਾਂ ਨੇ 3.65 ਕਰੋੜ ਰੁਪਏ ਦਾ ਅਨਿਯਮਿਤ ਖਰਚਾ ਕੀਤਾ ਹੈ। ਆਡਿਟ 'ਚ ਪਾਇਆ ਗਿਆ ਕਿ ਇਨ੍ਹਾਂ ਪੰਚਾਇਤਾਂ ਨੇ ਨਿਯਮਾਂ ਦੀ ਉਲੰਘਣਾ ਕਰਕੇ ਰੇਤਾ, ਬਜਰੀ, ਸਟੀਲ, ਟਾਈਲਾਂ, ਸੈਨੇਟਰੀ ਵਸਤਾਂ ਅਤੇ ਬਿਜਲੀ ਵਸਤਾਂ ਆਦਿ ਦੀ ਖਰੀਦ ਬਿਨਾਂ ਕੁਟੇਸ਼ਨਾਂ ਅਤੇ ਬਿਨਾਂ ਟੈਂਡਰਾਂ ਤੋਂ ਕੀਤੀ ਹੈ।




ਮਾਲੇਰਕੋਟਲਾ ਦੇ ਪਿੰਡ ਫਾਲੰਦ ਕਲਾਂ ਦੀ ਪੰਚਾਇਤ ਨੇ 4.38 ਲੱਖ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜੱਟਪੁਰ ਦੀ ਪੰਚਾਇਤ ਨੇ 3.40 ਲੱਖ, ਮਹਿੰਦੀਪੁਰ ਪੰਚਾਇਤ ਨੇ 2.91 ਲੱਖ ਤੇ ਮੋਗਾ ਦੇ ਪਿੰਡ ਭੋਈਪੁਰ ਦੀ ਪੰਚਾਇਤ ਨੇ 4.16 ਲੱਖ ਦਾ ਸਾਮਾਨ ਨਿਯਮਾਂ ਦੀ ਉਲੰਘਣਾ ਕਰਕੇ ਖਰੀਦਿਆ ਸੀ। ਰਿਪੋਰਟ ਅਨੁਸਾਰ ਪੰਜਾਬ ਦੇ 71 ਪਿੰਡਾਂ ਦੇ ਸਾਬਕਾ ਸਰਪੰਚਾਂ ਨੇ ਨਕਦੀ ਤੇ ਬਕਾਏ ਹਾਲੇ ਤੱਕ ਪੰਚਾਇਤ ਮਹਿਕਮੇ ਦੇ ਹਵਾਲੇ ਨਹੀਂ ਕੀਤੇ ਹਨ, ਜਿਨ੍ਹਾਂ ਦੀ ਰਾਸ਼ੀ ਕਰੀਬ ਡੇਢ ਕਰੋੜ ਰੁਪਏ ਬਣਦੀ ਹੈ। ਬਹੁਤੀਆਂ ਥਾਵਾਂ 'ਤੇ ਹੁਣ ਇਹ ਰਾਸ਼ੀ ਵੱਟੇ ਖਾਤੇ ਵੀ ਪਾਈ ਜਾ ਰਹੀ ਹੈ। ਤੂਰ ਬਣਜਾਰਾ ਦੇ ਇਕ ਸਾਬਕਾ ਸਰਪੰਚ ਕੋਲ 4.58 ਲੱਖ ਰੁਪਏ ਅਤੇ ਨਡਾਲਾ ਬਲਾਕ ਦੇ ਪਿੰਡ ਅਮਾਮਨਗਰ ਦੇ ਸਰਪੰਚ ਵੱਲ 5.92 ਲੱਖ ਰੁਪਏ ਦੀ ਪੁਰਾਣੀ ਰਕਮ ਖੜ੍ਹੀ ਹੈ। ਸਿੱਧਵਾਂ ਬੇਟ ਬਲਾਕ ਦੇ ਪਿੰਡ ਨਵਾਂ ਗਾਉਂ ਦੀ ਇਕ ਮਹਿਲਾ ਸਾਬਕਾ ਸਰਪੰਚ ਵੱਲ 18.56 ਲੱਖ ਰੁਪਏ ਦੀ ਰਾਸ਼ੀ ਬਕਾਇਆ ਖੜ੍ਹੀ ਹੈ। 107 ਗਰਾਮ ਪੰਚਾਇਤਾਂ ਨੇ ਸਮਰੱਥ ਅਥਾਰਿਟੀ ਤੋਂ ਮਨਜ਼ੂਰ ਕੀਤੇ ਅਨੁਮਾਨਾਂ ਤੋਂ ਬਿਨਾਂ ਹੀ ਵੱਖ-ਵੱਖ ਕੰਮਾਂ 'ਤੇ 19.63 ਕਰੋੜ ਰੁਪਏ ਦੀ ਰਕਮ ਖ਼ਰਚ ਕਰ ਦਿੱਤੀ ਹੈ। ਬਲਾਕ ਘਨੌਰ ਦੇ ਪਿੰਡ ਹਰਪਾਲਪੁਰ 'ਚ 53.58 ਲੱਖ ਰੁਪਏ ਦੀ ਲਾਗਤ ਨਾਲ ਬਿਨਾਂ ਅਨੁਮਾਨ ਪਰਵਾਨ ਕਰਾਏ ਕੰਮ ਕਰਾਏ ਗਏ ਸਨ ਤੇ ਇਸੇ ਬਲਾਕ ਦੇ ਪਿੰਡ ਲੋਹਾ ਖੇੜੀ ਦੀ ਪੰਚਾਇਤ ਵੱਲੋਂ 42.26 ਲੱਖ ਦੇ ਕੰਮ ਨਿਯਮਾਂ ਨੂੰ ਉਲੰਘ ਕੇ ਕਰਾਏ ਗਏ ਹਨ। ਜਗਰਾਉਂ ਬਲਾਕ ਦੇ ਪਿੰਡ ਤਾਜਪੁਰ ਵਿਚ 56.07 ਲੱਖ ਦੇ ਵਿਕਾਸ ਕੰਮ ਕਰਾਏ ਗਏ, ਜਿਨ੍ਹਾਂ ਦੇ ਅਨੁਮਾਨਾਂ ਦੀ ਸਮਰੱਥ ਅਥਾਰਿਟੀ ਤੋਂ ਪਹਿਲਾਂ ਪਰਵਾਨਗੀ ਨਹੀਂ ਲਈ ਗਈ ਸੀ। ਇਸੇ ਤਰ੍ਹਾਂ ਪੁਰਾਣੇ ਸਰਪੰਚਾਂ ਨੇ ਤੀਜੀ ਧਿਰ ਨੂੰ ਅਦਾਇਗੀ ਸੈਲਫ਼ ਚੈੱਕਾਂ ਰਾਹੀਂ ਕੀਤੀ ਹੈ। 178 ਗਰਾਮ ਪੰਚਾਇਤਾਂ ਨੇ ਸੈਲਫ਼ ਚੈੱਕਾਂ ਰਾਹੀਂ 3.86 ਕਰੋੜ ਦੀ ਰਾਸ਼ੀ ਬੈਂਕਾਂ 'ਚੋਂ ਕਢਵਾ ਲਈ ਹੈ। ਗਰਾਮ ਪੰਚਾਇਤਾਂ ਨੂੰ ਇਕ ਬੱਚਤ ਖਾਤੇ 'ਚ ਪੈਸਾ ਰੱਖਣ ਦੀ ਹਦਾਇਤ ਸੀ, ਪਰ 99 ਗਰਾਮ ਪੰਚਾਇਤਾਂ ਨੇ ਇਕ ਤੋਂ ਜ਼ਿਆਦਾ ਬੈਂਕ ਖਾਤੇ ਖੁਲ੍ਹਵਾਏ ਤੇ ਪੈਸਾ ਰੱਖਿਆ। ਸ਼ਾਹਕੋਟ ਬਲਾਕ ਦੇ ਪਿੰਡ ਬੌਪਰ ਬੇਟ ਦੀ ਪੰਚਾਇਤ ਨੇ ਸੱਤ ਬੈਂਕ ਖਾਤੇ ਖੁਲ੍ਹਵਾਏ ਹੋਏ ਸਨ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਪੰਚਾਇਤੀ ਰਾਜ ਸੰਸਥਾਵਾਂ ਦਾ ਸਾਲਾਨਾ ਆਡਿਟ ਹੁੰਦਾ ਹੈ ਤੇ ਬੀਤੇ ਵਰ੍ਹਿਆਂ ਦੇ ਹੋਏ ਨਿਰੀਖਣ ਵਿਚ ਕਾਫ਼ੀ ਬੇਨੇਮੀਆਂ ਸਾਹਮਣੇ ਆਈਆਂ ਸਨ। ਉਨ੍ਹਾਂ ਕਿਹਾ ਕਿ ਆਡਿਟ ਪੈਰ੍ਹੇ ਬਣੇ ਹੋਏ ਹਨ ਜਿਨ੍ਹਾਂ ਨੂੰ ਦੂਰ ਕਰਾਉਣ ਵਾਸਤੇ ਹੁਣ ਮਹਿਕਮੇ ਦੇ ਉੱਚ ਅਧਿਕਾਰੀਆਂ ਨੂੰ ਪੱਤਰ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜਿੱਥੇ ਕਿਤੇ ਕੋਈ ਕੁਤਾਹੀ ਹੋਈ ਹੈ, ਉੱਥੇ ਕਾਰਵਾਈ ਕੀਤੀ ਜਾਵੇਗੀ।

# ਲੇਟ-ਲਤੀਫ ਸਰਕਾਰੀ ਮੁਲਾਜ਼ਮਾਂ ਦੀ ਹੁਣ ਖੈਰ ਨਹੀਂ



**ਮੁਹਾਲੀ:** ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿਚ ਹੁਣ ਲੇਟ ਲਤੀਫ਼ਾਂ ਦੀ ਖੈਰ ਨਹੀਂ। ਵਿਭਾਗ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਨੂੰ ਵਿਭਾਗ ਦੇ ਸਮੁੱਚੇ ਫੀਲਡ ਦਫਤਰਾਂ ਵਿਚ 28 ਫਰਵਰੀ ਤੱਕ ਹਰ ਹਾਲ ਵਿਚ ਬਾਇਓਮੀਟ੍ਰਿਕ ਮਸ਼ੀਨਾਂ ਲਾਉਣ ਦੇ ਨਿਰਦੇਸ਼ ਦਿੱਤੇ ਹਨ।

ਉਨ੍ਹਾਂ ਪਹਿਲੀ ਮਾਰਚ ਤੋਂ ਵਿਭਾਗ ਦੇ ਸਮੁੱਚੇ ਦਫਤਰਾਂ ਵਿੱਚ ਹਾਜ਼ਰੀ ਦਾ ਕੰਮ ਬਾਇਓਮੀਟ੍ਰਿਕ ਮਸ਼ੀਨਾਂ ਰਾਹੀਂ ਸ਼ੁਰੂ ਕਰਨ ਲਈ ਕਿਹਾ ਹੈ। ਮੰਤਰੀ ਨੇ ਪੱਤਰ ਜਾਰੀ ਕਰ ਕੇ ਆਖਿਆ ਹੈ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਪੰਚਾਇਤ ਵਿਭਾਗ ਦੇ ਫੀਲਡ ਦਫਤਰਾਂ ਵਿਚ ਬਹੁਤ ਸਾਰੇ ਮੁਲਾਜ਼ਮ ਸਮੇਂ ਸਿਰ ਹਾਜ਼ਰ ਨਹੀਂ ਹੁੰਦੇ, ਜਿਸ ਕਾਰਨ ਦਫਤਰ ਵਿਚ ਆਉਣ ਵਾਲੇ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਆਖਿਆ ਕਿ ਦਫਤਰਾਂ ਵਿਚ ਆਉਣ ਵਾਲੇ ਲੋਕਾਂ ਦੀ ਪਰੇਸ਼ਾਨੀ ਨੂੰ ਦੂਰ ਕਰਨ ਅਤੇ ਮੁਲਾਜ਼ਮਾਂ ਦੀ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਹਾਜ਼ਰੀ ਯਕੀਨੀ ਬਣਾਉਣ ਲਈ ਬਾਇਓਮੀਟ੍ਰਿਕ ਹਾਜ਼ਰੀ ਸ਼ੁਰੂ ਕੀਤੀ ਜਾਵੇ।

ਪੰਚਾਇਤ ਮੰਤਰੀ ਦੇ ਤਾਜ਼ਾ ਨਿਰਦੇਸ਼ਾਂ ਨਾਲ ਪੰਚਾਇਤ ਵਿਭਾਗ ਦੇ ਬਲਾਕ ਪੱਧਰੀ ਦਫਤਰਾਂ ਵਿਚ ਭੰਬਲਭੂਸਾ ਪੈਦਾ ਹੋ ਗਿਆ ਹੈ। ਪੰਚਾਇਤ ਸਕੱਤਰਾਂ ਦੀ ਡਿਊਟੀ ਪਿੰਡਾਂ ਵਿਚ ਹੋਣ ਕਾਰਨ ਉਹ ਘਰੋਂ ਸਿੱਧੇ ਦਫਤਰ ਦੀ ਥਾਂ ਆਪਣੀਆਂ ਪੰਚਾਇਤਾਂ ਵਿਚ ਹੀ ਜਾਂਦੇ ਹਨ।

ਸਾਰੇ ਮੁਲਾਜ਼ਮਾਂ ਲਈ ਬਾਇਓਮੀਟ੍ਰਿਕ ਹਾਜ਼ਰੀ ਜ਼ਰੂਰੀ ਹੋਣ ਨਾਲ ਪੰਚਾਇਤ ਸਕੱਤਰਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਇਸੇ ਤਰ੍ਹਾਂ ਬਲਾਕ ਪੰਚਾਇਤ ਤੇ ਵਿਕਾਸ ਅਧਿਕਾਰੀਆਂ ਦੀ ਹਾਜ਼ਰੀ ਵੀ ਨਹੀਂ ਲੱਗਦੀ ਹੈ ਤੇ ਉਨ੍ਹਾਂ ਦਾ ਕੰਮ ਵੀ ਫੀਲਡ ਨਾਲ ਸਬੰਧਤ ਹੁੰਦਾ ਹੈ। ਬਲਾਕਾਂ ਵਿਚ ਆਮ ਜਨਤਾ ਦੇ ਕੰਮ ਜ਼ਿਆਦਾਤਰ ਪੰਚਾਇਤ ਸਕੱਤਰ ਅਤੇ ਬੀ.ਡੀ.ਪੀ.ਓਜ਼. ਨਾਲ ਸਬੰਧਤ ਹੁੰਦੇ ਹਨ।

# ਵਿਜੀਲੈਂਸ ਨੇ ਕਾਲਾ ਧਨ ਸਫੈਦ ਕਰਨ ਵਾਲੀਆਂ ਕੰਪਨੀਆਂ 'ਤੇ ਸ਼ਿਕੰਜਾ ਕੱਸਿਆ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਬੇਨਾਮੀ ਜਾਂ ਕਾਨੂੰਨੀ ਵਾਰਸਾਂ ਦੇ ਨਾਮ 'ਤੇ ਜਾਇਦਾਦ ਬਣਾਉਣ ਵਾਲੇ ਸਿਆਸਤਦਾਨਾਂ ਤੇ ਅਫਸਰਾਂ ਦੀ ਸ਼ਨਾਖ਼ਤ ਦੇ ਨਾਲ-ਨਾਲ ਬਿਲਡਰਾਂ ਤੇ ਰੀਅਲ ਅਸਟੇਟ ਕੰਪਨੀਆਂ ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਵਿਜੀਲੈਂਸ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਲੰਘੇ ਇਕ ਸਾਲ ਤੋਂ ਸਿਆਸਤਦਾਨਾਂ ਅਤੇ ਅਫਸਰਾਂ ਖਿਲਾਫ਼ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਦੀ ਤਫਤੀਸ਼ ਦੌਰਾਨ ਅਫਸਰਾਂ ਤੇ ਸਿਆਸਤਦਾਨਾਂ ਵੱਲੋਂ ਆਪਣੇ ਧੀਆਂ ਪੁੱਤਾਂ ਤੇ ਜੀਵਨ ਸਾਥੀਆਂ ਦੇ ਨਾਮ 'ਤੇ ਰੀਅਲ ਅਸਟੇਟ ਕੰਪਨੀਆਂ ਵਿਚ ਕਰੋੜਾਂ ਰੁਪਏ ਦਾ ਨਿਵੇਸ਼ ਕਰਨ ਦੇ ਤੱਥ ਸਾਹਮਣੇ ਆਏ ਹਨ। ਵਿਜੀਲੈਂਸ ਦੀ ਤਫਤੀਸ਼ ਦੌਰਾਨ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਅਫਸਰਾਂ ਤੇ ਸਿਆਸਤਦਾਨਾਂ ਦੇ ਧੀਆਂ ਪੁੱਤ ਬਾਲਗ ਹੁੰਦਿਆਂ ਹੀ ਸਾਲਾਨਾ ਮੋਟੀ ਕਮਾਈ ਕਰਨ ਲੱਗ ਜਾਂਦੇ ਹਨ ਤੇ ਪਤਨੀਆਂ ਦੇ ਨਾਮ 'ਤੇ ਵੀ ਸਾਲਾਨਾ ਆਮਦਨ ਦਾ ਮੋਟਾ ਗੱਫਾ ਆਉਂਦਾ ਹੈ।

ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਗਿਰੀਸ਼ ਵਰਮਾ ਦੇ ਇਕ ਸਾਥੀ ਕਾਲੋਨਾਈਜਰ ਆਸ਼ੂ ਗੋਇਲ ਨੂੰ ਇਸ ਕਰ ਕੇ ਗ੍ਰਿਫਤਾਰ ਕੀਤਾ ਗਿਆ ਹੈ ਕਿਉਂਕਿ ਇਹ ਵਿਅਕਤੀ ਆਮਦਨ ਦੇ ਜਾਣੂ ਸਰੋਤਾਂ ਨਾਲੋਂ ਵੱਧ ਦੌਲਤ ਬਣਾਉਣ ਵਿਚ ਮਦਦ ਕਰਨ ਤੇ ਨਾਜਾਇਜ਼ ਪੈਸੇ ਨੂੰ ਨਿਵੇਸ਼ ਕਰਾਉਣ ਦਾ ਦੋਸ਼ੀ ਹੈ। ਵਿਜੀਲੈਂਸ ਮੁਤਾਬਕ ਆਸ਼ੂ ਗੋਇਲ, ਗੌਰਵ ਗੁਪਤਾ ਅਤੇ ਵਿਕਾਸ ਵਰਮਾ ਨੇ ਦੋ ਫਰਮਾਂ, ਮੈਸਰਜ਼ ਬਾਲਾ ਜੀ ਇਨਫਰਾ ਬਿਲਡਟੈਕ, ਖਰੜ ਅਤੇ ਮੈਸਰਜ਼ ਬਾਲਾ ਜੀ ਡਿਵੈਲਪਰ ਕੁਰਾਲੀ ਦੀ ਸਥਾਪਨਾ ਕੀਤੀ। ਇਨ੍ਹਾਂ ਵਿਅਕਤੀਆਂ ਨੇ ਦੋਵਾਂ ਫਰਮਾਂ ਦੇ ਅਧੀਨ ਕਲੋਨੀਆਂ ਵਿਕਸਿਤ ਕੀਤੀਆਂ ਅਤੇ ਈਓ ਗਿਰੀਸ਼ ਵਰਮਾ ਨੇ ਆਪਣੇ ਪੁੱਤਰ ਰਾਹੀਂ ਇਨ੍ਹਾਂ




ਫਰਮਾਂ ਵਿੱਚ ਗੈਰਕਾਨੂੰਨੀ ਤੌਰ 'ਤੇ ਕਮਾਇਆ ਨਾਜਾਇਜ਼ ਪੈਸਾ ਸਹੀ ਦਰਸਾਉਣ (ਵ੍ਹਾਈਟ ਮਨੀ) ਲਈ ਨਿਵੇਸ਼ ਕੀਤਾ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਿ ਇਸ ਮਾਮਲੇ ਦੀ ਹੋਰ ਜਾਂਚ ਚੱਲ ਰਹੀ ਹੈ ਅਤੇ ਇਸ ਮਾਮਲੇ ਵਿਚ ਹੋਰ ਸ਼ੱਕੀ ਵਿਅਕਤੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ। ਵਿਜੀਲੈਂਸ ਵੱਲੋਂ ਗਿਰੀਸ਼ ਵਰਮਾ, ਉਸ ਦੀ ਪਤਨੀ ਸੰਗੀਤਾ ਸ਼ਰਮਾ ਤੇ ਉਸ ਦੇ ਪੁੱਤਰ ਵਿਕਾਸ ਵਰਮਾ ਦੇ ਖ਼ਿਲਾਫ਼ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿਚ ਵਿਜੀਲੈਂਸ ਵੱਲੋਂ ਵਰਮਾ ਦੇ ਪਰਿਵਾਰਕ ਮੈਂਬਰਾਂ ਸਮੇਤ ਦੋਸਤਾਂ ਦੇ ਖਿਲਾਫ਼ ਵੀ ਕਾਰਵਾਈ ਦੀ ਲੰਮੀ ਸੂਚੀ ਤਿਆਰ ਕੀਤੀ ਹੈ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਗਿਰੀਸ਼ ਵਰਮਾ ਵੱਲੋਂ ਆਪਣੀ ਤਾਇਨਾਤੀ ਲਈ ਸਿਆਸਤਦਾਨਾਂ ਅਤੇ ਸਥਾਨਕ ਸਰਕਾਰ ਵਿਭਾਗ ਦੇ ਅਧਿਕਾਰੀਆਂ ਨੂੰ ਮਹੀਨਾਵਾਰ ਪੈਸੇ ਦਿੱਤੇ ਜਾਂਦੇ ਸਨ ਜਿਸ ਦੀ ਜਾਂਚ ਚੱਲ ਰਹੀ ਹੈ।

## 'ਆਪ' ਵੱਲੋਂ ਸੁਖਬੀਰ 'ਤੇ ਲੋਕਾਂ ਨੂੰ ਗੁਮਰਾਹ ਕਰਨ ਦੇ ਦੋਸ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਅਗਾਊਂ ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਦੀ ਪੂਰਤੀ ਨਾ ਹੋਣ ਬਾਰੇ ਕੀਤੀ ਬਿਆਨਬਾਜ਼ੀ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਘੇਰਿਆ ਹੈ। ਪਾਰਟੀ ਨੇ ਕਿਹਾ ਕਿ ਸ੍ਰੀ ਬਾਦਲ ਜਾਣਬੁੱਝ ਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। 'ਆਪ' ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ, ਬੁਲਾਰੇ ਨੀਲ ਗਰਗ ਅਤੇ ਗਗਨਦੀਪ ਸਿੰਘ ਨੇ ਕਿਹਾ ਕਿ ਪੀ.ਐਸ.ਪੀ.ਸੀ.ਐਲ. ਦੀ ਮੌਜੂਦਾ ਵਿੱਤੀ ਸਥਿਤੀ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੀਆਂ ਪਿਛਲੀਆਂ ਸਰਕਾਰਾਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਘਬਰਾ ਗਏ ਹਨ, ਜੋ ਕਿ ਬਿਜਲੀ ਪੂਰਤੀ ਤੇ ਪਾਵਰਕੌਮ ਦੀ ਮਾਲੀ ਹਾਲਤ ਬਾਰੇ ਅਜਿਹੇ ਬਿਆਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਪੰਜਾਬੀਆਂ ਵਿਚ ਡਰ ਦਾ ਮਾਹੌਲ ਪੈਦਾ ਕਰਨਾ ਚਾਹੁੰਦੇ ਹਨ।

# ਅਡਾਨੀ ਦੇ ਫਾਇਦੇ ਲਈ ਪੰਜਾਬ 'ਤੇ ਵਿੱਤੀ ਬੋਝ ਪਾਉਣ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਹਿੰਡਨਬਰਗ ਰਿਪੋਰਟ ਤੋਂ ਬਾਅਦ ਅਡਾਨੀ ਦੇ ਕਾਰੋਬਾਰੀ ਅਦਾਰਿਆਂ ਨੂੰ ਵੱਡਾ ਧੱਕਾ ਲੱਗਿਆ ਹੈ ਤੇ ਸੰਸਦ ਦੇ ਬਜਟ ਇਜਲਾਸ 'ਚ ਇਹ ਮਾਮਲਾ ਭਖਿਆ ਹੋਇਆ ਹੈ। ਵਿਰੋਧੀ ਧਿਰ ਦਾ ਦਾਅਵਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਆਪਣੇ ਨੇੜਲੇ ਕਾਰੋਬਾਰੀ ਗੌਤਮ ਅਡਾਨੀ ਦੀਆਂ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਲਈ ਭਾਰਤੀ ਬੀਮਾ ਨਿਗਮ ਅਤੇ ਬੈਂਕਾਂ ਦਾ ਪੈਸਾ ਇਨ੍ਹਾਂ 'ਚ ਨਿਵੇਸ਼ ਕਰਵਾਇਆ ਹੈ। ਇਸ ਦੌਰਾਨ ਇਹ ਰਿਪੋਰਟਾਂ ਵੀ ਆ ਰਹੀਆਂ ਹਨ ਕਿ ਅਡਾਨੀ ਦੀਆਂ ਕੰਪਨੀਆਂ ਨੂੰ ਫਾਇਦਾ ਦੇਣ ਲਈ ਕਿਸ ਤਰ੍ਹਾਂ ਦੇ ਢੰਗ ਤਰੀਕੇ ਅਪਣਾਏ ਗਏ।

ਪੰਜਾਬ 'ਚ ਆਮ ਆਦਮੀ ਪਾਰਟੀ ਨੇ ਇਹ ਮੁੱਦਾ ਉਭਾਰਿਆ ਹੈ। ਦੱਸਿਆ ਗਿਆ ਹੈ ਕਿ ਪੰਜਾਬ 'ਚ ਸਥਿਤ ਥਰਮਲ ਪਲਾਂਟਾਂ ਲਈ ਕੋਲੇ



ਦੀ ਸਪਲਾਈ ਸਮੁੰਦਰੀ ਤੇ ਰੇਲ ਮਾਰਗ ਰਾਹੀਂ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

### ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ ਬੇਪਰਦ: ਆਪ

**ਚੰਡੀਗੜ੍ਹ:** 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਆਰ.ਐਸ.ਆਰ. ਰੂਟ ਰਾਹੀਂ ਸੂਬੇ 'ਤੇ ਤਿੰਨ ਗੁਣਾ ਵਿੱਤੀ ਬੋਝ ਪਵੇਗਾ। ਸ੍ਰੀ ਕੰਗ ਨੇ ਕਿਹਾ ਕਿ ਇਸ ਫੈਸਲੇ ਨੇ ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ ਇਕ ਵਾਰ ਫਿਰ ਬੇਪਰਦ ਕਰ ਦਿੱਤਾ ਹੈ। ਸ੍ਰੀ ਕੰਗ ਨੇ ਦੋਸ਼ ਲਗਾਇਆ ਕਿ ਭਾਜਪਾ 'ਤੇ ਅਡਾਨੀ ਸਮੂਹ ਦੇ ਹਿੱਤਾਂ ਦੀ ਰਾਖੀ ਕਰਨ ਲਈ ਸਿੱਧੀ ਆਵਾਜਾਈ ਨੂੰ ਅਪਣਾਉਣ ਦੀ ਥਾਂ ਮੁੰਦਰਾ ਬੰਦਰਗਾਹ ਰਾਹੀਂ ਕੋਲੇ ਦੀ ਢੁਆਈ ਦਾ ਫੈਸਲਾ ਕੀਤਾ ਹੈ, ਜੋ ਕਿ ਅਡਾਨੀ ਦਾ ਹੈ। ਇਹ ਇਕ ਹੋਰ ਸਬੂਤ ਹੈ ਕਿ ਭਾਜਪਾ ਸਿਰਫ ਪੂੰਜੀਪਤੀ ਦੋਸਤਾਂ ਦੇ ਹਿੱਤਾਂ ਦੀ ਰਾਖੀ ਲਈ ਕੰਮ ਕਰਦੀ ਹੈ।

ਪਾਵਰਕੌਮ ਵੱਲੋਂ ਕੋਲੇ ਦੀ ਪੂਰਤੀ ਝਾਰਖੰਡ ਤੋਂ ਕੀਤੀ ਜਾਂਦੀ ਹੈ ਜਿੱਥੇ ਇਸ ਦੀ ਆਪਣੀ ਪਛਵਾੜਾ ਕੋਲਾ ਖਾਣ ਹੈ। ਇਸ ਤੋਂ ਇਲਾਵਾ ਕੁਝ ਕੋਲਾ ਉੜੀਸਾ ਤੋਂ ਆਉਂਦਾ ਹੈ। ਹੁਣ ਤੱਕ ਕੋਲੇ ਦੀ ਸਪਲਾਈ ਮਾਲ ਗੱਡੀਆਂ ਰਾਹੀਂ ਸਿੱਧੀ ਕੀਤੀ ਜਾਂਦੀ ਰਹੀ ਹੈ। ਕੇਂਦਰ ਦਾ ਤਰਕ ਹੈ ਕਿ ਦੇਸ਼ 'ਚ ਕੋਲੇ ਦੀ ਕਮੀ ਹੈ ਅਤੇ ਇਹ ਕਮੀ ਪੂਰੀ ਕਰਨ ਲਈ ਥਰਮਲ ਪਲਾਂਟ ਆਪਣੀ ਲੋੜ ਦਾ 6 ਤੋਂ 10 ਫੀਸਦੀ ਤੱਕ ਕੋਲਾ ਵਿਦੇਸ਼ ਤੋਂ ਦਰਾਮਦ ਕਰਨ; ਕੋਲਾ ਰੇਲ-ਸ਼ਿਪ-ਰੇਲ (ਆਰ.ਐਸ.ਆਰ.) ਫਾਰਮੂਲੇ ਰਾਹੀਂ ਲਿਆਂਦਾ ਜਾਵੇ; ਪਹਿਲਾਂ ਕੋਲਾ ਨੇੜਲੀ ਬੰਦਰਗਾਹ ਤੋਂ ਸਮੁੰਦਰੀ ਜਹਾਜ਼ 'ਤੇ ਲੱਦਿਆ ਜਾਵੇ, ਫਿਰ ਮੁੰਦਰਾ ਬੰਦਰਗਾਹ 'ਤੇ ਉਤਾਰਿਆ ਜਾਵੇ ਤੇ ਫਿਰ ਰੇਲ 'ਤੇ ਲੱਦ ਕੇ ਪੰਜਾਬ ਪਹੁੰਚਾਇਆ ਜਾਵੇ।

ਮਾਹਿਰਾਂ ਮੁਤਾਬਕ ਇਹ ਵਿਧੀ ਅਪਣਾਉਣ ਨਾਲ ਪਾਵਰਕੌਮ 'ਤੇ ਸਾਲਾਨਾ ਦੋ ਸੌ ਕਰੋੜ ਰੁਪਏ ਤਕ ਦਾ ਬੋਝ ਪੈ ਸਕਦਾ ਹੈ। ਸਿਆਸੀ ਹਲਕੇ ਇਨ੍ਹਾਂ ਸਾਰੀਆਂ ਕਾਰਵਾਈਆਂ ਨੂੰ ਅਡਾਨੀ ਗਰੁੱਪ ਦੇ ਫਾਇਦੇ ਨਾਲ ਜੋੜ ਕੇ ਦੇਖਦੇ ਹਨ ਕਿਉਂਕਿ ਆਸਟਰੇਲੀਆ 'ਚ ਇਸ ਗਰੁੱਪ ਦੀਆਂ ਕੋਲੇ ਦੀਆਂ ਖਾਣਾਂ ਹਨ ਜਿਨ੍ਹਾਂ ਦੀ ਖਰੀਦ ਵਾਸਤੇ ਕਰਜ਼ਾ ਭਾਰਤੀ ਬੈਂਕਾਂ ਵੱਲੋਂ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮੁੰਦਰਾ ਬੰਦਰਗਾਹ ਦਾ ਕੰਟਰੋਲ ਵੀ ਇਸੇ ਗਰੁੱਪ ਕੋਲ ਹੈ।

# ਕਿਸਾਨਾਂ ਨੇ ਨਹਿਰੀ ਪਾਣੀ ਦੀ ਥਾਂ ਧਰਤੀ ਹੇਠੋਂ ਪਾਣੀ ਕੱਢਣ 'ਤੇ ਲਾਇਆ ਜ਼ੋਰ

## ਚਾਲੂ ਮਾਲੀ ਵਰ੍ਹੇ ਦੌਰਾਨ ਦੌਰਾਨ ਆਪਣੇ ਹਿੱਸੇ ਦਾ ਸਿਰਫ 40 ਫੀਸਦੀ ਪਾਣੀ ਹੀ ਵਰਤਿਆ



**ਚੰਡੀਗੜ੍ਹ:** ਸਰਕਾਰ ਦੇ ਅੰਕੜੇ ਦੇਖਣ 'ਤੇ ਜਾਪਦਾ ਹੈ ਕਿ ਪੰਜਾਬ ਵਿਚ ਮੁਫ਼ਤ ਦੀ ਬਿਜਲੀ ਕਰਕੇ ਕਿਸਾਨ ਨਹਿਰੀ ਪਾਣੀ ਦੀ ਥਾਂ ਧਰਤੀ ਹੇਠਲੇ ਪਾਣੀ ਨੂੰ ਪਹਿਲ ਦੇ ਰਹੇ ਹਨ। ਸੂਬਾ ਆਪਣੇ ਹਿੱਸੇ ਦਾ ਨਹਿਰੀ ਪਾਣੀ ਵਰਤਣ ਵਿਚ ਪਿੱਛੇ ਰਹਿ ਗਿਆ ਹੈ। ਰਾਜਸਥਾਨ ਤੇ ਹਰਿਆਣਾ ਲੰਘੇ ਵਰ੍ਹਿਆਂ ਤੋਂ ਸਤਲੁਜ, ਰਾਵੀ ਤੇ ਬਿਆਸ ਦੇ ਪਾਣੀਆਂ 'ਚੋਂ ਬਣਦੀ ਹਿੱਸੇਦਾਰੀ ਲੈ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ 'ਸਰਕਾਰ-ਕਿਸਾਨ ਮਿਲਣੀ' ਵਿਚ ਨਹਿਰੀ ਪਾਣੀ ਦੀ ਤਰਜੀਹੀ ਵਰਤੋਂ ਨਾ ਹੋਣ 'ਤੇ ਫ਼ਿਕਰ ਜ਼ਾਹਿਰ ਕੀਤਾ ਹੈ।

ਦੂਜੇ ਪਾਸੇ, ਕਿਸਾਨਾਂ ਅਨੁਸਾਰ ਸਰਕਾਰਾਂ ਖੇਤਾਂ ਤੱਕ ਨਹਿਰੀ ਪਾਣੀ ਪੁੱਜਦਾ ਕਰਨ ਵਿਚ ਨਾਕਾਮ ਰਹੀਆਂ ਹਨ। ਪੰਜਾਬ ਸਰਕਾਰ ਦਾ 31 ਜਨਵਰੀ ਦਾ ਅੰਕੜਾ ਹੈ ਕਿ ਪੰਜਾਬ ਨੇ ਚਾਲੂ ਮਾਲੀ ਵਰ੍ਹੇ ਦੌਰਾਨ ਰਾਵੀ, ਬਿਆਸ ਤੇ ਸਤਲੁਜ ਵਿਚੋਂ ਆਪਣੇ ਹਿੱਸੇ ਦਾ ਸਿਰਫ 40 ਫ਼ੀਸਦੀ ਪਾਣੀ ਹੀ ਵਰਤਿਆ ਹੈ। ਦੂਜੇ ਪਾਸੇ, ਰਾਜਸਥਾਨ ਹੁਣ ਤੱਕ 85 ਫ਼ੀਸਦੀ ਤੇ ਹਰਿਆਣਾ 61 ਫ਼ੀਸਦੀ ਨਹਿਰੀ ਪਾਣੀ ਵਰਤ ਚੁੱਕਾ ਹੈ।

ਅਧਿਕਾਰੀ ਦੱਸਦੇ ਹਨ ਕਿ ਰਾਜਸਥਾਨ ਨੇ ਆਪਣਾ ਹਿੱਸਾ ਵਰਤ ਕੇ ਮੁੜ ਹੋਰ ਪਾਣੀ ਲੈਣ ਦੀ ਮੰਗ ਸ਼ੁਰੂ ਕਰ ਦੇਣੀ ਹੈ। ਸਾਲ 2016-17 ਤੋਂ 2021-22 ਦੇ ਤੱਥ ਵੇਖੀਏ ਤਾਂ ਸਤਲੁਜ ਦੇ ਪਾਣੀ ਵਿਚੋਂ ਪੰਜਾਬ ਨੇ ਕਦੇ ਵੀ ਆਪਣੇ ਬਣਦੇ ਹਿੱਸੇ ਦਾ ਸੌ ਫ਼ੀਸਦੀ ਪਾਣੀ ਨਹੀਂ ਵਰਤਿਆ ਹੈ। ਇਨ੍ਹਾਂ ਵਰ੍ਹਿਆਂ ਦੌਰਾਨ ਪੰਜਾਬ ਨੇ ਰਾਵੀ ਤੇ ਬਿਆਸ ਦੇ ਪਾਣੀਆਂ 'ਚੋਂ 2018-19 ਵਿਚ ਆਪਣੇ ਬਣਦੇ ਹਿੱਸੇ 'ਚੋਂ ਘੱਟ ਪਾਣੀ ਵਰਤਿਆ ਹੈ। ਪੰਜਾਬ ਵਿਚ ਇਸ ਵੇਲੇ 14.50 ਲੱਖ ਖੇਤੀ ਟਿਊਬਵੈੱਲ ਹਨ। ਇਨ੍ਹਾਂ ਵੱਲੋਂ ਸਾਲਾਨਾ ਕੁੱਲ 28.02 ਬਿਲੀਅਨ ਕਿਊਬਿਕ ਮੀਟਰ 'ਚੋਂ 26.69 ਬਿਲੀਅਨ ਕਿਊਬਿਕ ਮੀਟਰ (ਬੀ.ਸੀ.ਐਮ.) ਪਾਣੀ ਇਕੱਲੀ ਸਿੰਜਾਈ ਲਈ ਕੱਢਿਆ ਜਾ ਰਿਹਾ ਹੈ। ਪੰਜਾਬ ਵਿਚ ਸਿਰਫ 17 ਬਲਾਕ ਹੀ ਸੁਰੱਖਿਅਤ ਜ਼ੋਨ ਵਿਚ ਬਾਕੀ ਬਚੇ ਹਨ। ਅਧਿਕਾਰੀ ਦੱਸਦੇ ਹਨ ਕਿ ਪਟਿਆਲਾ, ਸੰਗਰੂਰ, ਫ਼ਤਿਹਗੜ੍ਹ ਸਾਹਿਬ ਤੋਂ ਇਲਾਵਾ ਦੁਆਬੇ ਵਿਚ ਕਿਸਾਨ ਧਰਤੀ ਹੇਠਲਾ ਪਾਣੀ ਵਰਤ ਰਹੇ ਹਨ। ਦੱਸਣਯੋਗ ਹੈ ਕਿ ਖੇਤੀ ਬਿਜਲੀ ਦੀ ਸਬਸਿਡੀ ਦਾ ਬਿੱਲ ਸਾਲਾਨਾ ਕਰੀਬ ਸੱਤ ਹਜ਼ਾਰ ਕਰੋੜ ਰੁਪਏ ਬਣ ਜਾਂਦਾ ਹੈ।

ਦੂਜੇ ਪਾਸੇ ਵੇਖੀਏ ਤਾਂ ਮਾਲਵੇ ਦੇ ਜ਼ਿਲ੍ਹਾ ਮਾਨਸਾ, ਬਠਿੰਡਾ, ਫ਼ਰੀਦਕੋਟ, ਫ਼ਾਜ਼ਿਲਕਾ, ਫ਼ਿਰੋਜ਼ਪੁਰ ਤੇ ਬਰਨਾਲਾ ਆਦਿ ਵਿਚ ਅੱਜ ਵੀ ਕਿਸਾਨਾਂ ਦੀਆਂ ਟੇਲਾਂ 'ਤੇ ਪਾਣੀ ਨਾ ਪਹੁੰਚਣ ਦੀ ਸ਼ਿਕਾਇਤ ਹੈ। ਕਿਸਾਨ ਪ੍ਰਦਰਸ਼ਨ ਵੀ ਕਰਦੇ ਹਨ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਸਰਕਾਰਾਂ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾ ਹੀ ਨਹੀਂ ਸਕੀਆਂ। ਲੋੜ ਵੇਲੇ ਨਹਿਰੀ ਬੰਦੀ ਆ ਜਾਂਦੀ ਹੈ ਅਤੇ ਨਹਿਰਾਂ ਤੇ ਰਜਵਾਹਿਆਂ ਦੀ ਸਫ਼ਾਈ ਵੀ ਨਹੀਂ ਕੀਤੀ ਜਾਂਦੀ ਹੈ।

ਪਤਾ ਲੱਗਾ ਹੈ ਕਿ ਸਰਕਾਰ ਕੋਲ ਸੂਬੇ ਵਿਚ ਕਿੰਨੇ ਖਾਲੇ ਕੱਚੇ ਤੇ ਕਿੰਨੇ ਪੱਕੇ ਹਨ, ਦਾ ਅੰਕੜਾ ਨਹੀਂ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਹੈ ਕਿ ਪੰਜਾਬ ਵਿਚ ਭੂਮੀਗਤ ਪਾਈਪਾਂ ਵਿਛਾਈਆਂ ਜਾਣਗੀਆਂ। ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਦਾ ਪੰਜਾਬ ਨੂੰ ਪੰਜ ਸਾਲਾਂ ਲਈ 477 ਕਰੋੜ ਰੁਪਏ ਦਾ ਪ੍ਰੋਜੈਕਟ ਮਿਲਿਆ ਹੋਇਆ ਹੈ ਜਿਸ 'ਚੋਂ ਪਿਛਲੀ ਸਰਕਾਰ ਨੇ 20 ਕਰੋੜ ਰੁਪਏ ਹੀ ਖਰਚ ਕੀਤੇ ਸਨ।

### ਨਹਿਰੀ ਸਿੰਜਾਈ 'ਤੇ ਜ਼ੋਰ ਦੇਵਾਂਗੇ: ਭਗਵੰਤ ਮਾਨ

**ਲੁਧਿਆਣਾ:** ਸੂਬਾ ਸਰਕਾਰ ਵੱਲੋਂ ਇਥੇ ਕਰਵਾਈ ਗਈ 'ਸਰਕਾਰ-ਕਿਸਾਨ ਮਿਲਣੀ' ਦੌਰਾਨ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਖੇਤੀ ਲਈ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ 'ਤੇ ਵਿਚਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਜਿਥੇ ਲੋੜ ਹੋਵੇਗੀ, ਸਰਕਾਰ ਆਪਣੇ ਪੱਧਰ 'ਤੇ ਨਹਿਰੀ ਪਾਣੀ ਦੀ ਸਪਲਾਈ ਲਈ ਪਾਈਪ ਲਾਈਨ ਵਿਛਾਏਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਵਿਚ ਹੋਏ ਇਸ ਸਮਾਗਮ ਦੌਰਾਨ ਕਰੀਬ 14 ਹਜ਼ਾਰ ਕਿਸਾਨਾਂ ਨੇ ਹਿੱਸਾ ਲਿਆ ਅਤੇ ਆਪਣੇ ਸੁਝਾਅ ਦਿੱਤੇ। ਇਸ ਦੌਰਾਨ 20 ਤੋਂ ਵੱਧ ਗਰੁੱਪ ਬਣਾਏ ਗਏ ਸਨ। ਕਿਸਾਨਾਂ ਨੇ ਖੇਤਾਂ ਵਿਚ ਕੰਮ ਕਰਨ ਸਣੇ ਹੋਰ ਅਨੁਭਵ ਵੀ ਦੱਸੇ। ਇਸ ਮਿਲਣੀ ਦਾ ਮੁੱਖ ਮਕਸਦ ਸਰਕਾਰ ਤੇ ਕਿਸਾਨਾਂ ਵਿਚਾਲੇ ਸਿੱਧਾ ਰਾਬਤਾ ਕਾਇਮ ਕਰਨਾ ਸੀ।

# ਭਗਵੰਤ ਮਾਨ ਜ਼ਮੀਨੀ ਪੱਧਰ 'ਤੇ ਕੰਮ ਸ਼ੁਰੂ ਕਰਨ: ਬਾਜਵਾ

**ਚੰਡੀਗੜ੍ਹ:** ਪੰਜਾਬ ਦੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਦਿਨੇ ਸੁਫ਼ਨੇ ਵੇਖਣਾ ਬੰਦ ਕਰਕੇ ਜ਼ਮੀਨੀ ਪੱਧਰ 'ਤੇ ਕੰਮ ਕਰਨਾ ਸ਼ੁਰੂ ਕਰਨ।

ਸ੍ਰੀ ਬਾਜਵਾ ਨੇ ਕਿਹਾ ਕਿ ਪਿਛਲੇ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਪੰਜਾਬ 'ਚ 'ਆਪ' ਸਰਕਾਰ ਨੇ 8000 ਤੋਂ ਵੱਧ ਸਰਬ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਭਰਤੀ ਹੋਏ ਅਧਿਆਪਕਾਂ ਨੂੰ ਪੱਕਾ ਕਰਨ ਦਾ ਭਰੋਸਾ ਦਿੱਤਾ ਸੀ। ਹੁਣ ਪੰਜ ਸਾਲ ਬਾਅਦ ਵੀ ਸਰਕਾਰ ਤੋਂ ਇਸ ਸਬੰਧ ਵਿਚ ਕੁਝ ਨਹੀਂ ਕੀਤਾ। ਇਸ ਸਬੰਧੀ ਕੋਈ ਨੋਟੀਫਿਕੇਸ਼ਨ ਵੀ ਜਾਰੀ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਜੂਨ ਵਿਚ ਵਿੱਤ ਮੰਤਰੀ ਹਰਪਾਲ ਚੀਮਾ ਨੇ ਐਲਾਨ ਕੀਤਾ ਸੀ ਕਿ ਸਰਕਾਰ ਪ੍ਰੀ-ਪ੍ਰਾਇਮਰੀ ਤੋਂ ਅੱਠਵੀਂ ਜਮਾਤ ਤੱਕ ਪੜ੍ਹਦੇ ਸਾਰੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਰਦੀਆਂ ਦੇਵੇਗੀ ਪਰ ਵੱਡੀ ਗਿਣਤੀ ਵਿਦਿਆਰਥੀ ਕਈ ਮਹੀਨਿਆਂ ਤੋਂ ਆਪਣੀਆਂ ਵਰਦੀਆਂ ਦੀ ਉਡੀਕ ਕਰ ਰਹੇ ਹਨ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ 'ਆਪ' ਸਰਕਾਰ ਨੇ ਹਾਲ ਹੀ 'ਚ ਸਕੂਲ ਆਫ ਐਮੀਨੈਂਸ ਪ੍ਰੋਜੈਕਟ ਲਾਂਚ ਕੀਤਾ ਹੈ। ਹਾਲਾਂਕਿ ਆਮ ਆਦਮੀ ਕਲੀਨਿਕਾਂ ਵਾਂਗ, ਸਮਾਰਟ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਵਿਚ ਬਦਲਣ ਲਈ ਮੁੜ ਪੇਂਟ ਅਤੇ ਸੁੰਦਰ ਬਣਾਇਆ ਜਾ ਰਿਹਾ ਹੈ।

# ਮੁੱਖ ਮੰਤਰੀ ਦੀ ਕੋਠੀ ਵੱਲ ਵਧਦੇ ਬੇਰੁਜ਼ਗਾਰ ਅਧਿਆਪਕਾਂ ਦੀ ਖਿੱਚ-ਧੂਹ

**ਸੰਗਰੂਰ:** ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਈ.ਟੀ.ਟੀ. ਐਂਡ ਬੀ.ਐਡ. ਪਾਸ ਬੇਰੁਜ਼ਗਾਰ ਅਧਿਆਪਕਾਂ ਅਤੇ ਪੁਲਿਸ ਦਰਮਿਆਨ ਖਿੱਚ-ਧੂਹ ਹੋਈ। ਪੁਲਿਸ ਵੱਲੋਂ ਉਨ੍ਹਾਂ ਨੂੰ ਅੱਗੇ ਨਹੀਂ ਵਧਣ ਦਿੱਤਾ ਗਿਆ ਜਿਸ ਮਗਰੋਂ ਬੇਰੁਜ਼ਗਾਰ ਅਧਿਆਪਕਾਂ ਨੇ ਆਵਾਜਾਈ ਠੱਪ ਕਰਕੇ ਰੋਸ ਧਰਨਾ ਦਿੱਤਾ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀ ਬੇਰੁਜ਼ਗਾਰ ਅਧਿਆਪਕ ਸਾਲ 2020, 2021 ਅਤੇ 2022 ਦੀ ਪੈਂਡਿੰਗ ਪੀ.ਐਸ. ਟੈੱਟ ਪ੍ਰੀਖਿਆ ਨਾ ਲੈਣ ਤੋਂ ਖ਼ਫ਼ਾ ਸਨ। ਉਨ੍ਹਾਂ ਜਲਦ ਪੀ.ਐਸ. ਟੈੱਟ ਪ੍ਰੀਖਿਆ ਲੈਣ ਦੀ ਮੰਗ ਕੀਤੀ। ਪੰਜਾਬ ਭਰ ਤੋਂ ਪੀ.ਐੱਸ. ਟੈਟ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਈ.ਟੀ.ਟੀ. ਐਂਡ ਬੀ.ਐਡ. ਪਾਸ ਬੇਰੁਜ਼ਗਾਰ ਅਧਿਆਪਕ ਇਥੇ ਪਟਿਆਲਾ ਰੋਡ 'ਤੇ ਇਕੱਠੇ ਹੋਏ ਜਿੱਥੋਂ ਰੋਸ ਮਾਰਚ ਕਰਦੇ ਹੋਏ ਜਿਉਂ ਹੀ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕਲੋਨੀ ਦੇ ਮੁੱਖ ਗੇਟ ਅੱਗੇ ਪੁੱਜੇ ਤਾਂ ਪੁਲਿਸ ਨੇ ਨਾਕਾਬੰਦੀ ਕਰਕੇ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਕਾਰ ਖਿੱਚ-ਧੂਹ ਵੀ ਹੋਈ। ਇਸ ਤੋਂ ਬਾਅਦ ਪ੍ਰਦਰਸ਼ਨਕਾਰੀ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਆਵਾਜਾਈ ਠੱਪ ਕਰਕੇ ਸੜਕ ਉਪਰ ਰੋਸ ਧਰਨਾ ਲਗਾ ਦਿੱਤਾ।



ਯੂਨੀਅਨ ਪ੍ਰਧਾਨ ਸੋਨੂੰ ਕੰਬੋਜ ਨੇ ਕਿਹਾ ਕਿ ਸਾਲ 2020, 2021 ਅਤੇ 2022 ਦਾ ਪੀ.ਐੱਸ. ਟੈਟ ਦਾ ਪੇਪਰ ਨਾ ਲੈਣ ਕਾਰਨ ਪੰਜਾਬ ਦੇ ਬੇਰੁਜ਼ਗਾਰ ਅਧਿਆਪਕਾਂ ਦਾ ਭਵਿੱਖ ਖ਼ਤਰੇ ਵਿਚ ਜਾ ਰਿਹਾ ਹੈ ਜਦੋਂਕਿ ਹਰਿਆਣਾ ਵਿਚ ਹਰ ਸਾਲ ਇਹ ਪੇਪਰ ਲਿਆ ਜਾਂਦਾ ਹੈ।

# ਕਿਸਾਨਾਂ ਨੇ ਮਾਹਿਰਾਂ ਨਾਲ ਸਾਂਝੇ ਕੀਤੇ ਤਜਰਬੇ

**ਲੁਧਿਆਣਾ:** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਰੱਖੀ ਗਈ ਸਰਕਾਰ-ਕਿਸਾਨ ਮਿਲਣੀ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੂਬੇ ਭਰ ਦੇ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਕਿਸਾਨਾਂ ਨੇ ਪੀ.ਏ.ਯੂ. ਅਧਿਕਾਰੀਆਂ ਲਈ ਲਿਖਤੀ ਰੂਪ ਵਿਚ ਆਪਣੇ ਸੁਝਾਅ ਵੀ ਦਰਜ ਕਰਵਾਏ। ਮਿਲਣੀ ਵਿਚ ਕਣਕ, ਝੋਨਾ, ਸਬਜ਼ੀਆਂ, ਤੇਲ, ਫਲ, ਜੈਵਿਕ ਖੇਤੀ ਸਣੇ ਵੱਖ ਵੱਖ ਫਸਲਾਂ ਦੇ 20 ਗਰੁੱਪ ਬਣਾਏ ਗਏ ਸਨ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮਿਲਣੀ ਵਿਚ 14 ਹਜ਼ਾਰ ਤੋਂ ਵੱਧ ਕਿਸਾਨਾਂ ਨੇ ਸ਼ਮੂਲੀਅਤ ਕੀਤੀ ਅਤੇ ਪੀ.ਏ.ਯੂ. ਦੇ ਮਾਹਿਰਾਂ ਨੂੰ ਆਪਣੀਆਂ ਸਮੱਸਿਆਵਾਂ ਦੱਸੀਆਂ ਅਤੇ ਖੇਤੀ ਸਬੰਧੀ ਆਪਣੇ ਤਜਰਬੇ ਸਾਂਝੇ ਕਰਦਿਆਂ ਸੁਝਾਅ ਵੀ ਦਿੱਤੇ। ਕਿਸਾਨਾਂ ਨੇ ਆਪਣੇ ਨਿੱਜੀ ਤਜਰਬਿਆਂ ਦੇ ਆਧਾਰ 'ਤੇ ਖੇਤਾਂ ਵਿਚ ਕੰਮ ਕਰਦੇ ਸਮੇਂ ਸਾਹਮਣੇ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਦੱਸਦਿਆਂ ਉਹ ਸੁਝਾਅ ਵੀ ਸਾਂਝੇ ਕੀਤੇ, ਜਿਨ੍ਹਾਂ ਰਾਹੀਂ ਸਰਕਾਰ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰ ਸਕਦੀ ਹੈ। ਇਸ ਮੌਕੇ ਵੱਡੀ ਗਿਣਤੀ ਕਿਸਾਨਾਂ ਨੇ ਖੁਦ ਫਸਲ ਦੀ ਬਿਜਾਈ ਤੇ ਖੁਦ ਹੀ ਮਾਰਕੀਟਿੰਗ ਕਰਨ ਦਾ ਤਜਰਬਾ ਸਾਂਝਾ ਕਰਦਿਆਂ ਆਪਣੀ ਆਮਦਨੀ ਵਿਚ ਵਾਧਾ ਹੋਣ ਦਾ ਦਾਅਵਾ ਵੀ ਕੀਤਾ। ਇਸ ਤੋਂ ਇਲਾਵਾ ਪਰਾਲੀ ਨਾ ਸਾੜਨ, ਪਾਣੀ ਬਚਾਉਣ, ਫਸਲੀ ਚੱਕਰ 'ਚੋਂ ਬਾਹਰ ਨਿਕਲਣ ਵਰਗੇ ਸੁਝਾਅ ਵੀ ਦਿੱਤੇ ਗਏ।

# ਮੰਤਰੀ ਵੱਲੋਂ ਅੱਖਾਂ ਦੀ ਰੋਸ਼ਨੀ ਗੁਆ ਚੁੱਕੇ ਜੋੜੇ ਦਾ ਅਪਰੇਸ਼ਨ

**ਚੰਡੀਗੜ੍ਹ:** ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਫ਼ਾਜ਼ਿਲਕਾ ਦੇ ਦੋ ਨੇਤਰਹੀਣਾਂ ਦੀਆਂ ਅੱਖਾਂ ਦਾ ਮੁਫ਼ਤ ਅਪਰੇਸ਼ਨ ਕੀਤਾ ਜੋ ਸਫ਼ਲ ਰਿਹਾ। ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡ ਲੱਧੂਵਾਲਾ (ਫ਼ਾਜ਼ਿਲਕਾ) ਦੇ ਸੂਰਜ ਅਤੇ ਕਵਿਤਾ ਪਤੀ-ਪਤਨੀ ਹਨ, ਉਹ ਇਕ ਸਾਲ ਤੋਂ ਚਿੱਟੇ ਮੋਤੀਏ ਕਰ ਕੇ ਅੱਖਾਂ ਦੀ ਰੋਸ਼ਨੀ ਗਵਾ ਚੁੱਕੇ ਸਨ ਤੇ ਗਰੀਬੀ ਕਾਰਨ ਅਪਰੇਸ਼ਨ ਕਰਵਾਉਣ ਤੋਂ ਅਸਮਰੱਥ ਸਨ। ਇਨ੍ਹਾਂ ਮਰੀਜ਼ਾਂ ਨੂੰ ਇਕ ਸੰਸਥਾ ਵੱਲੋਂ ਲਿਆਂਦਾ ਗਿਆ ਸੀ। ਉਨ੍ਹਾਂ ਕਿਹਾ ਕਿ ਦੋਵਾਂ ਪਤੀ ਪਤਨੀ ਦਾ ਇਕ ਮਹੀਨੇ ਪਹਿਲਾਂ ਇਕ-ਇਕ ਅੱਖ ਦਾ ਅਪਰੇਸ਼ਨ ਕੀਤਾ ਗਿਆ ਸੀ ਜੋ ਕਾਮਯਾਬ ਰਿਹਾ ਅਤੇ ਇਹ ਜੋੜਾ ਜ਼ਿੰਦਗੀ ਦੇ ਰੰਗ ਦੇਖਣਯੋਗ ਹੋ ਗਏ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਰਜ ਅਤੇ ਕਵਿਤਾ ਆਪ ਚੱਲ ਕੇ ਆਪਣੀ ਦੂਜੀ ਅੱਖ ਦੇ ਅਪਰੇਸ਼ਨ ਲਈ ਆਏ ਸਨ। ਇਨ੍ਹਾਂ ਦੋਵਾਂ ਦਾ ਦੂਜੀ ਅੱਖ ਦਾ ਅਪਰੇਸ਼ਨ ਕੀਤਾ ਗਿਆ।

# ਆਪ ਨੇ ਅਡਾਨੀ ਮੁੱਦੇ ਉਤੇ ਸ਼ੁਰੂ ਕੀਤੀ ਭਾਜਪਾ ਦੀ ਘੇਰਾਬੰਦੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਭਾਜਪਾ 'ਤੇ ਅਡਾਨੀ ਗਰੁੱਪ ਦੇ ਮੁਖੀ ਗੌਤਮ ਅਡਾਨੀ ਨੂੰ ਲਾਭ ਪਹੁੰਚਾਉਣ ਦਾ ਦੋਸ਼ ਲਗਾਉਂਦਿਆਂ ਚੰਡੀਗੜ੍ਹ ਵਿਚ ਭਾਜਪਾ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ 'ਆਪ' ਦੇ ਵੱਡੀ ਗਿਣਤੀ ਵਰਕਰਾਂ ਨੇ ਸੈਕਟਰ-37 ਸਥਿਤ ਭਾਜਪਾ ਦਫਤਰ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਭਾਜਪਾ ਦਫਤਰ ਤੋਂ ਕੁਝ ਦੂਰੀ 'ਤੇ ਹੀ ਬੈਰੀਕੇਡ ਲਾ ਕੇ 'ਆਪ' ਵਰਕਰਾਂ ਨੂੰ ਰੋਕ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਭਾਜਪਾ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ ਚੰਡੀਗੜ੍ਹ ਪੁਲਿਸ ਨੇ ਪ੍ਰਦਰਸ਼ਨਕਾਰੀਆਂ 'ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਪੁਲਿਸ ਪ੍ਰਦਰਸ਼ਨਕਾਰੀਆਂ ਨੂੰ ਥਾਣਾ ਸੈਕਟਰ-39 ਲੈ ਕੇ ਗਈ ਜਿੱਥੋਂ ਕੁਝ ਸਮੇਂ ਬਾਅਦ ਪ੍ਰਦਰਸ਼ਨਕਾਰੀਆਂ ਨੂੰ ਛੱਡ ਦਿੱਤਾ ਗਿਆ। ਇਸ ਦੌਰਾਨ ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿਚ ਝੜਪ ਹੋਣ ਕਰਕੇ 'ਆਪ' ਦੇ ਯੂਥ ਆਗੂ ਪਰਮਿੰਦਰ ਗੋਲਡੀ ਦੀ ਬਾਂਹ ਟੁੱਟ ਗਈ। ਇਸ ਤੋਂ ਇਲਾਵਾ ਇਕ ਆਗੂ ਦੇ ਸਿਰ ਵਿਚ ਟਾਂਕੇ ਵੀ ਲੱਗੇ। ਜਦਕਿ ਕਈ ਮਹਿਲਾ ਆਗੂਆਂ ਵੀ ਜ਼ਖ਼ਮੀ ਹੋਈਆਂ। 'ਆਪ' ਵਰਕਰਾਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਆਪਣੇ ਪੂੰਜੀਪਤੀ ਦੋਸਤਾਂ ਨੂੰ ਲਾਭ ਪਹੁੰਚਾਉਣ ਲਈ ਇਕ-ਇਕ ਕਰਕੇ ਸਾਰੀਆਂ ਸਰਕਾਰੀ ਸੰਸਥਾਵਾਂ ਨੂੰ ਅਡਾਨੀ ਗਰੁੱਪ ਹਵਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਡਾਨੀ ਗਰੁੱਪ ਨੂੰ ਲਾਭ ਪਹੁੰਚਾਉਣ ਲਈ ਕਈ ਗਲਤ ਕੰਮਾਂ 'ਚ ਹਿੱਸਾ ਪਾਇਆ ਹੈ। ਇਸੇ ਕਰਕੇ ਇਕ ਪਾਸੇ ਦੇਸ਼ ਦੇ ਸਿਰ ਕਰਜ਼ੇ ਦਾ ਬੋਝ ਲਗਾਤਾਰ ਵਧ ਰਿਹਾ ਹੈ, ਦੂਜੇ ਪਾਸੇ ਅਡਾਨੀ ਵਰਗੇ ਪੂੰਜੀਪਤੀਆਂ ਦੀ ਆਮਦਨ ਲਗਾਤਾਰ ਵਧਦੀ ਜਾ ਰਹੀ ਹੈ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਤੋਂ ਨਾ ਰੋਕਿਆ ਗਿਆ ਤਾਂ ਆਉਣ ਵਾਲੇ ਦਿਨਾਂ ਵਿਚ ਦੇਸ਼ ਨੂੰ ਹੋਰ ਆਰਥਿਕ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।




ਆਪ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦੀਆਂ ਪੂੰਜੀਵਾਦੀ ਪੱਖੀ ਨੀਤੀਆਂ ਸਦਕਾ 2014 'ਚ 609ਵੇਂ ਸਥਾਨ ਤੋਂ ਛਾਲ ਮਾਰ ਕੇ ਅਡਾਨੀ 2022 ਵਿਚ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਵਿਅਕਤੀ ਬਣ ਗਿਆ। ਮੋਦੀ ਸਰਕਾਰ ਤੋਂ ਪਹਿਲਾਂ 2014 'ਚ ਅਡਾਨੀ ਦੀ ਜਾਇਦਾਦ 37000 ਕਰੋੜ ਸੀ ਜੋ 2018 ਵਿਚ 59000 ਕਰੋੜ ਹੋਈ ਤੇ 2020 'ਚ ਵਧ ਕੇ ਢਾਈ ਲੱਖ ਕਰੋੜ ਦੀ ਹੋ ਗਈ। 2022 ਵਿਚ ਇਹ ਜਾਇਦਾਦ 13 ਲੱਖ ਕਰੋੜ ਹੋ ਗਈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਡਾਨੀ ਨੂੰ ਦੇਸ਼ ਦਾ ਕੋਲਾ, ਗੈਸ, ਬਿਜਲੀ, ਪਾਣੀ, ਸੜਕ, ਸੀਮਿੰਟ, ਸਟੀਲ, ਹਵਾਈ ਅੱਡਾ, ਬੰਦਰਗਾਹ ਆਦਿ ਸਭ ਦੇ ਦਿੱਤਾ ਹੈ। ਇਸ ਤੋਂ ਇਲਾਵਾ ਬੰਗਲਾਦੇਸ਼ ਅਤੇ ਸ੍ਰੀਲੰਕਾ 'ਚ ਉਸ ਨੂੰ ਬਿਜਲੀ ਦੇ ਠੇਕੇ, ਆਸਟਰੇਲੀਆ ਵਿਚ ਖਾਣਾਂ ਮਿਲੀਆਂ ਹਨ।

### ਅਡਾਨੀ ਤੇ ਮੋਦੀ ਦੀ ਸਾਂਝ ਜੱਗ ਜ਼ਾਹਿਰ ਹੋਈ: ਰੰਧਾਵਾ

**ਮਜੀਠਾ:** ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਡਾਨੀ ਦੀ ਸਾਂਝ ਜੱਗ ਜ਼ਾਹਰ ਹੋਣ ਕਾਰਨ ਭਾਜਪਾ ਦੀ ਰਾਤਾਂ ਦੀ ਨੀਂਦ ਉੱਡ ਗਈ ਹੈ ਅਤੇ ਲੋਕਾਂ ਵੱਲੋਂ ਭਾਜਪਾ ਨੂੰ ਦੇਸ਼ ਦੀ ਸਭ ਤੋਂ ਵੱਡੀ ਦੁਸ਼ਮਣ ਪਾਰਟੀ ਸਮਝਿਆ ਜਾ ਰਿਹਾ ਹੈ। ਸ੍ਰੀ ਰੰਧਾਵਾ ਨੇ ਕਿਹਾ ਕਿ ਮੋਦੀ ਵੱਲੋਂ ਹਮੇਸ਼ਾ ਹੀ ਚੋਣਵੇਂ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਲਈ ਸਕੀਮਾਂ ਬਣਾਈਆਂ ਜਾਂਦੀਆਂ ਰਹੀਆਂ ਹਨ। ਮੋਦੀ ਸਰਕਾਰ ਨੇ ਦੇਸ਼ ਦੀ ਜਨਤਾ ਦਾ ਪੈਸਾ ਆਪਣੇ ਚਹੇਤਿਆਂ ਨੂੰ ਲੁਟਾਇਆ ਹੈ। ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਅਰਬਾਂ ਰੁਪਏ ਲੈ ਕੇ ਕਈ ਵੱਡੇ ਘਰਾਣੇ ਰਫੂਚੱਕਰ ਹੋ ਗਏ ਹਨ ਅਤੇ ਕਈ ਭੱਜਣ ਨੂੰ ਤਿਆਰ ਹਨ।

# ਪਾਣੀਆਂ ਬਾਰੇ ਤਾਜ਼ਾ ਰਿਪੋਰਟ ਨੇ ਪੰਜਾਬੀ ਡਰਾਏ

**ਚੰਡੀਗੜ੍ਹ:** ਕੇਂਦਰੀ ਗਰਾਊਂਡ ਵਾਟਰ ਬੋਰਡ ਵੱਲੋਂ ਜਾਰੀ ਕੀਤੀ ਗਈ 2022 ਦੀ ਤਾਜ਼ਾ ਰਿਪੋਰਟ ਹਲੂਣਾ ਦੇਣ ਵਾਲੀ ਹੈ। ਦੇਸ਼ ਭਰ 'ਚੋਂ ਇਕਲੌਤਾ ਪੰਜਾਬ ਸੂਬਾ ਹੈ ਜਿੱਥੇ ਸਾਲਾਨਾ ਸੇਫ ਮਿਕਦਾਰ ਤੋਂ ਕਿਤੇ ਵੱਧ ਧਰਤੀ ਹੇਠੋਂ ਪਾਣੀ ਕੱਢਿਆ ਜਾ ਰਿਹਾ ਹੈ। ਇਹ ਰਿਪੋਰਟ ਸਪਸ਼ਟ ਇਸ਼ਾਰਾ ਕਰਦੀ ਹੈ ਕਿ ਪੰਜਾਬ 'ਚ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਮੁੱਕਦਾ ਜਾ ਰਿਹਾ ਹੈ।

ਕੇਂਦਰੀ ਰਿਪੋਰਟ ਅਨੁਸਾਰ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਸਾਲਾਨਾ ਰਿਚਾਰਜ 18.94 ਬਿਲੀਅਨ ਕਿਊਬਿਕ ਮੀਟਰ ਹੈ। ਜੇ ਪੰਜਾਬ ਸਾਲਾਨਾ 17.07 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਹੇਠੋਂ ਕੱਢਦਾ ਹੈ ਤਾਂ ਸੂਬੇ ਦੇ ਧਰਤੀ ਹੇਠਲੇ ਪਾਣੀ ਸੁਰੱਖਿਅਤ ਜ਼ੋਨ ਵਿਚ ਰਹਿਣਗੇ ਪਰ ਹਕੀਕਤ ਵਿਚ ਪੰਜਾਬ 'ਚ ਸਾਲਾਨਾ 28.02 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਦੇ ਹੇਠੋਂ ਕੱਢਿਆ ਜਾ ਰਿਹਾ ਹੈ। ਭਾਵ ਸਾਲਾਨਾ 10.95 ਬਿਲੀਅਨ ਕਿਊਬਿਕ ਮੀਟਰ ਪਾਣੀ ਵੱਧ ਕੱਢਿਆ ਜਾ ਰਿਹਾ ਹੈ। ਸਮੁੱਚੇ ਦੇਸ਼ ਦੀ ਗੱਲ ਕਰੀਏ ਤਾਂ ਮੁਲਕ ਵਿਚੋਂ ਸਾਲਾਨਾ 398.08 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਹੇਠਾਂ ਤੋਂ ਕੱਢਿਆ ਜਾ ਸਕਦਾ ਹੈ ਪਰ ਦੇਸ਼ ਭਰ 'ਚ ਧਰਤੀ ਹੇਠੋਂ ਸਾਲਾਨਾ 239.16 ਬਿਲੀਅਨ ਕਿਊਬਿਕ ਮੀਟਰ ਪਾਣੀ ਹੀ ਕੱਢਿਆ ਜਾ ਰਿਹਾ ਹੈ। ਇਸ ਕਰਕੇ ਇਹ ਕੋਈ ਖਤਰੇ ਵਾਲੀ ਗੱਲ ਨਹੀਂ ਕਿਉਂਕਿ ਨਿਸ਼ਚਿਤ ਮਿਕਦਾਰ



ਤੋਂ ਕਿਤੇ ਘੱਟ ਪਾਣੀ ਦੀ ਨਿਕਾਸੀ ਹੋ ਰਹੀ ਹੈ। ਦੇਸ਼ ਦੇ ਸਿਰਫ ਤਿੰਨ ਸੂਬੇ ਹੀ ਹਨ ਜੋ ਧਰਤੀ ਹੇਠੋਂ ਕਿਤੇ ਵੱਧ ਪਾਣੀ ਖਿੱਚ ਰਹੇ ਹਨ। ਹਰਿਆਣਾ ਸਾਲਾਨਾ 8.16 ਬਿਲੀਅਨ ਕਿਊਬਿਕ ਮੀਟਰ ਦੀ ਥਾਂ 11.54 ਬਿਲੀਅਨ ਕਿਊਬਿਕ ਮੀਟਰ ਅਤੇ ਰਾਜਸਥਾਨ 10.96 ਬਿਲੀਅਨ ਕਿਊਬਿਕ ਮੀਟਰ ਦੀ ਜਗ੍ਹਾ 16.56 ਬਿਲੀਅਨ ਕਿਊਬਿਕ ਮੀਟਰ ਪਾਣੀ ਦਾ ਧਰਤੀ ਹੇਠੋਂ ਨਿਕਾਸ ਕਰ ਰਿਹਾ ਹੈ। ਇਕੱਲਾ ਪੰਜਾਬ ਸੂਬਾ ਅਜਿਹਾ ਹੈ ਜਿਹੜਾ ਬੇਕਿਰਕੀ ਨਾਲ ਧਰਤੀ ਹੇਠੋਂ ਪਾਣੀ ਨਿਕਾਸ ਕਰ ਰਿਹਾ ਹੈ। ਪੰਜਾਬ 'ਚ 28.02 ਬਿਲੀਅਨ ਕਿਊਬਿਕ ਮੀਟਰ ਵਿੱਚੋਂ ਸਾਲਾਨਾ 26.69 ਬਿਲੀਅਨ ਕਿਊਬਿਕ ਮੀਟਰ (ਬੀ.ਸੀ.ਐਮ.) ਸਿੰਜਾਈ, 1.17 ਬੀ.ਸੀ.ਐਮ. ਸਾਲਾਨਾ ਘਰੇਲੂ ਵਰਤੋਂ ਅਤੇ 0.16 ਬੀਸੀਐਮ ਸਾਲਾਨਾ ਸਨਅਤੀ ਖੇਤਰ ਲਈ ਪਾਣੀ ਵਰਤਿਆ ਜਾ ਰਿਹਾ ਹੈ। ਪੰਜਾਬ ਵਿਚ ਕਰੀਬ 14.50 ਲੱਖ ਟਿਊਬਵੈੱਲ ਕੁਨੈਕਸ਼ਨ ਹਨ। ਪਾਣੀ ਦੀ ਸਭ ਤੋਂ ਵੱਡੀ ਖਪਤ ਝੋਨੇ ਦੀ ਫਸਲ ਵਿਚ ਹੁੰਦੀ ਹੈ। ਉੱਤਰ ਪ੍ਰਦੇਸ਼ ਸਭ ਤੋਂ ਵੱਡਾ ਸੂਬਾ ਹੈ ਜਿਹੜਾ ਸਾਲਾਨਾ 46.14 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਹੇਠਾਂ ਤੋਂ ਕੱਢ ਰਿਹਾ ਹੈ ਜਦੋਂ ਕਿ ਇਹ ਸੂਬਾ ਸਾਲਾਨਾ 65.30 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ 'ਚੋਂ ਨਿਕਾਸ ਕਰਨ ਦੇ ਯੋਗ ਹੈ। ਸਾਲ 2022 ਦੀ ਰਿਪੋਰਟ ਮੁਤਾਬਿਕ ਪੰਜਾਬ ਵਿਚ 153 ਬਲਾਕਾਂ ਵਿਚੋਂ 117 ਬਲਾਕ ਡਾਰਕ ਜ਼ੋਨ ਵਿਚ ਸ਼ਾਮਲ ਹੋ ਗਏ ਹਨ ਜਿੱਥੇ ਸਭ ਤੋਂ ਵੱਧ ਪਾਣੀ ਦੀ ਨਿਕਾਸੀ ਹੋ ਰਹੀ ਹੈ। ਸਿਰਫ 17 ਬਲਾਕ ਹੀ ਸੁਰੱਖਿਅਤ ਜ਼ੋਨ ਵਿਚ ਹਨ। ਸੰਗਰੂਰ ਜ਼ਿਲ੍ਹੇ ਵਿਚ ਸਾਲਾਨਾ 62837 ਬਿਲੀਅਨ ਕਿਊਬਿਕ ਮੀਟਰ ਪਾਣੀ ਕੱਢਿਆ ਜਾ ਸਕਦਾ ਹੈ ਪ੍ਰੰਤੂ ਇਸ ਜ਼ਿਲ੍ਹੇ ਵਿਚ ਤਿੰਨ ਗੁਣਾ ਵੱਧ ਭਾਵ 196452 ਬਿਲੀਅਨ ਕਿਊਬਿਕ ਮੀਟਰ ਪਾਣੀ ਨਿਕਾਸ ਹੋ ਰਿਹਾ ਹੈ। ਜ਼ਿਲ੍ਹਾ ਲੁਧਿਆਣਾ 'ਚ ਸਾਲਾਨਾ 140280 ਬੀ.ਸੀ.ਐਮ. ਦੇ ਮੁਕਾਬਲੇ 302012 ਬੀ.ਸੀ.ਐਮ. ਪਾਣੀ ਅਤੇ ਬਰਨਾਲਾ ਜ਼ਿਲ੍ਹੇ ਵਿਚ 49602 ਦੀ ਥਾਂ 109237 ਬੀ.ਸੀ.ਐਮ. ਪਾਣੀ ਦੀ ਨਿਕਾਸੀ ਕੀਤੀ ਜਾ ਰਹੀ ਹੈ।

ਉਧਰ, ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਿਟੀ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਪਹਿਲੀ ਫਰਵਰੀ ਤੋਂ ਸਨਅਤੀ ਸੈਕਟਰ 'ਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਦੀ ਕੀਮਤ ਤੈਅ ਕਰ ਦਿੱਤੀ ਹੈ। ਕੇਂਦਰ ਸਰਕਾਰ ਨੇ ਵੀ 2019 ਵਿਚ ਜਲ ਸ਼ਕਤੀ ਅਭਿਆਨ ਸ਼ੁਰੂ ਕੀਤਾ ਹੈ ਜਿਸ ਵਿਚ 256 ਜ਼ਿਲ੍ਹੇ ਦੇਸ਼ ਭਰ ਵਿਚ ਸ਼ਨਾਖਤ ਕੀਤੇ ਗਏ ਹਨ ਜਿੱਥੇ ਧਰਤੀ ਹੇਠਲੇ ਪਾਣੀ ਦੀ ਵੱਧ ਨਿਕਾਸੀ ਹੋ ਰਹੀ ਹੈ। ਇਨ੍ਹਾਂ ਵਿਚ ਪੰਜਾਬ ਦੇ 20 ਜ਼ਿਲ੍ਹਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਵੇਂ ਹੀ ਪੰਜਾਬ ਸਰਕਾਰ ਨੇ 'ਪਾਣੀ ਬਚਾਓ, ਪੈਸਾ ਕਮਾਓ' ਦੀ ਸ਼ੁਰੂਆਤ ਕੀਤੀ ਹੋਈ ਹੈ।

### ਕਿਸਾਨ ਜਥੇਬੰਦੀਆਂ ਨੇ ਉਭਾਰਿਆ ਮੁੱਦਾ

**ਚੰਡੀਗੜ੍ਹ:** ਕਿਸਾਨ ਧਿਰਾਂ ਨੇ ਆਪੋ ਆਪਣੇ ਪੱਧਰ 'ਤੇ ਪਾਣੀਆਂ ਦੇ ਮੁੱਦੇ 'ਤੇ ਬਿਗਲ ਵਜਾਉਣਾ ਸ਼ੁਰੂ ਕਰ ਦਿੱਤਾ ਹੈ। ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਦਾ ਕਹਿਣਾ ਹੈ ਕਿ ਪੰਜਾਬ ਦਾ ਕਿਸਾਨ ਦੇਸ਼ ਦੇ ਅਨਾਜ ਦਾ ਕਟੋਰਾ ਭਰਨ ਵਾਸਤੇ ਆਪਣੀ ਆਬੋ ਹਵਾ ਨੂੰ ਦਾਅ 'ਤੇ ਲਾ ਰਿਹਾ ਹੈ ਜਦੋਂ ਕਿ ਚੌਲ ਪੰਜਾਬ ਦੀ ਖੁਰਾਕ ਦਾ ਹਿੱਸਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਨਾਲਾਇਕੀ ਹੈ ਕਿ ਖੇਤੀ ਵਿਚ ਕੋਈ ਬਦਲਵੇਂ ਮਾਡਲ ਪੇਸ਼ ਨਹੀਂ ਕੀਤੇ ਗਏ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਧਰਤੀ ਹੇਠਲਾ ਪਾਣੀ ਬਚਾਉਣ ਲਈ ਅੱਗੇ ਆਵੇ ਤੇ ਕਿਸਾਨਾਂ ਅੱਗੇ ਬਦਲ ਪੇਸ਼ ਕਰੇ।

# ਹਰਿਆਣਾ ਕਮੇਟੀ: ਸ਼੍ਰੋਮਣੀ ਕਮੇਟੀ ਕਾਨੂੰਨੀ ਚਾਰਾਜੋਈ ਕਰੇਗੀ

**ਅੰਮ੍ਰਿਤਸਰ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੀ ਹੋਂਦ ਸਥਾਪਤ ਹੋਣ ਨਾਲ ਸੌ ਸਾਲ ਪੁਰਾਣੀ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਦੂਜੀ ਵਾਰ ਵੰਡ ਦਾ ਸੇਕ ਸਹਿਣਾ ਪੈ ਰਿਹਾ ਹੈ। ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਭਾਵੇਂ ਨਜ਼ਰਸਾਨੀ ਪਟੀਸ਼ਨ ਰੱਦ ਕਰ ਦਿੱਤੀ ਹੈ ਪਰ ਸ਼੍ਰੋਮਣੀ ਕਮੇਟੀ ਵੱਲੋਂ ਅਜੇ ਵੀ ਇਸ ਮਾਮਲੇ ਵਿਚ ਕਾਨੂੰਨੀ ਚਾਰਾਜੋਈ ਲਈ ਰਾਹ ਲੱਭਿਆ ਜਾ ਰਿਹਾ ਹੈ।

ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸਿੱਖ ਸੰਸਥਾ ਨੂੰ ਟੁੱਟਣ ਤੋਂ ਬਚਾਉਣ ਲਈ ਉਹ ਕਾਨੂੰਨੀ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕਰਨਗੇ ਤਾਂ ਜੋ ਕੋਈ ਕਾਨੂੰਨੀ ਰਾਹ ਲੱਭਿਆ ਜਾ ਸਕੇ। ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਆਖਿਆ ਕਿ ਸਿੱਖ ਸੰਸਥਾ ਨੂੰ ਟੁੱਟਣ ਤੋਂ ਬਚਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਗਰੇਜ਼ਾਂ ਦੇ ਰਾਜ ਵਿਚ ਦੇਸ਼ ਵੰਡ ਤੋਂ ਪਹਿਲਾਂ 1920 ਵਿਚ ਹੋਂਦ ਵਿਚ ਆਈ ਸੀ। 1947 ਵਿਚ ਹੋਈ ਦੇਸ ਵੰਡ ਸਮੇਂ ਸਿੱਖ ਸੰਸਥਾ ਦੀ ਪਹਿਲੀ ਵੰਡ ਹੋਈ ਸੀ। ਹੁਣ 2022 ਵਿਚ ਸੁਪਰੀਮ ਕੋਰਟ ਦੇ ਫੈਸਲੇ ਨਾਲ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੀ ਸਥਾਪਨਾ ਨਾਲ ਸਿੱਖ ਸੰਸਥਾ ਮੁੜ ਦੋ ਹਿੱਸਿਆਂ ਵਿੱਚ ਵੰਡੀ ਗਈ ਹੈ।

ਮੌਜੂਦਾ ਪ੍ਰਸਥਿਤੀਆਂ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਦਾ ਸਮਰਥਨ ਕੀਤਾ ਹੈ। ਇਹ ਗੁਰਦੁਆਰਾ ਐਕਟ ਬਣਾਉਣ ਦੀ ਚਰਚਾ ਅਕਾਲੀ ਸਰਕਾਰ ਵੇਲੇ ਵੀ ਚੱਲੀ ਸੀ ਪਰ ਉਸ ਵੇਲੇ ਇਸ ਮਾਮਲੇ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ ਸੀ। ਜੇ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਹੋਂਦ ਵਿਚ ਆਉਂਦਾ ਹੈ ਤਾਂ ਦੇਸ਼ ਭਰ ਦੇ ਸਾਰੇ ਗੁਰਦੁਆਰੇ ਇਕ ਛਤਰੀ ਹੇਠਾਂ ਇਕੱਠੇ ਹੋਣਗੇ।

# ਵਿਧਵਾ ਦੀ ਪੈਨਸ਼ਨ ਦਾ ਵਿਆਜ ਜਾਰੀ ਕਰਨ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਕ ਵਿਧਵਾ ਨੂੰ ਪਰਿਵਾਰਕ ਪੈਨਸ਼ਨ ਦੇਰੀ ਨਾਲ ਜਾਰੀ ਕਰਨ ਲਈ ਪੰਜਾਬ ਸਰਕਾਰ ਨੂੰ ਵਿਆਜ ਅਦਾ ਕਰਨ ਦੇ ਹੁਕਮ ਦਿੱਤੇ ਹਨ ਤੇ ਨਾਲ ਹੀ ਪੰਜਾਬ ਸਰਕਾਰ ਨੂੰ ਅਜਿਹੇ ਮਾਮਲੇ ਸਮਾਂ ਰਹਿੰਦੇ ਹੱਲ ਕਰਨ ਲਈ ਕਿਹਾ।

ਜਾਣਕਾਰੀ ਅਨੁਸਾਰ ਹਾਈ ਕੋਰਟ ਨੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿਚ ਬਤੌਰ ਮਲਟੀ ਪਰਪਜ਼ ਹੈਲਥ ਵਰਕਰ ਸੇਵਾ ਦੌਰਾਨ ਫੌਤ ਹੋਏ ਇਕਬਾਲ ਸਿੰਘ ਦੀ ਵਿਧਵਾ ਗੁਰਮੀਤ ਕੌਰ ਨੂੰ ਉਸ ਦੀ ਬਣਦੀ ਪਰਿਵਾਰਕ ਪੈਨਸ਼ਨ ਜਾਰੀ ਕਰਨ ਵਿਚ ਲਗਭਗ 9 ਸਾਲ ਦੀ ਦੇਰੀ ਨੂੰ ਗੰਭੀਰਤਾ ਨਾਲ ਲਿਆ ਹੈ। ਜਸਟਿਸ ਅਨਿਲ ਖੇਤਰਪਾਲ ਨੇ ਗੁਰਮੀਤ ਕੌਰ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸਰਕਾਰ ਨੂੰ ਇਕ ਮਹੀਨੇ ਅੰਦਰ 9 ਫੀਸਦ ਵਿਆਜ ਅਦਾ ਕਰਨ ਦੇ ਆਦੇਸ਼ ਦਿੱਤੇ ਹਨ। ਕੇਸ ਦੀ ਪੈਰਵੀ ਕਰਦਿਆਂ ਗੁਰਮੀਤ ਕੌਰ ਦੇ ਵਕੀਲ ਨੇ ਅਦਾਲਤ ਦੇ ਧਿਆਨ ਵਿਚ ਲਿਆਂਦਾ ਕਿ ਪਟੀਸ਼ਨਰ ਦਾ ਪਤੀ ਇਕਬਾਲ ਸਿੰਘ



2002 ਵਿਚ ਪੰਜਾਬ ਸੁਬਾਰਡੀਨੇਟ ਸਟਾਫ ਸਿਲੈਕਸ਼ਨ ਬੋਰਡ ਰਾਹੀਂ ਰੈਗੂਲਰ ਆਧਾਰ 'ਤੇ ਹੋਰਨਾਂ ਨਾਲ ਬਤੌਰ ਮਲਟੀ ਪਰਪਜ ਹੈਲਥ ਵਰਕਰ ਚੁਣਿਆ ਗਿਆ ਸੀ। ਪਰ ਉਨ੍ਹਾਂ ਨੂੰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿਚ ਨਿਯੁਕਤੀ ਪੱਤਰ ਸਾਲ 2005 ਵਿਚ ਦਿੱਤੇ ਗਏ ਅਤੇ ਪਹਿਲੀ ਜਨਵਰੀ 2004 ਤੋਂ ਲਾਗੂ ਕੀਤੀ ਨਵੀਂ ਪੈਨਸ਼ਨ ਸਕੀਮ ਅਧੀਨ ਕਵਰ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ 2008 ਵਿਚ ਇਕਬਾਲ ਸਿੰਘ ਨੌਕਰੀ ਦੌਰਾਨ ਮੌਤ ਹੋ ਗਈ ਸੀ। 2011 ਵਿਚ ਇਕ ਰਿੱਟ ਪਟੀਸ਼ਨ ਦਾਇਰ ਕਰਕੇ ਇਕਬਾਲ ਸਿੰਘ ਨਾਲ ਚੁਣੇ ਗਏ ਸਾਰੇ ਹੈਲਥ ਵਰਕਰਾਂ ਵੱਲੋਂ ਪੁਰਾਣੀ ਪੈਨਸ਼ਨ ਦੀ ਮੰਗ ਕੀਤੀ, ਜੋ ਉਨ੍ਹਾਂ ਦੀ ਚੋਣ ਭਾਵ ਪਹਿਲੀ ਜਨਵਰੀ 2004 ਤੋਂ ਲਾਗੂ ਸੀ। ਇਸ ਮੰਗ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 6 ਮਈ 2011 ਨੂੰ ਦਿੱਤੇ ਗਏ ਆਪਣੇ ਫੈਸਲੇ ਰਾਹੀਂ ਮਨਜ਼ੂਰ ਕਰ ਲਿਆ ਗਿਆ। ਇਸ ਮਗਰੋਂ ਸਰਕਾਰ ਵੱਲੋਂ ਫੈਸਲੇ ਖਿਲਾਫ ਕੀਤੀ ਅਪੀਲ ਵੀ 8 ਨਵੰਬਰ 2012 ਨੂੰ ਖਾਰਜ ਹੋ ਗਈ, ਪਰ ਪਟੀਸ਼ਨਰ ਗੁਰਮੀਤ ਕੌਰ ਨੂੰ ਪੁਰਾਣੀ ਪੈਨਸ਼ਨ ਦਾ ਲਾਭ ਇਸ ਕਰ ਕੇ ਨਹੀਂ ਦਿੱਤਾ ਗਿਆ ਕਿ ਉਸ ਦੇ ਪਤੀ ਨੇ ਰਿੱਟ ਦਾਇਰ ਨਹੀਂ ਸੀ ਕੀਤੀ। ਇਸ ਵਿਤਕਰੇ ਵਿਰੁੱਧ ਪਟੀਸ਼ਨਰ ਨੇ 2017 ਵਿਚ ਹਾਈ ਕੋਰਟ ਵਿਚ ਪਟੀਸ਼ਨ ਪਾਈ ਸੀ, ਜਿਸ ਦੀ ਸੁਣਵਾਈ ਦੌਰਾਨ 2021 ਵਿਚ ਉਸ ਨੂੰ ਪੁਰਾਣੀ ਪੈਨਸ਼ਨ ਸਕੀਮ ਅਧੀਨ ਪਰਿਵਾਰਕ ਪੈਨਸ਼ਨ ਜਾਰੀ ਕਰ ਦਿੱਤੀ ਗਈ। ਹਾਈ ਕੋਰਟ ਨੇ ਸਰਕਾਰ ਨੂੰ ਕਿਹਾ ਕਿ ਪੈਨਸ਼ਨ ਜਾਰੀ ਕਰਨ ਵਿਚ ਕੀਤੀ ਗਈ 9 ਸਾਲ ਦੀ ਦੇਰੀ ਗੈਰ-ਸੰਵਿਧਾਨਕ ਹੈ ਤੇ ਸਰਕਾਰ ਨੂੰ ਇਕ ਆਦਰਸ਼ਕ ਰੁਜ਼ਗਾਰਦਾਤਾ ਵਜੋਂ ਵਿਚਰਨਾ ਚਾਹੀਦਾ ਹੈ।

# ਅਕਾਲੀ ਦਲ ਦੇ ਵਫਦ ਵੱਲੋਂ ਗਡਕਰੀ ਨਾਲ ਮੁਲਾਕਾਤ



**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਇਕ ਵਫਦ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਸੁਖਬੀਰ ਬਾਦਲ ਨੇ ਕੇਂਦਰੀ ਮੰਤਰੀ ਨੂੰ ਫਿਰੋਜ਼ਪੁਰ ਬਾਈਪਾਸ ਅਤੇ ਫਿਰੋਜ਼ਪੁਰ-ਸ੍ਰੀ ਮੁਕਤਸਰ ਸਾਹਿਬ-ਮਲੋਟ ਮਾਰਗ ਦੀ ਉਸਾਰੀ ਸ਼ੁਰੂ ਕਰਵਾਉਣ ਸਬੰਧੀ ਮੰਗ ਪੱਤਰ ਸੌਂਪਿਆ। ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਬਾਈਪਾਸ ਵਾਸਤੇ ਜ਼ਮੀਨ ਵੀ ਗ੍ਰਹਿਣ ਹੋ ਚੁੱਕੀ ਹੈ, ਪਰ ਹਾਲੇ ਤੱਕ ਇਸ ਵਾਸਤੇ ਰੱਖਿਆ ਮੰਤਰਾਲੇ ਤੋਂ ਮਨਜ਼ੂਰੀ ਨਹੀਂ ਮਿਲੀ ਹੈ। ਸ੍ਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਪਹਿਲਾਂ ਵੀ ਅਪੀਲ ਕੀਤੀ ਸੀ ਕਿ ਇਹ ਮਾਮਲਾ ਰੱਖਿਆ ਮੰਤਰਾਲੇ ਕੋਲ ਉਠਾਇਆ ਜਾਵੇ। ਇਸ ਦੌਰਾਨ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਲੋੜੀਂਦੀਆਂ ਪ੍ਰਵਾਨਗੀਆਂ ਲੈ ਲਈਆਂ ਜਾਣਗੀਆਂ ਅਤੇ ਬਾਈਪਾਸ ਦਾ ਕੰਮ ਛੇਤੀ ਹੀ ਸ਼ੁਰੂ ਹੋ ਜਾਵੇਗਾ। ਕੇਂਦਰੀ ਮੰਤਰੀ ਨੇ ਇਹ ਭਰੋਸਾ ਵੀ ਦਿਵਾਇਆ ਕਿ ਫਿਰੋਜ਼ਪੁਰ-ਸ੍ਰੀ ਮੁਕਤਸਰ ਸਾਹਿਬ-ਮਲੋਟ ਮਾਰਗ 10 ਮੀਟਰ ਚੌੜਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੜਕ ਦੀ ਹਾਲਤ ਲੰਬੇ ਸਮੇਂ ਤੋਂ ਖਰਾਬ ਹੈ ਤੇ ਇਹ ਲੋਕਾਂ ਦੀ ਚਿਰੋਕਣੀ ਮੰਗ ਸੀ ਕਿ ਇਸ ਸੜਕ ਨੂੰ ਅਪਗ੍ਰੇਡ ਕੀਤਾ ਜਾਵੇ, ਜੋ ਹੁਸੈਨੀਵਾਲਾ ਤੇ ਵਾਹਗਾ ਸਰਹੱਦ ਨਾਲ ਜੁੜਦੀ ਹੈ। ਉਨ੍ਹਾਂ ਆਦਮਪੁਰ ਫਲਾਈਓਵਰ (ਜਲੰਧਰ-ਹੁਸ਼ਿਆਰਪੁਰ ਕੌਮੀ ਮਾਰਗ 'ਤੇ) ਦੀ ਉਸਾਰੀ ਦਾ ਮੁੱਦਾ ਵੀ ਉਠਾਇਆ, ਜਿਸ ਦਾ ਕੰਮ 2017 ਤੋਂ ਬੰਦ ਪਿਆ ਹੈ।

### ਚੰਡੀਗੜ੍ਹ ਪੰਜਾਬ ਹਵਾਲੇ ਕੀਤਾ ਜਾਵੇ: ਹਰਸਿਮਰਤ

**ਨਵੀਂ ਦਿੱਲੀ:** ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਸੰਸਦ ਵਿਚ ਚੰਡੀਗੜ੍ਹ ਪੰਜਾਬ ਨੂੰ ਸੌਂਪਣ ਦੀ ਮੰਗ ਕੀਤੀ। ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਚੰਡੀਗੜ੍ਹ ਨੂੰ ਤੁਰਤ ਪੰਜਾਬ ਹਵਾਲੇ ਕੀਤਾ ਜਾਵੇ ਅਤੇ ਸੂਬੇ ਵੱਲੋਂ ਦੇਸ਼ ਦੀ ਅਨਾਜ ਦੀ ਜ਼ਰੂਰਤ ਨੂੰ ਪੂਰਾ ਕਰਨ ਵਾਸਤੇ ਪਾਏ ਜਾਂਦੇ ਯੋਗਦਾਨ ਨੂੰ ਦੇਖਦੇ ਹੋਏ ਇਸ ਨੂੰ ਵਿਸ਼ੇਸ਼ ਪੈਕੇਜ ਦਿੱਤਾ ਜਾਵੇ। ਇਸ ਦੌਰਾਨ ਉਨ੍ਹਾਂ ਮੰਗ ਕੀਤੀ ਕਿ ਸੂਬੇ ਨੂੰ ਸਰਹੱਦੀ ਰਾਜਾਂ ਦੀ ਤਰ੍ਹਾਂ ਟੈਕਸ ਲਾਭ ਦਿੱਤੇ ਜਾਣ ਤਾਂ ਜੋ ਪੰਜਾਬ ਵਿਚ ਉਦਯੋਗ ਸਥਾਪਤ ਕਰਨ ਦੀ ਪ੍ਰਕਿਰਿਆ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

# ਸ੍ਰੀ ਆਨੰਦਪੁਰ ਸਾਹਿਬ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕਰੇਗੀ ਮਾਨ ਸਰਕਾਰ

**ਸ੍ਰੀ ਆਨੰਦਪੁਰ ਸਾਹਿਬ:** ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਦੌਰੇ ਦੌਰਾਨ ਸੈਰ ਸਪਾਟਾ ਵਿਭਾਗ ਵੱਲੋਂ ਕਰਵਾਏ ਜਾ ਰਹੇ ਵਿਕਾਸ ਪ੍ਰੋਜੈਕਟਾਂ ਦਾ ਜਾਇਜ਼ਾ ਲਿਆ ਅਤੇ ਸਾਰੇ ਪ੍ਰੋਜੈਕਟ ਜਲਦੀ ਮੁਕੰਮਲ ਕਰਕੇ ਸੰਗਤਾਂ ਨੂੰ ਸਮਰਪਿਤ ਕਰਨ ਦੀ ਹਦਾਇਤ ਕੀਤੀ।

ਉਨ੍ਹਾਂ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਨੂੰ ਸੈਰ ਸਪਾਟਾ ਹੱਬ ਵਜੋਂ ਵਿਕਸਤ ਕੀਤਾ ਜਾਵੇਗਾ। ਗੁਰੂ ਨਗਰੀ ਵਿਚ ਲੱਖਾਂ ਸ਼ਰਧਾਲੂ ਪੁੱਜਦੇ ਹਨ ਤੇ ਲੋਕਾਂ ਦੀ ਸ਼ਰਧਾ ਦੇ ਕੇਂਦਰ ਇਸ ਪਵਿੱਤਰ ਤੇ ਧਾਰਮਿਕ ਸਥਾਨ ਦਾ ਸੁੰਦਰੀਕਰਨ ਅਤੇ ਇਸ ਨੂੰ ਸਵੱਛ ਰੱਖਣਾ ਸਭ ਦੀ ਜਿੰਮੇਵਾਰੀ ਹੈ।

ਸਿੱਖਿਆ ਮੰਤਰੀ ਨੇ ਕਾਰਜਕਾਰੀ ਇੰਜੀਨੀਅਰ ਸੈਰ ਸਪਾਟਾ ਭੁਪਿੰਦਰ ਸਿੰਘ ਚਾਨਾ ਨੂੰ ਹਦਾਇਤ ਕੀਤੀ ਕਿ ਸ੍ਰੀ ਗੁਰੂ ਤੇਗ ਬਹਾਦਰ ਮਿਊਜ਼ੀਅਮ ਦਾ ਜਲਦੀ ਨਵੀਨੀਕਰਨ ਕਰਨ ਉਪਰੰਤ ਲੋਕਾਈ ਨੂੰ ਸਮਰਪਿਤ ਕੀਤਾ ਜਾਵੇ। ਉਨ੍ਹਾਂ ਨੇ ਵਿਰਾਸਤ-ਏ-ਖਾਲਸਾ ਵਿਚ ਉਸਾਰੇ ਜਾ ਰਹੇ ਨੇਚਰ ਪਾਰਕ ਅਤੇ ਬੱਸ ਸਟੈਂਡ ਨੇੜੇ ਉਸਾਰੀ ਅਧੀਨ ਯਾਤਰੀ ਸੂਚਨਾ ਕੇਂਦਰ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਂਦਿਆਂ ਇਨ੍ਹਾਂ ਸਾਰੇ ਪ੍ਰੋਜੈਕਟਾਂ ਦੇ ਕੰਮ ਦੀ ਰਫਤਾਰ ਵਧਾਉਣ ਲਈ ਆਖਿਆ।

ਹਰਜੋਤ ਬੈਂਸ ਸਭ ਤੋਂ ਪਹਿਲਾ ਪੰਜ ਪਿਆਰਾ ਪਾਰਕ ਪਹੁੰਚੇ ਅਤੇ ਪਾਰਕ ਦੇ ਸਮੁੱਚੇ ਖੇਤਰ ਦਾ ਦੌਰਾ ਕਰਦਿਆਂ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਲਈ ਤੇ ਇਸ ਪਾਰਕ ਦੀ ਢਾਈ ਦਹਾਕਿਆਂ ਬਾਅਦ ਨੁਹਾਰ ਬਦਲਣ ਲਈ ਕੀਤੇ ਨਵੀਨੀਕਰਨ ਤੇ ਤਸੱਲੀ ਪ੍ਰਗਟ ਕੀਤੀ। ਪਾਰਕ ਵਿਚ ਮਿਊਜ਼ੀਕਲ ਫਾਊਨਟੇਨ, ਐਲ.ਈ.ਡੀ. ਸਰਕੀਨ ਅਤੇ ਧੋਲਪੁਰੀ ਪੱਥਰ ਲਾਇਆ ਜਾ ਰਿਹਾ ਹੈ। ਸਿੱਖਿਆ ਮੰਤਰੀ ਨੇ ਸ੍ਰੀ ਨੈਣਾ ਦੇਵੀ ਮੰਦਰ ਨੂੰ ਸ੍ਰੀ ਅਨੰਦਪੁਰ ਸਾਹਿਬ ਨਾਲ ਜੋੜਦੇ ਮਾਰਗ ਦੇ ਸੁੰਦਰੀਕਰਨ ਪ੍ਰੋਜੈਕਟ ਦਾ ਜਾਇਜ਼ਾ ਵੀ ਲਿਆ ਤੇ ਉਸਾਰੀ ਅਧੀਨ ਭਾਈ ਜੈਤਾ ਜੀ ਦੀ ਯਾਦਗਾਰ ਦਾ ਦੌਰਾ ਵੀ ਕੀਤਾ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਨੇ ਸਵੇਰੇ 9 ਵਜੇ ਨਗਰ ਕੌਂਸਲ ਦਫਤਰ ਪਹੁੰਚ ਕੇ ਉਥੇ ਮੁਲਾਜ਼ਮਾਂ ਦੀ ਹਾਜ਼ਰੀ ਅਤੇ ਪਹੁੰਚਣ ਦੇ ਸਮੇਂ ਦੀ ਚੈਕਿੰਗ ਕੀਤੀ ਅਤੇ ਅਧਿਕਾਰੀਆਂ ਕਰਮਚਾਰੀਆਂ ਨੂੰ ਸਮੇਂ ਸਿਰ ਦਫਤਰ ਆਉਣ ਦੀ ਹਦਾਇਤ ਕੀਤੀ। ਸਿੱਖਿਆ ਮੰਤਰੀ ਨੇ ਦਫਤਰਾਂ ਵਿਚ 100 ਫੀਸਦੀ ਹਾਜ਼ਰੀ ਯਕੀਨੀ ਬਣਾਉਣ ਲਈ ਨਗਰ ਕੌਂਸਲ ਵਿਚ ਤੁਰਤ ਬਾਇਓਮੈਟਰਿਕਸ ਹਾਜ਼ਰੀ ਮਸ਼ੀਨ ਲਾਉਣ ਦੇ ਨਿਰਦੇਸ਼ ਵੀ ਦਿੱਤੇ।

ਪੰਜਾਬ ਟਾਈਮਜ਼

*ਸਨਿਚਰਵਾਰ, 18 ਫਰਵਰੀ 2023*

# ਸੱਤਾ ਦਾ ਰਵੱਈਆ

ਬੀ.ਬੀ.ਸੀ. ਦੇ ਦਿੱਲੀ ਅਤੇ ਮੁੰਬਈ ਦਫ਼ਤਰਾਂ 'ਤੇ ਆਮਦਨ ਕਰ ਦੇ ਛਾਪਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀ ਸਰਪ੍ਰਸਤੀ ਹੇਠਲੀ ਮੋਦੀ ਸਰਕਾਰ ਆਪਣੇ ਖਿਲਾਫ ਇਕ ਵੀ ਸ਼ਬਦ ਸੁਣਨ ਲਈ ਤਿਆਰ ਨਹੀਂ ਹੈ। ਬੀ.ਬੀ.ਸੀ. ਨੇ ਹਾਲ ਹੀ ਵਿਚ ਇਕ ਦਸਤਾਵੇਜ਼ੀ ਫਿਲਮ 'ਇੰਡੀਆ: ਦਿ ਮੋਦੀ ਕੁਐਸਚਨ' ਦਿਖਾਈ ਸੀ ਜਿਸ ਵਿਚ 2002 ਵਿਚ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਉਸ ਵਕਤ ਗੁਜਰਾਤ ਦੇ ਮੁੱਖ ਮੰਤਰੀ ਸਨ, ਦਾ ਹੱਥ ਹੋਣ ਬਾਰੇ ਦਸਤਾਵੇਜ਼ੀ ਸਬੂਤ ਬੜੇ ਧੜੱਲੇ ਨਾਲ ਪੇਸ਼ ਕੀਤੇ ਗਏ ਸਨ। ਆਮਦਨ ਕਰ ਵਿਭਾਗ ਭਾਵੇਂ ਇਸ ਕਾਰਵਾਈ ਨੂੰ ਸਰਵੇ ਦੱਸ ਰਿਹਾ ਹੈ ਪਰ ਸਾਫ ਜ਼ਾਹਿਰ ਹੈ ਕਿ ਮੋਦੀ ਸਰਕਾਰ ਬੀ.ਬੀ.ਸੀ. ਦੀ ਬਾਂਹ ਮਰੋੜ ਰਹੀ ਹੈ ਅਤੇ ਨਾਲ ਹੀ ਦੂਜਿਆਂ ਨੂੰ ਵੀ ਇਹ ਸੁਨੇਹਾ ਦੇਣ ਦਾ ਯਤਨ ਕਰ ਰਹੀ ਹੈ ਕਿ ਇਸ ਖਿਲਾਫ ਬੋਲਣ ਵਾਲਿਆਂ ਦਾ ਇਹੀ ਹਸ਼ਰ ਹੋਵੇਗਾ। ਜਦੋਂ ਬੀ.ਬੀ.ਸੀ. ਨੇ ਦੋ ਹਿੱਸਿਆਂ ਵਾਲੀ ਇਸ ਦਾ ਦਸਤਾਵੇਜ਼ੀ ਦਾ ਅਜੇ ਪਹਿਲਾ ਹਿੱਸਾ ਹੀ ਪ੍ਰਸਾਰਿਤ ਕੀਤਾਸੀ ਤਾਂ ਮੋਦੀ ਸਰਕਾਰ ਨੇ ਆਪਣੀ ਸਖਤ ਨਾਰਾਜ਼ਗੀ ਜ਼ਾਹਿਰ ਕੀਤੀ ਸੀ ਅਤੇ ਭਾਰਤ ਵਿਚ ਇਸ ਦਸਤਾਵੇਜ਼ੀ ਉਤੇ ਤੁਰੰਤ ਪਾਬੰਦੀ ਵੀ ਲਾ ਦਿੱਤੀ ਸੀ।

ਉਧਰ, ਭਾਰਤੀ ਜਨਤਾ ਪਾਰਟੀ ਅਜੇ ਵੀ ਬੀ.ਬੀ.ਸੀ.'ਤੇ ਭਾਰਤ ਖਿਲਾਫ਼ ਜ਼ਹਿਰੀਲੀ, ਭਾਵ ਰੜਕ ਕੱਢਣ ਵਾਲੀ ਰਿਪੋਰਟਿੰਗ ਕਰਨ ਦਾ ਦੋਸ਼ ਲਾ ਰਹੀ ਹੈ। ਇਸ ਦਾ ਕਹਿਣਾ ਹੈ ਕਿ ਬੀ.ਬੀ.ਸੀ.ਅਤੇ ਕਾਂਗਰਸ ਦਾ ਪ੍ਰਾਪੇਗੰਡਾ ਨਾਲੋ-ਨਾਲ ਚੱਲਦਾ ਹੈ ਜਦਕਿ ਕਾਂਗਰਸ ਨੇ ਬੀ.ਬੀ.ਸੀ. ਦਫ਼ਤਰਾਂ 'ਤੇ ਆਮਦਨ ਕਰ ਵਿਭਾਗ ਦੇ ਛਾਪਿਆਂ ਨੂੰ ਦਬਕਾਉਣ ਅਤੇ ਡਰਾਉਣ ਵਾਲੀ ਜੁਗਤ ਕਰਾਰ ਦਿੱਤਾ ਹੈ ਤੇ ਕਿਹਾ ਕਿ ਛਾਪਿਆਂ ਤੋਂ ਸਾਫ਼ ਹੈ ਕਿ ਮੋਦੀ ਸਰਕਾਰ ਨੁਕਤਾਚੀਨੀ ਤੋਂ ਡਰਦੀ ਹੈ। ਇਸੇ ਦੌਰਾਨ ਬੀ.ਬੀ.ਸੀ.ਦਾ ਬਿਆਨ ਵੀ ਆ ਗਿਆ ਹੈ ਕਿ ਆਮਦਨ ਕਰ ਵਿਭਾਗ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ;ਨਾਲ ਹੀ ਆਸ ਪ੍ਰਗਟਾਈ ਗਈ ਹੈ ਕਿ ਸਭ ਕੁਝ ਜਲਦੀ ਠੀਕ ਹੋ ਜਾਵੇਗਾ। ਭਾਰਤੀ ਐਡੀਟਰਜ਼ ਗਿਲਡ ਨੇ ਬੀ.ਬੀ.ਸੀ. ਦਫ਼ਤਰਾਂ 'ਤੇ ਛਾਪਿਆਂ ਬਾਰੇ ਫਿਕਰ ਜ਼ਾਹਿਰ ਕੀਤਾ ਹੈ। ਇਸਮੁਤਾਬਿਕ,ਮੀਡੀਆ ਅਦਾਰਿਆਂ ਨੂੰ ਦਬਕਾਉਣ ਅਤੇ ਤੰਗ ਪ੍ਰੇਸ਼ਾਨ ਕਰਨ ਲਈ ਸਰਕਾਰੀ ਏਜੰਸੀਆਂ ਨੂੰ ਹੱਥਠੋਕਾ ਬਣਾਉਣ ਦਾ ਅਮਲ ਬੇਰੋਕ ਜਾਰੀ ਹੈ। ਗਿਲਡ ਨੇ ਮੰਗ ਕੀਤੀ ਹੈ ਕਿ ਅਜਿਹੀਆਂ ਜਾਂਚਾਂ ਵਿਚ ਪੱਤਰਕਾਰਾਂ ਅਤੇ ਮੀਡੀਆ ਸੰਸਥਾਵਾਂ ਦੇ ਅਧਿਕਾਰਾਂ ਦਾ ਘਾਣ ਨਹੀਂ ਹੋਣਾ ਚਾਹੀਦਾ।

ਇਸ ਤਸਵੀਰ ਦਾ ਦੂਜਾ ਪਾਸਾ ਵੀ ਹੈ। ਮੋਦੀ ਸਰਕਾਰ ਦਾ ਰਿਕਾਰਡ ਹੈ ਕਿ ਇਹ ਸਰਕਾਰ ਦੇ ਹੱਕ ਵਿਚ ਭੁਗਤਣ ਵਾਲਿਆਂ ਨੂੰ ਸ਼ਰੇਆਮ ਵੱਖ-ਵੱਖ ਅਹੁਦਿਆਂ ਅਤੇ ਹੋਰ ਸਹੂਲਤਾਂ ਨਾਲ ਲਗਾਤਾਰ ਨਿਵਾਜ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਸੁਪਰੀਮ ਕੋਰਟ ਦੇ ਸਾਬਕਾ ਜੱਜ, ਜਸਟਿਸਐੱਸ. ਅਬਦੁੱਲ ਨਜ਼ੀਰ ਨੂੰ ਆਂਧਰਾ ਪ੍ਰਦੇਸ਼ ਦਾ ਰਾਜਪਾਲ ਨਿਯੁਕਤ ਕਰਨਾ ਹੈ। ਚੇਤੇ ਰਹੇ ਕਿ ਭਾਰਤ ਦੀ ਸੁਪਰੀਮ ਕੋਰਟ ਦੇ 5 ਮੈਂਬਰਾਂ ਵਾਲੇ ਬੈਂਚ ਨੇ 9 ਨਵੰਬਰ 2019 ਨੂੰ ਇਤਿਹਾਸਕ ਫ਼ੈਸਲਾ ਸੁਣਾਇਆ ਸੀ। ਇਸਖਾਸ ਫੈਸਲੇ ਤਹਿਤ ਅਯੁੱਧਿਆ 'ਚ 2.77 ਏਕੜ ਜ਼ਮੀਨ ਜਿਸ 'ਤੇ ਪਹਿਲਾਂ ਬਾਬਰੀ ਮਸਜਿਦ ਉੱਸਰੀ ਹੋਈ ਸੀ, ਕੇਂਦਰ ਸਰਕਾਰ ਦੁਆਰਾ ਬਣਾਏ ਜਾਣ ਵਾਲੇ ਟਰੱਸਟ ਨੂੰ ਦੇਣ ਬਾਰੇ ਹੁਕਮ ਕਰ ਦਿੱਤੇ ਗਏ। ਇਹ ਨਿਰਦੇਸ਼ ਵੀ ਦਿੱਤੇ ਗਏ ਕਿ ਇਸ ਸਥਾਨ 'ਤੇ ਰਾਮ ਜਨਮਭੂਮੀ ਮੰਦਰ ਉਸਾਰਿਆ ਜਾਵੇਗਾ; ਭਾਵੇਂ ਇਹ ਵੀ ਸਵੀਕਾਰ ਕੀਤਾ ਗਿਆ ਕਿ 1992 ਵਿਚ ਬਾਬਰੀ ਮਸਜਿਦ ਦਾ ਢਾਹੇ ਜਾਣਾ ਗ਼ੈਰ-ਕਾਨੂੰਨੀ ਕਾਰਵਾਈ ਸੀ। ਸਰਬਸੰਮਤੀ ਨਾਲ ਫ਼ੈਸਲਾ ਦੇਣ ਵਾਲੇ ਇਸ ਬੈਂਚ ਵਿਚ ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਐੱਸ.ਏ. ਬੋਬੜੇ (ਰੰਜਨ ਗੋਗੋਈ ਤੋਂ ਬਾਅਦ ਚੀਫ ਜਸਟਿਸ ਬਣੇ), ਜਸਟਿਸ ਡੀਵਾਈ ਚੰਦਰਚੂੜ੍ਹ (ਹੁਣ ਚੀਫ ਜਸਟਿਸ), ਜਸਟਿਸ ਅਸ਼ੋਕ ਭੂਸ਼ਨ ਅਤੇ ਜਸਟਿਸ ਐੱਸ. ਅਬਦੁੱਲ ਨਜ਼ੀਰਸ਼ਾਮਿਲ ਸਨ।ਚੀਫ ਜਸਟਿਸ ਗੋਗੋਈ 17 ਨਵੰਬਰ 2019 ਨੂੰ ਸੇਵਾਮੁਕਤ ਹੋਏ ਅਤੇ 16 ਮਾਰਚ 2020 ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕਰ ਦਿੱਤਾ। ਇਹ ਨਾਮਜ਼ਦਗੀ ਭਾਵੇਂ ਰਾਸ਼ਟਰਪਤੀ ਕਰਦਾ ਹੈ ਪਰ ਸੰਵਿਧਾਨ ਦੀ ਧਾਰਾ 74 ਅਨੁਸਾਰ ਰਾਸ਼ਟਰਪਤੀ ਦੇ ਸਾਰੇ ਫ਼ੈਸਲੇ ਕੇਂਦਰੀ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਹੁੰਦੇ ਹਨ। ਹੁਣ ਕੇਂਦਰ ਸਰਕਾਰ ਨੇ ਸੇਵਾਮੁਕਤ ਹੋਏ ਜਸਟਿਸ ਐੱਸ. ਅਬਦੁੱਲ ਨਜ਼ੀਰ ਨੂੰ ਆਂਧਰਾ ਪ੍ਰਦੇਸ਼ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਸਾਬਕਾ ਚੀਫ ਜਸਟਿਸ ਗੋਗੋਈ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤੇ ਜਾਣ ਤੋਂ ਬਾਅਦ ਜਸਟਿਸ ਨਜ਼ੀਰ ਨੂੰ ਰਾਜਪਾਲ ਬਣਾਏ ਜਾਣ ਨੇ ਵੱਡੇ ਪੱਧਰ 'ਤੇ ਵਾਦ-ਵਿਵਾਦ ਛਿੜਿਆ ਹੈ। ਸਵਾਲ ਹੈ: ਕੀ ਕੁਝ ਸੰਵਿਧਾਨਕ ਅਤੇ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕਰ ਰਹੇ ਵਿਅਕਤੀਆਂ ਨੂੰ ਸੇਵਾਮੁਕਤ ਹੋਣ ਤੋਂ ਬਾਅਦ ਸਰਕਾਰੀ ਅਹੁਦਿਆਂ 'ਤੇ ਨਾਮਜ਼ਦਗੀਆਂ ਪ੍ਰਵਾਨ ਕਰਨੀਆਂ ਚਾਹੀਦੀਆਂ ਹਨ ਜਾਂ ਨਹੀਂ, ਜਾਂ ਕਾਨੂੰਨ ਤਹਿਤ ਅਜਿਹੀਆਂ ਪਾਬੰਦੀਆਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ ਕਿ ਅਜਿਹੇ ਵਿਅਕਤੀਆਂ ਨੂੰ ਸੇਵਾਮੁਕਤ ਹੋਣ ਤੋਂ ਬਾਅਦ ਕਿਸੇ ਸਰਕਾਰੀ ਅਹੁਦੇ 'ਤੇ ਨਿਯੁਕਤ ਨਾ ਕੀਤਾ ਜਾਵੇ? ਇਸ ਵਿਰੁੱਧ ਮੁੱਖ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕਰਦੇ ਵਿਅਕਤੀ ਨਾ ਸਿਰਫ਼ ਸੁਯੋਗ ਅਤੇ ਸੂਝਵਾਨ ਹੁੰਦੇ ਹਨ ਸਗੋਂ ਉਨ੍ਹਾਂ ਕੋਲ ਆਪਣੇ ਖੇਤਰ ਵਿਚ ਵਸੀਹ ਤਜਰਬਾ ਹਾਸਲ ਹੁੰਦਾ ਹੈ ਅਤੇ ਦੇਸ਼ ਨੂੰ ਅਜਿਹੇ ਤਜਰਬੇ ਅਤੇ ਸੂਝ ਦਾ ਫ਼ਾਇਦਾ ਮਿਲਣਾ ਚਾਹੀਦਾ ਹੈ; ਅਜਿਹੀਆਂ ਨਿਯੁਕਤੀਆਂ ਵਿਚ ਕੁਝ ਵੀ ਗ਼ਲਤ ਨਹੀਂ ਹੈ। ਇਸ ਦੇ ਵਿਰੁੱਧ ਇਹ ਤਰਕ ਦਿੱਤਾ ਜਾਂਦਾ ਹੈ ਕਿ ਜਦੋਂ ਸਰਕਾਰੀ ਅਤੇ ਸੰਵਿਧਾਨਕ ਅਹੁਦਿਆਂ 'ਤੇ ਕੰਮ ਕਰਦੇ ਵਿਅਕਤੀਆਂ ਨੂੰ ਇਹ ਪਤਾ ਹੋਵੇ ਕਿ ਉਨ੍ਹਾਂ ਨੂੰ ਸੇਵਾਮੁਕਤ ਹੋਣ ਤੋਂ ਬਾਅਦ ਕੋਈ ਸਰਕਾਰੀ ਅਹੁਦਾ ਮਿਲ ਸਕਦਾ ਹੈ ਤਾਂ ਉਨ੍ਹਾਂ ਦਾ ਸਮੇਂ ਦੀ ਸਰਕਾਰ ਦੇ ਪੱਖ ਵਿਚ ਭੁਗਤਣਾ ਬਹੁਤ ਸੁਭਾਵਿਕ ਹੋ ਜਾਂਦਾ ਹੈ।ਜ਼ਾਹਿਰ ਹੈ ਕਿ ਮੋਦੀ ਸਰਕਾਰ ਹਰ ਮਸਲੇ ਬਾਰੇ ਮਰਜ਼ੀ ਕਰ ਰਹੀ ਹੈ। ਇਹ ਹੁਣ ਵਿਰੋਧੀ ਧਿਰ 'ਤੇ ਨਿਰਭਰ ਹੈ ਕਿ ਇਸ ਨੇ ਇਸ ਦਾ ਮੁਕਾਬਲਾ ਕਿਵੇਂ ਕਰਨਾ ਹੈ ਕਿਉਂਕਿ ਅਜਿਹੀਆਂ ਕਾਰਵਾਈਆਂ ਨੇ ਹੀ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਵਿਚ ਜਿੱਤ-ਹਾਰ ਦਾ ਫੈਸਲਾ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੰਘਰਸ਼ ਲਈ ਫਾਰਮੂਲਾ !*

ਹੋਰ ਸਾਰੀਆਂ ਤਿਆਗ ਕੇ ਲਾਲਸਾਵਾਂ, ਕਰ ਕੇ ਇਕ ਨਿਸ਼ਾਨੇ ਦੀ ਚੋਣ ਯਾਰੋ।
ਨੀਅਤ ਦੇਖ ਕੇ ਸਾਫ ਪ੍ਰਬੰਧਕਾਂ ਦੀ, ਧਿਰਾਂ ਹੋਰ ਵੀ ਨਾ਼ਲ ਖਲੋਣ ਯਾਰੋ।
'ਲਾਏ ਜਾਂਦੇ' ਸਰਕਾਰੀਏ ਪਿੱਠੂਆਂ ਦੇ, ਸ਼ੰਕੇ ਖਦਸ਼ਿਆਂ ਤਾਈਂ ਵੀ ਧੋਣ ਯਾਰੋ।
ਬਿਨਾਂ ਏਕੇ ਇਤਫਾਕ ਜੇ ਭਿੜੀ ਜਾਂਦੇ, ਉਹ 'ਜੁਝਾਰੂ' ਹਨ੍ਹੇਰਾ ਹੀ ਢੋਣ ਯਾਰੋ।
ਹੱਥ 'ਚ ਰਹੇ 'ਕੰਟਰੋਲ' ਨਾ ਆਗੂਆਂ ਦੇ, ਪੱਲੇ ਪੈਂਦਾ ਫਿਰ ਅੰਤ ਨੂੰ 'ਰੋਣ' ਯਾਰੋ।
ਲੰਬੀ 'ਰੇਸ' ਦੇ ਘੋੜਿਆਂ ਵਾਂਗ ਚਲਦੇ, ਕਾਮਯਾਬ ਸੰਘਰਸ਼ ਉਹ ਹੋਣ ਯਾਰੋ !

# ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਤੇ ਭਾਰਤੀ ਹਕੂਮਤ

***ਚੰਡੀਗੜ੍ਹ-ਮੁਹਾਲੀ ਹੱਦ 'ਤੇ ਚੱਲ ਰਹੇ ਕੌਮੀ ਇਨਸਾਫ ਮੋਰਚੇ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਵਾਹਵਾ ਭਖਾ ਦਿੱਤਾ ਹੈ। ਇਸ ਨੇ ਹੋਰ ਸਿਆਸੀ ਕੈਦੀਆਂ ਦੀ ਰਿਹਾਈ ਦਾ ਮੁੱਦਾ ਵੀ ਉਭਾਰਿਆ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਕੌਮੀ ਇਨਸਾਫ ਮੋਰਚਾ ਦੀ ਅਗਵਾਈ ਹੇਠ 7 ਜਨਵਰੀ ਤੋਂ ਮੁਹਾਲੀ-ਚੰਡੀਗੜ੍ਹ ਹੱਦ 'ਤੇ ਲੱਗੇ ਪੱਕੇ ਮੋਰਚੇ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਮੁੜ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ। ਇਸ ਤੋਂ ਪਹਿਲਾਂ ਗੁਰਬਖਸ਼ ਸਿੰਘ ਖਾਲਸਾ ਅਤੇ ਸੂਰਤ ਸਿੰਘ ਖਾਲਸਾ ਦੀਆਂ ਭੁੱਖ ਹੜਤਾਲਾਂ ਨਾਲ ਵੀ ਇਹ ਮਸਲਾ ਸੁਰਖੀਆਂ ਵਿਚ ਆਇਆ ਸੀ ਪਰ ਉਸ ਸਮੇਂ ਇਹ ਸੰਘਰਸ਼ ਹੁਣ ਵਾਂਗ ਸਮੂਹਿਕ ਰੁਖ ਅਖਤਿਆਰ ਨਹੀਂ ਕਰ ਸਕਿਆ ਸੀ। ਮੋਰਚਾ ਪ੍ਰਬੰਧਕਾਂ ਨੇ ਫੈਸਲਾ ਕੀਤਾ ਹੈ ਕਿ ਹਰ ਰੋਜ਼ ਇੱਕ ਜਥਾ ਪੰਜਾਬ ਦੇ ਮੁੱਖ ਮੰਤਰੀ ਦੀ ਚੰਡੀਗੜ੍ਹ ਰਿਹਾਇਸ਼ ਅੱਗੇ ਧਰਨਾ ਦੇਣ ਲਈ ਜਾਇਆ ਕਰੇਗਾ। ਪੰਜਾਬੀਆਂ ਦਾ ਇਹ ਜਮਹੂਰੀ ਹੱਕ ਵੀ ਹੈ ਕਿ ਉਹ ਕਿਸੇ ਵੀ ਮਸਲੇ 'ਤੇ 'ਆਪਣੇ ਚੁਣੇ' ਨੁਮਾਇੰਦੇ ਦੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਕਰਨ ਲਈ ਜਾ ਸਕਦੇ ਹਨ ਪਰ 8 ਫਰਵਰੀ ਨੂੰ ਸਿੱਖ ਕਾਰਕੁਨਾਂ ਨੇ ਜਿਉਂ ਹੀ ਚੰਡੀਗੜ੍ਹ ਵੱਲ ਕੂਚ ਕੀਤਾ, ਚੰਡੀਗੜ੍ਹ ਪੁਲਿਸ ਨੇ ਧਾਰਾ 144 ਦਾ ਹਵਾਲਾ ਦਿੰਦਿਆਂ ਰੋਕਾਂ ਮੜ੍ਹ ਦਿੱਤੀਆਂ ਅਤੇ ਪ੍ਰਦਰਸ਼ਨਕਾਰੀਆਂ 'ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ, ਲਾਠੀਚਾਰਜ ਕੀਤਾ। ਕੁਝ ਗੱਡੀਆਂ ਦੀ ਭੰਨਤੋੜ ਵੀ ਹੋਈ।

ਚੰਡੀਗੜ੍ਹ ਪੁਲਿਸ ਨੇ ਮੋਰਚਾ ਪ੍ਰਬੰਧਕਾਂ ਗੁਰਚਰਨ ਸਿੰਘ, ਬਲਵਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਦਿਲਸ਼ੇਰ ਸਿੰਘ ਜੰਡਿਆਲਾ, ਜਸਵਿੰਦਰ ਸਿੰਘ ਰਾਜਪੁਰਾ, ਰੁਪਿੰਦਰਜੀਤ ਸਿੰਘ ਸਿੱਧੂ ਆਦਿ ਖਿਲਾਫ ਕੇਸ ਦਰਜ ਕਰ ਲਿਆ ਅਤੇ ਪ੍ਰਦਰਸ਼ਨਕਾਰੀਆਂ ਦੀਆਂ ਤਸਵੀਰਾਂ ਜਾਰੀ ਕਰ ਕੇ ਜਾਣਕਾਰੀ ਦੇਣ ਵਾਲੇ ਲਈ ਇਨਾਮ ਰੱਖ ਕੇ 'ਸਨਸਨੀ' ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਦੀ ਇਹ ਕਾਰਵਾਈ ਸਿਰੇ ਦੀ ਗੈਰ-ਜਮਹੂਰੀ ਤੇ ਧੱਕੇਸ਼ਾਹੀ ਵਾਲੀ ਹੈ। ਦਰਅਸਲ ਹਕੂਮਤ ਨੇ ਚੰਡੀਗੜ੍ਹ ਨੂੰ ਅਜਿਹਾ 'ਸੇਫ ਜ਼ੋਨ' ਬਣਾਇਆ ਹੋਇਆ ਹੈ ਜਿੱਥੇ ਆਮ ਲੋਕਾਂ ਤੋਂ ਧਰਨਾ/ਮੁਜ਼ਾਹਰਾ ਕਰਨ ਦਾ ਹੱਕ ਖੋਹ ਲਿਆ ਹੈ।

ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਜਮਹੂਰੀ ਹੱਕਾਂ ਦਾ ਮਾਮਲਾ ਹੈ। ਭਾਰਤੀ ਸੰਵਿਧਾਨ ਅਨੁਸਾਰ ਕਿਸੇ ਵਿਅਕਤੀ ਨੂੰ ਮਿਲੀ 'ਸਜ਼ਾ' ਜਦ ਉਸ ਨੇ ਭੁਗਤ ਲਈ ਹੈ ਤਾਂ ਉਸ ਦੀ ਰਿਹਾਈ ਨਾ ਕਰਨਾ ਉਸ ਦੇ ਜਮਹੂਰੀ ਹੱਕ ਕੁਚਲਣਾ ਹੈ। ਭਾਰਤ ਵਿਚ ਕੈਦੀਆਂ ਦੀ ਰਿਹਾਈ ਦੀ ਪ੍ਰਕਿਰਿਆ ਅੰਗਰੇਜ਼ਾਂ ਦੇ ਜ਼ਮਾਨੇ ਵਾਲੀ ਹੈ ਜੋ ਉਨ੍ਹਾਂ ਨੇ ਆਪਣੇ ਧਾੜਵੀ ਰਾਜ ਦੀ ਸਲਾਮਤੀ ਲਈ ਬਣਾਈ ਸੀ। ਉਸ ਸਮੇਂ ਵੀ ਰਿਹਾਈ ਅੰਗਰੇਜ਼ਾਂ ਦੇ ਪਿੰਡਾਂ, ਸ਼ਹਿਰਾਂ ਵਿਚ ਬੈਠੇ ਨੁਮਾਇੰਦਿਆਂ ਰਾਹੀਂ ਹੁੰਦੀ ਸੀ ਤੇ ਅੱਜ ਵੀ ਇਸ ਪ੍ਰਕਿਰਿਆ ਅਨੁਸਾਰ ਸਜ਼ਾ ਪੂਰੀ ਕਰ ਚੁੱਕੇ ਕੈਦੀ ਨੂੰ ਆਪਣੀ ਰਿਹਾਈ ਲਈ ਪ੍ਰਸ਼ਾਸ਼ਨ ਤੋਂ ਕਲੀਨ ਚਿੱਟ ਲੈਣੀ ਪੈਂਦੀ ਹੈ। ਇਸ ਦਾ ਨਤੀਜਾ ਇਹ ਹੈ ਕਿ ਇੱਕ ਪਾਸੇ ਤਾਂ ਰਸੂਖਵਾਨ ਲੋਕ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਰਿਹਾਅ ਕਰ ਦਿੱਤੇ ਜਾਂਦੇ ਹਨ ਤੇ ਦੂਜੇ ਪਾਸੇ ਧਾਰਮਿਕ ਘੱਟ-ਗਿਣਤੀਆਂ, ਦਲਿਤਾਂ, ਆਦਿਵਾਸੀਆਂ, ਇਨਕਲਾਬੀ ਜਮਹੂਰੀ ਕਾਰਕੁਨਾਂ ਨੂੰ ਸਜ਼ਾ ਪੂਰੀ ਹੋਣ ਦੇ ਬਾਵਜੂਦ ਜੇਲ੍ਹਾਂ ਵਿਚੋਂ ਰਿਹਾਅ ਨਹੀਂ ਕੀਤਾ ਜਾ ਰਿਹਾ। ਇੱਕਸਾਰ ਨਿਯਮ ਲਾਗੂ ਨਾ ਹੋਣ ਕਾਰਨ ਆਰਥਿਕ ਅਤੇ ਰਾਜਨੀਤਕ ਪੱਖੋਂ ਪਹੁੰਚ ਵਾਲੇ ਲੋਕ ਬਚ ਨਿਕਲਦੇ ਹਨ। ਬਲਾਤਕਾਰ/ਕਤਲ ਵਰਗੇ ਗੰਭੀਰ ਦੋਸ਼ਾਂ ਤਹਿਤ ਜੇਲ੍ਹ ਵਿਚ ਬੰਦ ਡੇਰਾ ਸਿਰਸਾ ਮੁਖੀ 14 ਮਹੀਨਿਆਂ ਵਿਚ ਚੌਥੀ ਵਾਰ ਪੈਰੋਲ ਲੈ ਕੇ ਜੇਲ੍ਹ ਤੋਂ ਬਾਹਰ ਪ੍ਰਵਚਨ ਕਰਦਾ ਫਿਰਦਾ ਹੈ। ਕੇਂਦਰ ਦੇ ਇਸ਼ਾਰੇ 'ਤੇ ਗੁਜਰਾਤ ਸਰਕਾਰ ਨੇ 15 ਅਗਸਤ ਮੌਕੇ ਬਿਲਕਿਸ ਬਾਨੋ ਸਮੂਹਿਕ ਬਲਾਤਕਾਰ ਕੇਸ ਦੇ ਸਾਰੇ ਦੋਸ਼ੀਆਂ ਦੀ ਸਜ਼ਾ ਮੁਆਫ ਕਰ ਕੇ ਉਹਨਾਂ ਨੂੰ ਰਿਹਾਅ ਕਰ ਦਿੱਤਾ। ਭਾਰਤੀ ਹਕੂਮਤ ਦਾ ਇਹ ਪੱਖਪਾਤੀ ਰਵੱਈਆ ਹੀ ਹੈ ਕਿ 1984 ਸਿੱਖ ਕਤਲੇਆਮ ਦੇ ਦੋਸ਼ੀ, ਗੁਜਰਾਤ ਦੇ ਕਤਲੇਆਮ ਦੇ ਗੁਨਾਹਗਾਰ, ਗੋਧਰਾ ਕਾਂਡ ਲਈ ਜ਼ਿੰਮੇਵਾਰ ਲੋਕ ਬਾਹਰ ਘੁੰਮ ਰਹੇ ਹਨ; ਦੂਜੇ ਪਾਸੇ ਸਾਧਨਾਂ/ਸ੍ਰੋਤਾਂ ਦੀ ਘਾਟ ਵਾਲੇ ਤੇ ਸਥਾਪਤੀ ਵਿਰੋਧੀ ਵਿਚਾਰਾਂ ਵਾਲੇ ਜੇਲ੍ਹਾਂ ਵਿਚ ਬੰਦ ਹਨ।



ਪੰਜਾਬ ਨਾਲ ਸਬੰਧਿਤ ਬੰਦੀ ਸਿੰਘਾਂ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ, ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਹਵਾਰਾ, ਲਖਵਿੰਦਰ ਸਿੰਘ ਲੱਖਾ, ਜਗਤਾਰ ਸਿੰਘ ਤਾਰਾ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ, ਪਰਮਜੀਤ ਸਿੰਘ ਭਿਉਰਾ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਹਨ। ਹੁਣ ਗੁਰਦੀਪ ਸਿੰਘ ਖੇੜਾ ਨੂੰ 7 ਹਫਤਿਆਂ ਵਾਸਤੇ ਪੈਰੋਲ ਮਿਲ ਗਈ ਹੈ ਪਰ ਉਸ ਸਮੇਤ ਇਨ੍ਹਾਂ ਸਾਰਿਆਂ ਨੇ ਉਮਰ ਕੈਦ ਦੀ ਸਜ਼ਾ ਭੁਗਤ ਲਈ ਹੈ। ਭਾਰਤ ਵਿਚ ਉਮਰ ਕੈਦ ਦੀ ਪਰਿਭਾਸ਼ਾ ਇੰਡੀਅਨ ਪੀਨਲ ਕੋਡ ਦੀ ਧਾਰਾ 57 ਮੁਤਾਬਿਕ 20 ਸਾਲ ਦੀ ਹੈ। ਸਰਕਾਰਾਂ ਕੋਲ ਇਹ ਅਖਤਿਆਰ ਹੈ ਕਿ ਉਹ 20 ਸਾਲ ਤੋਂ ਪਹਿਲਾਂ ਵੀ ਕੈਦ ਵਿਚ ਛੋਟ, ਮੁਆਫੀ ਜਾਂ ਸਜ਼ਾ ਬਦਲ ਕੇ ਰਿਹਾਅ ਕਰ ਸਕਦੀਆਂ ਹਨ। ਇਸ ਮਸਲੇ ਵਿਚ ਫਾਇਦਾ ਰਸੂਖਵਾਨਾਂ ਦਾ ਹੀ ਕੀਤਾ ਗਿਆ। ਚਰਚਿਤ ਪੁਲਿਸ ਕੈਟ ਪਿੰਕੀ ਦੀ ਉਮਰ ਕੈਦ ਦੀ ਸਜ਼ਾ ਸਰਕਾਰ ਦੀ ਸ਼ਿਫਾਰਸ਼ 'ਤੇ ਮੁਆਫ ਹੋਈ ਤੇ ਉਸ ਨੂੰ ਸਿਰਫ 7 ਸਾਲ 7 ਮਹੀਨੇ ਅਤੇ 14 ਦਿਨ ਹੀ ਕੈਦ ਕੱਟਣੀ ਪਈ ਸੀ।

ਬੰਦੀ ਸਿੰਘਾਂ ਵਾਂਗ ਭਾਰਤੀ ਜੇਲ੍ਹਾਂ ਵਿਚ ਸੱਤਾ ਵਿਰੋਧੀ ਵਿਚਾਰਾਂ ਵਾਲੇ ਕੈਦੀ ਸਜ਼ਾ ਭੁਗਤਣ ਦੇ ਬਾਵਜੂਦ ਬੰਦ ਹਨ। ਭੀਮਾ ਕੋਰੇਗਾਓਂ ਮਾਮਲੇ ਵਿਚ ਦਲਿਤ ਕਾਰਕੁਨਾਂ, ਖੱਬੇ ਪੱਖੀ ਵਿਚਾਰਧਾਰਾ ਵਾਲੇ ਬੁੱਧੀਜੀਵੀਆਂ, ਵਕੀਲ, ਕਵੀ, ਪਾਦਰੀ, ਲੇਖਕ, ਪ੍ਰੋਫੈਸਰ ਅਤੇ ਮਾਨਵੀ ਹੱਕਾਂ ਦੇ ਰਾਖੇ ਸਿਰਫ ਉਹਨਾਂ ਦੇ ਹਕੂਮਤ ਵਿਰੋਧੀ ਵਿਚਾਰਾਂ ਕਾਰਨ ਕੇਸ ਵਿਚ ਸ਼ਾਮਲ ਕੀਤੇ ਗਏ। ਰਿਹਾਈ ਮੰਗਦਿਆਂ-ਮੰਗਦਿਆਂ ਯੂ.ਏ.ਪੀ.ਏ. ਤਹਿਤ ਜੇਲ੍ਹ ਵਿਚ ਬੰਦ 84 ਸਾਲਾ ਪਾਦਰੀ ਸਟੇਨ ਸਵਾਮੀ ਦੀ ਮੌਤ ਹੋ ਗਈ। 80 ਫੀਸਦ ਅਪਾਹਜ ਦਿੱਲੀ ਯੂਨੀਵਰਸਿਟੀ ਦਾ ਸਾਬਕਾ ਪ੍ਰੋਫੈਸਰ ਅਤੇ ਜਮਹੂਰੀ ਹੱਕਾਂ ਦਾ ਘੁਲਾਟੀਆ ਡਾ. ਜੀ.ਐਨ. ਸਾਈਬਾਬਾ ਸੱਤਾ ਵਿਰੋਧੀ ਵਿਚਾਰਾਂ ਕਾਰਨ ਜੇਲ੍ਹ ਵਿਚ ਬੰਦ ਹੈ। ਜੇ.ਐਨ.ਯੂ. ਦਾ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ ਸਿਆਸੀ ਵਿਚਾਰਾਂ ਤੇ ਧਾਰਮਿਕ ਘੱਟਗਿਣਤੀ ਨਾਲ ਸਬੰਧਿਤ ਹੋਣ ਕਾਰਨ ਜੇਲ੍ਹ ਵਿਚ ਤੁੰਨਿਆ ਹੋਇਆ ਹੈ।

ਇਸ ਲਈ ਹੁਣ ਬੰਦੀ ਸਿੰਘਾਂ ਦੀ ਰਿਹਾਈ ਦੇ ਨਾਲ ਨਾਲ ਸਜ਼ਾ ਪੂਰੀ ਕਰ ਚੁੱਕੇ ਸਮੂਹ ਕੈਦੀਆਂ ਦੀ ਰਿਹਾਈ ਦਾ ਮਸਲਾ ਉਠਾਉਣਾ ਚਾਹੀਦਾ ਹੈ। ਕੁਝ ਦਿਨ ਪਹਿਲਾਂ ਪੈਰੋਲ ਤਹਿਤ ਬਾਹਰ ਆਏ ਬੰਦੀ ਸਿੰਘ ਗੁਰਦੀਪ ਸਿੰਘ ਖੇੜਾ ਨੇ ਵੀ ਕਿਹਾ ਹੈ ਕਿ ਰਿਹਾਈ ਧਰਮ ਦੇ ਆਧਾਰ ਦੀ ਬਜਾਇ ਮਨੁੱਖੀ ਆਧਾਰ 'ਤੇ ਮੰਗਣੀ ਚਾਹੀਦੀ ਹੈ ਤੇ ਸਜ਼ਾ ਪੂਰੀ ਕਰ ਚੁੱਕੇ ਸਮੂਹ ਕੈਦੀਆਂ ਦੀ ਰਿਹਾਈ ਮੰਗਣੀ ਚਾਹੀਦੀ ਹੈ। ਇਹ ਚੰਗਾ ਸੰਕੇਤ ਹੈ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਮੰਗ ਰਹੀਆਂ ਹਨ। ਵੱਖ-ਵੱਖ ਕਿਸਾਨ ਜਥੇਬੰਦੀਆਂ ਪਹਿਲਾਂ ਇਕੱਲੇ-ਇਕੱਲੇ ਤੌਰ 'ਤੇ ਕੌਮੀ ਇਨਸਾਫ ਮੋਰਚਾ ਦੀ ਅਗਵਾਈ ਹੇਠ ਲੱਗੇ ਪੱਕੇ ਮੋਰਚੇ ਵਿਚ ਸ਼ਮੂਲੀਅਤ ਕਰ ਚੁੱਕੀਆਂ ਹਨ ਤੇ ਹੁਣ ਸਾਂਝੇ ਰੂਪ ਵਿਚ 20 ਫਰਵਰੀ ਨੂੰ ਮੁਹਾਲੀ-ਚੰਡੀਗੜ੍ਹ ਹੱਦ 'ਤੇ ਲੱਗੇ ਮੋਰਚੇ ਵਿਚ ਸ਼ਮੂਲੀਅਤ ਕਰ ਰਹੀਆਂ ਹਨ। ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਵੱਲੋਂ ਵੱਖਰੇ ਰੂਪ ਵਿਚ ਸਜ਼ਾ ਪੂਰੀ ਕਰ ਚੁੱਕੇ ਸਮੂਹ ਕੈਦੀਆਂ ਦੀ ਰਿਹਾਈ ਲਈ ਬਠਿੰਡਾ ਕਨਵੈਨਸ਼ਨ ਕਰ ਕੇ 13 ਫਰਵਰੀ ਨੂੰ ਜ਼ਿਲ੍ਹਾ ਪੱਧਰੀ ਧਰਨੇ ਦੇ ਕੇ ਇਸ ਮਸਲੇ ਨੂੰ ਉਭਾਰਿਆ ਗਿਆ।

ਇਹ ਸੱਚ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਸਮੇਤ ਪੰਜਾਬ ਦੀਆਂ ਹਾਕਮ ਜਮਾਤੀ ਸਿਆਸੀ ਪਾਰਟੀਆਂ ਦਾ ਰਵੱਈਆ ਬੰਦੀ ਸਿੰਘਾਂ ਦੀ ਰਿਹਾਈ ਦੇ ਪੱਖ ਵਿਚ ਨਹੀਂ ਭੁਗਤਿਆ ਹੈ। ਬਾਦਲ ਦਲ ਦੇ ਆਗੂ ਤਾਂ ਉਸ ਸਮੇਂ ਹੀ ਅਜਿਹੇ ਮਸਲੇ ਉਭਾਰਦੇ ਹਨ ਜਦ ਉਹ ਸੂਬੇ ਵਿਚ ਸੱਤਾ ਤੋਂ ਬਾਹਰ ਹੁੰਦੇ ਹਨ। ਉਂਝ, ਚੰਗੀ ਗੱਲ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੰਦੀ ਸਿੰਘਾਂ ਦੇ ਮਸਲੇ ਨੂੰ ਦਸਤਖਤੀ ਮੁਹਿੰਮ ਰਾਹੀਂ ਉਭਾਰ ਰਹੀ ਹੈ ਪਰ ਇਸ ਸੰਸਥਾ ਨੇ ਵੀ ਅਕਾਲੀ-ਭਾਜਪਾ ਗੱਠਜੋੜ ਸਮੇਂ ਇਸ ਮਸਲੇ ਨੂੰ ਕਦੀ ਵਾਜਿਬ ਰੂਪ ਵਿਚ ਨਹੀਂ ਉਭਾਰਿਆ।


ਇੱਕ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਵੱਲੋਂ 2019 ਵਿਚ ਕਰਵਾਏ ਸਰਵੇਖਣ ਅਤੇ ਜੇਲ੍ਹ ਸਟੈਟਿਸਟਿਕਸ ਇੰਡੀਆ-2019 ਅਨੁਸਾਰ ਭਾਰਤੀ ਜੇਲ੍ਹਾਂ 'ਚ ਲੱਗਭੱਗ 4.78 ਲੱਖ ਕੈਦੀ ਸਨ ਜੋ ਜੇਲ੍ਹਾਂ ਦੀ ਸਮਰੱਥਾ ਤੋਂ 18.5 ਫੀਸਦ ਜ਼ਿਆਦਾ ਸਨ। ਇਹਨਾਂ 'ਚ ਲੱਗਭੱਗ 68 ਪ੍ਰਤੀਸ਼ਤ ਕੈਦੀ (ਭਾਵ ਅੱਧਿਓਂ ਵੱਧ) ਵਿਚਾਰ ਅਧੀਨ ਹਨ ਜਿਨ੍ਹਾਂ ਨੂੰ ਸਜ਼ਾ ਨਹੀਂ ਹੋਈ ਤੇ ਉਹ ਜੇਲ੍ਹਾਂ ਵਿਚ ਆਪਣਾ ਮੁਕੱਦਮਾ ਪੂਰਾ ਹੋਣ ਦੀ ਉਡੀਕ ਕਰ ਰਹੇ ਹਨ। ਕੁਝ ਸਾਲ ਪਹਿਲਾਂ ਭਾਰਤ ਦੇ ਸਾਬਕਾ ਚੀਫ ਜਸਟਿਸ ਕੇ.ਜੀ. ਬਾਲਾਕ੍ਰਿਸ਼ਨ ਨੇ ਕਿਹਾ ਸੀ ਕਿ 'ਜੇਲ੍ਹਾਂ ਸਜ਼ਾਯਾਫਤਾ ਕੈਦੀਆਂ ਲਈ ਹਨ ਨਾ ਕਿ ਵਿਚਾਰ ਅਧੀਨ ਕੈਦੀਆਂ ਲਈ', ਫਿਰ ਵੀ ਬਿਨਾ ਵਜ੍ਹਾ ਇਨ੍ਹਾਂ ਕੈਦੀਆਂ ਨੂੰ ਜੇਲ੍ਹਾਂ ਵਿਚ ਰੱਖਿਆ ਹੋਇਆ ਹੈ।

ਕੌਮੀ ਜੁਰਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਿਕ ਜੇਲ੍ਹਾਂ ਵਿਚ ਬੰਦ ਕੁੱਲ ਕੈਦੀਆਂ ਵਿਚੋਂ ਜੇ ਘੱਟਗਿਣਤੀ ਭਾਈਚਾਰਿਆਂ ਨਾਲ ਸਬੰਧਿਤ ਕੈਦੀਆਂ ਦੀ ਫੀਸਦ ਦੇਖਣੀ ਹੋਵੇ ਤਾਂ ਇਹ ਆਬਾਦੀ ਵਿਚ ਹਿੱਸੇਦਾਰੀ ਤੋਂ ਜਿਆਦਾ ਹੈ। 31 ਦਸੰਬਰ 2020 ਦੇ ਅੰਕੜਿਆਂ ਅਨੁਸਾਰ ਜੇਲ੍ਹਾਂ ਵਿਚ ਮੁਸਲਮਾਨ ਭਾਈਚਾਰੇ ਨਾਲ ਸਬੰਧਿਤ 19.5 ਫੀਸਦ ਕੈਦੀ ਵਿਚਾਰ ਅਧੀਨ ਸਨ ਜਦਕਿ 2011 ਦੀ ਜਨਗਣਨਾ ਅਨੁਸਾਰ ਮੁਸਲਮਾਨ ਭਾਈਚਾਰੇ ਦੀ ਆਬਾਦੀ 14.2 ਫੀਸਦ ਹੈ। ਇਸੇ ਦਿਨ ਤੱਕ ਭਾਰਤੀ ਜੇਲ੍ਹਾਂ ਵਿਚ 3.5 ਫੀਸਦ ਸਿੱਖ ਕੈਦੀ ਵਿਚਾਰ ਅਧੀਨ ਸਨ ਜਦਕਿ 2011 ਦੀ ਜਨਗਣਨਾ ਅਨੁਸਾਰ ਭਾਰਤ ਵਿਚ ਸਿੱਖਾਂ ਦੀ ਅਬਾਦੀ 1.72 ਫੀਸਦ ਹੈ। ਇਸੇ ਤਰ੍ਹਾਂ ਦੇ ਅੰਕੜੇ ਦਲਿਤ ਭਾਈਚਾਰੇ ਨਾਲ ਸਬੰਧਿਤ ਹਨ।

ਸੋ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਤਾਂ ਜ਼ੋਰ ਸ਼ੋਰ ਨਾਲ ਉਠਾਉਣਾ ਹੀ ਚਾਹੀਦਾ ਹੈ ਪਰ ਨਾਲ-ਨਾਲ ਸਜ਼ਾ ਪੂਰੀ ਕਰ ਚੁੱਕੇ ਸਮੂਹ ਕੈਦੀਆਂ ਦੀ ਰਿਹਾਈ ਦੀ ਮੰਗ ਨਾਲ ਇਸ ਮਸਲੇ ਨੂੰ ਵਿਸ਼ਾਲ ਰੂਪ ਦੇਣਾ ਚਾਹੀਦਾ ਹੈ ਕਿਉਂਕਿ ਭਾਰਤੀ ਸਟੇਟ ਆਮ ਲੋਕਾਂ ਖਾਸ ਕਰ ਕੇ ਗਰੀਬਾਂ, ਦਲਿਤਾਂ, ਘੱਟ-ਗਿਣਤੀਆਂ, ਕੌਮੀਅਤਾਂ ਅਤੇ ਇਨਕਲਾਬੀਆਂ ਨੂੰ ਰਾਜਤੰਤਰ ਰਾਹੀਂ ਬੇਰਹਿਮੀ ਨਾਲ ਕੁਚਲਣ ਵਾਲੇ ਮੁਲਕਾਂ ਵਿਚੋਂ ਮੋਹਰੀ ਮੁਲਕ ਵਜੋਂ ਜਾਣਿਆ ਜਾਂਦਾ ਹੈ ਜਿੱਥੇ ਨਾ ਸਿਰਫ ਬੇਕਸੂਰ ਲੋਕ ਜੇਲ੍ਹਾਂ ਵਿਚ ਸਜ਼ਾ ਭੁਗਤ ਰਹੇ ਹਨ ਸਗੋਂ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨ ਦੀ ਥਾਂ ਸਾਲਾਂ ਬੱਧੀ ਜੇਲ੍ਹਾਂ ਵਿਚ ਡੱਕ ਕੇ ਮਾਨਸਿਕ, ਸਮਾਜਿਕ, ਸਰੀਰਕ ਅਤੇ ਆਰਥਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

# ਹਿੰਡਨਬਰਗ ਰਿਪੋਰਟ ਅਤੇ ਅਡਾਨੀ ਬਾਰੇ ਡਟ ਕੇ ਲਿਖਣ ਵਾਲੇ ਪੱਤਰਕਾਰ ਠਾਕੁਰਤਾ ਨੇ ਚੁੱਪ ਤੋੜੀ

**ਅਹਿਮਦਾਬਾਦ ਦੀ ਇਕ ਅਦਾਲਤ ਵੱਲੋਂ ਉੱਘੇ ਪੱਤਰਕਾਰ ਪਰੰਜੋਏ ਗੁਹਾ ਠਾਕੁਰਤਾ ਨੂੰ ਹੁਕਮ ਸੁਣਾਇਆ ਗਿਆ ਸੀ ਕਿ ਉਹ ਕੁਝ ਵੀ ਐਸਾ ਬੋਲੇਗਾ ਜਾਂ ਲਿਖੇਗਾ ਨਹੀਂ ਜੋ ਅਡਾਨੀ ਸਮੂਹ ਦੇ ਹਿਤਾਂ ਦੇ ਵਿਰੁੱਧ ਜਾ ਸਕਦਾ ਹੋਵੇ। ਅਦਾਲਤ ਦੁਆਰਾ ਇਉਂ ਜ਼ਬਾਨਬੰਦੀ ਦਾ ਫਰਮਾਨ ਸੁਣਾਉਣ ਤੋਂ ਢਾਈ ਸਾਲ ਬਾਅਦ ਪਰੰਜੋਏ ਗੁਹਾ ਠਾਕੁਰਤਾ ਨੇ ਆਪਣੀ ਚੁੱਪ ਤੋੜੀ ਹੈ। ਹਿੰਡਨਬਰਗ ਰਿਸਰਚ ਰਿਪੋਰਟ ਜਿਸ ਨਾਲ ਅਡਾਨੀ ਸਮੂਹ ਦੇ ਸ਼ੇਅਰਾਂ ਦੀਆਂ ਕੀਮਤਾਂ ਵਿਚ ਭੂਚਾਲ ਆ ਗਿਆ ਅਤੇ ਜਿਸ ਨੇ ਕਾਰਪੋਰੇਟ ਗਵਰਨੈਂਸ ਵਿਚ ਭਾਰਤੀ ਇਮਾਨਦਾਰੀ ਦਾ ਪਾਜ ਕੌਮਾਂਤਰੀ ਪੱਧਰ 'ਤੇ ਉਘੇੜ ਦਿੱਤਾ, ਵਿਚ ਪਰੰਜੋਏ ਗੁਹਾ ਠਾਕੁਰਤਾ ਦਾ ਪ੍ਰਮੁੱਖਤਾ ਨਾਲ ਜ਼ਿਕਰ ਕੀਤਾ ਗਿਆ ਹੈ। ਇਥੇ ਅਸੀਂ 'ਦਿ ਟੈਲੀਗ੍ਰਾਫ' ਦੀ ਪਰੰਜੋਏ ਗੁਹਾ ਠਾਕੁਰਤਾ ਨਾਲ ਹੋਈ ਗੱਲਬਾਤ ਦੇ ਅੰਸ਼ ਪੇਸ਼ ਕਰ ਰਹੇ ਹਾਂ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।**





ਪੱਤਰਕਾਰ ਪਰੰਜੋਏ ਗੁਹਾ ਠਾਕੁਰਤਾ ਅਤੇ (ਸੱਜੇ) ਵਿਵਾਦਾਂ ਵਿਚ ਘਿਰਿਆ ਕਾਰੋਬਾਰੀ ਗੌਤਮ ਅਡਾਨੀ।

**ਖਾਸ ਮੁਲਾਕਾਤ**

**ਸਵਾਲ:** ਅਡਾਨੀ ਸਮੂਹ ਵਿਚ ਤੁਹਾਡੀ ਦਿਲਚਸਪੀ ਕਿਸ ਚੀਜ਼ ਨੇ ਪੈਦਾ ਕੀਤੀ?

**ਪਰੰਜੋਏ ਗੁਹਾ ਠਾਕੁਰਤਾ:** ਮੈਂ ਅਡਾਨੀ ਸਮੂਹ ਬਾਰੇ ਲਿਖਣਾ ਸ਼ੁਰੂ ਕੀਤਾ ਕਿਉਂਕਿ ਮੈਂ ਕਾਰਪੋਰੇਟ ਸੈਕਟਰ, ਅਰਥ-ਵਿਵਸਥਾ ਬਾਰੇ ਲਿਖਦਾ ਹਾਂ - ਬਤੌਰ ਪੱਤਰਕਾਰ ਮੇਰੀ ਦਿਲਚਸਪੀ ਦਾ ਖੇਤਰ ਸਿਆਸੀ ਆਰਥਿਕਤਾ ਹੈ। ਮੈਂ 45 ਸਾਲਾਂ ਤੋਂ ਪੱਤਰਕਾਰ ਹਾਂ ਅਤੇ ਹੁਣ ਮੈਂ 67 ਸਾਲਾਂ ਦਾ ਹਾਂ। ਅਡਾਨੀ ਸਮੂਹ ਦਾ ਉਭਾਰ ਸੱਚਮੁੱਚ ਅਸਾਧਾਰਨ ਰਿਹਾ ਹੈ। 20 ਸਾਲ ਪਹਿਲਾਂ ਅਡਾਨੀ ਗਰੁੱਪ ਬਾਰੇ ਬਹੁਤ ਘੱਟ ਲੋਕ ਜਾਣਦੇ ਸਨ। 10 ਦਿਨ ਪਹਿਲਾਂ ਤੱਕ ਉਹ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਆਦਮੀ ਅਤੇ ਏਸ਼ੀਆ ਦਾ ਸਭ ਤੋਂ ਅਮੀਰ ਆਦਮੀ ਸੀ। ਹੁਣ, ਉਸ ਦੀਆਂ ਸੂਚੀਬੱਧ ਕੰਪਨੀਆਂ ਦੇ ਸ਼ੇਅਰ ਲੁੜਕਣ ਤੋਂ ਬਾਅਦ ਉਹ ਉਸ ਮੁਕਾਮ ਤੋਂ ਹੇਠਾਂ ਆ ਡਿਗਿਆ ਹੈ। ਲਿਹਾਜ਼ਾ, ਜੇਕਰ ਅਡਾਨੀ ਸਮੂਹ ਦਾ ਉਭਾਰ ਹੈਰਾਨੀਜਨਕ ਰਿਹਾ ਹੈ ਤਾਂ ਇਸ ਦਾ ਪਤਨ ਤਾਂ ਹੋਰ ਵੀ ਹੈਰਾਨੀਜਨਕ ਰਿਹਾ ਹੈ। 24 ਜਨਵਰੀ ਨੂੰ

**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਹਿੰਡਨਬਰਗ ਰਿਸਰਚ ਰਿਪੋਰਟ ਦੇ ਖ਼ੁਲਾਸੇ ਹੋਣ ਤੋਂ ਪਹਿਲਾਂ ਮੇਰੇ ਸਮੇਤ ਸਾਡੇ ਵਿਚੋਂ ਬਹੁਤ ਘੱਟ ਲੋਕਾਂ ਨੇ ਕਦੇ ਕਲਪਨਾ ਕੀਤੀ ਹੋਵੇਗੀ ਕਿ ਅਡਾਨੀ ਸਮੂਹ ਦਾ ਵਾਧਾ ਜਾਰੀ ਨਹੀਂ ਰਹੇਗਾ।

**ਸਵਾਲ:** ਅਡਾਨੀ ਸਮੂਹ ਦਾ ਹੋਰ ਬਹੁਤ ਸਾਰੇ ਭਾਰਤੀ ਕਾਰਪੋਰੇਟਾਂ ਤੋਂ ਵੱਖਰਾ ਕੀ ਹੈ?

**ਪਰੰਜੋਏ ਗੁਹਾ ਠਾਕੁਰਤਾ:** ਜੋ ਦਰਅਸਲ ਅਸਾਧਾਰਨ ਹੈ, ਉਹ ਹੈ ਅਡਾਨੀ ਸਮੂਹ ਦਾ ਭਾਰਤੀ ਅਰਥਚਾਰੇ ਦੇ ਬਹੁਤ ਸਾਰੇ ਖੇਤਰਾਂ ਅਤੇ ਹਿੱਸਿਆਂ 'ਤੇ ਦਬਦਬਾ ਬਣਾਉਣ ਦਾ ਤਰੀਕਾ। ਇਹ ਭਾਰਤ ਵਿਚ ਸਭ ਤੋਂ ਵੱਡਾ ਵਪਾਰਕ ਬੰਦਰਗਾਹ ਅਪਰੇਟਰ ਹੈ। ਇਹ ਭਾਰਤ ਦੇ ਪੱਛਮੀ ਅਤੇ ਪੂਰਬੀ ਤੱਟ ਦੇ ਨਾਲ ਇਕ ਦਰਜਨ ਬੰਦਰਗਾਹਾਂ ਦਾ ਸੰਚਾਲਨ ਕਰਦਾ ਹੈ। ਕੌਮਾਂਤਰੀ ਪੱਧਰ 'ਤੇ ਇਸ ਕੋਲ ਇਜ਼ਰਾਈਲ ਵਿਚ ਹਾਇਫ਼ਾ ਬੰਦਰਗਾਹ ਅਤੇ ਆਸਟਰੇਲੀਆ ਵਿਚ ਐਬੋਟ ਪੁਆਇੰਟ ਬੰਦਰਗਾਹ ਹੈ।

ਅਡਾਨੀ ਨਿੱਜੀ ਖੇਤਰ ਦੇ ਸਭ ਤੋਂ ਵੱਡੇ ਏਅਰਪੋਰਟ ਅਪਰੇਟਰਾਂ ਵਿਚੋਂ ਇਕ ਹੈ, ਇਹ ਸੀ.ਆਈ.ਐੱਲ. (ਕੋਲ ਇੰਡੀਆ ਲਿਮਟਿਡ) ਤੋਂ ਬਾਅਦ ਕੋਲਾ ਖਾਣਾਂ ਦਾ ਦੂਜਾ ਸਭ ਤੋਂ ਵੱਡਾ ਅਪਰੇਟਰ ਹੈ; ਇੰਡੋਨੇਸ਼ੀਆ ਅਤੇ ਆਸਟਰੇਲੀਆ ਵਿਚ ਇਸ ਦੀਆਂ ਖਾਣਾਂ ਹਨ। ਇਹ ਭਾਰਤ ਲਈ ਕੋਲੇ ਦਾ ਸਭ ਤੋਂ ਵੱਡਾ ਆਯਾਤ ਕਰਤਾ ਹੈ, ਇਹ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ ਤੋਂ ਬਾਅਦ ਕੋਲੇ ਤੋਂ ਬਿਜਲੀ ਬਣਾਉਣ ਵਾਲਾ ਦੂਜਾ ਸਭ ਤੋਂ ਵੱਡਾ ਉਤਪਾਦਨ ਕਰਤਾ ਹੈ।... 15 ਸਾਲ ਪਹਿਲਾਂ ਅਡਾਨੀ ਸਮੂਹ ਕੱਟ ਕੇ ਪਾਲਿਸ਼ ਕੀਤੇ ਹੀਰਿਆਂ ਦਾ ਸਭ ਤੋਂ ਵੱਡਾ ਕਾਰੋਬਾਰੀ ਵੀ ਹੁੰਦਾ ਸੀ - ਇਸ ਖੇਤਰ ਦੇ ਹਿਤ ਇਸ ਨੇ ਜਤਿਨ ਮਹਿਤਾ ਦੇ ਵਿੰਸਮ ਡਾਇਮੰਡਜ਼ ਸਮੇਤ ਹੋਰ ਕਾਰੋਬਾਰੀਆਂ ਦੇ ਹਵਾਲੇ ਕਰ ਦਿੱਤੇ ਜੋ ਵਿਨੋਦ ਅਡਾਨੀ ਦੀ ਧੀ (ਵਿਨੋਦ ਗੌਤਮ ਅਡਾਨੀ ਦਾ ਭਰਾ ਹੈ) ਦਾ ਸਹੁਰਾ, ਯਾਨੀ ਉਸ ਦਾ ਕੁੜਮ ਹੈ। ਜਤਿਨ ਮਹਿਤਾ ਇਸ ਸਮੇਂ ਮੁਲਕ ਤੋਂ ਬਾਹਰ ਹੈ। ਵਿੰਸਮ ਡਾਇਮੰਡਜ਼ ਬੈਂਕਾਂ ਦੇ ਡੁੱਬੇ ਹੋਏ ਕਰਜ਼ਿਆਂ ਦੇ ਮਾਮਲੇ 'ਚ ਸਭ ਤੋਂ ਵੱਡੇ ਕਰਜ਼ਾਈਆਂ 'ਚੋਂ ਹੈ।

**ਸਵਾਲ:** ਤੁਸੀਂ ਅਡਾਨੀ ਗਰੁੱਪ ਬਾਰੇ ਪਹਿਲੀ ਵਾਰ ਕਦੋਂ ਲਿਖਿਆ?

**ਪਰੰਜੋਏ ਗੁਹਾ ਠਾਕੁਰਤਾ:** 2015 ਵਿਚ ਮੇਰਾ ਲੇਖ ਉਸ ਸਮੱਗਰੀ ਦਾ ਸੰਗ੍ਰਹਿ ਸੀ ਜੋ ਪਹਿਲਾਂ ਹੀ ਜਨਤਕ ਖੇਤਰ ਵਿਚ ਸਨ। ਪਹਿਲਾ ਲੇਖ ਜਿਸ ਨੂੰ ਕੋਈ ਨਿਵੇਕਲਾ ਕਹਿ ਸਕਦਾ ਹੈ, ਉਹ ਅਪਰੈਲ 2016 ਵਿਚ ਛਪਿਆ ਜਦੋਂ ਮੈਂ ਇਕਨਾਮਿਕ ਐਂਡ ਪੋਲੀਟੀਕਲ ਵੀਕਲੀ (ਈ.ਪੀ.ਡਬਲਿਊ.) ਦਾ ਸੰਪਾਦਕ ਸੀ। ਮੈਂ ਈ.ਪੀ.ਡਬਲਿਊ. ਵਿਚ ਕਈ ਲੇਖ ਲਿਖੇ ਜਿਸ ਵਿਚ ਇਸ ਗਰੁੱਪ ਉੱਪਰ ਕੱਟ ਕੇ ਪਾਲਿਸ਼ ਕੀਤੇ ਹੀਰਿਆਂ ਦੇ ਕਾਰੋਬਾਰ ਦੇ ਲਾਭਾਂ ਦੀ ਦੁਰਵਰਤੋਂ, ਪਾਵਰ ਦੀ ਕੀਮਤ ਦੇ ਦੋਸ਼ ਸ਼ਾਮਲ ਹਨ। ਮੈਂ ਜੋ ਆਖ਼ਰੀ ਲੇਖ ਈ.ਪੀ.ਡਬਲਿਊ. ਲਈ ਜੂਨ 2017 ਵਿਚ ਲਿਖਿਆ, ਉਹ ਐੱਸ.ਈ.ਜ਼ੈੱਡ. (ਵਿਸ਼ੇਸ਼ ਆਰਥਕ ਖੇਤਰਾਂ) ਵਿਚ ਬਿਜਲੀ ਪ੍ਰੋਜੈਕਟਾਂ ਨਾਲ ਸੰਬੰਧਿਤ ਨਿਯਮਾਂ ਵਿਚ ਫੇਰ-ਬਦਲ ਨਾਲ ਸੰਬੰਧਿਤ ਸੀ... ਇਸ ਵਿਚ ਇਸ ਬਾਰੇ ਵੀ ਗੱਲ ਕੀਤੀ ਗਈ ਸੀ ਕਿ ਕਿਵੇਂ ਸਰਕਾਰ - ਵਿੱਤ ਮੰਤਰਾਲਾ ਅਤੇ ਵਣਜ ਮੰਤਰਾਲਾ - 500 ਕਰੋੜ ਰੁਪਏ ਤੋਂ ਵੱਧ ਦੀ ਕਸਟਮ ਡਿਊਟੀ ਵਾਪਸ ਦੇਣ ਲਈ ਅਰਜ਼ੀ 'ਤੇ ਕਾਰਵਾਈ ਕਰ ਰਹੇ ਸਨ, ਇਹ ਜਾਂਚ ਕੀਤੇ ਬਿਨਾ ਕਿ ਡਿਊਟੀ ਦਾ ਭੁਗਤਾਨ ਕੀਤਾ ਗਿਆ ਹੈ ਜਾਂ ਨਹੀਂ। ਮਾਮਲਾ ਸੰਸਦ ਤੱਕ ਪਹੁੰਚ ਗਿਆ।

**ਸਵਾਲ:** ਤੁਸੀਂ ਇਸ ਤੋਂ ਥੋੜ੍ਹੀ ਦੇਰ ਬਾਅਦ ਈ.ਪੀ.ਡਬਲਿਊ. ਤੋਂ ਅਸਤੀਫ਼ਾ ਦੇ ਦਿੱਤਾ ਸੀ?

**ਪਰੰਜੋਏ ਗੁਹਾ ਠਾਕੁਰਤਾ:** ਜਿਵੇਂ ਤੁਸੀਂ ਜਾਣਦੇ ਹੋ, ਮੈਂ ਜੁਲਾਈ 2017 ਵਿਚ ਅਸਤੀਫ਼ਾ ਦੇ ਦਿੱਤਾ ਸੀ ਜਦੋਂ ਈ.ਪੀ.ਡਬਲਿਊ. ਦੇ ਟਰੱਸਟੀ ਬੋਰਡ ਨੇ ਕਿਹਾ ਕਿ ਮੈਨੂੰ ਆਪਣੇ ਨਾਮ 'ਤੇ ਲੇਖ ਨਹੀਂ ਲਿਖਣੇ ਚਾਹੀਦੇ ਕਿਉਂਕਿ ਮੈਥੋਂ ਪਹਿਲੇ ਸੰਪਾਦਕ ਇਹੀ ਕਰਦੇ ਰਹੇ ਸਨ। ਮੈਨੂੰ ਦੱਸਿਆ ਗਿਆ ਕਿ ਉਹ ਮੇਰੇ ਨਾਲ ਸਹਿ-ਸੰਪਾਦਕ ਲਗਾਉਣ ਬਾਰੇ ਸੋਚ ਰਹੇ ਹਨ; ਕਿ ਮੈਂ ਵੱਕਾਰੀ ਪ੍ਰਕਾਸ਼ਨ ਦੇ ਚਰਿੱਤਰ ਨੂੰ ਤਹਿਸ-ਨਹਿਸ ਕਰ ਦਿੱਤਾ ਹੈ ਜੋ ਸੰਸਥਾ ਵਾਂਗ ਹੈ। ਮੈਨੂੰ ਦੱਸਿਆ ਗਿਆ ਕਿ ਮੈਂ ਪ੍ਰਕਾਸ਼ਕ, ਪ੍ਰਿੰਟਰ, ਲੇਖਕ ਅਤੇ ਲੇਖ ਦੇ ਸੰਪਾਦਕ ਨੂੰ ਭੇਜੇ ਗਏ ਕਾਨੂੰਨੀ ਨੋਟਿਸ ਦਾ ਜਵਾਬ ਦੇਣ ਲਈ ਵਕੀਲ ਦੀਆਂ ਸੇਵਾਵਾਂ ਬਿਨਾ ਫ਼ੀਸ ਦਿੱਤੇ ਲੈ ਕੇ ਗੰਭੀਰ ਗੈਰ-ਵਾਜਿਬ ਕੰਮ ਕੀਤਾ ਹੈ; ਤੇ ਆਖ਼ਰਕਾਰ ਮੈਨੂੰ ਵੈੱਬਸਾਈਟ ਤੋਂ ਲੇਖ ਹਟਾ ਦੇਣ ਅਤੇ ਲੇਖ ਨੂੰ ਹਟਾਏ ਜਾਣ ਤੱਕ ਕਮਰੇ ਤੋਂ ਬਾਹਰ ਨਾ ਜਾਣ ਲਈ ਕਿਹਾ ਗਿਆ। ਮੈਂ ਆਪਣੇ ਇਕ ਸਾਥੀ ਨੂੰ ਬੁਲਾਇਆ, ਲੇਖ ਹਟਾ ਦਿੱਤਾ, ਕਾਗਜ਼ ਲਿਆ ਅਤੇ ਆਪਣਾ ਅਸਤੀਫ਼ਾ ਲਿਖ ਦਿੱਤਾ।

**ਸਵਾਲ:** ਪਰ ਕੀ ਤੁਸੀਂ ਅਡਾਨੀ ਸਮੂਹ ਬਾਰੇ ਲਿਖਣਾ ਜਾਰੀ ਰੱਖਿਆ?

**ਪਰੰਜੋਏ ਗੁਹਾ ਠਾਕੁਰਤਾ:** ਈ.ਪੀ.ਡਬਲਿਊ. ਵੱਲੋਂ ਹਟਾਇਆ ਗਿਆ ਲੇਖ 'ਦਿ ਵਾਇਰ' (ਨਿਊਜ਼ ਪੋਰਟਲ) ਵੱਲੋਂ ਪ੍ਰਕਾਸ਼ਤ ਕੀਤਾ ਗਿਆ। ਪ੍ਰੋਫੈਸਰ ਅਮਰਤਿਆ ਸੇਨ ਅਤੇ ਉੱਘੇ ਵਿਦਵਾਨ ਨੌਮ ਚੌਮਸਕੀ ਸਮੇਤ ਕਈ ਲੋਕ ਮੇਰੀ ਹਮਾਇਤ 'ਚ ਅੱਗੇ ਆਏ। ਇਸ ਤੋਂ ਬਾਅਦ ਅਡਾਨੀ ਗਰੁੱਪ ਬਾਰੇ ਮੇਰੇ ਲੇਖ ਵੱਡੇ ਪੱਧਰ 'ਤੇ ਹੋਰ ਪ੍ਰਕਾਸਨਾਵਾਂ, ਖ਼ਾਸ ਤੌਰ 'ਤੇ ਨਿਊਜ਼ਕਲਿੱਕ ਵਿਚ ਛਪੇ। ਮਈ 2018 ਵਿਚ ਮੈਂ ਨਿਊਜ਼ਕਲਿੱਕ ਦਾ ਸਲਾਹਕਾਰ ਬਣਿਆ।

**ਸਵਾਲ:** ਕੀ ਤੁਹਾਡੇ ਵਿਰੁੱਧ ਆਪਣਾ ਮੂੰਹ ਬੰਦ ਰੱਖਣ ਦਾ ਕੋਈ ਅਦਾਲਤੀ ਹੁਕਮ ਨਹੀਂ ਹੈ?

**ਪਰੰਜੋਏ ਗੁਹਾ ਠਾਕੁਰਤਾ:** ਮੈਂ ਭਾਰਤ ਦਾ ਇਕਲੌਤਾ ਨਾਗਰਿਕ ਹਾਂ ਜਿਸ ਦੇ ਖ਼ਿਲਾਫ਼ ਗੌਤਮ ਅਡਾਨੀ ਦੀ ਅਗਵਾਈ ਵਾਲੀਆਂ ਕੰਪਨੀਆਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਮਾਣਹਾਨੀ ਦੇ ਛੇ ਕੇਸ ਕੀਤੇ ਹੋਏ ਹਨ ਜੋ ਅਜੇ ਵੀ ਅਦਾਲਤਾਂ 'ਚ ਚੱਲ ਰਹੇ ਹਨ। ਦੋ ਕੇਸ ਗੁਜਰਾਤ ਦੇ ਮੁੰਦਰਾ ਵਿਖੇ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਦੇ ਸਾਹਮਣੇ, ਦੋ ਅਹਿਮਦਾਬਾਦ, ਗੁਜਰਾਤ ਦੀਆਂ ਅਦਾਲਤਾਂ ਵਿਚ, ਇਕ ਰਾਜਸਥਾਨ ਦੇ ਬਾਰਨ ਜ਼ਿਲ੍ਹੇ ਵਿਚ ਅਤੇ ਇਕ ਦਿੱਲੀ ਵਿਚ ਦਾਇਰ ਹਨ।

ਸਤੰਬਰ 2020 'ਚ ਅਹਿਮਦਾਬਾਦ ਦੀਆਂ ਅਦਾਲਤਾਂ ਨੇ ਮੇਰੇ, ਮੇਰੇ ਸਹਿ-ਲੇਖਕ ਅਬੀਰ ਦਾਸਗੁਪਤਾ ਅਤੇ ਪ੍ਰਬੀਰ ਪੁਰਕਾਯਸਥ ਦੀ ਅਗਵਾਈ ਵਾਲੇ ਨਿਊਜ਼ਕਲਿੱਕ ਵਿਰੁੱਧ ਮੂੰਹ ਨਾ ਖੋਲ੍ਹਣ ਦਾ ਹੁਕਮ ਜਾਰੀ ਕੀਤਾ ਕਿ ਅਸੀਂ ਐਸੀ ਕੋਈ ਗੱਲ ਬੋਲ, ਕਹਿ ਜਾਂ ਲਿਖ ਨਹੀਂ ਸਕਦੇ ਜੋ ਗੌਤਮ ਅਡਾਨੀ ਅਤੇ ਉਸ ਦੇ ਸਮੂਹ ਦੇ ਹਿੱਤਾਂ ਦੇ ਵਿਰੁੱਧ ਜਾਂਦੀ ਹੋਵੇ।

ਇਕ ਲੇਖ ਐਸਾ ਸੀ ਜਿਸ ਨੂੰ ਮਾਣਹਾਨੀ ਤਾਂ ਮੰਨਿਆ ਗਿਆ ਪਰ ਲੇਖ ਦੀ ਸਮੱਗਰੀ ਨੂੰ ਚੁਣੌਤੀ ਨਹੀਂ ਦਿੱਤੀ ਗਈ। ਸਿਰਲੇਖ ਨੂੰ ਮਾਣਹਾਨੀ ਮੰਨਿਆ ਗਿਆ ਸੀ... ਇਹ ਤਿੰਨ ਲੇਖਾਂ ਦੀ ਲੜੀ ਵਿਚੋਂ ਆਖ਼ਰੀ ਸੀ। ਮੇਰੇ, ਮੇਰੇ ਸਾਥੀਆਂ ਅਤੇ ਨਿਊਜ਼ਕਲਿੱਕ ਉੱਪਰ ਦੋਸ਼ ਇਹ ਸੀ ਕਿ ਅਸੀਂ ਅਵਾਮ ਦੀਆਂ ਨਜ਼ਰਾਂ 'ਚ ਨਿਆਂਪਾਲਿਕਾ ਦਾ ਮਾਣ ਘਟਾਇਆ ਹੈ। ਇਹ ਕੇਸ ਫ਼ਿਲਹਾਲ ਵਿਚਾਰ ਅਧੀਨ ਹੈ ਅਤੇ ਮੈਂ ਇਸ ਬਾਰੇ ਹੋਰ ਕੁਝ ਨਹੀਂ ਕਹਿ ਸਕਦਾ। ਹਾਲ ਹੀ ਵਿਚ ਰਾਜਸਥਾਨ ਵਾਲੇ ਕੇਸ ਵਿਚ ਸਾਡੇ ਵਿਚੋਂ ਕਈ ਜਣੇ ਬਾਰਨ ਜ਼ਿਲ੍ਹੇ ਦੇ ਗ੍ਰਾਮੀਣ ਨਿਆਲਿਆ ਵਿਚ ਮੈਜਿਸਟਰੇਟ ਦੇ ਸਾਹਮਣੇ ਜ਼ਮਾਨਤ ਬਾਂਡ ਅਤੇ ਜ਼ਮਾਨਤੀ ਬਾਂਡਾਂ ਲਈ ਜ਼ਮਾਨਤਾਂ ਦੇਣ ਲਈ ਪੇਸ਼ ਹੋਏ।

ਜੋ ਲੇਖ ਈ.ਪੀ.ਡਬਲਿਊ. ਵੱਲੋਂ ਹਟਾ ਦਿੱਤਾ ਗਿਆ ਸੀ, ਉਸ ਨੂੰ ਅਡਾਨੀ ਸਮੂਹ ਵੱਲੋਂ ਇਹ ਕਹਿੰਦੇ ਹੋਏ ਚੁਣੌਤੀ ਦਿੱਤੀ ਗਈ ਕਿ ਇਹ ਮਾਣਹਾਨੀ ਕਰਨ ਵਾਲਾ ਸੀ। 'ਦਿ ਵਾਇਰ' ਨੂੰ ਚਲਾਉਣ ਵਾਲੀਆਂ ਸੰਸਥਾਵਾਂ, ਮੇਰੇ ਸਹਿ-ਲੇਖਕਾਂ ਅਤੇ ਮੇਰੇ ਵਿਰੁੱਧ ਭੁਜ (ਗੁਜਰਾਤ) ਦੀ ਸਿਵਲ ਅਦਾਲਤ ਅਤੇ ਮੁੰਦਰਾ ਦੀ ਫ਼ੌਜਦਾਰੀ ਅਦਾਲਤ ਵਿਚ ਦਰਜ ਕਰਾਏ ਗਏ ਸਨ ਪਰ ਹੁਣ ਇਹ ਦੋਵੇਂ ਕੇਸ ਮੁੰਦਰਾ ਵਿਚ ਹਨ।

**ਸਵਾਲ:** ਕੀ ਤੁਹਾਨੂੰ ਗ੍ਰਿਫ਼ਤਾਰ ਕਰਨ ਦੀ ਕੋਈ ਕੋਸ਼ਿਸ਼ ਕੀਤੀ ਗਈ ਸੀ, ਜਿਵੇਂ ਹਿੰਡਨਬਰਗ ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ? ਕੀ ਤੁਹਾਨੂੰ ਜੇਲ੍ਹ ਵਿਚ ਬੰਦ ਕੀਤਾ ਗਿਆ ਸੀ?

**ਪਰੰਜੋਏ ਗੁਹਾ ਠਾਕੁਰਤਾ:** ਜਨਵਰੀ 2021 ਵਿਚ ਜਦੋਂ ਮਹਾਮਾਰੀ ਚੱਲ ਰਹੀ ਸੀ, ਮੁੰਦਰਾ ਵਿਚ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਦੁਆਰਾ ਮੇਰੇ ਵਿਰੁੱਧ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਗਿਆ ਸੀ। ਮੇਰੇ ਵਕੀਲ ਨੇ ਦਲੀਲ ਦਿੱਤੀ ਕਿ ਇਹ ਗ਼ੈਰ-ਜ਼ਮਾਨਤੀ ਵਾਰੰਟ ਕਾਨੂੰਨ ਦੇ ਹਿਸਾਬ ਨਾਲ ਠੀਕ ਨਹੀਂ ਹੈ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਫ਼ੈਸਲਿਆਂ ਦਾ ਹਵਾਲਾ ਦਿੱਤਾ ਜਿੱਥੇ ਇਹ ਲਿਖਿਆ ਗਿਆ ਸੀ ਕਿ ਜੇਕਰ ਕੋਈ ਵਿਅਕਤੀ ਅਦਾਲਤ ਵਿਚ ਪੇਸ਼ ਹੋਣ ਵਿਚ ਅਸਫ਼ਲ ਰਹਿੰਦਾ ਹੈ ਤਾਂ ਤੁਸੀਂ ਜ਼ਮਾਨਤੀ ਵਾਰੰਟ ਜਾਰੀ ਕਰ ਸਕਦੇ ਹੋ। ਜੇਕਰ ਉਹ ਫਿਰ ਵੀ ਪੇਸ਼ ਨਹੀਂ ਹੁੰਦਾ ਹੈ ਤਾਂ ਅਦਾਲਤ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰ ਸਕਦੀ ਹੈ। ਇਹ ਮਾਮਲਾ ਈ.ਪੀ.ਡਬਲਿਊ. ਤੋਂ ਹਟਾਏ ਗਏ ਲੇਖ ਨਾਲ ਸੰਬੰਧਿਤ ਹੈ ਅਤੇ ਜਿਸ ਨੂੰ ਬਾਅਦ ਵਿਚ 'ਦਿ ਵਾਇਰ' ਦੁਆਰਾ ਪ੍ਰਕਾਸ਼ਿਤ ਕੀਤਾ ਗਿਆ।

ਮਈ 2019 ਵਿਚ ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨੇ ਜਾਣ ਤੋਂ ਪਹਿਲਾਂ ਅਡਾਨੀ ਗਰੁੱਪ ਨੇ ਹੋਰ ਸਾਰਿਆਂ - 'ਦਿ ਵਾਇਰ', ਮੇਰੇ ਤਿੰਨ ਸਹਿ-ਲੇਖਕਾਂ - ਵਿਰੁੱਧ ਕੇਸ ਵਾਪਸ ਲੈ ਲਏ ਪਰ ਮੈਂ ਇਕੱਲਾ ਵਿਅਕਤੀ ਹਾਂ ਜਿਸ ਦੇ ਖ਼ਿਲਾਫ਼ ਕੇਸ ਚੱਲ ਰਹੇ ਹੈ। ਤੁਹਾਡੇ ਸਵਾਲ ਦਾ ਜਵਾਬ ਇਹ ਹੈ ਕਿ ਮੈਨੂੰ ਕਦੇ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

**ਸਵਾਲ:** ਕੀ ਤੁਸੀਂ ਹਿੰਡਨਬਰਗ ਖੋਜ ਨਾਲ ਸਹਿਯੋਗ ਕੀਤਾ ਸੀ?

**ਪਰੰਜੋਏ ਗੁਹਾ ਠਾਕੁਰਤਾ:** ਰਿਪੋਰਟ ਆਉਣ ਤੋਂ ਪਹਿਲਾਂ ਮੈਂ ਇਸ ਬਾਰੇ ਕਦੇ ਨਹੀਂ ਸੁਣਿਆ; ਹਾਲਾਂਕਿ, ਇਸ ਰਿਪੋਰਟ ਨੂੰ ਜਿਸ ਦੇ 32000 ਸ਼ਬਦ ਹਨ, ਜੇਕਰ ਕਿਤਾਬ ਦੇ ਰੂਪ ਵਿਚ ਛਾਪਿਆ ਜਾਵੇ ਤਾਂ ਇਹ 150 ਪੰਨਿਆਂ ਦੀ ਕਿਤਾਬ ਬਣ ਸਕਦੀ ਹੈ। ਇਸ ਵਿਚ ਮੇਰੇ ਅਤੇ ਅਬੀਰ ਦਾਸਗੁਪਤਾ ਵਰਗੇ ਸੁਤੰਤਰ ਪੱਤਰਕਾਰਾਂ ਦੁਆਰਾ ਕੀਤੇ ਗਏ ਕੰਮ ਦੇ ਕਈ ਹਵਾਲੇ ਦਿੱਤੇ ਗਏ ਹਨ ਜਿਨ੍ਹਾਂ ਨਾਲ ਮੈਂ ਮਿਲ ਕੇ ਕੰਮ ਕੀਤਾ ਪਰ ਉਨ੍ਹਾਂ (ਹਿੰਡਨਬਰਗ) ਨੇ ਜ਼ਰੂਰ ਹੀ ਜਨਤਕ ਖੇਤਰ ਵਿਚ ਮੌਜੂਦ ਸਮੱਗਰੀ ਤੱਕ ਪਹੁੰਚ ਕੀਤੀ ਹੋਵੇਗੀ।

**ਸਵਾਲ:** ਕੀ ਤੁਸੀਂ ਅੱਜ ਹਿੰਡਨਬਰਗ ਰਿਸਰਚ ਰਿਪੋਰਟ ਦੇ ਸਾਹਮਣੇ ਆਉਣ ਤੋਂ ਬਾਅਦ ਇਹ ਮਹਿਸੂਸ ਕਰਦੇ ਹੋ ਕਿ ਤੁਹਾਡੀ ਗੱਲ ਸਹੀ ਸਾਬਤ ਹੋਈ ਹੈ?

**ਪਰੰਜੋਏ ਗੁਹਾ ਠਾਕੁਰਤਾ:** ਹਾਂ, ਮੈਂ ਕਰਦਾ ਹਾਂ।

**ਸਵਾਲ:** ਕੀ ਤੁਸੀਂ ਗੌਤਮ ਅਡਾਨੀ ਨੂੰ ਮਿਲੇ ਹੋ?

**ਪਰੰਜੋਏ ਗੁਹਾ ਠਾਕੁਰਤਾ:** ਮੈਂ ਗੌਤਮ ਅਡਾਨੀ ਨੂੰ ਦੋ ਮੌਕਿਆਂ 'ਤੇ ਮਿਲਿਆ ਸੀ - ਮਈ 2017 'ਚ ਮੁੰਬਈ ਵਿਚ, ਤੇ ਫਿਰ ਫਰਵਰੀ 2021 ਵਿਚ। ਪਿੱਛੇ ਜਿਹੇ ਮੇਰੀ ਉਨ੍ਹਾਂ ਨਾਲ ਟੈਲੀਫ਼ੋਨ ਉੱਪਰ ਲੰਮੀ ਗੱਲਬਾਤ ਹੋਈ ਸੀ ਪਰ ਇਨ੍ਹਾਂ ਵਿਚੋਂ ਹਰ ਇੱਕ ਮੌਕੇ 'ਤੇ ਮੇਰੇ ਨਾਲ ਇਸ ਸ਼ਰਤ 'ਤੇ ਮੁਲਾਕਾਤ ਕੀਤੀ ਗਈ ਕਿ ਇਹ ਰਿਕਾਰਡ ਨਹੀਂ ਕੀਤੀ ਜਾਵੇਗੀ। ਮੈਂ ਉਹ ਗੱਲਬਾਤ ਰਿਕਾਰਡ ਨਹੀਂ ਕੀਤੀ। ਟੈਲੀਫੋਨ ਕਾਲ ਨੂੰ ਛੱਡ ਕੇ ਹਰ ਗੱਲਬਾਤ ਦੌਰਾਨ ਮੇਰੇ ਨਾਲ ਹੋਰ ਲੋਕ ਸਨ।

2017 'ਚ ਇਕ ਸਾਬਕਾ ਸਹਿਯੋਗੀ ਮੇਰੇ ਨਾਲ ਸੀ ਅਤੇ 2021 'ਚ ਗੌਤਮ ਅਡਾਨੀ ਤੇ ਮੇਰੀ ਪਤਨੀ ਸਮੇਤ ਅਸੀਂ ਕਮਰੇ ਵਿਚ ਪੰਜ ਜਣੇ ਸੀ। ਪਹਿਲੀ ਮੀਟਿੰਗ ਲੱਗਭੱਗ ਇਕ ਘੰਟਾ ਚੱਲੀ ਜਦੋਂ ਕਿ ਦੂਜੀ ਇਕ ਘੰਟਾ 55 ਮਿੰਟ ਤੱਕ ਚੱਲੀ। ਫ਼ੋਨ ਕਾਲ ਲੱਗਭੱਗ 15 ਮਿੰਟ ਚੱਲੀ।

**ਸਵਾਲ:** ਕੀ ਗੱਲਬਾਤ ਤੁਸੀਂ ਆਪ ਸ਼ੁਰੂ ਕੀਤੀ ਸੀ?

**ਪਰੰਜੋਏ ਗੁਹਾ ਠਾਕੁਰਤਾ:** ਪਹਿਲੀ ਮੁਲਾਕਾਤ ਮੇਰੇ ਕਹਿਣ 'ਤੇ ਹੋਈ ਸੀ। ਦੂਜੀ ਮੇਰੇ ਵਕੀਲ ਆਨੰਦ ਯਾਗਨਿਕ ਵੱਲੋਂ ਸੀ ਜਿਸ ਨੇ ਇਸ ਉਮੀਦ ਨਾਲ ਮੁਲਾਕਾਤ ਕਰਵਾਈ ਸੀ ਕਿ ਅਦਾਲਤ ਤੋਂ ਬਾਹਰ ਸਮਝੌਤਾ ਹੋ ਸਕਦਾ ਹੈ ਪਰ ਅਜਿਹਾ ਨਹੀਂ ਹੋਇਆ। ਆਖ਼ਰੀ ਫੋਨ ਕਾਲ ਮੇਰੇ ਵੱਲੋਂ ਕੇਸਾਂ ਨੂੰ ਵਾਪਸ ਲੈਣ ਦੀ ਬੇਨਤੀ ਸੀ।

**ਸਵਾਲ:** ਉਸ ਦਾ ਕੀ ਜਵਾਬ ਸੀ?

**ਪਰੰਜੋਏ ਗੁਹਾ ਠਾਕੁਰਤਾ:** ਉਸ ਨੇ ਕੋਈ ਵਾਅਦਾ ਨਹੀਂ ਕੀਤਾ। ਜਦੋਂ ਅਸੀਂ ਇਹ ਗੱਲਬਾਤ ਕਰ ਰਹੇ ਹਾਂ, ਕੇਸ ਅਜੇ ਵੀ ਚੱਲ ਰਹੇ ਹਨ।

**ਸਵਾਲ:** ਤੁਸੀਂ ਕਿਉਂਕਿ ਚੋਟੀ ਦੀਆਂ ਕੰਪਨੀਆਂ ਅਤੇ ਸਮੂਹਾਂ ਵਿਰੁੱਧ ਕਈ ਲੇਖ ਲਿਖੇ ਹਨ, ਕੀ ਤੁਹਾਨੂੰ ਪਹਿਲਾਂ ਵੀ ਅਦਾਲਤੀ ਕੇਸਾਂ ਦਾ ਸਾਹਮਣਾ ਕਰਨਾ ਪਿਆ?

**ਪਰੰਜੋਏ ਗੁਹਾ ਠਾਕੁਰਤਾ:** ਬਹੁਤ ਸਾਰੇ ਕਾਰਪੋਰੇਟਾਂ ਨੇ ਮੈਨੂੰ ਕਾਨੂੰਨੀ ਨੋਟਿਸ ਜ਼ਰੂਰ ਭੇਜੇ ਪਰ ਦਰਅਸਲ ਕੋਈ ਵੀ ਮੈਨੂੰ ਅਦਾਲਤ ਵਿਚ ਨਹੀਂ ਲੈ ਕੇ ਗਿਆ। ਦੋਵਾਂ ਅੰਬਾਨੀ ਭਰਾਵਾਂ ਦੀ ਅਗਵਾਈ ਵਾਲੇ ਕਾਰਪੋਰੇਟ ਅਦਾਰਿਆਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਵੱਲੋਂ ਸਾਨੂੰ ਕਾਨੂੰਨੀ ਨੋਟਿਸ ਭੇਜੇ ਗਏ ਸਨ। ਸਹਾਰਾ ਦਾ ਸੁਬਰਾਤਾ ਰਾਏ ਮੈਨੂੰ ਕਦੇ ਵੀ ਅਦਾਲਤ ਵਿਚ ਨਹੀਂ ਲੈ ਕੇ ਗਿਆ।

**ਸਵਾਲ:** ਇਨ੍ਹਾਂ ਕੇਸਾਂ ਦਾ ਤੁਹਾਡੇ ਉੱਪਰ ਮਾੜਾ ਅਸਰ ਪਿਆ ਹੋਵੇਗਾ?

**ਪਰੰਜੋਏ ਗੁਹਾ ਠਾਕੁਰਤਾ:** ਹਾਂ, ਇਨ੍ਹਾਂ ਕੇਸਾਂ ਦਾ ਮੇਰੇ ਅਤੇ ਮੇਰੀ ਜ਼ਿੰਦਗੀ 'ਤੇ ਅਸਰ ਪਿਆ ਹੈ। ਇਨ੍ਹਾਂ 'ਚ ਸਮਾਂ ਖ਼ਰਾਬ ਹੁੰਦਾ ਹੈ ਅਤੇ ਖ਼ਰਚ ਵੀ ਹੁੰਦਾ ਹੈ ਪਰ ਜੇ ਤੁਸੀਂ ਮੈਨੂੰ ਇਹ ਪੁੱਛਦੇ ਹੋ ਕਿ ਕੀ ਮੈਂ ਕੁਝ ਵੱਖਰਾ ਕੀਤਾ ਹੁੰਦਾ, ਤਾਂ ਮੈਂ ਕਹਾਂਗਾ 'ਨਹੀਂ'।

# ਘੂਰ ਵਿਚਲੇ ਜ਼ਿੰਦਗੀ ਦੇ ਨਕਸ਼

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਘੂਰ ਪਿਛਲੇ ਆਪਣੇਪਣ ਦਾ ਜ਼ਿਕਰ ਕੀਤਾ ਹੈ, ਕਿਉਂਕਿ ਘੂਰਿਆ ਸਿਰਫ ਆਪਣਿਆਂ ਨੂੰ ਹੀ ਜਾ ਸਕਦਾ ਹੈ। ਉਨ੍ਹਾਂ ਨੇ ਘੂਰ ਨੂੰ ਅਣਮੁੱਲੀ ਦਾਤ ਦੱਸਿਆ ਹੈ, ਜੋ ਸਾਰਿਆਂ ਦੇ ਹਿੱਸੇ ਨਹੀਂ ਆਉਂਦੀ। ਘੂਰ ਹੀ ਹੁੰਦੀ ਹੈ, ਜੋ ਬੱਚਿਆਂ ਨੂੰ ਸਹੀ ਰਾਹ ਪਾਉਂਦੀ ਹੈ। ਮਾਪਿਆਂ, ਭੈਣ-ਭਰਾਵਾਂ, ਬਜ਼ੁਰਗਾਂ, ਅਧਿਆਪਕਾਂ ਦੀ ਘੂਰ ਹੀ ਸਾਨੂੰ ਸੁਧਾਰ ਸਕਦੀ ਹੈ ਤੇ ਜ਼ਿੰਦਗੀ ਦਾ ਰੌਸ਼ਨ ਪੱਖ ਦਿਖਾ ਸਕਦੀ ਹੈ।***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਘੂਰ, ਕਿਸੇ ਨੂੰ ਸਹਿਜ ਨਾਲ ਮਾੜੀ ਸੰਗਤ ਤੋਂ ਵਰਜਣਾ। ਉਬੜ ਰਾਹਾਂ ਵੱਲ ਜਾਂਦੇ ਕਦਮਾਂ ਨੂੰ ਰੁਕ ਜਾਣ ਲਈ ਕਹਿਣਾ। ਅਛੋਪਲੇ ਜਹੇ ਕੁਸੰਗਤ ਵਿਚ ਸ਼ਾਮਲ ਹੋ ਰਹੇ ਨੌਜਵਾਨ ਲਈ ਕੰਧ ਬਣਨਾ ਜਾਂ ਸੁਪਨਿਆਂ ਦੀ ਤਿੜਕਣ ਵਿਚ ਗਵਾਚੇ ਕਿਸੇ ਨੂੰ ਇਸ ਤਿੜਕਣ ਨੂੰ ਆਪਣੀ ਤਾਕਤ ਬਣਾਉਣ ਲਈ ਉਤੇਜਿਤ ਕਰਨਾ।

ਘੂਰ, ਕਿਸੇ ਦੀ ਨਾਕਾਮੀ ਨੂੰ ਕਾਮਯਾਬੀ ਵਿਚ ਬਦਲਣ ਦਾ ਸਬੱਬ। ਗਿਆਨ-ਤਾਂਘ ਵਿਚ ਪੈਦਾ ਹੋਈ ਕਿਸੇ ਦੀ ਘਾਟ ਨੂੰ ਪੂਰਾ ਕਰਨ ਲਈ ਹੰਭਲਾ ਮਾਰਨ ਦਾ ਸਬੱਬ ਜਾਂ ਕਿਰਤ ਤੋਂ ਪਾਸੇ ਵੱਟਣ ਵਾਲੇ ਨੂੰ ਕਿਰਤ-ਕਰਮਯੋਗਤਾ ਕਮਾਉਣ ਅਤੇ ਜ਼ਿੰਦਗੀ ਨੂੰ ਕਰਮਯੋਗੀ ਬਣਾਉਣ ਵਾਲੀ ਸੁਮੱਤ ਵੀ ਹੁੰਦੀ। ਘੂਰ, ਸਿਰਫ਼ ਸਤਹੀ ਰੂਪ ਵਿਚ ਘੂਰ ਜਾਪਦੀ। ਪਰ ਇਹ ਘੂਰ ਨਹੀਂ ਹੁੰਦੀ ਸਗੋਂ ਇਸਦੀ ਤਹਿ ਵਿਚ ਬਹੁਤ ਕੁਝ ਛੁਪਿਆ ਹੁੰਦਾ। ਇਹ ਕਿਸੇ ਵਿਅਕਤੀ ਨੂੰ ਇਨਸਾਨੀਅਤ ਦਾ ਮਾਰਗੀ ਬਣਾਉਂਦੀ, ਉਸ ਦੀਆਂ ਭਾਵਨਾਵਾਂ ਨੂੰ ਉਸਾਰੂ ਪਾਸੇ ਲਾਉਂਦੀ। ਉਸਦੀ ਨਿਰਾਸ਼ਾ ਨੂੰ ਆਸ ਦਾ ਧੀਰਜ ਬੰਨ੍ਹਾਉਂਦੀ, ਉਸਨੂੰ ਉਦਾਸੀ ਦੇ ਆਲਮ ਵਿਚੋਂ ਬਾਹਰ ਕੱਢਦੀ। ਉਸਦੀ ਸੱਖਣੀ ਝੋਲੀ ਵਿਚ ਅਜੇਹਾ ਗਿਆਨ ਵੀ ਧਰ ਜਾਂਦੀ ਜਿਹੜਾ ਹੋਰ ਕਿਧਰੋਂ ਨਹੀਂ ਥਿਆਉਂਦਾ।

ਘੂਰ ਬਹੁਤ ਵਿਰਲਿਆਂ ਦੇ ਹਿੱਸੇ ਆਉਂਦੀ। ਬਹੁਤ ਵਿਰਲੇ ਹੁੰਦੇ ਜੋ ਕਿਸੇ ਘੂਰ ਨੂੰ ਸਾਰਥਿਕ ਰੂਪ ਵਿਚ ਸਮਝਦੇ। ਇਸਦੇ ਉਸਾਰੂ ਗੁਣਾਂ ਰਾਹੀਂ ਖੁਦ ਨੂੰ ਪਰਿਵਰਤਿਤ ਕਰਦੇ। ਉਨ੍ਹਾਂ ਦਾ ਉਹ ਰੂਪ ਉਜਾਗਰ ਹੋਣ ਲੱਗਦਾ ਜਿਸ ਤੋਂ ਹੁਣ ਤੀਕ ਉਹ ਖੁਦ ਵੀ ਅਵੇਸਲੇ ਸਨ। ਜੱਗ ਵੀ ਨਹੀਂ ਸੀ ਜਾਣਦਾ ਕਿ ਇਸ ਦਾ ਇਹ ਵੀ ਰੂਪ-ਅਵਤਾਰ ਹੋ ਸਕਦਾ। ਘੂਰ ਨੂੰ ਸ਼ਾਬਦਿਕ ਅਰਥਾਂ ਵਿਚ ਸਮਝਣ ਵਾਲੇ ਬਹੁਤ ਵੱਡੀ ਕੁਤਾਹੀ ਦੇ ਕਰਨਹਾਰੇ। ਦਰਅਸਲ ਘੂਰ ਕਿਸੇ ਲਈ ਸ਼ੁੱਭ-ਭਾਵਨਾ ਵਿਚੋਂ ਪੈਦਾ ਹੋਈ ਚੇਤਨਾ ਜਿਹੜੀ ਚਿੰਤਨ ਬਣ ਕੇ ਕਿਸੇ ਦੀਆਂ ਰਾਹਾਂ ਰੁਸ਼ਨਾ ਸਕਦੀ। ਘੂਰ ਤੋਂ ਮਹਿਰੂਮ ਰਹਿਣ ਵਾਲੇ ਲੋਕ ਕਈ ਵਾਰ ਗੁਨਾਹਾਂ ਦੀ ਦਲਦਲ ਵਿਚ ਅਜੇਹੇ ਫਸਦੇ ਕਿ ਉਨ੍ਹਾਂ ਲਈ ਜ਼ਿੰਦਗੀ ਦੇ ਸਾਰੇ ਰਾਹ ਹੀ ਬੰਦ ਹੋ ਜਾਂਦੇ।

ਵੱਡੇ ਘਰਾਂ ਦੇ ਵਿਗੜੇ ਹੋਏ ਬੱਚੇ ਦਰਅਸਲ ਘੂਰ ਤੋਂ ਵਿਰਵੇ ਰਹਿ ਕੇ ਆਪਣੀ ਜ਼ਿੰਦਗੀ ਨੂੰ ਜਹੰਨੁਮ ਬਣਾਉਂਦੇ। ਸਵਰਗ ਵਿਚ ਵੱਸਦੇ ਘਰ ਨੂੰ ਵੀ ਨਰਕ ਦਾ ਨਾਮ ਦੇ ਦਿੰਦੇ। ਨਸ਼ਿਆਂ ਵਿਚ ਗਰਕ ਰਹੀ ਪੀੜ੍ਹੀ ਜੀਵਨ ਦੇ ਮਕਸਦ ਭੁੱਲ ਚੁੱਕੀ ਹੈ। ਐਸ਼ੋ-ਇਸ਼ਰਤ ਵਿਚੋਂ ਹੀ ਜੀਵਨ ਦੇ ਰੰਗਾਂ ਨੂੰ ਕਿਆਸਣ ਵਾਲੇ ਇਨ੍ਹਾਂ ਨੌਜਵਾਨਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ ਕਿ ਉਹ ਸਮਾਜ ਦਾ ਕਿਹੋ ਜਿਹਾ ਅੰਗ ਬਣਨਗੇ ਜਾਂ ਸਮਾਜ ਨੂੰ ਉਨ੍ਹਾਂ ਤੋਂ ਕੀ ਆਸਾਂ ਹਨ ਅਤੇ ਉਹ ਸਮਾਜ ਨੂੰ ਕਿਹੜੀ ਸੇਧ ਦੇਣਗੇ? ਇਨ੍ਹਾਂ ਵਿਚੋਂ ਹੀ ਭਵਿੱਖੀ ਸਮਾਜ ਦੇ ਚਿੰਨ੍ਹ ਸਪੱਸ਼ਟ ਹੋ ਰਹੇ ਹਨ।

ਕਿਸੇ ਨੂੰ ਹਰ ਵੇਲੇ ਨਹੀਂ ਘੂਰਿਆ ਜਾਂਦਾ। ਕਦੇ ਕਦਾਈਂ ਘੂਰਨਾ, ਉਨ੍ਹਾਂ ਦੇ ਮਨਾਂ ਵਿਚ ਇਹ ਯਾਦ ਵੀ ਕਰਵਾਉਂਦਾ ਕਿ ਕੁਝ ਤਾਂ ਗਲਤ ਹੋ ਰਿਹਾ ਜਿਸ ਕਰਕੇ ਘੂਰ ਮਿਲੀ। ਘੂਰ ਕਿਸੇ ਸਿੱਖ-ਮੱਤ ਦਾ ਪੈਗ਼ਾਮ ਹੈ ਕਿ ਕਿਤੇ ਅਜੇਹਾ ਕਰਦਿਆਂ ਪੈਰ, ਸੋਚ ਜਾਂ ਨਜ਼ਰੀਆ ਨਾ ਤਿਲਕ ਜਾਵੇ। ਘੂਰ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਇਹ ਸਮਝਿਆ ਜਾਵੇ ਕਿ ਘੂਰਨ ਵਾਲੇ ਦੇ ਮੇਰੇ ਨਾਲ ਕੀ ਸਬੰਧ ਨੇ? ਉਹ ਕਿਉਂ ਘੂਰ ਰਿਹਾ ਏ? ਇਸ ਘੂਰ ਦੇ ਮੇਰੇ ਲਈ ਕੀ ਅਰਥ ਨੇ? ਘੂਰਨ ਵਾਲੇ ਦਾ ਕੀ ਮੁਫ਼ਾਦ ਹੋ ਸਕਦਾ? ਯਾਦ ਰੱਖਣਾ! ਹਰ ਕੋਈ ਨਹੀਂ ਕਿਸੇ ਨੂੰ ਘੂਰ ਸਕਦਾ। ਸਿਰਫ਼ ਉਹੀ ਵਿਅਕਤੀ ਕਿਸੇ ਨੂੰ ਘੂਰ ਸਕਦਾ ਜਿਹੜਾ ਉਸ ਪ੍ਰਤੀ ਫ਼ਿਕਰਮੰਦ ਹੋਵੇ। ਉਸਦੇ ਨਫ਼ੇ-ਨੁਕਸਾਨ ਲਈ ਚਿੰਤਾਤੁਰ ਹੋਵੇ। ਉਸਦੀ ਵਿਅਕਤੀਤਵ ਨੂੰ ਨਿਖ਼ਾਰਨ ਲਈ ਚਿੰਤਤ ਹੋਵੇ ਅਤੇ ਸਰਬੱਤ ਦੇ ਭਲੇ ਨੂੰ ਪਰਮ ਧਰਮ ਮੰਨਦਾ ਹੋਵੇ।

ਘੂਰ ਸਿਰਫ਼ ਆਪਣੇ ਸਕਦੇ। ਜਿਸ ਨਾਲ ਖ਼ੂਨ ਦਾ ਰਿਸ਼ਤਾ ਹੋਵੇ, ਜਿਸ ਨਾਲ ਸੁਪਨਿਆਂ ਦੀ ਸਾਂਝ ਹੋਵੇ, ਰੂਹ ਦੀ ਨੇੜਤਾ ਹੋਵੇ, ਜਿਹੜਾ ਅੰਤ-ਕਰੀਬੀ ਹੋਵੇ, ਜਿਸਦੀਆਂ ਭਾਵਨਾਵਾਂ ਨੂੰ ਤੁਸੀਂ ਸਮਝਦੇ ਹੋਵੋ ਅਤੇ ਉਸਦੇ ਮਨ ਵਿਚ ਸੁਨਹਿਰੀ ਤੇ ਸੰਦਲੀ ਜ਼ਿੰਦਗੀ ਦਾ ਸੰਕਲਪ ਹੋਵੇ। ਸਿਰਫ਼ ਅਸੀਂ ਉਸਨੂੰ ਹੀ ਘੂਰ ਸਕਦੇ, ਜਿਹੜਾ ਘੂਰ ਨੂੰ ਮੰਨਦਾ ਵੀ ਹੋਵੇ। ਘੂਰ ਤਾਂ ਬੇਅਰਥ ਅਤੇ ਬੇਅਸਰ ਹੋ ਜਾਂਦੀ ਜਦ ਘੂਰ ਨੂੰ ਕੋਈ ਨਾ ਮੰਨੇ। ਫਿਰ ਸਮਝ ਲੈਣਾ ਚਾਹੀਦਾ ਕਿ ਜਾਂ ਤਾਂ ਘੂਰਨ ਵਾਲੇ ਨਾਲ ਤੁਹਾਡਾ ਕੋਈ ਸੰਬੰਧ ਨਹੀਂ ਜਾਂ ਤੁਹਾਡੇ ਲਈ ਘੂਰਨ ਵਾਲਾ ਅਰਥਹੀਣ ਹੋ ਗਿਆ। ਹਰ ਵਿਅਕਤੀ ਘੂਰ ਮੰਨਣ ਲਈ ਤਿਆਰ ਨਹੀਂ ਹੁੰਦਾ। ਕੁਝ ਲੋਕ ਇਸਨੂੰ ਆਪਣੀ ਹੇਠੀ ਸਮਝਦੇ ਅਤੇ ਘੂਰਨ ਵਾਲਿਆਂ ਨੂੰ ਬੇਇਜ਼ਤ ਕਰਨ ਲੱਗਿਆਂ ਦੇਰ ਨਹੀਂ ਲਾਉਂਦੇ। ਕੁਝ ਲੋਕ ਘੂਰ ਨੂੰ ਨਿੱਜੀ ਜ਼ਿੰਦਗੀ ਵਿਚ ਦਖ਼ਲਅੰਦਾਜ਼ੀ ਮੰਨ ਕੇ ਇਸ ਤੋਂ ਮੁਨਕਰ ਹੋ ਜਾਂਦੇ। ਜਦ ਕਿ ਕੁਝ ਲੋਕ ਇਸਨੂੰ ਬੇਲੋੜਾ ਸਮਝ, ਆਪਣੀ ਜ਼ਿੰਦਗੀ ਨੂੰ ਆਪਣੇ ਹੀ ਰੰਗ ਵਿਚ ਜਿਊਣ ਲਈ ਹਮੇਸ਼ਾ ਬਜ਼ਿੱਦ। ਬੰਦੇ ਨੂੰ ਸਮਝ ਉਸ ਸਮੇਂ ਆਉਂਦੀ ਜਦ ਬਹੁਤ ਦੇਰ ਹੋ ਜਾਂਦੀ। ਫਿਰ ਵਾਪਸ ਮੁੜਨਾ ਬੰਦੇ ਦੇ ਹੱਥ-ਵੱਸ ਨਹੀਂ ਰਹਿੰਦਾ।



ਘੂਰਨ ਲਈ ਸਭ ਤੋਂ ਜ਼ਰੂਰੀ ਹੁੰਦਾ ਹੈ ਕਿ ਘੂਰਨ ਵਾਲੇ ਦੀ ਜ਼ਿੰਦਗੀ ਵਿਚ ਸੁੰਦਰਤਾ, ਸੁੱਚਮਤਾ, ਸਮਝਤਾ, ਸਹਿਜਤਾ ਅਤੇ ਸੁਹਜਤਾ ਦਾ ਵਾਸ ਹੋਵੇ। ਉਹ ਜ਼ਿੰਦਗੀ ਦੇ ਅਰਥਾਂ ਦਾ ਸੁਖਨਮਈ ਪ੍ਰਮਾਣ ਹੋਵੇ। ਉਸ ਨੇ ਜ਼ਿੰਦਗੀ ਦੇ ਨਕਸ਼ਾਂ ਦੀ ਕਲਾ-ਨਕਾਸ਼ੀ ਕੀਤੀ ਹੋਵੇ। ਉਸ ਨੇ ਸਮਾਜ ਨੂੰ ਆਪਣੀ ਅੱਖ ਦੇ ਉਸ ਸ਼ੀਸ਼ੇ ਰਾਹੀਂ ਦੇਖਿਆ ਹੋਵੇ ਜਿਸ ਵਿਚ ਪਾਰਦਰਸ਼ਤਾ ਅਤੇ ਪਾਰਖੂਪੁਣਾ ਹੋਵੇ। ਉਸਨੇ ਸੁਪਨੇ ਲਏ ਹੋਣ ਅਤੇ ਇਨ੍ਹਾਂ ਨੂੰ ਪੂਰਾ ਕੀਤਾ ਹੋਵੇ। ਉਸ ਨੇ ਨਵੀਆਂ ਮੰਜ਼ਲਾਂ ਦੀ ਨਿਸ਼ਾਨਦੇਹੀ ਕੀਤੀ ਹੋਵੇ ਅਤੇ ਇਸਦੇ ਦਿਸਹੱਦਿਆਂ 'ਤੇ ਆਪਣੀ ਪਛਾਣ ਦਾ ਸਿਰਨਾਵਾਂ ਉਕਰਿਆ ਹੋਵੇ। ਜਿਸਦੇ ਬੋਲਾਂ ਵਿਚ ਵਜ਼ਨ ਹੋਵੇ, ਕਹਿਣੀ ਤੇ ਕਰਨੀ ਵਿਚ ਕੋਈ ਅੰਤਰ ਨਾ ਹੋਵੇ ਅਤੇ ਸਮੁੱਚੇ ਸਮਾਜ ਨੂੰ ਇੱਕਸਾਰ ਅਤੇ ਅਪਣੱਤ ਨਾਲ ਦੇਖਣ ਦਾ ਹੁਨਰ ਤੇ ਹਾਸਲ ਹੋਵੇ।

ਸਮਾਜ ਵਿਚ ਵਿਚਰਦਿਆਂ ਸਾਡੇ ਆਲੇ-ਦੁਆਲੇ, ਪਰਿਵਾਰਕ ਅਤੇ ਸਮਾਜ ਵਿਚ ਬਹੁਤ ਲੋਕ ਸਾਨੂੰ ਘੂਰ ਸਕਦੇ ਕਿਉਂਕਿ ਉਨ੍ਹਾਂ ਦੇ ਮਨਾਂ ਵਿਚ ਸਾਡੇ ਲਈ ਸ਼ੁੱਭ-ਚਿੰਤਨ ਹੁੰਦਾ। ਇਹ ਚੇਤਨਾ ਦਾ ਰੂਪ ਧਾਰ ਕੇ ਮਿੱਠੀ ਜਹੀ ਘੂਰ ਦਾ ਰੂਪ ਬਣਦਾ। ਇਸ ਘੂਰ ਨੂੰ ਕਿਸ ਰੂਪ ਤੇ ਕਿਸ ਸੰਦਰਭ ਵਿਚ ਲੈਣਾ ਅਤੇ ਇਸਦੇ ਅਰਥਾਂ ਨੂੰ ਕਿੰਝ ਸਮਝਣਾ, ਇਹ ਨਿਰੋਲ ਮਨੁੱਖ 'ਤੇ ਨਿਰਭਰ।

ਸਭ ਤੋਂ ਮੁੱਢਲੀ ਅਤੇ ਅਜ਼ੀਮ ਹੁੰਦੀ ਹੈ ਮਾਂ ਦੀ ਘੂਰ ਜਿਸ ਵਿਚ ਪਿਆਰ ਵੀ ਹੁੰਦਾ, ਲਾਡ ਤੇ ਦੁਲਾਰ ਵੀ ਹੁੰਦਾ, ਚਿੰਤਾ ਤੇ ਚਾਹਨਾ ਵੀ ਹੁੰਦੀ ਅਤੇ ਬੱਚੇ ਵਿਚ ਪੈਦਾ ਹੋਣ ਵਾਲੇ ਨਿਖਾਰ ਦਾ ਵਿਚਾਰ ਵੀ ਹੁੰਦਾ। ਮਾਂ ਸਭ ਤੋਂ ਪਹਿਲੀ ਅਧਿਆਪਕ, ਨਿੱਕੀ-ਨਿੱਕੀ ਸਿਖਿਆ ਵੀ ਦਿੰਦੀ, ਘੂਰਦੀ ਵੀ ਕਿਉਂਕਿ ਉਹ ਚਾਹੁੰਦੀ ਕਿ ਉਸਦਾ ਬੱਚਾ ਵੱਡਾ ਹੋ ਕੇ

ਵਧੀਆ ਇਨਸਾਨ ਬਣੇ। ਉਚੇਰੀ ਪੜ੍ਹਾਈ ਕਰੇ। ਵੱਡੇ ਰੁਤਬੇ 'ਤੇ ਪਹੁੰਚੇ। ਕੁਝ ਵਿਲੱਖਣ ਤੇ ਵਿਕਲੋਤਰਾ ਕਰੇ ਅਤੇ ਸਮਾਜ ਵਿਚ ਆਪਣੇ ਪਰਿਵਾਰ ਦਾ ਨਾਮ ਉੱਚਾ ਕਰੇ। ਇਹ ਮਾਂ ਦੀ ਨਿਰੰਤਰ ਘੂਰ ਹੀ ਹੁੰਦੀ ਜੋ ਬੱਚੇ ਨੂੰ ਸਮੇਂ ਸਿਰ ਖਾਣਾ, ਸੌਣਾ, ਜਾਗਣਾ, ਪੜ੍ਹਨਾ, ਸਤਿਕਾਰ ਕਰਨਾ ਅਤੇ ਮਿਲ ਕੇ ਰਹਿਣ ਦਾ ਗੁਰ ਸਿਖਾਉਂਦੀ। ਇਸ ਨਾਲ ਅਜੇਹੀ ਸ਼ਖ਼ਸੀਅਤ ਤਾਮੀਰ ਹੁੰਦੀ ਜਿਸਦੀ ਬੱਚੇ ਦੇ ਜਨਮ ਸਮੇਂ ਹੀ ਮਾਂ ਨੇ ਕਲਪਨਾ ਕੀਤੀ ਹੁੰਦੀ।

ਇਹ ਮਾਂ ਹੀ ਹੁੰਦੀ ਜਿਹੜੀ ਘਤਿੱਤਾਂ ਕਰਨ ਤੋਂ ਵਰਜਦੀ। ਇਸਦੀ ਘੂਰ ਵਿਚ ਮਿਲੀ ਹੁੰਦੀ ਹੈ ਅਪਣੱਤ, ਗੁੱਸਾ ਅਤੇ ਮੋਹ ਦਾ ਮੂਲਮੰਤਰ ਜਿਸਨੇ ਬੱਚੇ ਨੂੰ ਵਿਗਾੜਾਂ ਤੋਂ ਬਚਾਉਣਾ ਹੁੰਦਾ ਅਤੇ ਸਿੱਧੇ ਰਾਹ ਪਾਉਣਾ ਹੁੰਦਾ। ਮਾਂ ਹੀ ਸੁਪਨੇ ਦਿੰਦੀ ਅਤੇ ਇਨ੍ਹਾਂ ਸੁਪਨਿਆਂ ਦੀ ਪੂਰਨਤਾ ਜਦ ਲਾਡਲੇ ਦੇ ਨੈਣਾਂ ਵਿਚ ਦੇਖਦੀ ਤਾਂ ਮਾਂ ਨਿਹਾਲ ਹੋ ਜਾਂਦੀ। ਉਸਨੂੰ ਜਾਪਦਾ ਕਿ ਉਸਦੀ ਮਿਹਨਤ ਨੂੰ ਭਾਗ ਲੱਗੇ ਹਨ। ਬਾਪ ਦੀ ਘੂਰ ਵਿਚ ਬੱਚਿਆਂ ਲਈ ਓਪਰੇ ਰੂਪ ਵਿਚ ਭਾਵੇਂ ਬਹੁਤ ਗੁੱਸਾ ਹੋਵੇ। ਉਸਦੀ ਝਿੜਕ ਵਿਚ ਰੋਹ ਹੋਵੇ। ਉਸਦੀ ਕੈਰੀ ਅੱਖ ਵਿਚ ਬੱਚਿਆਂ ਲਈ ਵਰਜਣਾ ਹੋਵੇ ਪਰ ਇਹ ਬਾਪ ਹੀ ਹੁੰਦਾ ਜੋ ਤਿੱਖੜ-ਦੁਪਹਿਰਾਂ ਵਰਗੇ ਜੀਵਨੀ ਪਲਾਂ ਵਿਚ ਬੱਚਿਆਂ ਲਈ ਸਿਰ ਦੇ ਪਰਨੇ ਦੀ ਛਾਂ ਕਰਨ ਤੋਂ ਵੀ ਨਹੀਂ ਹਿਚਕਦਾ। ਉਹ ਆਪਣੇ ਖਾਲੀ ਬੋਝੇ ਵਿਚੋਂ ਵੀ ਬੱਚਿਆਂ ਦੀ ਹਰ ਲੋੜ ਦੀ ਪੂਰਤੀ ਕਰਦਾ। ਉਹ ਨੰਗੇ ਪਿੰਡੇ ਰਹਿੰਦਿਆਂ ਵੀ ਬੱਚਿਆਂ ਦਾ ਤਨ ਢੱਕਦਾ। ਖੁਦ ਬਰਾਂਡੇ ਵਿਚ ਸੁੱਤਾ ਵੀ ਛੱਤ ਹੇਠ ਸੌਂ ਰਹੇ ਬੱਚਿਆਂ ਨੂੰ ਨਿਹਾਰ ਕੇ ਸ਼ੁਕਰ ਮਨਾਉਂਦਾ। ਨੰਗੇ ਪੈਰੀਂ ਤੇ ਘੱਟੇ-ਮਿੱਟੀ ਵਿਚ ਲਿਬੜੇ ਪੈਰੀਂ ਵੀ ਬੱਚਿਆਂ ਦੇ ਪੈਰਾਂ ਵਿਚ ਲਿਸ਼ਕਦੇ ਬੂਟ ਦੇਖ ਕੇ ਖੁਸ਼ ਹੁੰਦਾ। ਉਸ ਲਈ ਬੱਚੇ ਹੀ ਉਸਦਾ ਜਹਾਨ। ਉਨ੍ਹਾਂ ਦੇ ਵਿਕਾਸ ਅਤੇ ਤਰੱਕੀ ਲਈ ਭੁੱਖਾ ਰਹਿ ਕੇ ਮਿਹਨਤ-ਮਜ਼ਦੂਰੀ ਕਰਨ ਤੋਂ ਕਦੇ ਟਾਲਾ ਨਹੀਂ ਵੱਟਦਾ। ਬਾਪ ਦੀ ਘੂਰ ਨੂੰ ਇਸ ਰੂਪ ਵਿਚ ਦੇਖਣ ਅਤੇ ਉਸਦੀ ਕੀਰਤੀ ਨੂੰ ਸਲਾਮ ਕਰ ਕੇ, ਉਸ ਦੀਆਂ ਨਸੀਹਤਾਂ ਤੇ ਸਿਆਣਪਾਂ ਪੱਲੇ ਬੰਨ੍ਹਣ ਵਾਲੇ ਬੱਚੇ ਜ਼ਿੰਦਗੀ ਦਾ ਸਿਰਨਾਵਾਂ ਹੁੰਦੇ। ਅਜੇਹੇ ਬੱਚੇ ਪ੍ਰਦੇਸ ਜਾ ਕੇ ਵੀ ਮਾਪਿਆਂ ਨੂੰ ਕਦੇ ਉਡੀਕਦੇ ਦਰਾਂ ਦਾ ਦਰਬਾਨ ਨਹੀਂ ਬਣਾਉਂਦੇ। ਉਨ੍ਹਾਂ ਲਈ ਮਾਪਿਆਂ ਤੋਂ ਉਪਰ ਕੁਝ ਨਹੀਂ। ਬਾਪ ਦੀ ਘੂਰ ਵਿਚ ਪਲੇ ਬੱਚੇ ਬਹੁਤ ਵੱਡੇ ਮਰਤੱਬਿਆਂ ਦਾ ਮਾਣ ਹੁੰਦੇ।

ਜੀਵਨ ਦੇ ਪੌਡੇ 'ਤੇ ਜਦ ਅਸੀਂ ਸਕੂਲ ਵਿਚ ਪੈਰ ਧਰਦੇ ਹਾਂ ਤਾਂ ਅਧਿਆਪਕ ਦੀ ਘੂਰ ਸਾਡੇ ਲਈ ਬਹੁਤ ਹੀ ਮਹੀਨ ਅਤੇ ਅਰਥਮਈ ਮਾਇਨੇ ਰੱਖਦੀ। ਅਧਿਆਪਕ ਸਿਰਫ਼ ਉਸ ਵੇਲੇ ਬੱਚਿਆਂ ਨੂੰ ਘੂਰਦਾ ਜਦ ਕੋਈ ਵਿਦਿਆਰਥੀ ਗਲਤੀ ਕਰਦਾ। ਉਸਦੇ ਮਨ ਵਿਚ ਨਕਾਰਾਤਮਿਕ ਸ਼ਰਾਰਤਾਂ ਕਰਨ ਦੀ ਰੁਚੀ ਪੈਦਾ ਹੁੰਦੀ। ਉਹ ਆਪਣੀ ਅਥਾਹ ਊਰਜਾ ਨੂੰ ਉਸਾਰੂ ਕਾਰਜਾਂ, ਪੜ੍ਹਾਈ ਜਾਂ ਹੋਰ ਗਤੀਵਿਧੀਆਂ ਵਿਚ ਲਾਉਣ ਦੀ ਬਜਾਏ ਨਕਾਰਾਤਮਿਕ ਸੋਚ ਦਾ ਧਾਰਨੀ ਬਣਦਾ ਜੋ ਉਸਨੂੰ ਕੰਡਿਆਲੇ ਰਾਹਾਂ ਵੰਨ੍ਹੀਂ ਤੋਰਦੀ। ਇਹ ਕੰਡਿਆਲੀਆਂ ਰਾਹਾਂ ਹੀ ਹੁੰਦੀਆਂ ਜਿਸ ਦੀਆਂ ਸੂਲਾਂ ਪੈਰਾਂ ਵਿਚ ਖੁੱਭ, ਸਾਰੀ ਉਮਰ ਦੀ ਚੀਸ ਸਾਡੇ ਨਾਵੇਂ ਕਰ ਜਾਂਦੀਆਂ। ਸਾਰੀ ਉਮਰ ਗ਼ਮ ਦਾ ਦਰਿਆ ਪੀਂਦੇ ਖੁਦ ਨੂੰ ਖੋਰਦੇ ਅਤੇ ਨਮੋਸ਼ੀ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਜਾਂਦੇ।

ਕਿਸੇ ਵੀ ਬੱਚੇ ਦੀ ਕਾਮਯਾਬੀ ਵਿਚ ਉਸਦੇ ਉਸਤਾਦ ਦਾ ਬਹੁਤ ਵੱਡਾ ਹੱਥ। ਇਸ ਪਿੱਛੇ ਉਸ ਦੀ ਘੂਰ ਬਹੁਤ ਹੀ ਮਹੱਤਤਾ ਰੱਖਦੀ। ਜੇ ਅਧਿਆਪਕ ਘੂਰਨਾ ਬੰਦ ਕਰ ਦੇਵੇ ਤਾਂ ਸਾਡੀਆਂ ਬੇਲਗ਼ਾਮ ਖਾਹਸ਼ਾਂ ਅਤੇ ਬੇਥਵੀਆਂ ਭਰਮ-ਉਡਾਰੀਆਂ ਨੂੰ ਕੌਣ ਰੋਕੇਗਾ? ਅਸੀਂ ਫਿਰ ਕਿਸੇ ਕੱਟੀ ਹੋਈ ਪਤੰਗ ਵਾਂਗ ਹਵਾ ਦੇ ਹਿਚਕੋਲਿਆਂ ਵਿਚੋਂ ਹੀ ਹੋਂਦ ਨੂੰ ਭਾਲਣ ਵਿਚ ਸਮਾਂ ਨਸ਼ਟ ਕਰ ਦੇਵਾਂਗੇ। ਅਧਿਆਪਕ ਦੀ ਰਹਿਬਰੀ ਵਿਚ ਪਲਣ ਵਾਲੇ ਬੱਚੇ ਕਿਸੇ ਸੰਸਥਾ ਦਾ ਨੂਰ, ਅਤੇ ਭਵਿੱਖੀ ਬੱਚਿਆਂ ਲਈ ਰਾਹ-ਦਸੇਰਾ। ਖ਼ੁਦ ਸੁੰਦਰ ਸਮਾਜ ਸਿਰਜ ਕੇ ਸਮਾਜਿਕ ਬਿਹਤਰੀ ਵਿਚ ਜ਼ਿਕਰਯੋਗ ਹਿੱਸਾ ਵੀ ਪਾਉਂਦੇ।

ਭਰਾ ਦੀ ਘੂਰ ਅਜੇਹੀ ਕਿ ਉਹ ਰੋਅਬ ਨਾਲ ਸਾਨੂੰ ਸਾਡੀਆਂ ਪੁੱਠੀਆਂ ਮੱਤਾਂ ਤੋਂ ਹੋੜ ਸਕਦਾ। ਮੰਝਧਾਰ ਵੱਲ ਜਾਂਦੇ ਕਦਮਾਂ ਨੂੰ ਮੋੜ ਸਕਦਾ ਅਤੇ ਸਾਡੀਆਂ ਤਰਜੀਹਾਂ ਨੂੰ ਤਦਬੀਰਾਂ ਅਤੇ ਤਕਦੀਰਾਂ ਵੰਨੀਂ ਮੋੜ ਸਕਦਾ। ਸਾਡੀਆਂ ਸੁੱਤੀਆਂ ਅਤੇ ਅਣਵਰਤੀਆਂ ਸਮਰੱਥਾਵਾਂ ਨੂੰ ਨਰੋਈ ਸੇਧ ਦੇ ਕੇ ਅਮੁੱਲ ਪ੍ਰਾਪਤੀਆਂ ਦੇ ਰਾਹ ਤੋਰ ਸਕਦਾ। ਸਾਡੇ ਵਿਚ ਅਜੇਹੀਆਂ ਮਾਣਮੱਤੀਆਂ ਤਬਦੀਲੀਆਂ ਲਿਆਉਂਦਾ ਕਿ ਉਸਨੂੰ ਵੀ ਕਿਸੇ ਦਾ ਭਰਾ ਹੋਣ 'ਤੇ ਨਾਜ਼ ਹੁੰਦਾ। ਕਈ ਵਾਰ ਵੱਡਾ ਭਰਾ ਅਨਪੜ੍ਹ ਰਹਿ ਕੇ ਜਦ ਛੋਟੇ ਭਰਾਵਾਂ ਨੂੰ ਉੱਚੀਆਂ ਡਿਗਰੀਆਂ ਪ੍ਰਾਪਤ ਕਰਦਿਆਂ ਦੇਖਦਾ ਤਾਂ ਉਹ ਕੋਰਾ ਅਨਪੜ੍ਹ ਹੁੰਦਾ ਹੋਇਆ ਵੀ ਪੜ੍ਹਿਆਂ ਲਿਖਿਆਂ ਦਾ ਮਾਣ ਅਤੇ ਮਰਤੱਬਾ ਬਣ ਜਾਂਦਾ।

ਭੈਣ ਦੀ ਘੂਰ ਨਿੱਕੇ ਭੈਣ-ਭਰਾਵਾਂ ਲਈ ਬਹੁਤ ਗੁਣਕਾਰੀ ਜੋ ਛੋਟਿਆਂ ਨੂੰ ਚੰਗੇਰੇ ਭਵਿੱਖ ਦੀ ਸੋਝੀ ਕਰਵਾਉਂਦੀ। ਉਨ੍ਹਾਂ ਦੀਆਂ ਸੋਚਾਂ ਵਿਚ ਪਨਪਦੀਆਂ ਰੀਝਾਂ ਦੀ ਥਾਹ ਪਾਉਂਦੀ। ਉਨ੍ਹਾਂ ਦੇ ਦੀਦਿਆਂ ਵਿਚ ਸੁਪਨਈ ਦੁਨੀਆਂ ਦੀ ਜਾਗ ਲਾਉਣਾ ਸਿਰਫ਼ ਭੈਣ ਦੇ ਹਿੱਸੇ ਆਇਆ। ਜਦ ਕੋਈ ਭੈਣ-ਭਰਾ ਭਟਕਣ ਲੱਗੇ ਤਾਂ ਸਭ ਤੋਂ ਪਹਿਲਾਂ ਵੱਡੀ ਭੈਣ ਹੀ ਹੁੰਦੀ ਜੋ ਸਾਡੇ ਕੰਨ ਵੀ ਮਰੋੜ ਸਕਦੀ, ਮਿੱਠਾ ਜਿਹਾ ਘੂਰ ਵੀ ਸਕਦੀ, ਨਿੱਕੀ ਜਿਹੀ ਥਪੜੀ ਵੀ ਲਾ ਸਕਦੀ ਅਤੇ ਫਿਰ ਰੋਂਦੇ ਨੂੰ ਬੁੱਕਲ ਵਿਚ ਲੈ ਕੇ ਵਰਾ ਵੀ ਸਕਦੀ, ਸਮਝਾ ਵੀ ਸਕਦੀ ਅਤੇ ਉਸ ਦੀਆਂ ਗਲਤ-ਫਹਿਮੀਆਂ ਦੂਰ ਕਰ ਅਤੇ ਗਲਤ ਹਰਕਤਾਂ ਤੋਂ ਰੋਕ, ਨਵੇਂ ਰਾਹ 'ਤੇ ਤੋਰ ਵੀ ਸਕਦੀ। ਕਦੇ ਵੀ ਭੈਣ ਦੀ ਘੂਰ ਦਾ ਗੁੱਸਾ ਨਾ ਮਨਾਇਓ ਸਗੋਂ ਸ਼ੁਕਰ ਕਰੋ ਕਿ ਕੋਈ ਤਾਂ ਆਪਣਾ ਹੈ ਜੋ ਤੁਹਾਨੂੰ ਘੂਰ ਸਕਦਾ। ਤੁਹਾਡੀ ਅਣਗਹਿਲੀ ਨੂੰ ਸੁਧਾਰ ਸਕਦਾ ਅਤੇ ਤੁਹਾਨੂੰ ਤੁਹਾਡੀ ਜ਼ਿੰਦਗੀ ਦਾ ਰੌਸ਼ਨ ਪੱਖ ਦਿਖਾ ਸਕਦਾ।

ਬੱਚਿਆਂ ਲਈ ਬਹੁਤ ਹੀ ਵੱਡੇ ਅਰਥ ਰੱਖਦੀ ਹੈ ਬਜ਼ੁਰਗਾਂ ਦੀ ਘੂਰ ਜੋ ਬਹੁਤ ਹੀ ਅਛੋਪਲੇ ਜਹੇ ਅਤੇ ਸਹਿਮਮਈ। ਉਹ ਝਿੜਕਦੇ ਵੀ ਲਾਡ ਨਾਲ, ਰੋਕਦੇ ਵੀ ਪਿਆਰ ਨਾਲ ਅਤੇ ਸੁਮੱਤਾਂ ਵੀ ਨਿੱਕੀਆਂ ਨਿੱਕੀਆਂ ਕਹਾਣੀਆਂ ਨਾਲ ਦਿੰਦੇ। ਉਨ੍ਹਾਂ ਕੋਲ ਜ਼ਿੰਦਗੀ ਦਾ ਤਜਰਬਾ ਅਤੇ ਇਸ ਵਿਚੋਂ ਬਹੁਤ ਕੁਝ ਗ੍ਰਹਿਣ ਕਰਨਾ ਅਤੇ ਜੀਵਨ ਦਾ ਅੰਗ ਬਣਾ ਲੈਣਾ, ਬੱਚਿਆਂ ਲਈ ਬਹੁਤ ਜ਼ਰੂਰੀ। ਬਹੁਤ ਨਿਕਰਮੇ ਹੁੰਦੇ ਉਹ ਜਿਹੜੇ ਆਪਣੇ ਬਜ਼ੁਰਗਾਂ ਦੀ ਤੌਹੀਨ ਕਰਦੇ। ਉਨ੍ਹਾਂ ਦੀਆਂ ਮੱਤਾਂ ਤੋਂ ਮੂੰਹ ਫੇਰਦੇ। ਪੁਰਾਣੀ ਪੀੜ੍ਹੀ ਕਹਿ ਕੇ ਨਕਾਰਦੇ। ਯਾਦ ਰੱਖਣਾ! ਜੋ ਸਾਡੇ ਬਜ਼ੁਰਗਾਂ ਕੋਲ ਹੈ, ਉਹ ਗੂੜ੍ਹ ਗਿਆਨ ਸਾਡੇ ਕੋਲ ਨਹੀਂ। ਸਾਡੇ ਕੋਲ ਕਿਤਾਬੀ ਗਿਆਨ ਜਦਕਿ ਬਜ਼ੁਰਗਾਂ ਕੋਲ ਜ਼ਿੰਦਗੀ ਨਾਲ ਖਹਿ ਕੇ ਲੰਘਿਆ ਉਹ ਗਿਆਨ ਜਿਹੜਾ ਅਸੀਂ ਕਦੇ ਸੋਚ ਵੀ ਨਹੀਂ ਸਕਦੇ। ਕਿਸਮਤ ਵਾਲੇ ਹੁੰਦੇ ਉਹ ਲੋਕ ਜਿਨ੍ਹਾਂ ਨੂੰ ਬਜ਼ੁਰਗਾਂ ਦੀ ਪਹਿਰੇਦਾਰੀ ਨਸੀਬ ਹੋਈ ਹੋਵੇ। ਉਨ੍ਹਾਂ ਨਾਲ ਸੌਣ ਦਾ ਮੌਕਾ ਮਿਲਿਆ ਹੋਵੇ। ਉਨ੍ਹਾਂ ਦੇ ਚਿਹਰੇ ਦੀਆਂ ਝੁਰੜੀਆਂ ਵਿਚ ਉਕਰੀਆਂ ਜੀਵਨ-ਕਹਾਣੀਆਂ ਨੂੰ ਪੜ੍ਹਨ ਦਾ ਵਕਤ ਨਸੀਬ ਹੋਇਆ ਹੋਵੇ।

ਬਜ਼ੁਰਗ ਜਦ ਵੀ ਘੂਰਦਾ, ਉਹ ਸਾਡੇ ਲਈ ਇਕ ਅਜੇਹਾ ਸਬਕ ਹੁੰਦਾ ਜਿਹੜਾ ਸਾਨੂੰ ਕਿਸੇ ਵੀ ਪਾਠਸ਼ਾਲਾ ਵਿਚੋਂ ਨਹੀਂ ਮਿਲਣਾ। ਸਭ ਤੋਂ ਅਹਿਮ ਅਤੇ ਜ਼ਰੂਰੀ ਹੁੰਦਾ ਹੈ ਆਪਣੇ ਦਿਮਾਗ ਦੀ ਘੂਰ ਦੇ ਆਖੇ ਲੱਗਣਾ। ਬਹੁਤੀ ਵਾਰ ਦਿਲ ਭਾਵੁਕ ਹੋ ਕੇ ਕੁਝ ਅਜੇਹਾ ਕਰ ਸਕਦਾ ਜਿਸਦੇ ਸਿੱਟੇ ਵਿਨਾਸ਼ਕਾਰੀ ਹੋ ਸਕਦੇ। ਸੋ ਜ਼ਰੂਰੀ ਹੈ ਕਿ ਅਸੀਂ ਆਪਣੇ ਦਿਮਾਗ ਦੇ ਸੁਖਨ-ਸਵੇਰਿਆਂ ਨਾਲ ਆਪਣੇ ਹਨੇਰੇ ਪੱਖਾਂ ਨੂੰ ਰੁਸ਼ਨਾਉਂਦੇ ਰਹੀਏ। ਅੰਤਰੀਵ ਵਿਚ ਬੈਠੀਆਂ ਸੂਹਜ-ਸਿਆਣਪਾਂ ਦੀ ਘੂਰ ਸੁਣਦੇ ਰਹੀਏ ਤਾਂ ਕਿ ਆਪਣੇ ਕਰਮ, ਸੋਚ ਜਾਂ ਵਿਹਾਰ ਵਿਚ ਪੈਦਾ ਹੋਣ ਵਾਲੇ ਕੂੜ-ਕਬਾੜਾਂ, ਫਰੇਬਾਂ, ਠੱਗੀਆਂ, ਧੋਖਾਧੜੀ, ਬੇਈਮਾਨੀ, ਲਾਲਚ ਜਾਂ ਅਣਮਨੁੱਖੀ ਵਿਹਾਰ ਤੋਂ ਸਦਾ ਤੌਬਾ ਕਰਦੇ ਰਹੀਏ। ਸਾਡੇ ਲਈ ਜੀਵਨ ਦੀਆਂ ਦੁਸ਼ਵਾਰੀਆਂ ਲਈ ਕੋਈ ਥਾਂ ਨਹੀਂ ਹੋਵੇਗੀ। ਜਦ ਕੋਈ ਮਨੁੱਖ ਖ਼ੁਦ ਆਪਣੀ ਘੂਰ ਦਾ ਪਾਬੰਦ ਹੋ ਜਾਂਦਾ ਅਤੇ ਇਸ ਦੀ ਪਹਿਰੇਦਾਰੀ ਵਿਚ ਜੀਵਨ-ਪੈਂਡਿਆਂ ਦਾ ਮਾਰਗੀ ਬਣਦਾ ਤਾਂ ਜ਼ਿੰਦਗੀ ਬਹੁਤ ਹੀ ਸੰਤੁਲਿਤ, ਸੁੱਚਮਈ ਅਤੇ ਸੁੱਖਨਵਰ ਹੋ ਜਾਂਦੀ। ਅਜੇਹਾ ਵਕਤ ਤੁਹਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਅਮਾਨਤ ਅਤੇ ਇਬਾਦਤ ਹੁੰਦੇ। ਇਸ ਲਈ ਬਹੁਤ ਜ਼ਰੂਰੀ ਹੈ ਕਿ ਹੋਰ ਸਾਰੀਆਂ ਘੂਰਾਂ ਦੇ ਨਾਲ-ਨਾਲ ਆਪਣੇ ਮਸਤਕ ਵਿਚ ਬੈਠੀ ਘੂਰ ਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰੀਏ।

# ਕਿੱਸਾ ਮੇਰੀ ਕਲਮ ਦੀ ਮੈਰਾਥਨ ਦਾ – 3

'ਆਰਸੀ' ਤੋਂ ਸ਼ੁਰੂ ਕਰ ਕੇ ਮੈਂ 'ਪ੍ਰੀਤਲੜੀ', 'ਸਚਿੱਤਰ ਕੌਮੀ ਏਕਤਾ', 'ਪੰਜਾਬੀ ਟ੍ਰਿਬਿਊਨ', 'ਰੋਜ਼ਾਨਾ ਅਜੀਤ' 'ਦੇਸ ਪ੍ਰਦੇਸ', 'ਇੰਡੋ-ਕੈਨੇਡੀਅਨ ਟਾਇਮਜ਼', 'ਪੰਜਾਬ ਟਾਈਮਜ਼', 'ਪਰਵਾਸੀ', 'ਹੁਣ', 'ਫਿਲਹਾਲ', 'ਪੰਜਾਬੀ ਪੋਸਟ' ਅਤੇ ਹੋਰ ਕਈ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪਿਆ। ਅਖ਼ਬਾਰਾਂ, ਰਸਾਲਿਆਂ ਵਿਚ ਛਪਦੇ ਲੇਖਾਂ ਨੂੰ ਹੀ ਸੋਧ ਕੇ ਫਿਰ ਪੁਸਤਕਾਂ ਛਪਾਈਆਂ ਜਾਂਦੀਆਂ ਰਹੀਆਂ। ਹੁਣ ਤਕ ਮੇਰੀਆਂ ਪੰਜਾਹ ਦੇ ਕਰੀਬ ਕਿਤਾਬਾਂ ਛਪ ਚੁੱਕੀਆਂ ਹਨ।

ਮੈਰਾਥਨ ਦੌੜ ਬਤਾਲੀ ਕਿਲੋਮੀਟਰ ਤੋਂ ਵੱਧ ਹੁੰਦੀ ਹੈ। ਮੈਨੂੰ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਦੇ ਨੂੰ ਪੰਜਾਹ ਸਾਲ ਤੋਂ ਵੱਧ ਹੋ ਗਏ ਹਨ। ਜਿਵੇਂ ਮੈਰਾਥਨ ਦੌੜਾਕ ਦੌੜ ਮੁੱਕਣ ਦੇ ਨੇੜੇ ਸਿਰਤ ਨਾਲ ਹੋਰ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਤੇਜ਼ ਦੌੜਨ ਲੱਗਦੇ ਹਨ ਉਵੇਂ ਮੈਂ ਵੀ ਆਪਣੀ ਲਿਖਣ ਦੀ ਚਾਲ ਹੋਰ ਤੇਜ਼ ਕਰ ਦਿੱਤੀ ਹੈ। ਪਿਛਲੇ ਵੀਹ ਬਾਈ ਸਾਲਾਂ ਤੋਂ ਹਰੇਕ ਸਾਲ ਮੇਰੀ ਨਵੀਂ ਪੁਸਤਕ ਛਪ ਰਹੀ ਹੈ। ਕਦੇ ਦੋ-ਤਿੰਨ ਵੀ ਛਪ ਜਾਂਦੀਆਂ ਹਨ। ਕਦੇ 'ਖੇਡ ਜਗਤ ਦੀਆਂ ਬਾਤਾਂ' ਕਦੇ 'ਖੇਡ ਮੇਲੇ ਵੇਖਦਿਆਂ', ਕਦੇ 'ਓਲੰਪਿਕ ਖੇਡਾਂ ਦੀ ਸਦੀ' ਤੇ ਕਦੇ 'ਕਬੱਡੀ ਕਬੱਡੀ ਕਬੱਡੀ'। ਕਦੇ 'ਚੋਣਵੇਂ ਪੰਜਾਬੀ ਖਿਡਾਰੀ', ਕਦੇ 'ਖੇਡ ਦਰਸ਼ਨ', ਕਦੇ 'ਖੇਡ ਪਰਿਕਰਮਾ' ਤੇ ਕਦੇ 'ਖੇਡਾਂ ਦੀ ਦੁਨੀਆ'। 2009 ਵਿਚ ਆਪਣੀ ਸਵੈ-ਜੀਵਨੀ 'ਹਸਦਿਆਂ ਖੇਲਦਿਆਂ' ਲਿਖੀ। ਫਿਰ 'ਮੇਲੇ ਕਬੱਡੀ ਦੇ' ਤੇ ਅਗਲੇ ਸਾਲ 'ਅੱਖੀਂ ਡਿੱਠਾ ਕਬੱਡੀ ਵਰਲਡ ਕੱਪ' ਛਪੀ। ਲੰਡਨ ਦੀਆਂ ਓਲੰਪਿਕ ਖੇਡਾਂ ਮੌਕੇ 'ਏਥਨਜ਼ ਤੋਂ ਲੰਡਨ' ਪ੍ਰਕਾਸ਼ਿਤ ਕਰਵਾਈ ਤੇ 2013 ਵਿਚ 'ਖੇਡ ਅਤੇ ਸੇਹਤ ਵਾਰਤਾ' ਪੇਸ਼ ਕੀਤੀ। 2014 ਵਿਚ 'ਕਿੱਸਾ ਕਬੱਡੀ ਦਾ' ਲੈ ਕੇ ਹਾਜ਼ਰ ਹੋਇਆ। 2015 ਵਿਚ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ' ਛਪੀ। 2016 ਵਿਚ 'ਪੰਜਾਬ ਦੇ ਕੋਹੇਨੂਰ' ਭਾਗ ਪਹਿਲਾ ਤੇ 'ਖੇਤੀ ਅਰਥਚਾਰੇ ਦਾ ਧਰੂ ਤਾਰਾ ਡਾ. ਸਰਦਾਰਾ ਸਿੰਘ ਜੌਹਲ' ਅਤੇ 2017 ਵਿਚ 'ਪੰਜਾਬ ਦੇ ਕੋਹੇਨੂਰ' ਭਾਗ ਦੂਜਾ। 2018 ਵਿਚ 'ਪੰਜਾਬ ਦੇ ਕੋਹੇਨੂਰ' ਭਾਗ ਤੀਜਾ ਤੇ 'ਮੇਰੇ ਵਾਰਤਕ ਦੇ ਰੰਗ'। 2019 ਵਿਚ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ'। ਕਰੋਨਾ ਕਾਲ 'ਚ ਤਾਂ ਮੈਂ ਲਿਖਣ ਦੀ 'ਨ੍ਹੇਰੀ ਈ ਲਿਆ ਦਿੱਤੀ! ਕਿਤੇ ਜਾਣਾ-ਆਉਣਾ ਜੁ ਨਹੀਂ ਸੀ। ਇਨ੍ਹਾਂ ਦੋ-ਢਾਈ ਸਾਲਾਂ 'ਚ ਮੇਰੀਆਂ ਸੱਤ ਅੱਠ ਕਿਤਾਬਾਂ ਛਪੀਆਂ ਨੇ। 2000 ਵਿਚ ਰਿਟਾਇਰਮੈਂਟ ਪਿੱਛੋਂ ਮੈਂ ਪੜ੍ਹਨ-ਲਿਖਣ ਲਈ ਪੂਰਾ ਵਿਹਲਾ ਸਾਂ ਜਿਸ ਕਰਕੇ ਪੂਰਨਕਾਲੀ ਲੇਖਕ ਬਣਿਆ ਹੋਇਆ ਹਾਂ।


ਸੋਹਣ ਸਿੰਘ 'ਸੀਤਲ' ਦੀਆਂ ਬਹੁਤੀਆਂ ਕਿਤਾਬਾਂ ਦੇ ਨਾਂ ਮੁਹਰੇ ਸੀਤਲ ਲੱਗਦਾ ਹੈ। ਸੀਤਲ ਪ੍ਰਸੰਗ, ਸੀਤਲ ਤਾਂਘਾਂ, ਸੀਤਲ ਤਰੰਗਾਂ, ਉਮੰਗਾਂ, ਰਮਜ਼ਾਂ, ਸੁਗਾਤਾਂ, ਕਿਰਨਾਂ ਤੇ ਸੀਤਲ ਵਲਵਲੇ ਆਦਿ। ਮੇਰੀਆਂ ਵੀ ਬਹੁਤੀਆਂ ਕਿਤਾਬਾਂ ਦੇ ਨਾਂ ਖੇਡ ਨਾਲ ਸ਼ੁਰੂ ਹੁੰਦੇ ਹਨ। ਜਿਵੇਂ ਖੇਡ ਸੰਸਾਰ, ਖੇਡ ਜਗਤ ਵਿਚ ਭਾਰਤ, ਖੇਡ ਮੈਦਾਨ 'ਚੋਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਖੇਡ ਦਰਸ਼ਨ, ਖੇਡ ਮੇਲੇ ਵੇਖਦਿਆਂ, ਖੇਡਾਂ ਦੀ ਦੁਨੀਆ, ਖੇਡ ਅਤੇ ਸੇਹਤ ਵਾਰਤਾ, ਖੇਡ ਖਿਡਾਰੀ, ਖੇਡ ਸਾਹਿਤ ਦੀਆਂ ਬਾਤਾਂ, ਖੇਡ ਸਾਹਿਤ ਦੇ ਮੋਤੀ ਤੇ ਖੇਡ ਸਾਹਿਤ ਦੇ ਹੀਰੇ ਆਦਿ। ਹੋ ਸਕਦੈ ਕਦੇ ਖੇਡ ਵਿਥਿਆ, ਖੇਡ ਚਰਚਾ, ਖੇਡ ਕਥਾ ਤੇ ਖੇਡ ਲੀਲ੍ਹਾ ਵੀ ਰੱਖੇ ਜਾਣ। ਉਂਜ ਖੇਡਾਂ ਖਿਡਾਰੀਆਂ ਬਾਰੇ ਲਿਖਣਾ ਮੇਰਾ ਪੇਸ਼ਾ ਨਹੀਂ, ਕੇਵਲ ਸ਼ੌਕ ਹੈ।

ਹੁਣ ਤਕ ਮੈਂ ਦੋ ਕੁ ਸੌ ਖਿਡਾਰੀਆਂ ਦੇ ਸ਼ਬਦ ਚਿੱਤਰ ਉਲੀਕ ਸਕਿਆ ਹਾਂ। ਸੌ ਤੋਂ ਵੱਧ ਦੇਸੀ ਤੇ ਵਿਦੇਸ਼ੀ ਖੇਡਾਂ ਦੀ ਜਾਣਕਾਰੀ ਦਿੱਤੀ ਹੈ ਅਤੇ ਪੇਂਡੂ ਟੂਰਨਾਮੈਂਟਾਂ ਤੋਂ ਲੈ ਕੇ ਓਲੰਪਿਕ ਖੇਡਾਂ ਤਕ ਡੇਢ ਕੁ ਸੌ ਖੇਡ ਮੇਲਿਆਂ ਦੇ ਨਜ਼ਾਰੇ ਬਿਆਨ ਕੀਤੇ ਹਨ। ਏਸ਼ਿਆਈ ਤੇ ਓਲੰਪਿਕ ਖੇਡਾਂ ਦਾ ਇਤਿਹਾਸ ਲਿਖਿਆ ਹੈ। ਕਾਮਨਵੈਲਥ ਤੇ ਐਫਰੋ-ਏਸ਼ੀਅਨ ਖੇਡਾਂ ਬਾਰੇ ਤਬਸਰਾ ਕੀਤਾ ਹੈ ਅਤੇ ਵਿਸ਼ਵ ਕੱਪਾਂ ਤੇ ਖੇਡਾਂ ਦੇ ਅਨੇਕਾਂ ਪੱਖਾਂ ਦੀ ਚਰਚਾ ਛੇੜੀ ਹੈ। ਦੇਸ ਵਿਦੇਸ਼ ਦੇ ਖੇਡ ਮੇਲਿਆਂ ਵਿਚ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨ ਲਈ ਜਾਂਦਿਆਂ ਆਉਂਦਿਆਂ ਕੀਤੇ ਗਏ ਸਫ਼ਰਾਂ ਦਾ ਹਾਲ-ਚਾਲ ਲਿਖਿਆ ਅਤੇ ਅਮਲੀਆਂ ਤੇ ਭੰਡਾਂ ਦਾ ਹਾਸ ਬਿਲਾਸ ਪੇਸ਼ ਕੀਤਾ ਹੈ। 'ਅੱਖੀਂ ਵੇਖ ਨਾ ਰੱਜੀਆਂ' ਲਿਖਣ ਪਿੱਛੋਂ ਦੂਜਾ ਸਫ਼ਰਨਾਮਾ 'ਫੇਰੀ ਵਤਨਾਂ ਦੀ' ਲਿਖਿਆ ਹੈ। 'ਪਿੰਡ ਦੀ ਸੱਥ 'ਚੋਂ' ਦੀ ਸੱਥ ਚਰਚਾ ਨਾਲ 'ਬਾਤਾਂ ਵਤਨ ਦੀਆਂ' ਵੀ ਪਾਈਆਂ ਹਨ। ਆਪਣੀ ਸਵੈ-ਜੀਵਨੀ ਲਿਖਣ ਦੇ ਨਾਲ ਓਲੰਪੀਅਨ ਬਲਬੀਰ ਸਿੰਘ, ਫਲਾਈਂਗ ਸਿੱਖ ਮਿਲਖਾ ਸਿੰਘ ਤੇ ਪਦਮ ਭੂਸ਼ਨ ਡਾ. ਸਰਦਾਰਾ ਸਿੰਘ ਜੌਹਲ ਦੀਆਂ ਜੀਵਨੀਆਂ ਵੀ ਲਿਖੀਆਂ ਹਨ। ਕੁਝ ਪੁਸਤਕਾਂ ਸੰਪਾਦਿਤ ਅਤੇ ਅਨੁਵਾਦਿਤ ਵੀ ਕੀਤੀਆਂ ਹਨ। ਮੇਰੀਆਂ ਵੀ ਕੁੱਝ ਪੁਸਤਕਾਂ ਦਾ ਅਨੁਵਾਦ ਹੋਇਆ ਹੈ।

ਖੇਡਾਂ ਦੀ ਦੁਨੀਆ ਬੜੀ ਵਚਿੱਤਰ ਤੇ ਬਹੁਰੰਗੀ ਹੈ। ਸੈਂਕੜੇ ਹਜ਼ਾਰਾਂ ਖੇਡਾਂ ਜਲ, ਥਲ, ਬਰਫ਼ ਤੇ ਹਵਾ ਵਿਚ ਖੇਡੀਆਂ ਜਾ ਰਹੀਆਂ ਹਨ। ਕਿਤੇ ਜੁੱਸੇ ਦੇ ਜ਼ੋਰ ਦੀ ਪਰਖ ਹੈ, ਕਿਤੇ ਦਿਮਾਗ ਦੇ ਤੇਜ਼ ਹੋਣ ਦੀ ਤੇ ਕਿਤੇ ਚੁਸਤੀ-ਫੁਰਤੀ ਦੀ। ਪੰਜਾਬ ਦੀਆਂ ਦੇਸੀ ਖੇਡਾਂ ਦੀ ਗਿਣਤੀ ਹੀ ਸੌ ਤੋਂ ਵੱਧ ਹੈ, ਜਿਨ੍ਹਾਂ 'ਚੋਂ ਸਤਾਸੀ ਖੇਡਾਂ ਦੀ ਜਾਣਕਾਰੀ ਮੈਂ ਆਪਣੀ ਪੁਸਤਕ 'ਪੰਜਾਬ ਦੀਆਂ ਦੇਸੀ ਖੇਡਾਂ' ਵਿਚ ਦਿੱਤੀ ਹੈ। ਕੁਲ ਆਲਮ ਦੀਆਂ ਹਜ਼ਾਰਾਂ ਖੇਡਾਂ 'ਚੋਂ ਤੀਹ ਚਾਲੀ ਖੇਡਾਂ ਹੀ ਹਨ ਜਿਨ੍ਹਾਂ ਦੇ ਮੁਕਾਬਲੇ ਮਹਾਂਦੀਪਾਂ ਤੇ ਓਲੰਪਿਕ ਪੱਧਰ 'ਤੇ ਹੋਣ ਲੱਗੇ ਹਨ। ਖੇਡਾਂ ਵਿਚ ਸੱਟਾਂ ਫੇਟਾਂ ਵੀ ਹਨ ਤੇ ਛੋਟੇ ਵੱਡੇ ਇਨਾਮ ਵੀ। ਕਈ ਖੇਡਦਿਆਂ ਕਿਸੇ ਖਿਡਾਰੀ ਦੀ ਮੌਤ ਵੀ ਹੋ ਸਕਦੀ ਹੈ। ਕਈ ਖੇਡਾਂ ਜਾਨ ਜੋਖਮ ਵਾਲੀਆਂ ਹਨ ਜਿਨ੍ਹਾਂ ਲਈ ਸੇਫ ਗਾਰਡ ਵਰਤੇ ਜਾਂਦੇ ਹਨ। ਖੇਡਾਂ ਦੇ ਆਲਮ ਤੇ ਗੱਲਾਂ ਦਾ ਕੋਈ ਪਾਰਾਵਾਰ ਨਹੀਂ।

ਆਪਣੀ ਪਹਿਲੀ ਪੁਸਤਕ 'ਪੰਜਾਬ ਦੇ ਉੱਘੇ ਖਿਡਾਰੀ' ਦੀ ਭੂਮਿਕਾ ਮੈਂ 'ਪਹੁਫੁਟਾਲਾ' ਸਿਰਲੇਖ ਹੇਠ ਬੰਨ੍ਹੀ ਸੀ। ਉਸ ਦੀਆਂ ਅੰਤਲੀਆਂ ਸਤਰਾਂ ਸਨ, "ਮੇਰੀ ਤਕੜਾ ਖਿਡਾਰੀ ਬਣਨ ਦੀ ਰੀਝ ਸੀ ਜੋ ਪੂਰੀ ਨਹੀਂ ਹੋਈ। ਜੋ ਕੁੱਝ ਮੈਂ ਸਰੀਰ ਨਾਲ ਨਹੀਂ ਕਰ ਸਕਿਆ, ਉਹ ਕੁੱਝ ਕਲਮ ਨਾਲ ਕਰਨ ਦੀ ਕੋਸ਼ਿਸ਼ ਕਰ ਰਿਹਾਂ। ਇਹ ਤਾਂ ਸਮਾਂ ਹੀ ਦੱਸੇਗਾ, ਮੇਰੀ ਸੀਮਾ ਕਿੱਥੇ ਤਕ ਹੈ? ਹਥਲੀ ਪੁਸਤਕ ਮੇਰੀ ਲਿਖਤ ਦਾ ਪਹੁ-ਫੁਟਾਲਾ ਹੈ ਤੇ ਇਹ ਮੈਂ ਉਨ੍ਹਾਂ ਮਾਵਾਂ ਨੂੰ ਸਮਰਪਨ ਕਰਦਾ ਹਾਂ ਜਿਨ੍ਹਾਂ ਪੀੜਾਂ ਜਰ ਕੇ ਯੋਧੇ ਖਿਡਾਰੀ ਜਨਮੇ ਹਨ।"

ਦੂਜੀ ਪੁਸਤਕ 'ਖੇਡ ਸੰਸਾਰ' ਦੇ ਮੁਖ ਬੰਦ ਦਾ ਨਾਂ ਮੈਂ 'ਪਹੁਫੁਟਾਲੇ ਪਿੱਛੋਂ' ਰੱਖਿਆ। ਉਸ ਦਾ ਮੁਢਲਾ ਪੈਰ੍ਹਾ ਸੀ, 'ਖੇਡਾਂ ਦੀ ਆਪਣੀ ਖਿੱਚ ਹੈ ਤੇ ਆਪਣਾ ਮਹੱਤਵ। ਇਹ ਤਾਕਤ, ਤੰਦਰੁਸਤੀ




ਤੇ ਸੁਹੱਪਣ ਦਾ ਸੋਮਾ ਹਨ ਅਤੇ ਇਨ੍ਹਾਂ ਨਾਲ ਦੀ ਹੋਰ ਕੋਈ ਨੇਅਮਤ ਨਹੀਂ। ਇਹ ਕੌਮਾਂ ਦੀ ਸਿਹਤ ਦਾ ਅਜ਼ਮਾਇਆ ਸਾਧਨ ਹਨ। ਖੇਡਾਂ ਦੀ ਚੜ੍ਹਤ ਕਿਸੇ ਰਾਸ਼ਟਰ ਦੇ ਰਾਜ਼ੀ ਬਾਜ਼ੀ ਹੋਣ ਦਾ ਸਬੂਤ ਹੁੰਦੀ ਹੈ। ਖੇਡਾਂ ਵਿਚ ਮਨਪ੍ਰਚਾਵਾ ਵੀ ਹੈ ਅਤੇ ਜ਼ੋਰ ਤੇ ਜੁਗਤ ਦਾ ਪਰਤਿਆਵਾ ਵੀ। ਇਹ ਖਿਡਾਰੀਆਂ ਦੇ ਜੁੱਸਿਆਂ ਨੂੰ ਸੁਡੌਲਤਾ ਵਿਚ ਢਾਲ ਕੇ ਦਿਲਕਸ਼ ਬਣਾ ਦਿੰਦੀਆਂ ਹਨ ਤੇ ਮਨੁੱਖੀ ਸੁਹਜ ਸੁਆਦ ਵਿਚ ਵਾਧਾ ਕਰਦੀਆਂ ਹਨ।'

ਤੀਜੀ ਪੁਸਤਕ 'ਖੇਡ ਜਗਤ ਵਿਚ ਭਾਰਤ' ਦੀ ਭੂਮਿਕਾ ਮੈਂ 'ਖੇਡ ਜਗਤ ਦੀ ਗੱਲ' ਨਾਲ ਸ਼ੁਰੂ ਕੀਤੀ ਤੇ ਲਿਖਿਆ, 'ਮਨੁੱਖ ਦੀ ਸ਼ਕਤੀ ਤੇ ਸਾਹਸ ਦਾ ਕੋਈ ਸਿਰਾ ਨਹੀਂ। ਬੰਦੇ ਦੇ ਬੁਲੰਦ ਜੇਰੇ ਅੱਗੇ ਐਵਰੈਸਟ ਜਿਹੀਆਂ ਚੋਟੀਆਂ ਦੀ ਉਚਾਈ ਵੀ ਤੁੱਛ ਹੈ। ਮਨੁੱਖ ਜੂਝਣ ਲਈ ਪੈਦਾ ਹੋਇਆ ਹੈ। ਮੁੱਢ ਕਦੀਮ ਤੋਂ ਮਨੁੱਖ ਦੇ ਜਾਏ ਪ੍ਰਕਿਰਤਕ ਸ਼ਕਤੀਆਂ ਨਾਲ ਜੂਝਦੇ ਆਏ ਹਨ। ਖੇਡਾਂ ਮਨੁੱਖ ਦੀ ਜੁਝਾਰੂ ਸ਼ਕਤੀ ਵਿਚ ਵਾਧਾ ਕਰਨ ਲਈ ਹਨ। ਖੇਡ ਮੈਦਾਨਾਂ ਵਿਚ ਬੰਦੇ ਦੀ ਲਗਨ, ਦ੍ਰਿੜਤਾ ਤੇ ਜਿੱਤਾਂ ਜਿੱਤਣ ਲਈ ਸਿਰੜ ਦਾ ਪਤਾ ਲੱਗਦਾ ਹੈ। ਮਨੁੱਖ ਫਤਹਿ ਹਾਸਲ ਕਰਨ ਲਈ ਜੰਮਿਆ ਹੈ। ਉਹ ਅੰਦਰ ਤੇ ਬਾਹਰ ਸਭਨਾਂ ਤਾਕਤਾਂ ਨੂੰ ਜਿੱਤ ਲੈਣਾ ਲੋਚਦਾ ਹੈ। ਇੱਕ ਪਾਸੇ ਉਹ ਮਨ ਜਿੱਤਣ ਦੇ ਆਹਰ ਵਿਚ ਹੈ ਤੇ ਦੂਜੇ ਪਾਸੇ ਜੱਗ ਜਿੱਤਣ ਦੇ। ਉਹ ਧਰਤੀ ਤੇ ਸਾਗਰ ਗਾਹੁਣ ਪਿੱਛੋਂ ਪੁਲਾੜ ਦੀ ਹਿੱਕ ਚੀਰ ਕੇ ਅਗਾਂਹ ਲੰਘ ਜਾਣਾ ਚਾਹੁੰਦਾ ਹੈ।

'ਮਨੁੱਖ ਦੇ ਅਗਾਂਹ ਲੰਘ ਜਾਣ ਤੇ ਆਪਣੀ ਹੋਂਦ ਜਤਲਾਉਣ ਦੀ ਤਾਂਘ ਨੂੰ ਖੇਡਾਂ ਭਰਪੂਰ ਹੁੰਗਾਰਾ ਭਰਦੀਆਂ ਹਨ। ਖੇਡਾਂ ਦਾ ਸਾਰਾ ਇਤਿਹਾਸ ਮਨੁੱਖੀ ਵੰਗਾਰ ਤੇ ਉਸ ਦਾ ਮੁਕਾਬਲਾ ਕਰਨ ਦੀ ਕਥਾ ਹੈ। ਭਾਰਤ ਵਾਸੀਆਂ ਨੇ ਖੇਡਾਂ ਦੇ ਖੇਤਰ ਵਿਚ ਜੋ ਪ੍ਰਾਪਤੀਆਂ ਕੀਤੀਆਂ ਉਹ ਹਥਲੀ ਪੁਸਤਕ ਵਿਚ ਪੇਸ਼ ਹਨ। ਆਸ ਹੈ ਭਾਰਤ ਦੇ ਨੌਜੁਆਨ, ਜੇਤੂਆਂ ਦਾ ਜ਼ਿਕਰ ਪੜ੍ਹ ਕੇ ਨਵੀਆਂ ਜਿੱਤਾਂ ਵੱਲ ਮੂੰਹ ਕਰਨਗੇ। ਜੁਆਨ ਹੋ ਰਹੀ ਪੀੜ੍ਹੀ ਦੀ ਸ਼ਕਤੀ ਝੱਖੜ ਵਾਂਗ ਹੁੰਦੀ ਹੈ ਤੇ ਝੱਖੜ ਜਿਧਰ ਮੂੰਹ ਕਰ ਲਏ ਰੁਕਦਾ ਨਹੀਂ।'

ਆਪਣੀ ਚੌਥੀ ਪੁਸਤਕ 'ਪੰਜਾਬੀ ਖਿਡਾਰੀ' ਮੈਂ ਉਨ੍ਹਾਂ ਖਿਡਾਰੀਆਂ ਨੂੰ ਸਮਰਪਿਤ ਕੀਤੀ ਜਿਹੜੇ ਜੇਤੂਆਂ ਸੰਗ ਜੂਝੇ ਤੇ ਉਨ੍ਹਾਂ ਨੂੰ ਜਿੱਤ-ਮੰਚਾਂ ਉੱਤੇ ਚੜ੍ਹਾਉਣ ਵਿਚ ਸਹਾਈ ਹੋਏ ਪਰ ਉਨ੍ਹਾਂ ਦਾ ਕਿਸੇ ਨਾਂ ਨਹੀਂ ਲਿਆ। ਉਸ ਵਿਚ ਪੰਜਾਹ ਚੈਂਪੀਅਨ ਖਿਡਾਰੀਆਂ ਦੇ ਰੇਖਾ ਚਿੱਤਰ ਹਨ ਤੇ ਉਹ ਸਚਿੱਤਰ ਪੁਸਤਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬੀ ਦੇ ਨਾਲ ਅੰਗਰੇਜ਼ੀ ਵਿਚ ਵੀ ਪ੍ਰਕਾਸ਼ਿਤ ਕੀਤੀ ਹੈ।

ਮੈਥੋਂ ਅਕਸਰ ਪੁੱਛਿਆ ਜਾਂਦੈ ਕਿ ਮੈਂ ਕਹਾਣੀਆਂ ਲਿਖਦਾ ਖੇਡ ਰਚਨਾ ਵੱਲ ਕਿਵੇਂ ਆਇਆ? ਕੀ ਮੈਂ ਖ਼ੁਦ ਖਿਡਾਰੀ ਸਾਂ, ਖੇਡ ਅਧਿਕਾਰੀ ਜਾਂ ਖੇਡਾਂ ਦਾ ਕੋਚ? ਕਦੇ-ਕਦੇ ਮੈਨੂੰ ਕੋਈ ਚਿੱਠੀ ਅਜਿਹੀ ਵੀ ਆਉਂਦੀ ਜਿਸ ਦੇ ਸਿਰਨਾਵੇਂ 'ਤੇ ਲਿਖਿਆ ਹੁੰਦਾ ਸਰਵਣ ਸਿੰਘ ਖੇਡਾਂ ਵਾਲਾ। ਉਹ ਮੈਨੂੰ ਕਾਲਜ ਵਿਚ ਡੀ.ਪੀ.ਈ. ਜਾਂ ਸਰੀਰਕ ਸਿੱਖਿਆ ਦਾ ਲੈਕਚਰਾਰ ਸਮਝਦੇ। ਇਹ ਗੱਲ ਸ਼ਾਇਦ ਪਾਠਕ ਘੱਟ ਹੀ ਜਾਣਦੇ ਹੋਣਗੇ ਕਿ ਰੁਜ਼ਗਾਰ ਪੱਖੋਂ ਮੈਂ ਪੰਜਾਬੀ ਦਾ ਲੈਕਚਰਾਰ ਤੇ ਕਾਲਜ ਦਾ ਪ੍ਰਿੰਸੀਪਲ ਸਾਂ। ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣਾ ਤੇ ਕਬੱਡੀ ਦੀ ਕੁਮੈਂਟਰੀ ਕਰਨੀ ਮੇਰਾ ਸ਼ੌਕ ਹੈ। ਉਂਜ ਹਾਲਤ ਇਹ ਹੈ ਕਿ ਸ਼ੌਕ ਹੀ ਮੇਰਾ ਕਿੱਤਾ ਬਣਿਆ ਹੋਇਐ। ਖੇਡਾਂ ਤੇ ਖਿਡਾਰੀਆਂ ਬਾਰੇ ਮੈਂ ਗਿਣ ਮਿੱਥ ਕੇ ਨਹੀਂ ਸਾਂ ਲਿਖਣ ਲੱਗਾ। ਮੇਰੇ ਨਾਲ ਤਾਂ ਖੇਡ ਖੇਤਰ ਵਿਚ ਉਵੇਂ ਹੋਈ ਜਿਵੇਂ ਸੁੰਘਿਆ ਸੀ ਫੁੱਲ ਕਰ ਕੇ ਰੌਅ ਗਿਆ ਹੱਡਾਂ ਵਿਚ ਸਾਰੇ।

ਜੁਲਾਈ 1967 ਵਿਚ ਮੈਂ ਦਿੱਲੀ ਦਾ ਕਾਲਜ ਛੱਡ ਕੇ ਢੁੱਡੀਕੇ ਦੇ ਕਾਲਜ ਵਿਚ ਆ ਗਿਆ ਸਾਂ। ਨਾਮੀ ਖਿਡਾਰੀਆਂ ਨਾਲੋਂ ਨਾਤਾ ਟੁੱਟ ਜਾਣ ਕਾਰਨ ਮੇਰੀ ਲਿਖਣ ਦੀ ਰਫ਼ਤਾਰ ਘਟ ਗਈ ਸੀ। ਬੱਸ ਸਾਰਾਦਿੰਦੂ ਸਾਨਿਆਲ ਦੀ ਅੰਗਰੇਜ਼ੀ ਪੁਸਤਕ ਦਾ 'ਭਾਰਤ ਵਿਚ ਹਾਕੀ' ਨਾਂ ਹੇਠ ਤੇ ਦੂਜੀ ਪੁਸਤਕ 'ਡਾਕ ਟਿਕਟਾਂ ਦਾ ਸ਼ੌਕ' ਨਾਂ ਹੇਠ ਅਨੁਵਾਦ ਕੀਤਾ ਅਤੇ ਕੁੱਝ ਫੁਟਕਲ ਆਰਟੀਕਲ ਲਿਖੇ। 1975 ਵਿਚ ਮੈਂ ਦੁਬਾਰਾ ਰਫ਼ਤਾਰ ਫੜੀ। ਉਨ੍ਹੀਂ ਦਿਨੀਂ ਦਿੱਲੀ ਤੋਂ 'ਸਚਿੱਤਰ ਕੌਮੀ ਏਕਤਾ' ਮੈਗਜ਼ੀਨ ਨਿਕਲਣਾ ਸ਼ੁਰੂ ਹੋਇਆ ਜਿਸ ਦੀ ਇਸ਼ਾਇਤ ਲੱਖ ਦੇ ਕਰੀਬ ਚਲੀ ਗਈ। ਡਾ. ਹਰਿਭਜਨ ਸਿੰਘ ਨੇ ਮੈਨੂੰ 'ਖੇਡਾਂ ਵਿਚ ਪੰਜਾਬੀ' ਅੰਕ ਲਈ ਆਰਟੀਕਲ ਲਿਖਣ ਨੂੰ ਕਿਹਾ। ਮੈਂ 'ਪੰਜਾਬ ਦੇ ਖਿਡਾਰੀ' ਲੇਖ ਭੇਜਿਆ ਤਾਂ ਮੈਨੂੰ ਮਨੀ ਆਰਡਰ ਮਿਲਿਆ ਜਿਸ ਦੀ ਮੈਨੂੰ ਖ਼ੁਸ਼ੀ ਹੋਈ। 'ਸਚਿੱਤਰ ਕੌਮੀ ਏਕਤਾ' ਨੇ ਇਕ ਸਥਾਈ ਕਾਲਮ 'ਖੇਡ ਮੈਦਾਨ 'ਚੋਂ' ਸ਼ੁਰੂ ਕੀਤਾ ਜੋ ਮੈਂ ਪੰਦਰਾਂ ਸਾਲ ਲਿਖਿਆ। ਉਸੇ ਰਸਾਲੇ ਵਿਚ ਮੈਂ 'ਪਹਿਰੇਦਾਰ' ਦੇ ਨਾਂ ਹੇਠ 'ਪਿੰਡ ਦੀ ਸੱਥ 'ਚੋਂ' ਕਾਲਮ ਵੀ ਕਾਫੀ ਸਮਾਂ ਲਿਖਦਾ ਰਿਹਾ।

1978 ਵਿਚ ਸ਼ੁਰੂ ਹੋਏ 'ਪੰਜਾਬੀ ਟ੍ਰਿਬਿਊਨ' ਨੇ ਮੇਰੀ ਲਿਖਣ ਚਾਲ ਹੋਰ ਤੇਜ਼ ਕਰਵਾ ਦਿੱਤੀ। ਉਹਦੇ ਹਫ਼ਤਾਵਾਰੀ ਖੇਡ-ਅੰਕਾਂ ਲਈ ਲਿਖਣ ਤੋਂ ਸਿਵਾ ਮੈਂ ਉਸ ਅਖ਼ਬਾਰ ਲਈ ਬੰਬਈ ਦਾ ਹਾਕੀ ਵਿਸ਼ਵ ਕੱਪ ਅਤੇ ਦਿੱਲੀ ਤੇ ਸਿਓਲ ਦੀਆਂ ਏਸ਼ਿਆਈ ਖੇਡਾਂ ਕਵਰ ਕੀਤੀਆਂ। ਬਰਜਿੰਦਰ ਸਿੰਘ ਨੇ ਪਹਿਲਾਂ 'ਪੰਜਾਬੀ ਟ੍ਰਿਬਿਊਨ' ਤੇ ਫਿਰ 'ਅਜੀਤ' ਨਾਲ ਮੈਨੂੰ ਜੋੜੀ ਰੱਖਿਆ। ਮੈਂ ਟੋਰਾਂਟੋ ਦੇ 'ਪਰਵਾਸੀ', ਵੈਨਕੂਵਰ ਦੇ 'ਇੰਡੋ ਕੈਨੇਡੀਅਨ ਟਾਇਮਜ਼', ਲੰਡਨ ਦੇ 'ਦੇਸ ਪ੍ਰਦੇਸ' ਤੇ ਅਮਰੀਕਾ ਦੇ 'ਪੰਜਾਬ ਟਾਈਮਜ਼' ਆਦਿ ਪਰਚਿਆਂ ਲਈ ਵਰ੍ਹਿਆਂ ਤੋਂ ਲਿਖ ਰਿਹਾਂ।

ਪੰਜਾਬੀ ਵਿਚ ਡੇਢ ਸੌ ਤੋਂ ਵੱਧ ਖੇਡ ਪੁਸਤਕਾਂ ਵਜੂਦ ਵਿਚ ਆ ਚੁੱਕੀਆਂ ਹਨ ਜਿਨ੍ਹਾਂ ਵਿਚ ਪੱਚੀ ਕੁ ਤਾਂ ਮੇਰੀਆਂ ਆਪਣੀਆਂ ਹੀ ਹਨ। ਕਈ ਵਰ੍ਹੇ ਪਹਿਲਾਂ ਇਕ ਸਾਹਿਤਕ ਗੋਸ਼ਟੀ ਵਿਚ ਜਦੋਂ ਇਕ ਆਲੋਚਕ ਨੇ ਖੇਡ ਲੇਖਕਾਂ ਨੂੰ ਸਾਹਿਤਕਾਰ ਮੰਨਣੋਂ ਹੀ ਇਨਕਾਰ ਕਰ ਦਿੱਤਾ ਤਾਂ ਮੈਥੋਂ ਆਖਿਆ ਗਿਆ ਸੀ, 'ਤੁਸੀਂ ਸਾਨੂੰ 'ਸਾਹਿਤਕਾਰ' ਨਹੀਂ ਸਮਝਦੇ ਤਾਂ ਚਲੋ 'ਸਿਹਤਕਾਰ' ਹੀ ਸਮਝ ਲਓ। ਜੇ ਸਾਡੇ 'ਚ ਦਮ ਹੋਇਆ ਤਾਂ ਅਸੀਂ ਪੰਜਾਬੀ ਦੇ ਖੇਡ ਅਦਬ ਦੀ ਵੱਖਰੀ ਅਲਮਾਰੀ ਸ਼ਿੰਗਾਰ ਕੇ ਵਿਖਾਵਾਂਗੇ। ਸਾਡੇ ਵਿਚ ਸਪਰਿੰਟਾਂ ਲਾਉਣ ਵਾਲੇ ਵੀ ਹਨ ਤੇ ਮੈਰਾਥਨ ਲਾਉਣ ਵਾਲੇ ਵੀ। ਲੰਮੇ ਸਫ਼ਰ ਲਈ ਸਾਡੇ ਜੇਰੇ ਬੁਲੰਦ ਹਨ।'

ਇਹ ਵੰਗਾਰ ਹੁਣ ਪੰਜਾਬੀ ਖੇਡ ਲੇਖਕਾਂ ਤੇ ਹੌਸਲਾ ਵਧਾਉਣ ਵਾਲੇ ਪਾਠਕਾਂ ਦੇ ਸਾਹਮਣੇ ਹੈ। ਮੈਂ ਤਾਂ ਇਹੋ ਆਖਾਂਗਾ, 'ਦੋਸਤੋ ਆਪਣੀਆਂ ਕਲਮਾਂ ਹੋਰ ਮਜ਼ਬੂਤੀ ਨਾਲ ਫੜੋ। ਸਾਡੀ ਪਿਆਰੀ ਮਾਂ ਬੋਲੀ ਵਿਚ ਖੇਡ ਅਦਬ ਦਾ ਅਜੇ ਪਹੁ-ਫੁਟਾਲਾ ਹੀ ਹੋਇਆ ਹੈ, ਸਵੇਰਾ ਹੋ ਰਿਹੈ, ਧੁੱਪਾਂ ਦੂਰ ਹਨ ਤੇ ਤਿੱਖੜ ਦੁਪਹਿਰ ਦੀਆਂ ਮੰਜ਼ਿਲਾਂ ਹੋਰ ਵੀ ਦੂਰ!'

ਮੇਰੀ ਕਲਮ ਦੀ ਮੈਰਾਥਨ ਜਾਰੀ ਹੈ ਤੇ ਤਦ ਤਕ ਜਾਰੀ ਰਹੇਗੀ ਜਦੋਂ ਤਕ ਡਿੰਗ ਨਹੀਂ ਪੈਂਦਾ।

***(ਸਮਾਪਤ)***

# ਖੂਬ ਚਰਚਾ ਵਿਚ ਹੈ ਫ਼ਿਲਮ 'ਜੀ ਵਾਈਫ਼ ਜੀ' ਦਾ ਟਰੇਲਰ

ਕਾਮੇਡੀ ਫਿਲਮਾਂ ਦੇ ਸਰਤਾਜ ਕਰਮਜੀਤ ਅਨਮੋਲ ਤੇ ਰੌਸ਼ਨ ਪ੍ਰਿੰਸ ਦੀ ਜੋੜੀ ਲੰਮੇ ਸਮੇਂ ਬਾਅਦ ਮੁੜ ਪੰਜਾਬੀ ਫ਼ਿਲਮ 'ਜੀ ਵਾਈਫ ਜੀ' ਵਿਚ ਇਕੱਠਿਆਂ ਨਜ਼ਰ ਆਵੇਗੀ। ਨਵੇਂ ਵਿਸ਼ੇ ਦੀ ਕਾਮੇਡੀ ਆਧਾਰਤ ਇਸ ਫ਼ਿਲਮ ਦਾ ਟਰੇਲਰ ਬੀਤੇ ਦਿਨੀਂ ਰਿਲੀਜ਼ ਹੋਇਆ ਹੈ, ਜਿਸ ਦੇ ਪੰਜਾਬੀ ਸਿਨੇ ਦਰਸ਼ਕਾਂ ਵਿਚ ਖ਼ੂਬ ਚਰਚੇ ਹੋ ਰਹੇ ਹਨ। ਨਿਰਮਾਤਾ ਰੰਜੀਵ ਸਿੰਗਲਾ ਤੇ ਪੁਨੀਤ ਸ਼ੁਕਲਾ ਦੀ ਇਸ ਫ਼ਿਲਮ ਦਾ ਨਿਰਦੇਸ਼ਕ ਅਵਤਾਰ ਸਿੰਘ ਹੈ।

ਫ਼ਿਲਮ ਬਾਰੇ ਰੰਜੀਵ ਸਿੰਗਲਾ ਨੇ ਦੱਸਿਆ ਕਿ ਪਤੀ-ਪਤਨੀ ਦੀ ਨੋਕ-ਝੋਕ ਵਾਲੀ ਇਹ ਫ਼ਿਲਮ ਮਨੋਰੰਜਨ ਦੇ ਨਾਲ ਨਾਲ ਸਮਾਜ ਨੂੰ ਚੰਗਾ ਮੈਸੇਜ ਵੀ ਦੇਵੇਗੀ। ਸਮਾਜਿਕ ਕਦਰਾਂ-ਕੀਮਤਾਂ ਦੀ ਗੱਲ ਕਰਦੀ ਪਰਿਵਾਰਕ ਵਿਸ਼ੇ ਦੀ ਕਹਾਣੀ 'ਤੇ ਆਧਾਰਤ ਇਸ ਫ਼ਿਲਮ ਵਿਚ ਪਤੀ-ਪਤਨੀ ਦੇ ਪਿਆਰ ਅਤੇ ਨੋਕ ਝੋਕ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਪੰਜਾਬੀ ਸਿਨਮੇ ਦੇ ਅਜੋਕੇ ਦੌਰ ਵਿਚ ਇਹ ਫ਼ਿਲਮ ਦਰਸ਼ਕਾਂ ਨੂੰ ਮਨੋਰੰਜਨ ਦੇ ਨਵੇਂ ਸੰਸਾਰ ਨਾਲ ਜੋੜੇਗੀ। ਇਹ ਫ਼ਿਲਮ 24 ਫਰਵਰੀ ਨੂੰ ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣੇਗੀ।

ਜ਼ਿਕਰਯੋਗ ਹੈ ਕਿ ਇਸ ਫ਼ਿਲਮ ਦਾ ਪੋਸਟਰ ਵੀ ਬਹੁਤ ਕਮਾਲ ਦਾ ਹੈ, ਜਿਸ ਵਿਚ ਰੌਸ਼ਨ ਪ੍ਰਿੰਸ ਤੇ ਕਰਮਜੀਤ ਅਨਮੋਲ ਤੇ ਲੱਕੀ ਧਾਲੀਵਾਲ ਆਪਣੀਆ ਪਤਨੀਆਂ ਦੀ 'ਜੀ ਹਜ਼ੂਰੀ' ਕਰਦੇ ਵਿਖਾਏ ਗਏ ਹਨ, ਜਿਸ ਤੋਂ



ਸਪੱਸ਼ਟ ਹੁੰਦਾ ਹੈ ਕਿ ਇਹ ਫ਼ਿਲਮ ਮਨੋਰੰਜਨ ਦਾ ਨਵਾਂ ਖਜ਼ਾਨਾ ਹੋਵੇਗੀ। ਇਸ ਫ਼ਿਲਮ ਵਿਚ ਰੌਸ਼ਨ ਪ੍ਰਿੰਸ ਤੇ ਕਰਮਜੀਤ ਅਨਮੋਲ ਤੋਂ ਇਲਾਵਾ ਅਨੀਤਾ ਦੇਵਗਨ, ਸਰਦਾਰ ਸੋਹੀ, ਨਿਸ਼ਾ ਬਾਨੋ, ਸਾਕਸ਼ੀ ਮਾਗੋਂ, ਹਰਬੀ ਸੰਘਾ, ਅਨੀਤਾ ਸਬਦੀਸ਼, ਪ੍ਰੀਤ ਆਨੰਦ, ਏਕਤਾ ਗੁਲਾਟੀ ਖੇੜਾ, ਲੱਕੀ ਧਾਲੀਵਾਲ, ਮਲਕੀਤ ਰੌਣੀ, ਗੁਰਤੇਗ ਗੁਰੀ, ਜੈਸਮੀਨ ਜੱਸੀ, ਦੀਪਿਕਾ ਅਗਰਵਾਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

ਫ਼ਿਲਮ 'ਜੀ ਵਾਈਫ ਜੀ' ਦੀ ਕਹਾਣੀ ਅਵਤਾਰ ਸਿੰਘ ਤੇ ਅਮਨ ਸਿੱਧੂ ਨੇ ਲਿਖੀ ਹੈ ਤੇ ਸਕਰੀਨ ਪਲੇਅ ਅਮਨ ਸਿੱਧੂ ਨੇ ਲਿਖਿਆ ਹੈ। ਡਾਇਲਾਗ ਬਿੰਦੀ ਤੋਲਾਵਾਲ ਤੇ ਅਮਨ ਸਿੱਧੂ ਨੇ ਲਿਖੇ ਹਨ।

***- ਸੁਰਜੀਤ ਜੱਸਲ***

# ਪੰਜਾਬ ਮਸਲਾ ਅਤੇ ਅਜੋਕੇ ਗਰਮਖਿਆਲੀ ਸਿੱਖ ਚਿੰਤਕ!

## ਪ੍ਰਤੀਕਰਮ

***ਪੰਜਾਬ ਟਾਈਮਜ਼ ਦੇ 28 ਜਨਵਰੀ 2023 ਦੇ ਅੰਕ ਵਿਚ ਸ. ਹਰਚਰਨ ਸਿੰਘ ਪ੍ਰਹਾਰ ਦਾ ਲੇਖ 'ਪੰਜਾਬ ਵਿਚ ਕਮਿਊਨਿਸਟ ਧਿਰਾਂ ਅਤੇ ਵਿਦਵਾਨਾਂ ਦੀ ਪਹੁੰਚ ਦੇ ਮਸਲੇ' ਪੜ੍ਹਨ ਨੂੰ ਮਿਲਿਆ। ਦਲੀਲ, ਦਲੇਰੀ, ਹਵਾਲੇ, ਸਮੁੱਚਤਾ, ਨਿਰਪੱਖਤਾ ਅਤੇ ਸਮੇਂ-ਸਿਰ ਅਜਿਹਾ ਲੇਖ ਲਿਖਣ ਲਈ ਲੇਖਕ ਵਧਾਈ, ਪ੍ਰਸ਼ੰਸਾ ਅਤੇ ਸਾਡੇ ਧੰਨਵਾਦ ਦਾ ਹੱਕਦਾਰ ਹੈ। ਪੰਜਾਬ ਦੀ ਅਜੋਕੀ ਸਥਿਤੀ ਬਾਰੇ ਅਜਿਹੀਆਂ ਲਿਖ਼ਤਾਂ ਪ੍ਰਚੱਲਤ ਕੱਟੜਤਾ, ਸਹਿਮ ਅਤੇ ਧਮਕੀ ਦੇ ਮਾਹੌਲ ਵਿਚ ਵਿਰਲੀਆਂ ਹੁੰਦੀਆਂ ਜਾਂਦੀਆਂ ਹਨ।***

ਸ. ਹਰਚਰਨ ਸਿੰਘ ਪਰਹਾਰ ਨੇ ਆਪਣੇ ਲੇਖ ਵਿਚ ਵਾਜਬ ਸੁਆਲ ਪੁੱਛੇ ਹਨ: ਸਾਕਾ ਨੀਲਾ ਤਾਰਾ ਤੋਂ ਪਹਿਲਾਂ ਲੱਗਾ ਮੋਰਚਾ ਪੰਜਾਬ ਵਿਚ ਵਾਪਰਦੀਆਂ ਹਿੰਸਕ ਘਟਨਾਵਾਂ ਦੇ ਰੂਬਰੂ ਸ਼ਾਂਤਮਈ ਕਿਵੇਂ ਸੀ? ਪੰਜਾਬ ਵਿਚ ਲੋਕਾਂ ਦੇ ਹੱਕ ਵਿਚ ਦਹਾਕਿਆਂ ਤੋਂ ਸਟੇਟ ਵਿਰੁੱਧ ਲੜਨ ਵਾਲੇ ਖੱਬੇ-ਪੱਖੀ ਜਾਂ ਅਣਪੱਖੀ ਸੈਂਕੜੇ ਲੋਕ-ਨੇਤਾਵਾਂ, ਪੱਤਰਕਾਰਾਂ, ਲੇਖਕਾਂ, ਜਾਂ ਸਿਆਸੀ ਕਾਰਕੁਨਾਂ ਦਾ ਕੀ ਕਸੂਰ ਸੀ ਕਿ ਉਨ੍ਹਾਂ ਨੂੰ ਖਾੜਕੂ ਲਹਿਰ ਨਾਲ ਅਸਹਿਮਤੀ ਰੱਖਣ ਕਰਕੇ ਹੀ ਮਾਰ ਦਿੱਤਾ ਗਿਆ? ਕਿ ਭਿੰਡਰਾਂਵਾਲਿਆਂ ਨੇ ਆਪਣਾ ਮੋਰਚਾ ਚੌਕ ਮਹਿਤੇ ਤੋਂ ਕਿਉਂ ਨਾ ਆਰੰਭ

**ਡਾ. ਸੁਖਪਾਲ ਸਿੰਘ ਟੋਰਾਂਟੋ**
**ਈ-ਮੇਲ:**
sukh_pal@hotmail.com

ਕੀਤਾ ਤੇ ਅਕਾਲ ਤਖ਼ਤ ਨੂੰ ਆਪਣੀ ਰਾਖੀ ਲਈ ਕਿਉਂ ਵਰਤਿਆ? ਕਿ ਜੂਨ 1984 ਤੋਂ ਪਹਿਲਾਂ ਕਿੰਨੇ ਕੁ ਸਿੱਖ ਨੌਜਵਾਨਾਂ ਦੇ ਪੁਲਿਸ ਮੁਕਾਬਲੇ ਬਣੇ ਸਨ ਤੇ ਖਾੜਕੂਆਂ ਹੱਥੋਂ ਪੰਜਾਬ ਵਿਚ ਕਿੰਨੇ ਕਤਲ ਹੋਏ ਸਨ?

ਸ. ਪਰਹਾਰ ਨੇ ਲਿਖ਼ਤਾਂ ਅਤੇ ਬਿਆਨਾਂ ਦੇ ਹਵਾਲੇ ਦੇ ਕੇ ਸਪੱਸ਼ਟ ਕੀਤਾ ਹੈ ਕਿ ਪੰਜਾਬੀ ਹਿੰਦੂਆਂ ਦੇ ਕਤਲ ਖਾਲਿਸਤਾਨੀ ਰਣ-ਨੀਤੀ ਵਜੋਂ ਭਿੰਡਰਾਂਵਾਲੇ ਦੇ ਸਮੇਂ ਤੋਂ ਹੀ ਅਪਣਾਅ ਲਏ ਗਏ ਸਨ। ਇਹ ਗੱਲ ਵਧੇਰੇ ਪੰਜਾਬੀ ਸਿੱਖਾਂ ਨੂੰ ਵੀ ਨਜ਼ਰ ਆ ਗਈ ਸੀ ਜਿਸ ਨਾਲ ਉਹ ਦਿਲੋਂ ਸਹਿਮਤ ਨਹੀਂ ਸਨ ਕਿਉਂਕਿ ਇਹ ਸਿੱਖ ਅਸੂਲਾਂ ਦੇ ਮੁੱਢੋਂ ਹੀ ਵਿਰੁੱਧ ਸੀ। ਸ਼ਾਇਦ ਇਹੀ ਕਾਰਨ ਸੀ ਕਿ ਸੰਨ 1982 ਦੇ ਲਾਗੇ 'ਇੰਡੀਆ ਟੁਡੇ' ਪਰਚੇ ਵੱਲੋਂ ਕਰਵਾਏ ਗਏ ਸਰਵੇਖਣ ਵਿਚ ਸਿਰਫ਼ ਸਾਢੇ ਤਿੰਨ ਫ਼ੀਸਦੀ ਸਿੱਖ ਭਿੰਡਰਾਂਵਾਲਿਆਂ ਦੇ ਹੱਕ ਵਿਚ ਖਲੋਤੇ। ਜੇ ਪਰਚਾ ਝੂਠ ਬੋਲਦਾ ਹੋਏ ਤੇ ਮੱਦਾਹਾਂ ਦੀ ਅਸਲ ਗਿਣਤੀ ਦਸ ਗੁਣਾ ਹੋਵੇ ਤਾਂ ਵੀ ਉਹ ਬਹੁ-ਗਿਣਤੀ ਨਹੀਂ ਬਣਦੀ।

ਸ਼ਾਇਦ ਹੋਰ ਪੱਤਰਕਾਰਾਂ ਜਾਂ ਲੇਖਕਾਂ ਨੇ ਇਹ ਗੱਲ ਆਖੀ ਹੋਵੇ ਪਰ ਮੈਂ ਸਭ ਤੋਂ ਪਹਿਲਾਂ ਸ. ਪਰਹਾਰ ਦੇ ਏਸ ਲੇਖ ਵਿਚ ਹੀ ਇਹ ਖੁੱਲ੍ਹੇ ਤੌਰ 'ਤੇ ਪੜ੍ਹਿਆ ਹੈ ਕਿ ਸੰਭਵ ਹੈ ਪੰਜਾਬ ਵਿਚ ਹੋਏ ਹਿੰਦੂ ਭਾਈਚਾਰੇ ਦੇ ਕਤਲ ਹੀ ਨਵੰਬਰ ਚੁਰਾਸੀ ਦੇ ਸਿੱਖ ਕਤਲੇਆਮ ਦਾ ਕਾਰਨ ਬਣੇ। ਸੰਨ 1986 ਵਿਚ ਮੈਂ ਇਕ ਟ੍ਰੇਨਿੰਗ ਵਾਸਤੇ ਮਦਰਾਸ ਵਿਚ ਸਾਂ। ਮੇਰੇ ਨਾਲ ਕਮਰਾ ਸਾਂਝਾ ਕਰਨ ਵਾਲਾ ਬੀਕਾਨੇਰ ਦਾ ਤਰੁਣ ਕੁਮਾਰ ਗਹਿਲੋਤ ਸੀ, ਜੋ ਜ਼ਹੀਨ ਤੇ ਠਹਿਰਿਆ ਹੋਇਆ ਕਾਲਜ ਪ੍ਰੋਫ਼ੈਸਰ ਸੀ। ਪੰਜਾਬ ਵਿਚ ਅਪਰੇਸ਼ਨ ਬਲੈਕ ਥੰਡਰ ਚੱਲ ਰਿਹਾ ਸੀ। ਸਾਰੀ ਕਾਰਵਾਈ ਟੈਲੀਵਿਜ਼ਨ 'ਤੇ ਵੇਖਦਿਆਂ ਮੈਨੂੰ ਗਹਿਲੋਤ ਨੇ ਆਖਿਆ: 'ਮੈਨੂੰ ਪਤਾ ਹੈ - ਤੂੰ ਪੰਜਾਬ ਵਿਚ ਹਿੰਦੂ ਨਹੀਂ ਮਾਰੇ ਤੇ ਤੈਨੂੰ ਵੀ ਪਤਾ ਹੈ - ਮੈਂ ਦਿੱਲੀ ਵਿਚ ਸਿੱਖ ਨਹੀਂ ਮਾਰੇ। ਪਰ ਤੈਨੂੰ ਕਾਨਪੁਰ ਵਿਚ ਕੌਣ ਜਾਣਦਾ ਹੈ ਤੇ ਮੈਨੂੰ ਵੀ ਅੰਮ੍ਰਿਤਸਰ ਵਿਚ ਕੋਈ ਨਹੀਂ ਪਛਾਣਦਾ। ਆਪਾਂ ਦੋਵੇਂ ਕਦੀ ਵੀ ਏਨ੍ਹਾਂ ਸ਼ਹਿਰਾਂ ਵਿਚ ਅਣਿਆਈ ਮੌਤ ਏਸ ਲਈ ਮਾਰੇ ਜਾ ਸਕਦੇ ਹਾਂ ਕਿਉਂਕਿ ਪੰਜਾਬ ਦੇ ਲੋਕ ਇੰਦਰਾ ਗਾਂਧੀ ਤੇ ਬਾਲ ਠਾਕਰੇ ਨੂੰ ਜਾਣਦੇ ਹਨ ਤੇ ਹਿੰਦੁਸਤਾਨ ਦੇ ਲੋਕਾਂ ਨੂੰ ਭਿੰਡਰਾਂਵਾਲੇ, ਲੌਂਗੋਵਾਲ ਤੇ ਬਾਦਲ ਦਾ ਪਤਾ ਹੈ। ਜਿਹੜੇ ਬਿਆਨ ਏਹ ਲੀਡਰ ਦੇਣਗੇ - ਉਹੀ ਤੇਰੀ ਤੇ ਮੇਰੀ ਕਿਸਮਤ ਦਾ ਜਾਂ ਜਾਨ ਦਾ ਨਿਰਣਾ ਕਰਨਗੇ। ਜਿਹੜੇ ਲੋਕ ਆਪਣੇ ਲੀਡਰਾਂ ਦੇ ਗਲਤ ਕੰਮਾਂ ਗੱਲਾਂ ਜਾਂ ਬਿਆਨਾਂ ਨੂੰ ਨਹੀਂ ਵੰਗਾਰਦੇ, ਉਹ ਆਪਣੇ ਲੀਡਰਾਂ ਕਰਕੇ ਅਜਾਈਂ ਮਾਰੇ ਜਾਂਦੇ ਹਨ!'ਗਹਿਲੋਤ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਜਿਹੜੇ ਲੋਕ ਆਪਣੇ ਲੀਡਰਾਂ ਨੂੰ ਵੰਗਾਰਦੇ ਹਨ, ਓਹ ਵੀ ਮਾਰੇ ਜਾਂਦੇ ਹਨ। ਇਕ ਗੱਲ ਖਾੜਕੂ ਲਹਿਰ ਦੇ ਮੁੱਢ ਤੋਂ ਹੁਣ ਤਕ ਸਪੱਸ਼ਟ ਹੈ ਕਿ ਜਿਹੜਾ ਵੀ ਇਸ ਨਾਲ ਜਾਂ ਏਸਦੇ ਤਰੀਕੀਆਂ ਨਾਲ ਸਹਿਮਤ ਨਹੀਂ ਹੋਵੇਗਾ ਉਹ ਰਾਹ ਵਿਚੋਂ ਰੋੜਾ ਸਮਝ ਕੇ ਹਟਾ ਦਿੱਤਾ ਜਾਵੇਗਾ। ਭਾਵ ਅਜਿਹੀ ਸਟੇਟ ਡੈਮੋਕ੍ਰੇਟਿਕ ਨਹੀਂ ਹੋਵੇਗੀ, ਤਾਂ ਫਿਰ ਉਸ ਵਿਚ 'ਹਲੇਮੀ ਰਾਜ' ਜਾਂ 'ਬੇਗਮਪੁਰੇ' ਦੀ ਸੰਭਾਵਨਾ ਹੈ ਹੀ ਕਿੱਥੇ?

ਕਈ ਵਰ੍ਹੇ ਪਹਿਲਾਂ ਮੈਂ ਆਪਣੇ ਨਵੇਂ ਘਰ ਦੀ ਰਜਿਸਟਰੀ ਕਰਵਾਉਣ ਲਈ ਟੋਰਾਂਟੋ ਦੇ ਇਕ ਵਕੀਲ ਕੋਲ ਗਿਆ। ਉਹ ਸਾਬਤ ਸੂਰਤ ਚੜ੍ਹਾਈ ਦਾੜ੍ਹੀ ਵਾਲੇ ਸਿੱਖ ਸਨ। ਗੱਲਾਂ ਵਿਚ ਪਤਾ ਲੱਗਾ ਕਿ ਉਹ ਕਿਸੇ ਸਮੇਂ ਪੀ ਸੀ ਐਸ ਅਫ਼ਸਰ ਰਹੇ ਸਨ ਪਰ ਛੱਡ ਕੇ ਪ੍ਰਾਈਵੇਟ ਸੈਕਟਰ ਵਿਚ ਨੌਕਰੀ ਕਰਨ ਚਲੇ ਗਏ। ਮੈਂ ਹੈਰਾਨੀ ਨਾਲ ਪੁੱਛਿਆ: ਤੁਸੀਂ ਪੰਜਾਬ ਕਿਉਂ ਛੱਡਿਆ? ਉਨ੍ਹਾਂ ਦੱਸਿਆ: ਮੈਂ ਚੰਡੀਗੜ੍ਹ ਵਿਚ ਵੱਡੇ ਮਹਿਕਮੇ ਦਾ ਸੈਕਟਰੀ ਸਾਂ। ਇਕ ਦਿਨ ਇਕ ਨਾਮੀ ਖਾੜਕੂ ਆਇਆ ਤੇ ਲੱਖ ਰੁਪਏ ਦੀ ਮੰਗ ਕੀਤੀ। ਅੱਸੀਵਿਆਂ ਵਿਚ ਲੱਖ ਰੁਪਇਆ ਵੱਡੀ ਰਕਮ ਸੀ। ਮੈਂ ਨਾਂਹ ਕਰਦਿਆਂ ਆਖਿਆ: 'ਮੈਂ ਖ਼ੁਦ ਰਿਸ਼ਵਤ ਨਹੀਂ ਲੈਂਦਾ ਸੋ ਤੁਹਾਨੂੰ ਦੇਣ ਲਈ ਮੇਰੇ ਕੋਲ ਪੈਸੇ ਨਹੀਂ'। ਉਹ ਬੋਲਿਆ: 'ਮਹਿਕਮੇ ਤੋਂ ਇਕੱਠਾ ਕਰਵਾ ਕੇ ਦਿਉ'। ਮੈਂ ਆਖਿਆ: 'ਮੇਰੇ ਮਾਤਹਿਤ ਅਫ਼ਸਰ ਜਾਂ ਕਰਿੰਦੇ ਆਮ ਸਾਧਾਰਨ ਬੰਦਿਆਂ ਨੂੰ ਟੰਗ ਕੇ ਤਿੰਨ ਲੱਖ ਇਕੱਠਾ ਕਰ ਲੈਣਗੇ, ਜਿਸ ਵਿਚੋਂ ਲੱਖ ਰੁਪਈਆ ਮੈਨੂੰ ਦੇ ਦੇਣਗੇ। ਮੈਂ ਗਰੀਬ ਬੰਦਿਆਂ ਨਾਲ ਬੇਇਨਸਾਫ਼ੀ ਦਾ ਕਾਰਨ ਨਹੀਂ ਬਣਨਾ'। ਉਸ ਖਾੜਕੂ ਨੇ ਜੇਬ ਵਿਚੋਂ ਪਿਸਤੌਲ ਕੱਢ ਕੇ ਮੇਜ 'ਤੇ ਰੱਖ ਦਿੱਤੀ ਤੇ ਪੁੱਛਿਆ: "ਪਤੈ ਏਹ ਕੀ ਹੈ"? ਮੈਂ ਖੱਬੀ ਜੇਬ ਵਿਚੋਂ ਰੁਮਾਲ ਤੇ ਸੱਜੇ ਹੱਥ ਨਾਲ ਦਰਾਜ ਵਿਚੋਂ ਨਿੱਕਾ ਪੇਚਕਸ ਕੱਢ ਕੇ ਮੇਜ 'ਤੇ ਰੱਖ ਦਿੱਤਾ। ਉਸ ਭੌਂਚੱਕਾ ਹੋ ਕੇ ਪੁੱਛਿਆ: ਏਹ ਕੀ ਹੈ? ਮੈਂ ਆਖਿਆ: 'ਆਪਣੇ ਹੱਥ ਨਾਲ ਏਹ ਰੁਮਾਲ ਮੇਰੀਆਂ ਅੱਖਾਂ 'ਤੇ ਬੰਨ੍ਹ ਦੇਹ। ਮੈਂ ਬੰਦ ਅੱਖਾਂ ਨਾਲ ਤੇਰਾ ਪਿਸਤੌਲ ਪੁਰਜ਼ਾ ਪੁਰਜ਼ਾ ਖੋਲ੍ਹ ਕੇ ਏਸ ਮੇਜ 'ਤੇ ਰੱਖ ਦਿਆਂਗਾ, ਫਿਰ ਬੰਦ ਅੱਖਾਂ ਨਾਲ ਹੀ ਸਾਰਾ ਮੁੜ ਕੇ ਜੋੜ ਦਿਆਂਗਾ। ਮੈਨੂੰ ਏਹਦੀ ਧਮਕੀ ਨਾ ਦੇਹ। ਮੈਂ ਪੰਜ ਸਾਲ ਫ਼ੌਜ ਦੀ ਨੌਕਰੀ ਕੀਤੀ ਹੈ'। ਉਹ ਬੰਦਾ ਚੁਪਚਾਪ ਪਿਸਤੌਲ ਆਪਣੀ ਜੇਬ ਵਿਚ ਪਾ ਕੇ ਚਲਾ ਗਿਆ। ਫਿਰ ਦੋ ਹਫ਼ਤੇ ਬਾਅਦ ਆਇਆ, ਜੇਬ ਵਿਚੋਂ ਇਕ ਕਾਗਜ਼ ਕੱਢ ਕੇ ਮੇਰੇ ਸਾਹਮਣੇ ਰੱਖ ਦਿੱਤਾ। ਉਸ ਉਤੇ ਮੇਰੇ ਪਰਵਾਰ, ਬੱਚੇ, ਭੈਣ ਭਰਾਵਾਂ ਤੇ ਰਿਸ਼ਤੇਦਾਰਾਂ ਦੇ ਪੰਦਰਾਂ ਕੁ ਨਾਂ ਟਿਕਾਣੇ ਸਕੂਲ ਜਾਂ ਪਤੇ ਸਨ। ਕਹਿਣ ਲੱਗਾ: "ਜਾਂ ਤਾਂ ਪੈਸੇ ਦਾ ਪ੍ਰਬੰਧ ਕਰ, ਨਹੀਂ ਤਾਂ ਇਕ ਇਕ ਕਰ ਕੇ ਏਨ੍ਹਾਂ ਨੂੰ ਚੁੱਕ ਦਿਆਂਗੇ"। ਮੈਂ ਪੁੱਛਿਆ: "ਹਾਲੇ ਖਾਲਿਸਤਾਨ ਬਣਿਆ ਨਹੀਂ, ਤੇ ਏਹ ਕੁਝ ਕਰ ਰਹੇ ਹੋ - ਉਹ ਵੀ ਇਕ ਜ਼ਿੰਮੇਵਾਰ, ਕਾਬਲ ਤੇ ਬੇਕਸੂਰ ਸਿੱਖ ਨਾਲ, ਤੇ ਏਨੇ ਅਣਦਿਸਦੇ ਗਰੀਬ ਲੋਕਾਂ ਨਾਲ। ਜਦ ਖਾਲਿਸਤਾਨ ਬਣ ਗਿਆ ਤਾਂ ਕੀ ਕਰੋਗੇ"? ਉਹ ਹੱਸ ਕੇ ਬੋਲਿਆ: "ਜੋ ਜੀਅ ਕਰੇਗਾ, ਕਰਾਂਗੇ। ਮੈਂ ਛੇਤੀ ਆਵਾਂਗਾ ਪੈਸੇ ਲੈਣ"। ਉਹ ਬੂਹੇ ਵਿਚੋਂ ਬਾਹਰ ਨਿਕਲਿਆ ਤੇ ਮੈਂ ਆਪਣਾ ਅਸਤੀਫ਼ਾ ਲਿਖ ਕੇ ਦਫ਼ਤਰੋਂ ਬਾਹਰ ਨਿਕਲ ਗਿਆ। ਮੈਂ ਆਪਣੇ ਮਰਨ ਦਾ ਰਿਸਕ ਲੈ ਸਕਦਾ ਸਾਂ, ਆਪਣਿਆਂ ਦੇ ਮਰਨ ਦਾ ਵਸੀਲਾ ਨਹੀਂ ਸਾਂ ਬਣਨਾ ਚਾਹੁੰਦਾ। ਛੇ ਕੁ ਮਹੀਨੇ ਮਗਰੋਂ ਉਹਦੇ ਪੁਲਸ ਮੁਕਾਬਲੇ ਵਿਚ ਮਾਰੇ ਜਾਣ ਦੀ ਖ਼ਬਰ ਸੁਣੀ। ਜ਼ਾਹਰ ਸੀ - ਉਹ ਖਾੜਕੂ ਹੀ ਸੀ, ਸਰਕਾਰੀ ਜਾਂ ਏਜੰਸੀ ਦਾ ਬੰਦਾ ਨਹੀਂ ਸੀ।'

ਏਦਾਂ ਜਾਪਦਾ ਹੈ ਕਿ ਕੱਟੜ ਸਿੱਖ ਹੁਣ ਗੁਰੂ ਨਾਨਕ ਨੂੰ, ਉਨ੍ਹਾਂ ਦੀ ਬਾਣੀ, ਉਪਦੇਸ਼ ਜਾਂ ਸਿੱਖਿਆਵਾਂ ਨੂੰ ਸਿਰਫ਼ ਆਪਣਾ ਚਿਹਰਾ ਸਾਫ਼ ਸੁਥਰਾ ਰੱਖਣ ਵਾਸਤੇ 'ਵਾਲ-ਪੇਪਰ' ਵਾਂਗ ਹੀ ਵਰਤਦੇ ਹਨ। ਉਨ੍ਹਾਂ ਦੇ ਖਾਲਸਾ-ਰਾਜ ਦਾ ਮਾਡਲ ਮਹਾਰਾਜਾ ਰਣਜੀਤ ਸਿੰਘ ਜਿਹਾ ਵੀ ਨਹੀਂ ਜਿਸ ਵਿਚ ਇਕ ਮੁਸਲਮਾਨ ਪ੍ਰਧਾਨ ਮੰਤਰੀ ਤੇ ਇਕ ਹਿੰਦੂ ਖਜ਼ਾਨਾ ਮੰਤਰੀ ਸੀ। ਏਨ੍ਹਾਂ ਦਾ ਮਾਡਲ ਇਸਲਾਮਿਕ ਸਟੇਟ ਵਾਲਾ ਹੈ ਜਿਸ ਵਿਚ ਆਪਣੀ ਰਾਏ ਜ਼ਾਹਰ ਕਰਨ ਦੀ ਕੋਈ ਸੁਤੰਤਰਤਾ ਨਹੀਂ ਤੇ ਅਸਹਿਮਤ ਬੰਦੇ ਨੂੰ ਪੱਥਰ ਕੋੜੇ ਮਾਰਨਾ, ਹੱਥ ਵੱਢਣਾ, ਸੂਲੀ ਟੰਗਣਾ ਜਾਂ 'ਸੋਧ ਦੇਣ' ਵਰਗੀਆਂ ਸਜ਼ਾਵਾਂ - ਸਹਿਜ ਜਾਂ 'ਸਿੰਬੌਲਿਕ' ਕਾਰਵਾਈਆਂ ਵਜੋਂ ਦਿੱਤੀਆਂ ਜਾਣਗੀਆਂ। ਕਿੰਨੀ ਤ੍ਰਾਸਦਿਕ ਗੱਲ ਹੈ ਕਿ ਖਾੜਕੂ ਧਿਰਾਂ ਸਿੱਖਾਂ ਦੇ ਭਵਿੱਖ ਦਾ ਨਿਰਣਾ ਕਰਨ ਦਾ ਐਲਾਨ ਕਰਦੀਆਂ ਹਨ ਪਰ ਬਹੁ-ਗਿਣਤੀ ਸਿੱਖਾਂ ਨੂੰ ਹੀ ਇਸ ਵਿਚ ਬੋਲਣ ਦਾ ਕੋਈ ਹੱਕ ਨਹੀਂ ਦਿੰਦੀਆਂ।

ਕਈ ਸਾਲ ਪਹਿਲਾਂ ਮੈਂ ਟੋਰਾਂਟੋ ਦੀ ਸਾਹਿਤਕ ਸੰਸਥਾ ਦੀ ਮੀਟਿੰਗ ਵਿਚ ਇਕ ਬੰਦੇ ਨੂੰ ਮਿਲਿਆ ਜਿਹੜਾ ਹਿੰਦੁਸਤਾਨ ਦੀ ਇਕ ਵੱਡੀ ਤੇ ਪ੍ਰਸਿੱਧ ਯੂਨੀਵਰਸਿਟੀ ਵਿਚ ਬੋਧੀ ਵਿਭਾਗ ਦਾ ਹੈੱਡ ਸੀ। ਉਹ ਉੱਚਾ ਲੰਮਾ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲਾ ਸਰਦਾਰ ਸੀ। ਵਾਰਤਾਲਾਪ ਵਿਚ ਮੈਂ ਪੁੱਛਿਆ: 'ਬੁੱਧ ਧਰਮ ਵਿਚ ਕਿਵੇਂ ਦਿਲਚਸਪੀ ਹੋ ਗਈ'? ਉਹ ਬੋਲੇ: 'ਕੋਈ ਖਾਸ ਦਿਲਸਚਪੀ ਨਹੀਂ ਸੀ। ਮੈਂ ਤਾਂ ਛੇਤੀ ਤੋਂ ਛੇਤੀ


ਮਹਾਤਮਾ ਬੁੱਧ

ਵਾਈਸ-ਚਾਂਸਲਰ ਬਣਨਾ ਚਾਹੁੰਦਾ ਸਾਂ। ਓਸ ਵਾਸਤੇ ਛੇਤੀ ਤੋਂ ਛੇਤੀ ਪ੍ਰੋਫ਼ੈਸਰ ਅਤੇ ਹੈੱਡ ਬਣਨਾ ਜ਼ਰੂਰੀ ਸੀ। ਅਜਿਹਾ ਮੌਕਾ ਸਭ ਤੋਂ ਵੱਧ ਬੋਧੀ-ਸਟੱਡੀਜ਼ ਵਿਭਾਗ ਵਿਚ ਹੀ ਸੀ। ਸੋ ਮੈਂ ਉਸ ਵਿਚ ਚਲਾ ਗਿਆ'! ਮੈਨੂੰ ਪਹਿਲਾਂ ਤਾਂ ਨਿਰਾਸ਼ਾ ਹੋਈ ਕਿ ਇਸ ਬੰਦੇ ਨੇ ਅਜਿਹੇ ਵੱਡੇ ਧਰਮ ਨੂੰ ਉਮਰ ਭਰ ਪੜ੍ਹਨ ਜਾਂ ਸਿੱਖਣ ਦੀ ਏਨੀ ਕੀਮਤੀ ਸੰਭਾਵਨਾ ਕਿੰਨੀ ਛੋਟੀ ਗੱਲ ਪਿੱਛੇ ਜ਼ਾਇਆ ਕਰ ਦਿੱਤੀ? ਫਿਰ ਮੈਨੂੰ ਉਸ ਦੇ ਸੱਚ ਬੋਲਣ ਲਈ ਆਦਰ ਵੀ ਮਹਿਸੂਸ ਹੋਇਆ ਕਿ ਉਹ ਮੇਰੇ ਵਰਗੇ ਨਿਤਾਂਤ ਅਣਜਾਣ ਬੰਦੇ ਨੂੰ ਪਹਿਲੀ ਵਾਰੀ ਮਿਲ ਕੇ ਵੀ ਆਪਣੇ ਗੰਭੀਰ ਵਿਦਵਾਨ ਹੋਣ ਦਾ ਪਾਖੰਡ ਨਹੀਂ ਸੀ ਕਰ ਰਿਹਾ।

ਗੱਲਾਂ ਗੱਲਾਂ ਵਿਚ ਮੈਂ ਪੁੱਛਿਆ: 'ਬੋਧੀ ਬੰਦਿਆਂ ਨਾਲ ਮਿਲਣ ਵਰਤਣ ਦਾ ਤਜਰਬਾ ਕਿਵੇਂ ਸੀ'? ਉਨ੍ਹਾਂ ਦੱਸਿਆ: 'ਮੈਂ ਇਕ ਵਾਰੀ ਛੁਟੀਆਂ ਕੱਟਣ ਲਈ ਕੋਲੰਬੋ ਵਿਖੇ ਸਥਿਤ ਵੱਡੇ ਬੋਧੀ ਮੱਠ ਵਿਚ ਦਸ ਕੁ ਦਿਨ ਰਿਹਾ। ਉਨ੍ਹਾਂ ਨੂੰ ਆਪਣੇ ਪਿਛੋਕੜ ਅਤੇ ਨੌਕਰੀ ਬਾਰੇ ਦੱਸਿਆ। ਰੋਜ਼ ਮੈਂ ਉਨ੍ਹਾਂ ਦੇ ਬੰਦਿਆਂ ਨਾਲ ਸਵੇਰੇ ਦਸ ਕੁ ਵਜੇ ਬਹਿਸ-ਮੁਬਾਹਸੇ ਲਈ ਬਹਿ ਜਾਂਦਾ ਜੋ ਤਿੰਨ ਚਾਰ ਵਜੇ ਤਕ ਚਲਦਾ। ਮੈਂ ਤਾਂ ਢਿੱਡੋਂ ਸਿੱਖ ਹਾਂ। ਆਪਣਾ ਤਾਂ ਬੁੱਧ ਧਰਮ ਵਿਚ ਕੋਈ ਵਿਸ਼ਵਾਸ ਹੀ ਨਹੀਂ। ਮੈਂ ਰੱਜ ਕੇ ਉਨ੍ਹਾਂ ਦੇ ਧਰਮ, ਸ਼ਾਸਤਰ, ਰਸਮਾਂ, ਤਪੱਸਿਆ, ਇਤਿਹਾਸ, ਕਥਾਵਾਂ, ਜਾਂ ਜੋ ਵੀ ਮੇਰੇ ਖਿਆਲ ਵਿਚ ਆਉਂਦਾ - ਉਹਦੀ ਡਟ ਕੇ ਆਲੋਚਨਾ ਕਰਦਾ। ਕਈ ਵਾਰੀ ਤਾਂ ਮੇਰੀ ਬੋਲ-ਬਾਣੀ ਖਾਸੀ ਹਮਲਾਵਰ ਹੋ ਜਾਂਦੀ। ਮੈਂ ਉਨ੍ਹਾਂ ਨੂੰ ਰੱਜ ਕੇ ਦਸ ਦਿਨ ਪੁਣਿਆ, ਵਸ ਲੱਗੇ ਛੋਟਾ ਤੇ ਨੀਵਾਂ ਵੀ ਕੀਤਾ। ਪਰ ਉਹ ਅਜੀਬ ਲੋਕ ਸਨ। ਜਦ ਤਕ ਮੈਂ ਬੋਲਦਾ ਰਹਿੰਦਾ, ਜਿੰਨਾ ਚਿਰ ਚਾਹੇ ਬੋਲਦਾ ਰਹਿੰਦਾ, ਕਦੀ ਵਿਚੋਂ ਨਾ ਟੋਕਦੇ। ਬੜੇ ਧਿਆਨ ਨਾਲ ਸਾਰੀ ਗੱਲ ਸੁਣਦੇ। ਫਿਰ ਮੈਨੂੰ ਦਲੀਲ ਨਾਲ ਹਵਾਲੇ ਦੇ ਦੇ ਕੇ ਦੱਸਦੇ ਕਿ ਸਾਡੀ ਫ਼ਲਾਣੀ ਧਿਆਨ ਵਿਧੀ ਜਾਂ ਰਸਮ ਦੀ ਕੀ ਸਾਰਥਕਤਾ ਹੈ? ਏਹਦੇ ਨਾਲ ਸਰੀਰ ਜਾਂ ਮਨ 'ਤੇ ਕੀ ਪ੍ਰਭਾਵ ਹੁੰਦੇ ਹਨ? ਜਾਂ ਸਾਡੀ ਕਿਸੇ ਚੋਣ ਦਾ ਇਤਿਹਾਸਕ ਕਾਰਨ ਕੀ ਸੀ? ਉਹ ਮੈਨੂੰ ਆਪਣੇ ਨਾਲ ਅਭਿਆਸ ਅਤੇ ਸਾਧਨਾ ਕਰਨ ਦਾ ਸੱਦਾ ਵੀ ਦਿੰਦੇ ਪਰ ਮਜਬੂਰ ਨਹੀਂ ਸੀ ਕਰਦੇ। ਮੈਂ ਭਾਵੇਂ ਕਿੰਨਾ ਉੱਚਾ ਬੋਲਾਂ, ਉਹ ਬੜੀ ਹਲੀਮੀ ਨਾਲ ਗੱਲ ਕਰਦੇ। ਜਦ ਜਾਣ ਦਾ ਦਿਨ ਆਇਆ ਤਾਂ ਮੈਨੂੰ ਜਾਪਿਆ - ਏਹ ਹੁਣ ਮੈਨੂੰ ਕਦੀ ਏਥੇ ਨਾ ਵੜਨ ਦੇਣਗੇ। ਪਰ ਉਨ੍ਹਾਂ ਨੇ ਮੱਠ ਦੇ ਸਾਰੇ ਹੀ ਕੁਝ ਸੌ ਬੰਦਿਆਂ ਨੂੰ ਸੱਦ ਕੇ ਵੱਡਾ ਇਕੱਠ ਕੀਤਾ। ਮੱਠ ਵਿਚ ਆਪਣੇ ਹੱਥਾਂ ਨਾਲ ਬਣਾਈਆਂ ਦਸਤਕਾਰੀ ਦੀਆਂ ਕਿੰਨੀਆਂ ਹੀ ਵਸਤਾਂ ਮੈਨੂੰ ਤੋਹਫ਼ੇ ਵਜੋਂ ਭੇਟ ਕੀਤੀਆਂ। ਫਿਰ ਉਨ੍ਹਾਂ ਦੇ ਪ੍ਰਧਾਨ ਨੇ ਸਭ ਨੂੰ ਸੰਬੋਧਨ ਕਰਦਿਆਂ ਕਿਹਾ: 'ਸਾਡਾ ਸੁਭਾਗ ਹੈ ਕਿ ਏਹ ਸਾਡੇ ਕੋਲ ਆ ਕੇ ਦਸ ਦਿਨ ਰਹੇ। ਏਨ੍ਹਾਂ ਸਾਡੇ ਵਿਚ ਪ੍ਰਚੱਲਤ ਕਿੰਨੀਆਂ ਹੀ ਕਮੀਆਂ ਵੱਲ ਸਾਡਾ ਧਿਆਨ ਦੁਆਇਆ। ਏਨ੍ਹਾਂ ਨਾਲ ਤਾਂ ਅਸੀਂ ਦੁਪਹਿਰ ਤਕ ਬਹਿੰਦੇ ਸਾਂ। ਫਿਰ ਅਸੀਂ ਸਾਰੇ ਜਣੇ ਆਪ ਅੱਧੀ ਰਾਤ ਤਕ ਬਹਿ ਕੇ ਏਨ੍ਹਾਂ ਦੀਆਂ ਗੱਲਾਂ ਬਾਰੇ ਵਿਚਾਰ ਕਰਦੇ ਸਾਂ। ਅਸੀਂ ਤਾਂ ਸਦੀਆਂ ਤੋਂ ਇਕੋ ਕਿਸਮ ਦੇ ਵਿਧੀ ਵਿਧਾਨ ਵਿਚ ਜੀਣ ਦੇ ਆਦੀ ਹੋ ਗਏ ਸਾਂ। ਅਸੀਂ ਅਹਿਸਾਨਮੰਦ ਹਾਂ - ਬਹੁਤ ਕਮਜ਼ੋਰੀਆਂ ਦੂਰ ਕਰਨ ਵਿਚ ਏਨ੍ਹਾਂ ਨੇ ਸਾਡੀ ਮਦਦ ਕੀਤੀ ਹੈ। ਸਾਡੀ ਇਨ੍ਹਾਂ ਨੂੰ ਬੇਨਤੀ ਹੈ ਕਿ ਜ਼ਰੂਰ-ਬਰ-ਜ਼ਰੂਰ ਦੁਬਾਰਾ ਵੀ ਆਉਣਾ। ਪਰ ਵੱਧ ਸਮੇਂ ਲਈ ਆਉਣ, ਘੱਟੋ ਘੱਟ ਮਹੀਨੇ ਭਰ ਲਈ। ਤਾਂ ਕਿ ਅਸੀਂ ਏਨ੍ਹਾਂ ਦੇ ਗਿਆਨ ਤੇ ਦ੍ਰਿਸ਼ਟੀਕੋਣ ਦਾ ਭਰਪੂਰ ਲਾਭ ਉਠਾਅ ਸਕੀਏ।' ਮੈਂ ਆਪਣੇ ਆਪ 'ਤੇ ਏਨਾ ਸ਼ਰਮਿੰਦਾ ਹੋ ਕੇ ਓਥੋਂ ਪਰਤਿਆ ਕਿ ਫੇਰ ਕਦੀ ਓਧਰ ਮੂੰਹ ਹੀ ਨਹੀਂ ਕੀਤਾ।'

ਸਿੱਖ ਅਰਦਾਸ ਵਿਚ ਸਦਾ ਵਿਵੇਕ ਦਾਨ ਦੀ ਮੰਗ ਕੀਤੀ ਜਾਂਦੀ ਹੈ। ਜਿਹੜਾ ਵਿਵੇਕ ਨਿਮਰਤਾ ਜਾਂ ਖਿਮਾ ਤੋਂ ਖ਼ਾਲੀ ਹੋਵੇ, ਉਹਨੂੰ ਵਿਵੇਕ ਕਿਹਾ ਹੀ ਕਿਵੇਂ ਜਾ ਸਕਦਾ ਹੈ? ਬਦਕਿਸਮਤੀ ਨਾਲ ਅਜਿਹੀ ਨਿਰਮਾਣਤਾ ਮੌਜੂਦਾ ਰਾਜਨੀਤਕ ਧਾਰਾ ਵਿਚੋਂ ਮਨਫ਼ੀ ਹੋ ਚੁੱਕੀ ਹੈ। ਅਸੀਂ ਓਪਰੇ ਕੀ, ਆਪਣੇ ਵੱਲੋਂ ਕੀਤੀ ਆਲੋਚਨਾ ਸੁਣਨ ਤੋਂ ਵੀ ਹੁਣ ਮੁਨਕਰ ਹਾਂ। ਧਰਮ ਸਦਾ ਜੰਗ ਨਾਲ ਨਹੀਂ ਬਚਦੇ, ਸ਼ਬਦ ਵਿਵੇਕ ਅਤੇ ਸਮੇਂ ਸਮੇਂ ਆਪਣੀ ਪਹੁੰਚ ਬਦਲਣ ਨਾਲ ਵੀ ਅਗਾਂਹ ਵਧਦੇ ਹਨ।

ਈਸਾਈ ਮੱਤ ਵਿਚ ਵਿਸ਼ਵਾਸ ਸੀ ਕਿ ਸਾਰੀ ਸ੍ਰਿਸ਼ਟੀ ਰੱਬ ਨੇ ਛੇ ਦਿਨਾਂ ਵਿਚ ਰਚ ਦਿੱਤੀ, ਸੱਤਵੇਂ ਦਿਨ ਆਰਾਮ ਫ਼ਰਮਾਇਆ। ਅਰਥਾਤ - ਸ੍ਰਿਸ਼ਟੀ ਵਿਚ ਵਿਕਾਸ ਜਾਂ ਜੀਵ-ਵਿਕਾਸ ਨਹੀਂ ਹੋਇਆ। ਪਰ ਹੁਣ ਦੇ ਪੋਪ ਨੇ ਸਦੀਆਂ ਤੋਂ ਪ੍ਰਚੱਲਤ ਈਸਾਈ ਵਿਸ਼ਵਾਸ ਤਿਆਗਦਿਆਂ ਏਵੋਲਿਯੂਸ਼ਨ ਦੇ ਸਿਧਾਂਤ ਨੂੰ ਸਵੀਕਾਰ ਕਰ ਲਿਆ ਹੈ। ਏਵੇਂ ਹੀ ਪੋਪ ਨੇ ਸਮਲਿੰਗਕ ਰਿਸ਼ਤਿਆਂ ਨੂੰ ਸਵੀਕਾਰ ਕਰਦਿਆਂ ਕਿਹਾ: ਜੇ ਰੱਬ ਨੇ ਉਨ੍ਹਾਂ ਨੂੰ ਏਸ ਤਰ੍ਹਾਂ ਦਾ ਹੀ ਬਣਾਇਆ ਹੈ, ਤਾਂ ਅਸੀਂ ਉਹਦੀ ਰਜ਼ਾ ਵਿਚ ਰਾਜ਼ੀ ਹਾਂ। ਗੱਲ ਕਿਸੇ ਖਾਸ ਵਿਸ਼ਵਾਸ ਨੂੰ ਤੋੜਨ ਦੀ ਨਹੀਂ, ਸਮੇਂ ਅਨੁਸਾਰ ਆਪਣੇ ਵਿਸ਼ਵਾਸ ਨੂੰ ਇਤਿਹਾਸ ਨਾਲੋਂ ਅੱਡ ਕਰ ਕੇ ਅਤੇ ਨਵੀਂ ਨੀਤੀ ਘੜ ਕੇ ਆਪਣੇ ਧਰਮ ਦੀ ਸਾਰਥਿਕਤਾ ਬਣਾਈ ਰੱਖਣ ਤੇ ਉਹਦੀ ਉਮਰ ਲੰਮੀ ਕਰਨ ਦੀ ਹੈ।

ਕਹਿੰਦੇ ਹਨ ਕਿ ਸ਼ੰਕਰਾਚਾਰੀਆ ਦੇ ਪੈਰੋਕਾਰਾਂ ਨੇ ਬੋਧੀਆਂ ਨੂੰ ਜਿਊਂਦੇ ਸਾੜ ਸਾੜ ਭਾਰਤ ਵਿਚੋਂ ਕੱਢਿਆ। ਲੜਨ ਦੀ ਥਾਂ ਉਹ ਦੂਜੇ ਦੇਸਾਂ ਵਿਚ ਚਲੇ ਗਏ, ਪਰ ਆਪਣੇ ਸ਼ਬਦ ਨਾਲ ਜੁੜੇ ਰਹੇ। ਉਨ੍ਹਾਂ ਦਾ ਧਰਮ ਹਿੰਦੁਸਤਾਨ ਜਾਂ ਨੇਪਾਲ ਵਿਚ ਸੀਮਤ ਰਹਿਣ ਦੀ ਥਾਂ ਸਾਰੇ ਸੰਸਾਰ ਵਿਚ ਫੈਲ ਗਿਆ। ਪੱਛਮ ਵਿਚ ਜਦ ਕੋਈ ਈਸਾਈ ਬੰਦਾ ਹੋਰ ਕੋਈ ਧਰਮ ਅਪਨਾਉਣਾ ਚਾਹੁੰਦਾ ਹੈ ਤਾਂ ਬਹੁਤੀ ਵਾਰੀ ਬੁੱਧ ਧਰਮ ਵੱਲ ਸਭ ਤੋਂ ਪਹਿਲਾਂ ਜਾਂਦਾ ਹੈ। ਏਸਦੇ ਮੁਕਾਬਲੇ ਸਿੱਖ ਧਰਮ ਸਿੱਖਾਂ ਦੇ ਆਪਣੇ ਬੱਚਿਆਂ ਨੂੰ ਵੀ ਆਕਰਸ਼ਿਤ ਕਰਨੋਂ ਪੱਛੜ ਰਿਹਾ ਹੈ। ਏਸਦਾ ਇਕ ਵੱਡਾ ਕਾਰਨ ਬੁੱਧ ਧਰਮ ਵਿਚ ਵਾਰਤਾਲਾਪ ਦਲੀਲ ਅਤੇ ਤਜਰਬੇ ਦੀ ਸੁਤੰਤਰਤਾ ਮੌਜੂਦ ਹੋਣਾ ਹੈ। ਏਸਦੇ ਸਾਹਵੇਂ ਸਾਡੀ ਪਹੁੰਚ ਕੀ ਹੈ? ਸਾਡੇ ਸਿੱਖ ਚਿੰਤਕ ਸਾਨੂੰ ਕਿਹੜੇ ਔਜੜੇ ਰਾਹੀਂ ਧੱਕੀ ਜਾ ਰਹੇ ਹਨ।

'ਆਰਸੀ' ਪਰਚੇ ਦੇ ਬੰਦ ਹੋਣ ਦੇ ਸ਼ਾਇਦ ਆਖ਼ਰੀ ਵਰ੍ਹੇ ਵਿਚ ਸੰਨ 1982 ਦੇ ਲਾਗੇ-ਚਾਗੇ ਵਾਪਰੀ ਇਕ ਘਟਨਾ ਉਸਦੇ ਮੁੱਖ ਪੰਨੇ 'ਤੇ ਛਪੀ ਸੀ। ਕੈਲਗਰੀ ਦੀ ਸਿੱਖ-ਸੰਗਤ ਨੇ ਖੁਸ਼ਵੰਤ ਸਿੰਘ ਨੂੰ ਬੁਲਾਇਆ। ਜਾਣ-ਪਛਾਣ ਕਰਵਾਉਂਦਿਆਂ ਗੁਰਦੁਆਰੇ ਦੇ ਪ੍ਰਧਾਨ ਸਾਹਿਬ ਨੇ ਕਿਹਾ: "ਪੰਜਾਬ ਤੋਂ ਸਾਨੂੰ ਬੁਰੀਆਂ ਕਨਸੋਆਂ ਤੇ ਖ਼ਬਰਾਂ ਆ ਰਹੀਆਂ ਹਨ। ਮੁਸ਼ਕਲ ਇਹ ਹੈ ਕਿ ਸਰਕਾਰੀ ਮੀਡੀਆ ਉਤੇ ਸਾਡਾ ਭਰੋਸਾ ਨਹੀਂ ਰਿਹਾ। ਸਾਨੂੰ ਪੰਜਾਬ ਬਾਰੇ ਅਜ ਦਾ ਸੱਚ ਜਾਣਨ ਲਈ ਕਿਸੇ ਅਜਿਹੇ ਬੰਦੇ ਦੀ ਭਾਲ ਸੀ ਜਿਹੜਾ ਸਿੱਖ ਹੋਵੇ, ਹਾਲਾਤ ਬਾਰੇ ਪੂਰੀ ਜਾਣਕਾਰੀ ਰਖਦਾ ਹੋਵੇ, ਤੇ ਨਿਰਪੱਖ ਹੋਵੇ। ਸਾਨੂੰ ਸ. ਖੁਸ਼ਵੰਤ ਸਿੰਘ ਹੀ ਅਜਿਹੇ ਸਭ ਤੋਂ ਯੋਗ ਬੰਦੇ ਲੱਭੇ। ਲਉ, ਹੁਣ ਤੁਸੀਂ ਏਨ੍ਹਾਂ ਦੇ ਵਿਚਾਰ ਸੁਣੋ।'

ਖੁਸ਼ਵੰਤ ਸਿੰਘ ਬੋਲਣ ਹੀ ਲੱਗਾ ਸੀ ਕਿ ਪਿੱਛੇ ਖੜੇ ਖਾੜਕੂ ਬੰਦਿਆਂ ਨੇ ਉੱਚੀ ਉੱਚੀ ਰੌਲ਼ਾ ਪਾਉਣਾ ਆਰੰਭ ਕਰ ਦਿੱਤਾ: 'ਏਹਨੂੰ ਨਹੀਂ ਬੋਲਣ ਦੇਣਾ !' ਸ਼ੋਰ ਬੇਕਾਬੂ ਹੋ ਗਿਆ ਤਾਂ ਪ੍ਰਧਾਨ ਨੇ ਸਟੇਜ 'ਤੇ ਆ ਕੇ ਕਿਹਾ: "ਖੁਸ਼ਵੰਤ ਸਿੰਘ ਆਪਣੇ ਆਪ ਨਹੀਂ, ਸਾਡੀ ਬੇਨਤੀ 'ਤੇ ਆਏ ਹਨ। ਤੁਸੀਂ ਪਹਿਲਾਂ ਇਨ੍ਹਾਂ ਦੀਆਂ ਦਲੀਲਾਂ ਸੁਣੋ, ਫਿਰ ਅਸੀਂ ਤੁਹਾਨੂੰ ਵੀ ਸਮਾਂ ਦੇਵਾਂਗੇ - ਆਪਣੀ ਗੱਲ ਕਰਨ ਜਾਂ ਏਨ੍ਹਾਂ ਦੀ ਦਲੀਲ ਦਾ ਜੁਆਬ ਦੇਣ ਦਾ।' ਉਹ ਬੰਦੇ ਬੋਲੇ: 'ਓਏ, ਏਹਦੀ ਦਲੀਲ ਦਾ ਕੋਈ ਜੁਆਬ ਹੀ ਨਹੀਂ ਹੁੰਦਾ, ਏਸੇ ਕਰਕੇ ਤਾਂ ਏਹਨੂੰ ਬੋਲਣ ਨਹੀਂ ਦੇਣਾ!" ਪਰਚੇ ਵਿਚ ਇਸ ਘਟਨਾ ਦਾ ਸਿਰਲੇਖ ਸੀ: 'ਖਾਲਿਸਤਾਨੀ ਦਲੀਲ'।

ਪੰਜਾਬ ਦੇ ਅਜੋਕੇ ਗਰਮ ਵਿਦਵਾਨ ਜਾਂ ਨੇਤਾ ਸਿਰਫ਼ ਲੜ ਮਰਨ ਨੂੰ ਹੀ ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਵਜੋਂ ਪੇਸ਼ ਕਰ ਰਹੇ ਹਨ। ਅੰਗੇਰਜ਼ੀ ਦੀ ਕਹਾਵਤ ਹੈ: 'ਜੇ ਤੁਹਾਡੇ ਹੱਥ ਵਿਚ ਇਕੋ ਇਕ ਸੰਦ ਹਥੌੜਾ ਹੀ ਹੋਵੇ, ਤਾਂ ਤੁਸੀਂ ਹਰ ਸਮੱਸਿਆਂ ਨੂੰ ਕਿੱਲ ਸਮਝਣ ਲੱਗ ਪਓਗੇ।' ਅਰਥਾਤ: 'ਠੋਕ ਦਿਓ' ਹੀ ਸਾਡੀ ਸੋਚ-ਵਿਧੀ ਬਣ ਜਾਂਦੀ ਹੈ। ਅੱਜ ਦੇ ਪੰਜਾਬ ਨੂੰ ਏਵੇਂ ਦਾ ਬਣਾਉਣ ਦੀ ਕੋਸ਼ਿਸ਼ ਹੋ ਰਹੀ ਜਾਪਦੀ ਹੈ ਕਿ - ਉਹ ਅੱਗ ਵਿਚ ਪੱਕੀ ਇੱਟ ਵਰਗਾ ਹੋ ਕੇ ਹਰ ਕਿਸੇ ਦੇ ਮੱਥੇ ਵਿਚ ਜਾ ਵੱਜੇ।

ਹਥਿਆਰ ਨੂੰ ਸਹੀ ਚੱਲਣ ਵਾਸਤੇ ਸ਼ਬਦ ਦੀ ਅਧੀਨਗੀ ਜ਼ਰੂਰੀ ਹੈ। ਵਰਨਾ ਅਸੀਂ ਓਨ੍ਹਾਂ ਵਰਗੇ ਹੀ ਬਣ ਜਾਂਦੇ ਹਾਂ ਜਿਨ੍ਹਾਂ ਵਿਰੁੱਧ ਅਸੀਂ ਲੜ ਰਹੇ ਹੁੰਦੇ ਹਾਂ। ਏਹਦੀ ਜਿਊਂਦੀ ਜਾਗਦੀ ਤੇ ਅਜੋਕੀ ਮਿਸਾਲ ਮੌਜੂਦਾ ਇਜ਼ਰਾਇਲੀ ਸਟੇਟ ਹੈ। ਸੱਠ ਲੱਖ ਦੀ ਗਿਣਤੀ ਵਿਚ ਹਿਟਲਰ ਹੱਥੋਂ ਮਰੇ ਯਹੂਦੀ ਨਿਰੰਤਰ ਹਥਿਆਰ ਨੂੰ ਹੀ ਹੱਲ ਵਜੋਂ ਸੋਚਣ ਸਦਕਾ ਅੱਜ ਗਰੀਬ ਫ਼ਲਸਤੀਨੀਆਂ ਲਈ ਖ਼ੁਦ ਹਿਟਲਰ ਬਣੇ ਹੋਏ ਹਨ। ਉਨ੍ਹਾਂ ਨੂੰ ਜੀਣ ਦੇ ਮੁਢਲੇ ਹੱਕ ਨਹੀਂ ਦੇ ਰਹੇ। ਜਦ ਤਾਈਂ ਸਾਰੀ ਯਹੂਦੀ ਵਸੋਂ ਨੂੰ ਕੋਵਿਡ ਦੇ ਦੋ ਟੀਕੇ ਨਹੀਂ ਲੱਗ ਗਏ, ਕਿਸੇ ਫ਼ਲਸਤੀਨੀ ਨੂੰ ਕੋਈ ਟੀਕਾ ਨਹੀਂ ਲੱਗਾ। ਫ਼ਲਸਤੀਨ ਸੰਸਾਰ ਦੀ ਸਭ ਤੋਂ ਵੱਡੀ ਅੱਧਖੁਲ੍ਹੀ ਜੇਲ੍ਹ ਬਣ ਗਿਆ ਹੋਇਆ ਹੈ। ਜਿਹੜਾ ਫ਼ਲਸਤੀਨੀ ਬਗਾਵਤ ਕਰੇ, ਉਹਨੂੰ ਮਾਰਨ ਪਿੱਛੋਂ ਉਹਦਾ ਘਰ ਚੂਨੇ ਨਾਲ ਭਰ ਦਿੱਤਾ ਜਾਂਦਾ ਹੈ, ਘਰ ਦੇ ਜੀਆਂ ਨੂੰ ਸਜ਼ਾ ਵਜੋਂ ਸਦਾ ਲਈ ਬੇਘਰ ਕਰ ਦਿੱਤਾ ਜਾਂਦਾ ਹੈ।

***(ਬਾਕੀ ਅਗਲੇ ਸਫੇ 'ਤੇ)***

ਸੋਚਵਾਨ ਯਹੂਦੀਆਂ ਨੂੰ ਆਪਣੇ ਦੇਸ ਵਿਚ ਹੀ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ। ਜੇ ਇਕ ਜ਼ਾਲਮ ਨੂੰ ਮਾਰ ਕੇ ਉਸ ਤੋਂ ਵੱਡੇ ਜ਼ਾਲਮ ਨੇ ਪੈਦਾ ਹੋ ਜਾਣਾ ਹੈ ਤਾਂ ਫਿਰ ਅਜਿਹੀ ਤਬਦੀਲੀ ਦੀ ਸਾਰਥਕਤਾ ਕੀ ਹੈ? ਤਲਵਾਰ ਨੂੰ ਮਿਆਨ ਵਿਚ ਏਸ ਲਈ ਰੱਖਿਆ ਜਾਂਦਾ ਹੈ ਕਿ ਹਿੰਸਾ ਦੀ ਵੀ ਇਕ ਸੀਮਾ ਹੁੰਦੀ ਹੈ - ਓਦੂੰ ਵੱਧ ਹਿੰਸਾ ਭੁਲੇਖੇ ਨਾਲ ਵੀ ਨਹੀਂ ਵਾਪਰ ਜਾਣੀ ਚਾਹੀਦੀ।

ਸਾਡੇ ਪਰਿਵਾਰ ਦੇ ਲੋਕ ਸਭ ਅਕਾਲੀ ਮੋਰਚਿਆਂ ਵਿਚ ਵਾਰ ਵਾਰ ਕੈਦ ਹੋਏ। ਮੇਰੇ ਨਾਨਾ ਜੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਨਕ-ਨਿਵਾਸ ਸਥਿਤ 'ਦਰਬਾਰ' ਵਿਚ ਉਨ੍ਹਾਂ ਦੇ 'ਦਰਸ਼ਨਾਂ' ਲਈ ਗਏ। ਭਿੰਡਰਾਂਵਾਲਿਆਂ ਨੇ ਪੁੱਛਿਆ: ਲੁਧਿਆਣੇ ਤੋਂ ਕੌਣ ਹੈ? ਮੇਰੇ ਨਾਨਾ ਜੀ ਅਤੇ ਇਕ ਹੋਰ ਬੰਦਾ ਖੜੇ ਹੋ ਗਏ। ਭਿੰਡਰਾਂਵਾਲੇ ਗਰਜੇ: 'ਲੱਖ ਲਾਹਨਤ ਤੁਹਾਡੇ 'ਤੇ। ਸੌ ਛਿੱਤਰ ਮਾਰਨਾ ਚਾਹੀਦਾ ਤੁਹਾਨੂੰ ਮੂੰਹ ਕਾਲਾ ਕਰ ਕੇ। ਅਵੱਲ ਤਾਂ ਮਾਰ ਹੀ ਦੇਣਾ ਚਾਹੀਦਾ ਤੁਹਾਡੇ ਵਰਗੇ ਨਿਕੰਮੇ ਤੇ ਬੇਗੈਰਤਾਂ ਨੂੰ। ਨਨਕਾਣਾ ਸਾਹਿਬ ਦੇ ਸਾਕੇ ਦਾ ਜ਼ਿੰਮੇਵਾਰ ਮਹੰਤ ਨਾਰਾਇਣ ਦਾਸ ਆਜ਼ਾਦੀ ਮਗਰੋਂ ਕਈ ਸਾਲ ਤੁਹਾਡੇ ਜ਼ਿਲ੍ਹੇ ਵਿਚ ਰਹਿੰਦਾ ਰਿਹਾ। ਤੁਹਾਥੋਂ ਉਹਨੂੰ ਗੋਲੀ ਕਿਉਂ ਨਾ ਮਾਰੀ ਗਈ?''

ਭਿੰਡਰਾਂਵਾਲਿਆਂ ਦਾ ਜ਼ਿਕਰ ਸੰਤ ਦੇ ਖਿਤਾਬ ਨਾਲ ਕੀਤਾ ਜਾਂਦਾ ਹੈ। ਪੂਰਬ ਦੀ ਅਧਿਆਤਮ ਧਾਰਾ ਵਿਚ ਦੋ ਸ਼ਬਦ ਹਨ - ਸਾਧ ਤੇ ਸੰਤ। ਸਾਧ ਦਾ ਅਰਥ ਹੈ - ਜਿਸ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਾਂ ਹਿੰਸਾ ਹਾਲੇ ਜਿਊਂਦੀ ਹੈ, ਕਈ ਵਾਰੀ ਜਾਗਦੀ ਵੀ ਹੈ, ਪਰ ਉਹ ਆਪਣੇ ਆਪ ਨੂੰ ਏਨ੍ਹਾਂ ਦਾ ਹੁਕਮ ਮੰਨਣੋਂ ਰੋਕ ਲੈਂਦਾ ਹੈ ਕਿਉਂਕਿ ਓਸਨੇ ਆਪਣੇ ਮਨ ਨੂੰ 'ਸਾਧ' ਲਿਆ ਹੈ। ਸੰਤ - ਉਹ ਹੈ, ਜਿਸ ਅੰਦਰੋਂ ਇਹ ਸਭ ਭਾਵਨਾਵਾਂ ਵਿਦਾ ਹੋ ਚੁੱਕੀਆਂ ਹਨ। ਉਸ ਅੰਦਰ ਹਿੰਸਾ ਹੁਣ ਉਠਦੀ ਹੀ ਨਹੀਂ। ਸੰਤ-ਸਿਪਾਹੀ ਦੀ ਭਾਵਨਾ ਅਨੁਸਾਰ ਉਹ ਲੜੇ ਵੀ ਤਾਂ ਸਿਰਫ਼ ਬਚਾਅ ਵਾਸਤੇ ਲੜਦਾ ਹੈ, ਹਿੰਸਾ ਦਾ ਰਸ ਲੈਣ ਲਈ ਨਹੀਂ, ਤੇ ਲੋੜੋਂ ਵੱਧ ਉਹ ਤਿਲ-ਭਰ ਵੀ ਹਿੰਸਾ ਨਹੀਂ ਕਰਦਾ। ਨਨਕਾਣਾ ਸਾਹਿਬ ਦੇ ਸਾਕੇ ਵਿਚ ਕੁਰਬਾਨ ਹੋਣ ਵਾਲੇ ਸਿੱਖ ਕਿਸੇ ਨੂੰ ਮਾਰਨ ਨਹੀਂ, ਆਪਣੇ ਗੁਰਧਾਮ ਨੂੰ ਵਿਲਾਸੀ ਮਹੰਤ ਦੇ ਕਬਜ਼ੇ ਵਿਚੋਂ ਛੁਡਾਉਣ ਗਏ ਸਨ। ਗੁਰਧਾਮ ਸੁਤੰਤਰ ਹੋ ਗਿਆ ਤਾਂ ਉਨ੍ਹਾਂ ਦਾ ਕਾਰਜ ਪੂਰਾ ਹੋ ਗਿਆ। ਮਹੰਤ ਨੂੰ ਮਾਰਨਾ ਉਨ੍ਹਾਂ ਦਾ ਮਕਸਦ ਨਹੀਂ ਸੀ, ਇਸ ਲਈ ਉਸਦੇ ਪਿੱਛੇ ਨਹੀਂ ਗਏ। ਬਿਬੇਕ ਦਾਨ ਮੰਗਣ ਜਾਂ ਉਸ ਨਾਲ ਜੀਣ ਵਾਲੇ ਲੋਕ ਏਵੇਂ ਹੀ ਕਰਦੇ ਹਨ।

ਨਨਕਾਣਾ ਸਾਹਿਬ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਨੂੰ ਵੀ ਗੋਲੀ ਚਲਾਉਣੀ ਆਉਂਦੀ ਹੋਵੇਗੀ। ਗੁਰਧਾਮ ਦੀ ਆਜ਼ਾਦੀ ਲਈ ਉਨ੍ਹਾਂ ਇਹ ਰਾਹ ਨਹੀਂ ਚੁਣਿਆ। ਕਿਸਾਨ ਮੋਰਚੇ ਵਿਚ ਮਹੀਨਿਆਂ ਬੱਧੀ ਪਹਿਰੇ 'ਤੇ ਖੜੇ ਪੰਜਾਬ, ਹਰਿਆਣੇ ਯੂਪੀ ਦੇ ਖੇਤੂ ਲੋਕਾਂ ਵਿਚੋਂ ਵੀ ਬਹੁਤ ਸਾਰਿਆਂ ਨੂੰ ਗੋਲੀ ਚਲਾਉਣੀ ਆਉਂਦੀ ਹੋਵੇਗੀ। ਉਨ੍ਹਾਂ ਵੀ ਇਹ ਰਾਹ ਨਹੀਂ ਚੁਣਿਆ। ਹਰ ਜੰਗ ਹਥਿਆਰ ਨਾਲ ਜਾਂ ਦੂਜਿਆਂ ਨੂੰ ਪੈਰਾਂ ਹੇਠ ਦੇ ਦੇ, ਦਾਬੇ ਮਾਰ ਮਾਰ ਜਾਂ ਅਪਮਾਨ ਕਰ ਕਰ ਨਹੀਂ ਲੜੀ ਜਾਂਦੀ। ਦੁਸ਼ਮਣ ਦੀ ਅੱਖ ਵਿਚ ਅੱਖ ਪਾ ਕੇ ਅਡੋਲ ਖਲੋਤਾ ਨਿਹੱਥਾ ਸ਼ਾਂਤ ਮਨੁੱਖ ਵੀ ਆਪਣੇ ਆਪ ਵਿਚ ਹਥਿਆਰ ਹੁੰਦਾ ਹੈ।

ਹਥਿਆਰ ਪੰਜਾਬ ਦਾ ਸਰੀਰ ਹੋਵੇਗਾ, ਪਰ ਏਹਦੀ ਰੂਹ ਸ਼ਬਦ ਦੀ ਬਣੀ ਹੋਈ ਹੈ। ਏਹ ਸ਼ਬਦ ਪੰਜਾਬ ਦੀ ਜੜ੍ਹ ਵਿਚ ਸੂਫ਼ੀ ਬਾਬਿਆਂ, ਭਗਤਾਂ ਤੇ ਗੁਰੂ ਬਾਬਿਆਂ ਰਲ ਕੇ ਪਾਇਆ ਹੈ। ਪੰਜਾਬ ਨੂੰ ਸ਼ਸਤਰਾਂ ਨੇ ਭੂਤਕਾਲ ਵਿਚ ਬਚਾਇਆ ਵੀ ਹੈ ਪਰ ਲੁਹਿਆ ਵੀ ਹੈ। ਹਾਂ, ਸ਼ਬਦ ਨੇ ਸਦਾ ਬਚਾਇਆ ਹੈ। ਪਰ ਹੁਣ ਦਾ ਪੰਜਾਬ ਸ਼ਬਦ, ਵਿਚਾਰ, ਵਾਰਤਾਲਾਪ, ਸੋਚ, ਸੁਹਿਰਦਤਾ ਅਤੇ ਸਦਭਾਵਨਾ ਤੋਂ ਪਰ੍ਹੇ ਤਿਲਕਦਾ ਜਾਂਦਾ ਦਿਸਦਾ ਹੈ। ਏਦਾਂ ਕਰਨ ਦਾ ਨਤੀਜਾ ਅਸੀਂ ਨਾ-ਮੁੜਨ-ਯੋਗ ਤਰੀਕੇ ਨਾਲ ਭੁਗਤ ਚੁੱਕੇ ਹਾਂ, ਪਰ ਸੋਚਣ, ਸਮਝਣ ਸੁਣਨ ਜਾਂ ਮੰਨਣ ਲਈ ਹਾਲੇ ਵੀ ਤਿਆਰ ਨਹੀਂ।

ਸੰਨ 1982 ਵਿਚ ਮੈਂ ਝੋਨੇ ਦੀ ਦੁਆਈ 'ਮਚੈਟੀ' ਦਾ ਸਰਵੇਅ ਕਰਨ ਲਈ ਤਰਨਤਾਰਨ ਦੇ ਪੰਜ ਪਿੰਡਾਂ ਵਿਚ ਗਿਆ। ਏਦੂੰ ਪਹਿਲਾਂ ਮੈਂ ਮਾਝੇ ਦੇ ਪਿੰਡਾਂ ਵਿਚ ਨਹੀਂ ਸਾਂ ਵਿਚਰਿਆ। ਪਹਿਲੇ ਦਿਨ ਰਜਿਸਟਰ ਅਨੁਸਾਰ ਮੈਂ ਪਾਲ ਸਿੰਘ ਦੇ ਘਰ ਜਾਣਾ ਸੀ। ਬੱਸ ਤੋਂ ਉਤਰ ਕੇ ਮੈਂ ਪਿੰਡ ਦੇ ਚੌਕ ਵਿਚ ਪੂਰੇ ਨੀਲੇ ਬਾਣੇ ਵਿਚ ਸਜੇ ਖੁੱਲ੍ਹੇ ਦਾੜ੍ਹੇ ਵਾਲੇ ਬਜ਼ੁਰਗ ਨੂੰ ਪੁੱਛਿਆ: 'ਪਾਲ ਸਿੰਘ ਦਾ ਘਰ ਕਿੱਧਰ ਹੈ'? 80 ਵਰ੍ਹਿਆਂ ਦੇ ਬਜ਼ੁਰਗ ਨੇ ਦੋਵੇਂ ਹੱਥ ਜੋੜ ਕੇ ਕਿਹਾ: 'ਸਤਿ ਸ੍ਰੀ ਅਕਾਲ ਬੇਟਾ ਜੀ। ਜੀ ਆਇਆਂ ਨੂੰ ਸਾਡੇ ਪਿੰਡ ਵਿਚ। ਰਾਹ ਵਿਚ ਪਹਿਲਾਂ ਮੇਰਾ ਘਰ ਆਉਂਦਾ ਹੈ। ਗਰਮੀ ਦਾ ਦਿਨ ਏ। ਲੱਸੀ ਪੀ ਕੇ, ਝੱਟ ਆਰਾਮ ਕਰੋ। ਫਿਰ ਪਾਲ ਸੁੰਹ ਦੇ ਘਰ ਮੈਂ ਤੁਹਾਨੂੰ ਆਪ ਛੱਡ ਆਵਾਂਗਾ।' ਸ਼ਹਿਰ ਵਿਚ ਜੰਮੇ ਪਲੇ, ਪਿੰਡ ਦੀ ਤਹਿਜ਼ੀਬ ਅਤੇ ਭਾਸ਼ਾ ਤੋਂ ਉੱਕੇ ਹੀ ਕੋਰੇ ਮੇਰੇ ਵਰਗੇ ਮੁੰਡੇ ਖੁੰਡੇ ਲਈ ਮਾਝੇ ਦੇ ਪਿੰਡ ਵਿਚ ਜੀਣ ਵਰਤਣ ਦਾ ਇਹ ਪਹਿਲਾ ਸਬਕ ਸੀ। ਉਸ ਮਗਰੋਂ ਮੈਂ ਜਿਸ ਵੀ ਪਿੰਡ ਗਿਆ, ਜਿਸਨੂੰ ਵੀ ਮਿਲਿਆ, ਪਹਿਲਾਂ ਆਦਰ ਨਾਲ ਫ਼ਤਹਿ ਬੁਲਾਅ ਕੇ ਮਿਲਿਆ।

ਫਾਸਟ ਫ਼ਾਰਵਰਡ ਕਰਾਂ ਤਾਂ ਸੰਨ 1991 ਦਾ ਚਿੱਤਰ ਅੱਖਾਂ ਅੱਗੇ ਆਉਂਦਾ ਹੈ। ਲੁਧਿਆਣੇ ਬੱਸ ਅੱਡੇ ਲਾਗਲੇ ਰੇਲਵੇ ਫ਼ਾਟਕ ਕੋਲ 70 ਵਰ੍ਹਿਆਂ ਦਾ ਗਰੀਬੜਾ ਜਿਹਾ ਸਿੱਖ ਬਜ਼ੁਰਗ ਸੜਕ ਪਾਰ ਕਰਨ ਲਈ ਰੁਕਿਆ ਹੋਇਆ ਸੀ। ਦੁਪਹਿਰ 3 ਵਜੇ ਦਾ ਟ੍ਰੈਫ਼ਿਕ ਉਹਨੂੰ ਰਾਹ ਨਹੀਂ ਸੀ ਦੇ ਰਿਹਾ। ਉਹਨੂੰ ਮਾਮੂਲੀ ਜਿਹੀ ਥਾਂ ਦਿਸੀ ਤਾਂ ਭੱਜ ਕੇ ਸੜਕ ਪਾਰ ਕਰਨ ਲੱਗਾ। ਸਕੂਟਰ 'ਤੇ ਸੁਆਰ ਦੋ ਜੁਆਨ ਸਿੱਖ ਮੁੰਡੇ ਤੇਜ਼ੀ ਨਾਲ ਆਏ। ਡਰਾਈਵ ਕਰਦੇ ਮੁੰਡੇ ਨੇ ਸਕੂਟਰ ਨੂੰ ਮੋੜਾ ਦੇ ਕੇ ਬਜ਼ੁਰਗ ਲਾਗੋਂ ਕੱਢਿਆ। ਪਿੱਛੇ ਬੈਠੇ ਸਿੱਖ ਮੁੰਡੇ ਨੇ ਵੱਟ ਕੇ ਬਜ਼ੁਰਗ ਦੇ ਮੂੰਹ 'ਤੇ ਚਪੇੜ ਮਾਰੀ ਤੇ ਮਾਂ-ਭੈਣ ਦੀਆਂ ਗਾਲ੍ਹਾਂ ਕੱਢੀਆਂ। ਰਫ਼ਤਾਰ 'ਤੇ ਆਉਂਦੇ ਸਕੂਟਰ ਦੇ ਨਾਲ ਨਾਲ ਉਸ 'ਤੇ ਬੈਠੇ ਬੰਦੇ ਦੀ ਚਪੇੜ ਵਿਚ ਵੀ ਚੋਖੀ ਰਫ਼ਤਾਰ ਸੀ। ਬਜ਼ੁਰਗ ਮੂਧੇ ਮੂੰਹ ਸੜਕ 'ਤੇ ਡਿੱਗਾ, ਉਹਦੀ ਪੱਗ ਲਹਿ ਗਈ ਤੇ ਕੋਲੋਂ ਲੰਘਦੇ ਟਰੱਕ ਹੇਠ ਆਉਣੋਂ ਮਸਾਂ ਬਚਿਆ। ਸੰਨ 1995 ਵਿਚ ਪੀਏਯੂ ਵਿਖੇ ਸਾਡੀ ਕਾਨਫ਼ਰੰਸ ਲਈ ਪਰਚਾ ਛਾਪਣ ਵਾਲਾ ਪ੍ਰਿੰਟਰ ਬੰਦਾ ਲੁਧਿਆਣੇ ਦੇ ਰਣਧੀਰ ਸਿੰਘ ਨਗਰ ਘਰ ਜਾਂਦਿਆਂ ਸ਼ਾਮੀਂ 8 ਵਜੇ ਆਪਣੇ ਸਕੂਟਰ ਤੋਂ ਡਿੱਗ ਪਿਆ, ਉਹਦੀ ਲੱਤ ਟੁੱਟ ਗਈ। ਉਹਦੇ ਲਾਗਿਓਂ ਕਈ ਬੰਦੇ ਲੰਘੇ, ਪਰ ਪਹਿਲਾ ਬੰਦਾ ਜਦ ਆ ਕੇ ਉਸ ਕੋਲ ਮਦਦ ਲਈ ਰੁਕਿਆ ਤਾਂ ਰਾਤ ਦੇ ਸਾਢੇ ਯਾਰਾਂ ਵੱਜ ਚੁੱਕੇ ਸਨ।



ਸ਼ੰਕਰਾਚਾਰੀਆ

1992 ਜਾਂ ਉਸ ਮਗਰੋਂ ਦਾ ਇਹ ਉਹ ਪੰਜਾਬ ਨਹੀਂ ਜਿਸ ਵਿਚ ਮੈਂ ਜੰਮਿਆਂ ਸਾਂ। ਜਾਂ ਜਿਸ ਵਿਚ ਖਾੜਕੂ ਸੁਖਦੇਵ ਸਿੰਘ ਝਾਮਕੇ ਦੇ ਪਿੰਡ ਦੇ ਹਿੰਦੂ ਨੰਬਰਦਾਰ ਨੇ ਮਚੈਟੀ ਦਾ ਸਰਵੇਅ ਕਰਦਿਆਂ ਮੇਰੇ ਸੰਗਦਿਆਂ ਵੀ ਮੇਰੀ ਕਮੀਜ਼ ਧੱਕੇ ਨਾਲ ਲੁਹਾ ਕੇ ਉਹਦੀ ਪਾਟੀ ਜੇਬ ਆਪਣੀ ਘਰ ਵਾਲੀ ਕੋਲੋਂ ਤਰੋਪਾ ਭਰਵਾਅ ਕੇ ਦਿੱਤੀ ਸੀ। ਤੇ ਕਿਸੇ ਹੋਰ ਜੱਟ ਨੇ ਮੈਨੂੰ ਭੁੱਖਾ ਵੇਖ ਕੇ ਘਰ ਵਾਲੀ ਨੂੰ ਕਿਹਾ ਸੀ: 'ਸ਼ਹਿਰੋਂ ਆਇਐ। ਕੱਲ੍ਹੀ ਦਾਲ ਨਾ ਦੇਈਂ। ਮੁੰਡੇ ਲਈ ਆਂਡਿਆਂ ਦੀ ਭੁਰਜੀ ਬਣਾ ਦੇ।' ਮੈਂ ਤਾਂ ਓਸ ਪੰਜਾਬ ਵਿਚ ਜੰਮਿਆ ਸਾਂ ਜਿਸ ਦੇ ਰਿਸ਼ੀ ਬਾਲਮੀਕ ਨੇ ਅਗਨੀ-ਪ੍ਰੀਖਿਆ ਵਿਚ ਸੁੱਚੀ ਹੋ ਕੇ ਨਿਕਲਣ ਮਗਰੋਂ ਵੀ ਬਨਬਾਸੀ ਹੋਈ ਗਰਭਵਤੀ ਮਾਂ ਸੀਤਾ ਨੂੰ ਓਟ ਆਸਰਾ ਦਿੱਤਾ ਸੀ। ਚੌਦਾਂ ਵਰ੍ਹੇ ਮੱਚੀ ਖਾੜਕੂ ਅੱਗ ਨਾਲ ਪੰਜਾਬ ਦੇ ਹੱਕ ਤਾਂ ਨਹੀਂ ਮਿਲੇ, ਦੁੱਖ ਤਾਂ ਨਹੀਂ ਘਟਿਆ, ਪਰ ਸਦੀਆਂ ਲਾ ਕੇ ਪੰਜਾਬ ਨੇ ਭਾਈਚਾਰੇ, ਸੁਹਿਰਦਤਾ, ਨਿਤਾਣੇ ਦੀ ਰਾਖੀ, ਬਜ਼ੁਰਗ ਦੇ ਆਦਰ, ਇਸਤਰੀ ਦੀ ਪੱਤ ਰੱਖਣ ਦਾ ਜਿਹੜਾ ਸਭਿਆਚਾਰ ਰਚਿਆ ਸੀ - ਉਹ ਵੀ ਤੀਲਾ ਤੀਲਾ ਹੋ ਗਿਆ। ਹੋਰ ਤਾਂ ਹੋਰ, ਲੋਕਾਂ ਹੱਥੋਂ ਆਪਣੇ ਹੀ ਘਰਾਂ ਦੇ ਵਿਹੜਿਆਂ ਅਤੇ ਛੱਤਾਂ 'ਤੇ ਸੌਣਾ ਤਕ ਖੁੱਸ ਗਿਆ। ਏਨੀ ਸੁਤੰਤਰਤਾ ਵੀ ਨਾ ਰਹੀ। ਜੋ ਕੁਝ ਮਾੜਾ ਮੋਟਾ ਹਾਲੇ ਬਚ ਗਿਆ ਹੈ, ਅੱਗ ਲਾਉਣ ਦੀ ਨਵੀਂ ਕੋਸ਼ਿਸ਼ ਵਿਚ ਉਹ ਵੀ ਸ਼ਾਇਦ ਬਲ ਜਾਵੇ।

ਸੰਨ ਸੰਤਾਲੀ ਦੀ ਆਜ਼ਾਦੀ ਤੋਂ ਕਈ ਵਰ੍ਹੇ ਪਹਿਲਾਂ ਦੀ ਗੱਲ ਹੈ। ਸਾਡਾ ਪਿੰਡ ਜ਼ਿਲ੍ਹਾ ਸ਼ੇਖ਼ੂਪੁਰੇ ਵਿਚ ਸੀ। ਚੋਖੀ ਜ਼ਮੀਨ ਸੀ। ਇਕ ਦਿਨ ਸਵੇਰਸਾਰ ਇਕ ਬੰਦਾ ਬਲਦ ਦਾ ਰੱਸਾ ਫੜੀ ਸਾਡੇ ਘਰ ਆਇਆ। ਮੇਰੀ ਦਾਦੀ ਦੇ ਸਿਰ 'ਤੇ ਪਿਆਰ ਦਿੱਤਾ। ਫਿਰ ਖੇਤ ਵਿਚ ਮੇਰੇ ਦਾਦਾ ਜੀ ਸ. ਸ਼ੇਰ ਸਿੰਘ ਨੂੰ ਮਿਲ ਕੇ ਬੋਲਿਆ: 'ਮੈਂ ਤੇਰੇ ਸਹੁਰੇ ਪਿੰਡੋਂ ਹਾਂ, ਏਸ ਨਾਤੇ ਤੇਰੇ ਘਰ ਨੂੰ ਆਪਣੀ ਭੈਣ ਦਾ ਘਰ ਜਾਣ ਕੇ ਤੇਰੇ ਕੋਲ ਰਹਿਣ ਆਇਆਂ'। ਦਾਦਾ ਜੀ ਨੇ ਕਿਹਾ: 'ਜੰਮ ਜੰਮ ਰਹੋ, ਜਿੰਨਾ ਚਿਰ ਜੀਅ ਕਰੇ'। ਉਹ ਬੋਲਿਆ: 'ਮੈਂ ਡਾਕੂਆਂ ਦਾ ਸਾਥੀ ਹਾਂ। ਅਸੀਂ ਲਾਇਲਪੁਰ ਦੀ ਜੇਲ੍ਹ ਤੋੜ ਕੇ ਅੱਡੋ ਅੱਡ ਦਿਸ਼ਾ ਵਿਚ ਭੱਜੇ ਹਾਂ। ਮੈਂ ਪੁਲਸ ਦੀ ਘੋੜੀ ਕੱਢੀ ਤੇ ਨਿਕਲਿਆ। ਉਨ੍ਹਾਂ ਮੇਰਾ ਖੁਰਾ ਨੱਪਿਆ। ਰਾਹ ਵਿਚ ਮੈਂ ਕਿਸੇ ਕੋਲੋਂ ਘੋੜੀ ਵੱਟੇ ਬਲਦ ਲੈ ਲਿਆ। ਮੈਂ ਠਾਣੇ ਅੱਗੋਂ ਵੀ ਲੰਘਿਆ ਤਾਂ ਉਨ੍ਹਾਂ ਸ਼ੱਕ ਨਾ ਕੀਤਾ। ਪਰ ਹੁਣ ਮੈਂ ਥੱਕ ਗਿਆਂ। ਡਾਕੇ ਨਹੀਂ ਮਾਰਨਾ ਚਾਹੁੰਦਾ, ਚੈਨ ਨਾਲ ਰਹਿਣਾ ਚਾਹੁੰਦਾਂ। ਮੇਰਾ ਤੇਰੇ ਘਰ ਕਿੰਨਾ ਚਿਰ ਰਹਿਣ ਦਾ ਸੁਆਲ ਨਹੀਂ, ਮੈਂ ਸਦਾ ਲਈ ਰਹਿਣਾ ਹੈ। ਜੇ ਤੂੰ ਆਸਰਾ ਨਹੀਂ ਦੇ ਸਕਦਾ ਤਾਂ ਕੋਈ ਗੱਲ ਨਹੀਂ।' ਦਾਦਾ ਜੀ ਨੇ ਕਿਹਾ: 'ਮੈਨੂੰ ਇਤਰਾਜ਼ ਨਹੀਂ, ਪਰ ਸਾਂਝਾ ਘਰ ਹੈ, ਵੱਡੇ ਭਰਾਵਾਂ ਨੂੰ ਪੁੱਛਣਾ ਪਏਗਾ'। ਵਿਚਕਾਰਲੇ ਭਰਾ ਸੁੰਦਰ ਸਿੰਘ ਨੇ ਕਿਹਾ: 'ਸ਼ਰਨ ਆਏ ਦੀ ਲਾਜ ਰੱਖਣੀ ਪੈਣੀ ਹੈ, ਉਹ ਭਾਵੇਂ ਡਾਕੂ ਹੋਵੇ। ਗੁਰਾਂ ਦਾ ਹੁਕਮ ਹੈ।' ਵੱਡੇ ਭਰਾ ਲਾਲ ਸਿੰਘ ਨੇ ਆਖਿਆ: 'ਏਹਦਾ ਨਾਉਂ ਮੇਰੇ ਵਾਂਗ ਲਾਲ ਸਿੰਘ ਰੱਖ ਦਿਓ। ਜਿੱਥੇ ਕਿਤੇ ਗੱਲ ਹੋਵੇਗੀ, ਲੋਕਾਂ ਨੂੰ ਜਾਪੇਗਾ - ਮੇਰਾ ਜ਼ਿਕਰ ਹੋ ਰਿਹੈ। ਏਦਾਂ ਇਹ ਤੁਰਿਆ ਫਿਰਿਆ ਵੀ ਲੁਕਿਆ ਰਹੇਗਾ।' ਉਹ ਬੰਦਾ ਨੌਂ ਸਾਲ ਸਾਡੇ ਘਰ ਰਿਹਾ। ਘਰ ਖੇਤ ਦਾ ਹਰ ਕੰਮ ਕਰਦਾ। ਅੱਖ ਸਦਾ ਨੀਵੀਂ ਰੱਖਦਾ। ਘਰ ਦੇ ਜਾਂ ਪਿੰਡ ਦੇ ਕਿਸੇ ਬੰਦੇ ਨੂੰ ਉਹਦੇ ਕੋਲੋਂ ਸ਼ਿਕਾਇਤ ਨਹੀਂ ਹੋਈ। ਪਰ ਬੜਾ ਬਾਗ਼ੀ ਤੇ ਜ਼ਿੱਦੀ ਬੰਦਾ ਸੀ। ਜੇ ਉਹਨੂੰ ਜਾਪਦਾ ਕਿ ਅਸੀਂ ਕੋਈ ਗੱਲ ਗਲਤ ਕਰ ਰਹੇ ਹਾਂ ਜਾਂ ਕਿਸੇ ਨਾਲ ਸਾਡੇ ਹੱਥੋਂ ਵਿਤਕਰਾ ਹੋ ਗਿਆ ਹੈ ਤਾਂ ਲੜ ਪੈਂਦਾ। ਰੋਟੀ ਖਾਣੀ ਛੱਡ ਦੇਂਦਾ। ਇਕ ਵਾਰੀ ਉਸ ਚਾਰ ਦਿਨ ਰੋਟੀ ਨਾ ਖਾਧੀ ਜਦ ਤਕ ਉਹਦੀ ਗੱਲ ਮੰਨੀ ਨਾ ਗਈ। ਵੰਡ ਪਿੱਛੋਂ ਸਾਡੇ ਨਾਲ ਪਾਣੀਪੱਤ ਆ ਗਿਆ। ਸੰਨ '51 ਵਿਚ ਉਹਦੀ ਬਿਮਾਰੀ ਨਾਲ ਮੌਤ ਹੋ ਗਈ।

ਅੱਜ ਦਾ ਪੰਜਾਬ ਸ਼ਾਇਦ ਕਿਸੇ ਓਪਰੇ ਨੂੰ ਵਰ੍ਹਿਆਂਬੱਧੀ ਕੀ, ਦਿਨ ਭਰ ਲਈ ਵੀ ਸ਼ਾਇਦ ਆਪਣੇ ਘਰ ਵਿਚ ਆਸਰਾ ਨਹੀਂ ਦੇਵੇਗਾ। ਸਰਕਾਰਾਂ ਤਾਂ ਦੂਰ, ਸਾਨੂੰ ਇਕ ਦੂਜੇ 'ਤੇ ਹੀ ਭਰੋਸਾ ਨਹੀਂ ਰਿਹਾ। ਦੁੱਧ ਦੇ ਸੜੇ ਅਸੀਂ ਹੁਣ ਲੱਸੀ ਵੀ ਫੂਕ ਮਾਰ ਮਾਰ ਪੀਂਦੇ ਹਾਂ। ਸਦੀਆਂ ਲਾ ਕੇ ਰਚਿਆ ਪੰਜਾਬੀ ਸਭਿਆਚਾਰ ਦਾ ਤਾਣਾ ਪੇਟਾ ਖਾੜਕੂਵਾਦ ਦੇ ਵੇਲੇ ਮੋਰੀ ਮੋਰੀ ਹੋ ਗਿਆ। ਸਾਨੂੰ ਸਰਕਾਰਾਂ ਚੰਗੀਆਂ ਨਹੀਂ ਮਿਲੀਆਂ, ਪਰ ਸਾਡੀ ਖ਼ਾਤਰ ਲੜਨ ਦਾ ਦਾਅਵਾ ਕਰਨ ਵਾਲੇ ਬਹੁਤ ਸਾਰੇ ਵੀ ਓਸੇ ਤਰ੍ਹਾਂ ਦੇ ਹੀ ਮਿਲੇ ਹਨ। ਕਾਂਗਰਸ ਨੂੰ ਪੰਜਾਬ ਦੇ ਦੁੱਖ ਦਾ ਕਾਰਨ ਮੰਨਿਆ ਜਾਂਦਾ ਹੈ, ਪਰ ਪੰਜਾਬ ਵਿਚ ਅੱਗ ਬਾਲਣ ਮਗਰੋਂ ਫੇਰ ਵੀ ਉਹ 20 ਸਾਲ ਰਾਜ ਕਰ ਗਏ। ਓਵੇਂ ਹੀ ਜਿਵੇਂ ਦੀਪ ਸਿੱਧੂ ਦੇ ਲਾਲ ਕਿਲ੍ਹੇ 'ਤੇ ਝੰਡਾ ਝੁਲਾਉਣ ਦਾ ਲਾਭ ਅਜੋਕੀ ਕੇਂਦਰੀ ਸਰਕਾਰ ਨੂੰ ਹੀ ਹੋਇਆ। ਇਤਿਹਾਸਕ ਤੌਰ 'ਤੇ ਪੰਜਾਬ ਲਈ ਲੜ ਮਰਨ ਦੇ ਸੌਦੇ ਦੇਣ ਵਾਲੇ - ਜਾਣੇ ਜਾਂ ਅਣਜਾਣੇ - ਅੰਤ ਨੂੰ ਵੇਲੇ ਦੀਆਂ ਸਰਕਾਰਾਂ ਦੇ ਹੱਕ ਵਿਚ ਹੀ ਭੁਗਤ ਗਏ। ਜਾਪਦਾ ਹੈ - ਅੱਗੋਂ ਵੀ ਏਹੀ ਹੋਵੇਗਾ। ਪਰ ਏਨ੍ਹਾਂ ਲੜਾਈਆਂ ਦੇ ਆਪੂੰ-ਬਣੇ ਲੀਡਰ ਏਦਾਂ ਕਰ ਕਿਉਂ ਰਹੇ ਹਨ?

ਕਈ ਵਰ੍ਹੇ ਪਹਿਲਾਂ ਸਾਡੇ ਘਰ ਅਮਰੀਕਾ ਤੋਂ ਇਕ ਪਰਿਵਾਰ ਆਇਆ। ਘਰ ਵਿਚ ਬਹੁਤ ਸਾਰੇ ਬੂਟੇ ਲੱਗੇ ਸਨ, ਕਈ ਅਜਿਹੇ ਜਿਨ੍ਹਾਂ 'ਤੇ ਮਹੀਨਿਆਂ ਮਗਰੋਂ ਇਕ ਅੱਧ ਪੱਤਾ ਉਗਦਾ ਸੀ। ਪਰਿਵਾਰ ਦੇ ਪੰਜ ਸਾਲਾ ਬੱਚੇ ਨੇ ਆਉਂਦੇ ਸਾਰ ਹਰ ਬੂਟੇ ਦਾ ਹਰ ਪੱਤਾ ਤੋੜ ਤੋੜ ਵਗਾਹ ਮਾਰਿਆ। ਉਹਦੀ ਮਾਂ ਨੇ ਮਾਣ ਨਾਲ ਕਿਹਾ: 'ਏਹਨੂੰ ਪੱਤੇ ਤੋੜ ਕੇ ਸੁਆਦ ਆਉਂਦੈ। ਬੜਾ ਸ਼ਰਾਰਤੀ ਹੈ - ਝਿੜਕਾਂ ਖਾ ਕੇ ਵੀ ਨਹੀਂ ਰੁਕਦਾ। ਚਲੋ ਕੋਈ ਗੱਲ ਨਹੀਂ, ਹੋਰ ਪੱਤੇ ਆ ਜਾਣਗੇ।' ਮੈਂ ਇਕ ਮਨੋਵਿਗਿਆਨੀ ਮਿੱਤਰ ਨਾਲ ਗੱਲ ਕੀਤੀ ਤਾਂ ਉਸ ਕਿਹਾ: 'ਏਸਦੇ ਮਾਂ ਬਾਪ ਏਹਦੇ ਵੱਲ ਧਿਆਨ ਨਹੀਂ ਦੇਂਦੇ ਹੋਣੇ। ਪਹਿਲਾਂ ਏਹ ਬੱਚਾ ਧਿਆਨ ਖਿੱਚਣ ਲਈ ਇਹ ਕੰਮ ਕਰਦਾ ਹੋਣਾ। ਹੁਣ ਹੌਲੀ ਹੌਲੀ ਏਹਨੂੰ ਏਸ ਹਿੰਸਾ ਵਿਚ ਰਸ ਔਣ ਲੱਗ ਪਿਆ ਹੈ।'

ਕਦੀ ਕਦੀ ਜਾਪਦਾ ਹੈ: ਪੰਜਾਬ ਦੇ ਅਜੋਕੇ ਗਰਮ-ਵਿਦਵਾਨ ਉਸੇ ਬੱਚੇ ਵਰਗੇ ਹਨ। ਉਨ੍ਹਾਂ ਨੂੰ ਹਿੰਸਾ ਵਿਚ ਰਸ ਹੈ। ਜੇ ਉਹ ਪਹਿਲਾਂ ਨਕਸਲੀ ਲਹਿਰ ਵਿਚ ਸਨ ਤੇ ਹੁਣ ਖਾੜਕੂ ਲਹਿਰ ਵਿਚ ਹਨ - ਤਾਂ ਕਿਸੇ ਤਬਦੀਲੀ ਦੀ ਤਾਂਘ ਵਿਚ ਨਹੀਂ ਹਨ। ਜਿਹੜਾ ਵੀ ਪਲੇਟਫ਼ਾਰਮ ਉਨ੍ਹਾਂ ਦੀ ਹਿੰਸਾ ਨੂੰ ਰਾਹ ਜਾਂ ਜਸਟੀਫ਼ਿਕੇਸ਼ਨ ਬਖ਼ਸ਼ ਦੇਂਦਾ ਹੈ, ਉਹ ਉਸੇ ਵਿਚ ਸ਼ਾਮਲ ਹੋ ਜਾਂਦੇ ਹਨ। ਉਨ੍ਹਾਂ ਦੀ ਪਛਾਣ ਹੀ ਹਿੰਸਾ ਨੂੰ ਉਘਾੜਨ ਕਰਕੇ ਬਣੀ ਹੋਈ ਹੈ। ਸ਼ਾਇਦ ਉਸ ਮਾਂ ਵਾਂਗ ਉਹ ਵੀ ਇਹੀ ਸੋਚਦੇ ਹਨ ਕਿ ਪੰਜਾਬ ਦੇ ਨੌਜੁਆਨ ਪੱਤੇ ਟੁੱਟਦੇ ਨੇ ਤਾਂ ਟੁੱਟਣ ਦਿਉ, ਆਪਣਾ ਰਸ ਲਉ, ਕੋਈ ਗੱਲ ਨਹੀਂ - ਹੋਰ ਪੱਤੇ ਆ ਜਾਣਗੇ।

ਸਾਡੇ ਗਰਮ-ਖਿਆਲੀਏ ਸਿੱਖ ਮਹਾਤਮਾ ਗਾਂਧੀ ਦੇ ਸਖ਼ਤ ਵਿਰੁੱਧ ਹਨ। ਚਲੋ, ਉਨ੍ਹਾਂ ਦੀ ਮਰਜ਼ੀ। ਜਵਾਹਰ ਲਾਲ ਨਹਿਰੂ ਦੀ ਭੈਣ ਵਿਜੇ ਲਕਸ਼ਮੀ ਆਪਣੀ ਬੇਟੀ ਨਯਨਤਾਰਾ ਨੂੰ ਪਹਿਲੀ ਵਾਰੀ ਗਾਂਧੀ ਦੇ ਦਰਸ਼ਨ ਕਰਵਾਉਣ ਲੈ ਗਈ। ਰਾਜਘਾਟ ਲਾਗੇ ਗਾਂਧੀ ਆਪਣੀ ਪ੍ਰਾਰਥਨਾ ਵਿਚ ਲੀਨ ਸਨ। ਉਨ੍ਹਾਂ ਨੂੰ ਮਿਲਣ ਵਾਲੇ ਇਕ ਪਾਸੇ ਖੜ੍ਹੇ ਸਨ। ਨਯਨਤਾਰਾ ਦੇ ਹੱਥ ਵਿਚ ਗਾਂਧੀ ਦੇ ਗਲ ਵਿਚ ਪਾਉਣ ਲਈ ਹਾਰ ਸੀ। ਪ੍ਰਾਰਥਨਾ ਮੁਕਣ ਮਗਰੋਂ ਗਾਂਧੀ ਮੁੜੇ ਤਾਂ ਵੇਖ ਕੇ ਨਯਨਤਾਰਾ ਨੇ ਚਾਣਚੱਕ ਤੇ ਉੱਚੀ ਸਾਰੀ ਕਿਹਾ: ''ਮੈਂ ਨਹੀਂ ਹਾਰ ਪਾਉਣਾ! ਵੇਖਣ ਨੂੰ ਕਿੰਨਾ ਭੱਦਾ ਬੰਦਾ ਹੈ ਇਹ!'' ਜੇ ਕੋਈ ਸਾਡੇ ਵਿਚ ਕਿਸੇ ਨੂੰ ਵੀ ਅੱਜ ਇਹ ਗੱਲ ਕਹੇ ਤਾਂ ਸ਼ਾਇਦ ਅਸੀਂ ਧਰਤੀ ਵਿਚ ਧਸ ਜਾਈਏ। ਜੇ ਅਸੀਂ ਪੰਜਾਬੀ ਖਾੜਕੂ ਹੋਈਏ ਤਾਂ ਸ਼ਾਇਦ ਅਜਿਹੇ ਬੰਦੇ ਨੂੰ ਖੜੇ ਪੈਰੀਂ ਸੋਧ ਦੇਈਏ। ਗਾਂਧੀ ਨੇ ਸੁਣਿਆ, ਲਾਗੇ ਆ ਕੇ ਨਯਨਤਾਰਾ ਦੇ ਸਿਰ 'ਤੇ ਹੱਥ ਰੱਖ ਆਸ਼ੀਰਵਾਦ ਦਿੰਦਿਆਂ ਆਖਿਆ: 'ਉਮੀਦ ਹੈ, ਸਾਰੀ ਉਮਰੇ ਏਵੇਂ ਹੀ ਸੱਚ ਬੋਲਦੀ ਰਹੇਗੀ।'

ਜੋ ਕੁਝ ਵੇਖਦੇ ਵੇਖਦੇ ਅਸੀਂ ਥੱਕ ਜਾਂਦੇ ਹਾਂ, ਉਸਨੂੰ ਅੱਖੋਂ ਪਰੋਖਾ ਕਰਨ ਲਗਦੇ ਹਾਂ। ਹਰਚਰਨ ਪਰਹਾਰ ਹੁਰਾਂ ਪੰਜਾਬ ਦੀ ਅਜੋਕੀ ਤ੍ਰਾਸਦੀ ਨੂੰ ਸਾਡੀਆਂ ਅੱਖਾਂ ਅੱਗੇ (ਏਸਨੂੰ ਵੇਖਣਾ ਸਾਡੀ ਲੋੜ ਵਾਂਗ) ਮੁੜ ਫ਼ੋਕਸ ਕੀਤਾ ਹੈ। ਉਨ੍ਹਾਂ ਦੇ ਉੱਦਮ ਲਈ ਉਨ੍ਹਾਂ ਪ੍ਰਤੀ ਆਦਰ ਮਹਿਸੂਸ ਹੁੰਦਾ ਹੈ। ਰੱਬ ਉਨ੍ਹਾਂ ਨੂੰ ਸੁਰੱਖਿਅਤ ਰੱਖੇ। ਅਰਦਾਸ ਹੈ ਕਿ ਉਹ ਵੀ ਉਮਰ ਭਰ ਏਵੇਂ ਹੀ ਸੱਚ ਬੋਲਦੇ ਰਹਿਣ।

## ਮਿੰਨੀ ਕਹਾਣੀ

# ਦੁਕਾਨ ਦਾ ਫਰਕ

ਸਰਿਤਾ ਨੂੰ ਅੱਜ ਦਫਤਰੋਂ ਛੁੱਟੀ ਸੀ। ਘਰ ਦੇ ਰੋਜ਼ਾਨਾ ਕੰਮ ਮੁਕਾ ਕੇ ਉਸ ਨੇ ਸੋਚਿਆ ਕਿ ਭਾਣਜੀ ਦੀ ਮੰਗਣੀ ਆਉਣ ਵਾਲੀ ਐ, ਕਿਉਂ ਨਾ ਅੱਜ ਮਾਲ 'ਚੋਂ ਜਾ ਕੇ ਆਪਣੀ ਡਰੈੱਸ ਲੈ ਆਵਾਂ। ਸਰਿਤਾ ਦਾ ਪਤੀ ਰਮੇਸ਼ ਪ੍ਰਾਪਰਟੀ ਦਾ ਕੰਮ ਕਰਦਾ ਹੋਣ ਕਰਕੇ ਜ਼ਿਆਦਾਤਰ ਘਰ ਹੀ ਹੁੰਦਾ ਸੀ। ਦੋਵਾਂ ਨੇ ਝੱਟ ਹੀ ਜਾਣ ਦੀ ਸਲਾਹ ਬਣਾ ਲਈ। ਬੇਟਾ ਰਾਹੁਲ ਅਜੇ ਪੜ੍ਹ ਕੇ ਵਾਪਿਸ ਨਹੀਂ ਆਇਆ ਸੀ। ਇਸੇ ਲਈ ਵਿਹਲਾ ਸਮਾਂ ਵੇਖ ਕੇ ਉਹ ਝੱਟ ਹੀ ਕਾਰ 'ਤੇ ਸਵਾਰ ਹੋ ਗਏ ਤੇ ਸ਼ਹਿਰ ਦੇ ਇਕ ਵੱਡੇ ਮਾਲ ਵਿਚ ਪਹੁੰਚ ਗਏ।

ਸੋਚਿਆ ਪੇਕਿਆਂ ਦੇ ਘਰ ਕਿੰਨੇ ਚਿਰ ਬਾਅਦ ਕੋਈ ਪ੍ਰੋਗਰਾਮ ਆਇਆ, ਪੈਸੇ ਜਿੰਨੇ ਮਰਜ਼ੀ ਲੱਗ ਜਾਣ ਪਰ ਕੱਪੜੇ ਵਧੀਆ ਹੀ ਲੈਣੇ ਹਨ। ਇਕ ਦੁਕਾਨ ਤੋਂ ਡਰੈੱਸ ਪਸੰਦ ਆ ਗਈ। ਰੇਟ ਪੁੱਛਿਆ ਤਾਂ ਦੁਕਾਨ ਵਾਲਿਆਂ ਨੇ ਬਾਰਾਂ ਹਜ਼ਾਰ ਰੁਪਏ ਦੱਸਿਆ। ਰਮੇਸ਼ ਨੇ ਝੱਟ ਹੀ ਆਪਣਾ ਕਰੈਡਿਟ ਕਾਰਡ ਕੱਢ ਕੇ ਪੈਸੇ ਦੇ ਦਿੱਤੇ ਤੇ ਉਹ ਬਾਹਰ ਨੂੰ ਹੋ ਤੁਰੇ। ਹੋਰ ਕੋਈ ਕੰਮ ਨਹੀਂ ਸੀ, ਇਸ ਲਈ ਉਹ ਸਿੱਧਾ ਬੇਸਮੈਂਟ 'ਚ ਪਹੁੰਚੇ ਤੇ ਕਾਰ 'ਚ ਬਹਿ ਕੇ ਘਰ ਨੂੰ ਚੱਲ ਪਏ। ਮਾਲ 'ਚੋਂ ਬਾਹਰ ਨਿਕਲਦਿਆਂ ਹੀ ਇਕ ਰੇਹੜੀ 'ਤੇ ਆਲੂ ਪਏ ਦੇਖ ਕੇ ਸਰਿਤਾ ਨੇ ਕਿਹਾ, ''ਮੈਂ ਕਿਹਾ ਜੀ, ਇੱਥੋਂ ਹੀ ਆਲੂ ਲੈ ਜਾਨੇ ਹਾਂ, ਸ਼ਾਮ ਨੂੰ ਸਬਜ਼ੀ ਬਣਾਉਣੀ ਹੁੰਦੀ ਐ ਤੇ ਰਾਹੁਲ ਖੇਡ ਕੇ ਨਹੀਂ ਮੁੜਦਾ, ਰੋਜ਼ ਹੀ ਲੇਟ ਹੋ ਜਾਂਦੀ ਹਾਂ।'' ਰਮੇਸ਼ ਨੇ ਕਾਰ ਰੇਹੜੀ ਦੇ ਨਾਲ ਜਾ ਲਾਈ।

ਰੇਹੜੀ ਕੋਲ ਇਕ ਬਜ਼ੁਰਗ ਬੈਠਾ ਹੋਇਆ ਸਨ। ਪਸੀਨੇ ਨਾਲ ਸਿਰ ਤੋਂ ਪੈਰਾਂ ਤਕ ਭਿੱਜਿਆ ਹੋਇਆ ਹੋਣ ਕਰਕੇ ਗੱਤੇ ਦੇ ਟੁਕੜੇ ਨਾਲ ਹਵਾ ਝੱਲ ਰਿਹਾ ਸੀ। ਰਮੇਸ਼ ਕਾਰ ਵਿਚ ਹੀ ਬੈਠਾ ਰਿਹਾ ਤੇ ਸਰਿਤਾ ਨੇ ਕਾਰ 'ਚੋਂ ਨਿਕਲ ਕੇ ਪਹਿਲਾਂ ਹੀ ਸਵਾਲ ਕੀਤਾ, ''ਬਾਬਾ ਜੀ ਕੀ ਰੇਟ ਐ ਆਲੂਆਂ ਦਾ?'' ਉਸ ਨੇ ਰੇਹੜੀ ਨੂੰ ਸਰਸਰੀ ਨਜ਼ਰ ਮਾਰ ਕੇ ਕਿਹਾ। ''ਪੁੱਤ ਦਸ ਰੁਪਏ ਕਿੱਲੋ ਨੇ, ਜੇ ਇਕੱਠੇ ਪੰਜ, ਦਸ ਕਿੱਲੋ ਲੈ ਲਓਗੇ ਤਾਂ ਹੋਰ ਦੋ ਰੁਪਏ ਘੱਟ ਲਾ ਲਵਾਂਗਾ।'' ਤੱਕੜੀ ਦੇ ਵੱਟੇ ਸਹੀ ਕਰਦਿਆਂ ਬਾਬੇ ਨੇ ਕਿਹਾ। ''ਬਾਬਾ ਜੀ ਕਿਉਂ ਲੁੱਟ ਮਚਾਈ ਐ, 10 ਰੁਪਏ ਕਿੱਲੋ? ਜਾਇਜ਼ ਰੇਟ ਕਰੋ ਤਾਂ ਹੀ ਲਵਾਂਗੀ ਨਹੀਂ ਤਾਂ ਹੋਰ ਰੇਹੜਿਆਂ ਬਥੇਰੀਆਂ ਨੇ, ਹਰ ਚੀਜ਼ ਨੂੰ ਅੱਗ ਹੀ ਲਾਈ ਐ ਲੋਕਾਂ ਨੇ।'' ਸਰਿਤਾ ਨੇ ਆਖਰੀ ਲਾਈਨ ਮੂੰਹ 'ਚ ਹੀ ਬੁੜਬੁੜਾਈ।

ਬਜ਼ੁਰਗ ਨੇ ਚਿਹਰੇ 'ਤੇ ਹਲਕੀ ਜਿਹੀ ਮੁਸਕਾਨ ਲਿਆ ਕੇ ਕਿਹਾ, ''ਬੇਟਾ ਗੁੱਸਾ ਨਾ ਕਰੀਂ, ਤੜਕੇ ਮੰਡੀ ਤੋਂ ਆਲੂ ਲਿਆਉਣ ਤੇ ਦੇਰ ਰਾਤ ਤਕ, ਇਸ ਉਮਰ ਵਿਚ ਬਹੁਤ ਥੱਕ ਜਾਂਦਾ ਹਾਂ ਪਰ ਮੈਂ ਰੁਪਏ ਕਮਾਉਣ ਲਈ ਨਹੀਂ, ਪੇਟ ਦੀ ਅੱਗ ਬੁਝਾਉਣ ਲਈ ਰੇਹੜੀ ਲਾਉਂਦਾ ਹਾਂ, ਫਿਰ ਵੀ ਤੁਹਾਨੂੰ ਮੁੱਲ ਜ਼ਿਆਦਾ ਲੱਗ ਰਿਹਾ ਐ! ਤੁਸੀਂ ਜਿਸ ਮਾਲ 'ਚੋਂ ਨਿਕਲੇ ਹੋ, ਜ਼ਰੂਰ ਕੋਈ ਸਮਾਨ ਲਿਆ ਹੋਵੇਗਾ, ਪਰ ਕੀ ਉਨ੍ਹਾਂ ਨੇ ਇਕ ਵੀ ਰੁਪਇਆ ਘੱਟ ਕੀਤਾ? ਨਹੀਂ ਕੀਤਾ ਹੋਵੇਗਾ, ਮੈਨੂੰ ਤਾਂ ਉਮੀਦ ਐ ਕਿ ਲਿਫਾਫਾ ਵੀ ਮੁੱਲ ਦਿੱਤਾ ਹੋਵੇਗਾ, ਕਿਉਂਕਿ ਉਨ੍ਹਾਂ ਦੀ ਦੁਕਾਨ ਬਹੁਤ ਵੱਡੀ ਐ, ਤੇ ਦੁਕਾਨ ਦਾ ਹੀ ਤਾਂ ਫਰਕ ਐ, ਉੱਥੇ ਪਿਆ ਹੋਇਆ ਕੱਚ ਵੀ ਹੀਰਿਆਂ ਦੇ ਮੁੱਲ ਲੱਗਦਾ ਹੈ ਤੇ ਮੈਂ ਸਵੇਰ ਤੋਂ ਲੈ ਕੇ ਸ਼ਾਮ ਤਕ ਰੇਹੜੀ ਸ਼ਹਿਰ ਦੀਆਂ ਗਲੀਆਂ ਵਿਚ ਹਿੱਕਣੀ ਹੈ, ਤਾਂ ਜਾ ਕੇ ਰੋਟੀ ਜੋਗਾ ਆਟਾ ਘਰ ਲੈ ਕੇ ਜਾਂਦਾ ਹਾਂ ਤੇ ਅਗਲੇ ਦਿਨ ਫਿਰ ਤੋਂ ਉਹੀ ਫਿਕਰ'' ਗੱਲ ਖਤਮ ਕਰਦੇ ਕਰਦੇ ਬਜ਼ੁਰਗ ਦੇ ਮੂੰਹ 'ਤੇ ਚਿੰਤਾ ਦੇ ਨਿਸ਼ਾਨ ਸਨ।

ਸਰਿਤਾ ਬਜ਼ੁਰਗ ਦਾ ਜਵਾਬ ਸੁਣ ਕੇ ਸੋਚਣ 'ਤੇ ਮਜਬੂਰ ਹੋ ਗਈ। ''ਪੰਜ ਕਿਲੋ ਤੋਲ ਦਿਓ ਬਾਪੂ ਜੀ'' ਉਸ ਦੇ ਮੂੰਹੋਂ ਬਸ ਐਨਾ ਹੀ ਨਿਕਲਿਆ। ਪੰਜ ਕਿਲੋ ਆਲੂ ਲੈ ਕੇ ਉਸ ਨੇ ਸੌ ਦਾ ਨੋਟ ਫੜਾਇਆ। ਬਜ਼ੁਰਗ ਅਜੇ ਕੰਬਦੇ ਹੱਥਾਂ ਨਾਲ ਉਸ ਲਈ ਬਕਾਇਆ ਕੱਢ ਹੀ ਰਿਹਾ ਸੀ ਕਿ ਸਰਿਤਾ ਕਾਰ 'ਚ ਜਾ ਬੈਠੀ ਤੇ ਉਸ ਨੇ ਇਕ ਨਜ਼ਰ ਕਾਰ ਦੀ ਪਿਛਲੀ ਸੀਟ 'ਤੇ ਪਏ ਡਰੈੱਸ ਵਾਲੇ ਲਿਫਾਫੇ ਵੱਲ ਮਾਰੀ, ਜੋ ਕਿ ਸੱਚੀਂ ਉਨ੍ਹਾਂ ਨੇ ਮੁੱਲ ਹੀ ਦਿੱਤਾ ਸੀ।

-ਅਰਸ਼ ਸਿੱਧੂ
ਫੋਨ: 94542-15070

# ਅੱਧਵਾਟੇ ਅਲਵਿਦਾ: ਦਲੇਰੀ ਜਾਂ ਬੁਜ਼ਦਿਲੀ?

**ਬਚਾਓ ਵਿਚ ਹੀ ਦਲੇਰੀ ਹੈ- ਵਾਲੇ ਅਖਾਣ ਦਾ ਮਹੱਤਵ ਬਹੁਤੇ ਲੋਕ ਪਛਾਣਦੇ ਨਹੀਂ। ਜਾਂਬਾਜ਼ੀ ਦੀ ਇਨਸਾਨੀ ਜੀਵਨ 'ਚ ਬਹੁਤ ਅਹਿਮੀਅਤ ਹੈ ਪਰ ਜਾਂਬਾਜ਼ੀ ਹਰ ਮੁਸ਼ਕਿਲ ਦਾ ਹੱਲ ਨਹੀਂ।**

## ਕਲਾ ਪਰਿਕਰਮਾ

ਜਸਿੰਡਾ ਆਰਡਰਨ ਹਾਲ ਹੀ ਵਿਚ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਰੁਖ਼ਸਤ ਹੋਈ ਹੈ। ਇਹ ਅਹੁਦਾ ਉਸ ਨੇ ਖ਼ੁਦ ਛੱਡਿਆ। ਉਸ ਦਾ ਕਾਰਜਕਾਲ ਅਗਲੇ ਵਰ੍ਹੇ ਸਮਾਪਤ ਹੋਣਾ ਸੀ ਪਰ ਉਸ ਨੇ ਮਹਿਸੂਸ ਕੀਤਾ ਕਿ "ਮੇਰੇ ਕੋਲ ਹੋਰ ਜੂਝਣ ਦੀ ਤਾਕਤ ਨਹੀਂ ਰਹੀ।" ਕੌਮਾਂਤਰੀ ਪੱਧਰ 'ਤੇ ਉਸ ਦਾ ਅਕਸ ਨਿਹਾਇਤ ਕਾਬਲ ਪ੍ਰਧਾਨ ਮੰਤਰੀ ਵਾਲਾ ਸੀ। ਸਿਰਫ 43 ਵਰ੍ਹਿਆਂ ਦੀ ਹੈ ਉਹ। ਅਕਤੂਬਰ 2017 ਵਿਚ ਜਦੋਂ ਪ੍ਰਧਾਨ ਮੰਤਰੀ ਬਣੀ ਸੀ ਤਾਂ ਉਸ ਸਮੇਂ ਦੁਨੀਆ ਦੀ ਸਭ ਤੋਂ ਛੋਟੀ ਰਾਸ਼ਟਰ-ਪ੍ਰਮੁਖ ਸੀ। 2020 ਵਿਚ ਕੋਵਿਡ ਮਹਾਮਾਰੀ ਅਤੇ ਇੱਕ ਅਤਿਅੰਤ ਹੌਲਨਾਕ ਦਹਿਸ਼ਤੀ ਘਟਨਾ ਵਰਗੇ ਗਹਿਰੇ ਸੰਕਟਾਂ ਦੇ ਸੁਚੱਜੇ ਨਿਪਟਾਰੇ ਸਦਕਾ ਉਸ ਨੇ ਦੇਸ਼-ਵਿਦੇਸ਼ ਵਿਚ ਬਹੁਤ ਸ਼ਲਾਘਾ ਖੱਟੀ ਪਰ ਪਿਛਲੇ ਛੇ ਮਹੀਨਿਆਂ ਤੋਂ ਮਹਿੰਗਾਈ ਤੇ ਬੇਰੁਜ਼ਗਾਰੀ 'ਚ ਇਜ਼ਾਫੇ ਅਤੇ ਸਮਾਜਿਕ



ਸੁਰੱਖਿਆ ਪ੍ਰਬੰਧ ਦੀਆਂ ਕਮਜ਼ੋਰੀਆਂ ਕਾਰਨ ਉਸ ਦੀ ਮਕਬੂਲੀਅਤ ਲਗਾਤਾਰ ਖੁਰਦੀ ਜਾ ਰਹੀ ਸੀ। ਇਹ ਚਰਚਾ ਉਭਰਨ ਲੱਗੀ ਸੀ ਕਿ


**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਉਸ ਦੀ ਲੇਬਰ ਪਾਰਟੀ ਅਗਲੀਆਂ ਚੋਣਾਂ ਨਹੀਂ ਜਿੱਤ ਸਕੇਗੀ। ਰਾਜਨੇਤਾਈ ਅਤੇ ਢੀਠਤਾਈ ਇੱਕ-ਦੂਜੇ ਪੂਰਕ ਮੰਨੇ ਜਾਂਦੇ ਹਨ ਪਰ ਜਸਿੰਡਾ ਆਰਡਰਨ ਸ਼ਾਇਦ ਵੱਖਰੀ ਮਿੱਟੀ ਦੀ ਬਣੀ ਹੋਈ ਹੈ। ਉਸ ਨੇ ਰਾਜ ਗੱਦੀ ਨਾਲ ਚਿਪਕੇ ਰਹਿਣ ਦੀ ਥਾਂ ਇਸ ਦਾ ਤਿਆਗ ਕਰਨਾ ਵਾਜਬ ਸਮਝਿਆ।

ਅੱਧਵਾਟੇ ਹੀ ਆਪਣੀ ਮਰਜ਼ੀ ਨਾਲ ਅਹੁਦਾ ਤਿਆਗਣਾ ਕੀ ਦਲੇਰੀ ਦੀ ਨਿਸ਼ਾਨੀ ਹੈ ਜਾਂ ਬੁਜ਼ਦਿਲੀ ਦੀ? ਕੀ ਮਜਬੂਰੀਆਂ ਦੇ ਬਾਵਜੂਦ ਡਟੇ ਰਹਿਣਾ ਚਾਹੀਦਾ ਹੈ? ਟੀਚਾ ਪ੍ਰਾਪਤ ਕੀਤੇ ਬਿਨਾਂ ਪੈਰ ਪਿਛਾਂਹ ਖਿੱਚਣਾ ਕੀ ਇਖ਼ਲਾਕੀ ਉਤੇ ਹਕੀਕੀ ਤੌਰ 'ਤੇ ਜਾਇਜ਼ ਹੈ? ਰੁਖ਼ਸਤਗੀ ਕਿਹੜੇ ਪੜਾਅ 'ਤੇ ਹੋਣੀ ਚਾਹੀਦੀ ਹੈ? ਅਜਿਹੇ ਦਰਜਨਾਂ ਸਵਾਲਾਂ ਦੀ ਪੁਣ-ਛਾਣ ਕਰਦੀ ਹੈ ਐਨੀ ਡਿਊਕ ਦੀ ਕਿਤਾਬ 'ਕੁਇੱਟ'। ਪੇਸ਼ੇ ਵਜੋਂ ਮਨੋਵਿਗਿਆਨੀ ਅਤੇ ਕਮਾਈ ਪੱਖੋਂ ਪੇਸ਼ੇਵਰ ਪੋਕਰ ਖਿਡਾਰਨ ਹੈ ਐਨੀ ਡਿਊਕ (ਇਸ ਖੇਡ ਤੋਂ ਉਹ 40 ਲੱਖ ਡਾਲਰ ਕਮਾ ਚੁੱਕੀ ਹੈ)। ਕਿਤਾਬ ਤਿਆਗ ਕਰਨ ਜਾਂ ਰੁਖ਼ਸਤ ਹੋਣ ਦੀ ਪ੍ਰਕਿਰਿਆ ਦਾ ਅਧਿਐਨ ਵੀ ਹੈ ਅਤੇ ਰੁਖ਼ਸਤਗੀ ਦਾ ਸਮਾਂ ਪਛਾਣਨ ਦੀ ਕਲਾ ਦਾ ਆਈਨਾ ਵੀ।

ਐਨੀ ਡਿਊਕ ਆਪਣੀ ਕਥਾ ਦਾ ਆਗਾਜ਼ ਨਾਮਵਰ ਅਤੇ ਮਹਾਨਤਮ ਮੁੱਕੇਬਾਜ਼ ਮੁਹੰਮਦ ਅਲੀ ਤੋਂ ਕਰਦੀ ਹੈ। 1974 ਵਿਚ ਵਿਆਪਕ ਮੁਸ਼ਕਿਲਾਂ ਦੇ ਬਾਵਜੂਦ ਮੁਹੰਮਦ ਅਲੀ ਨੇ ਜੌਰਜ ਫੋਰਮੈਨ ਨੂੰ ਹਰਾ ਕੇ ਵਿਸ਼ਵ ਹੈਵੀਵੇਟ ਚੈਂਪੀਅਨ ਦਾ ਖ਼ਿਤਾਬ ਮੁੜ ਹਾਸਿਲ ਕੀਤਾ। ਉਹ ਉਸ ਵੇਲੇ 32 ਵਰ੍ਹਿਆਂ ਦਾ ਸੀ। ਕੁਝ ਸ਼ੁਭਚਿੰਤਕਾਂ ਨੇ ਪੇਸ਼ੇਵਾਰਾਨਾ ਮੁੱਕੇਬਾਜ਼ੀ ਤੋਂ ਰਿਟਾਇਰ ਹੋਣ ਦੀ ਸਲਾਹ ਦਿੱਤੀ। ਨੇਕ ਸੀ ਇਹ ਸਲਾਹ; ਸਿਖ਼ਰ 'ਤੇ ਪੁੱਜ ਕੇ ਰੁਖ਼ਸਤਗੀ- ਇਸ ਤੋਂ ਬਿਹਤਰ ਮੌਕਾ ਹੋਰ ਕੀ ਹੋ ਸਕਦਾ ਸੀ ਪਰ ਅਲੀ ਨੇ ਸਲਾਹ ਨਹੀਂ ਮੰਨੀ। ਪਹਿਲਾਂ ਕੁਝ ਨਾਮੀ ਮੁੱਕੇਬਾਜ਼ਾਂ ਤੋਂ ਹਾਰਿਆ, ਫਿਰ ਸਾਧਾਰਨ ਤੋਂ ਵੀ। ਸੱਟਾਂ-ਫੇਟਾਂ ਨੇ ਉਸ ਨੂੰ 40ਵਿਆਂ ਵਿਚ ਪੁੱਜਣ ਤਕ ਪਾਰਕਿਨਸਨ ਦਾ ਮਰੀਜ਼ ਬਣਾ ਦਿੱਤਾ। ਸਾਖ਼ ਤਾਂ ਗਈ ਹੀ, ਸਰੀਰ ਵੀ ਗਿਆ। 'ਅਲੀ ਦਿ ਗ੍ਰੇਟੈਸਟ' ਦਾ ਲਕਬ ਅਤੀਤ ਦਾ ਪਰਛਾਵਾਂ ਬਣ ਗਿਆ।






*ਪੇਸ਼ੇ ਵਜੋਂ ਮਨੋਵਿਗਿਆਨੀ ਐਨੀ ਡਿਊਕ ਅਤੇ (ਹੇਠਾਂ) ਉਸ ਦੀ ਲਿਖੀ ਕਿਤਾਬ 'ਕੁਇਟ' ਦਾ ਮੁਖੜਾ।*

ਮੁਹੰਮਦ ਅਲੀ ਵਰਗਾ ਹੀ ਹਸ਼ਰ ਐਵਰੈਸਟ ਅਤੇ ਕਈ ਹੋਰ ਉੱਚ ਚੋਟੀਆਂ 'ਤੇ ਚੜ੍ਹਨ ਵਾਲੇ ਪਰਬਤਾਰੋਹੀਆਂ ਦਾ ਹੋਇਆ। ਐਵਰੈਸਟ 'ਤੇ ਚੜ੍ਹਨ ਲਈ ਆਖ਼ਰੀ ਬੇਸ ਕੈਂਪ (ਤਕਰੀਬਨ 26 ਹਜ਼ਾਰ ਫੁੱਟ) ਤੋਂ ਅੱਧੀ ਰਾਤ ਵੇਲੇ ਚੜ੍ਹਾਈ ਸ਼ੁਰੂ ਕਰਨੀ ਜ਼ਰੂਰੀ ਹੈ (ਉੱਥੇ ਸੂਰਜ ਛੇਤੀ ਉੱਗ ਪੈਂਦਾ ਹੈ)। ਸਰਬਉੱਚ ਚੋਟੀ ਤੋਂ ਵਾਪਸੀ ਦਾ ਸਮਾਂ ਦਿਨੇ ਇਕ ਵਜੇ ਆਦਰਸ਼ ਮੰਨਿਆ ਜਾਂਦਾ ਹੈ। ਚਾਰ ਵਜੇ ਤਕ ਤਾਂ ਹਨੇਰਾ ਪਸਰਨਾ ਸ਼ੁਰੂ ਹੋ ਜਾਂਦਾ ਹੈ ਅਤੇ ਹਨੇਰੇ ਵਿਚ ਉਤਰਾਈ ਖ਼ਤਰਨਾਕ ਸਮਝੀ ਜਾਂਦੀ ਹੈ। ਬਹੁਤੇ ਪਰਬਤਾਰੋਹੀ ਚੜ੍ਹਾਈ ਸਮੇਂ ਨਹੀਂ, ਉਤਰਾਈ ਵੇਲੇ ਮਰਦੇ ਹਨ।

1996 ਵਿਚ ਅਜਿਹਾ ਕੁਝ ਵਾਪਰਿਆ। ਇਕ ਕੌਮਾਂਤਰੀ ਮੁਹਿੰਮ ਦੌਰਾਨ ਤਿੰਨ ਪਰਬਤਾਰੋਹੀ ਦਿਨੇ 11.30 ਵਜੇ ਐਵਰੈਸਟ ਤੋਂ 400 ਮੀਟਰ ਸਨ ਪਰ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਹ 1.00 ਵਜੇ ਤੋਂ ਪਹਿਲਾਂ ਚੋਟੀ 'ਤੇ ਨਹੀਂ ਪਹੁੰਚ ਸਕਣਗੇ। ਮੌਸਮ ਵੀ ਨਾਖ਼ੁਸ਼ਗਵਾਰ ਸੀ। ਮੰਜ਼ਿਲ ਦੇ ਐਨ ਨੇੜੇ ਪੁੱਜ ਕੇ ਵੀ ਉਨ੍ਹਾਂ ਨੇ ਬੇਸ ਕੈਂਪ ਪਰਤਣਾ ਵਾਜਬ ਸਮਝਿਆ। ਉਸੇ ਮੁਹਿੰਮ ਦੇ ਆਗੂ ਰੌਬਰਟ ਹਾਲ ਨੇ ਚੜ੍ਹਾਈ ਜਾਰੀ ਰੱਖੀ ਅਤੇ ਉਹ ਸਿਖ਼ਰ 'ਤੇ ਪਹੁੰਚ ਗਿਆ। ਉੱਥੇ ਪਹੁੰਚ ਕੇ ਫੌਰੀ ਵਾਪਸੀ ਦੀ ਥਾਂ ਉਸ ਨੇ ਇਕ ਹੋਰ ਸਾਥੀ (ਜੋ ਚੋਖਾ ਧਨਾਢ ਯੂਰਪੀ ਸੀ) ਨੂੰ ਉਡੀਕਦਾ ਰਿਹਾ। ਉਹ ਸਾਥੀ ਚਾਰ ਵਜੇ ਸਿਖਰ ਤਕ ਪੁੱਜ ਸਕਿਆ। ਵਾਪਸੀ ਦੌਰਾਨ ਦੋਵੇਂ ਹਨੇਰੇ ਦੇ ਬਰਫੀਲੇ ਤੂਫਾਨ ਕਾਰਨ ਆਪਣੀਆਂ ਜਾਨਾਂ ਗੁਆ ਬੈਠੇ। ਦੂਜੇ ਪਾਸੇ ਸੁਰੱਖਿਆ ਨੂੰ ਤਰਜੀਹ ਦੇਣ ਵਾਲੇ ਤਿੰਨ ਸਾਥੀ ਅਗਲੇ ਸਾਲ ਫਿਰ ਹਿਮਾਲੀਆ 'ਤੇ ਪਰਤੇ ਅਤੇ ਐਵਰੈਸਟ ਸਰ ਕਰਨ ਵਿਚ ਕਾਮਯਾਬ ਰਹੇ।

ਐਨੀ ਡਿਊਕ ਦਾ ਕਹਿਣਾ ਹੈ ਕਿ 'ਬਚਾਓ ਵਿਚ ਹੀ ਦਲੇਰੀ ਹੈ' ਵਾਲੇ ਅਖਾਣ ਦਾ ਮਹੱਤਵ ਬਹੁਤੇ ਲੋਕ ਪਛਾਣਦੇ ਹੀ ਨਹੀਂ। ਜਾਂਬਾਜ਼ੀ ਦੀ ਇਨਸਾਨੀ ਜੀਵਨ ਵਿਚ ਬਹੁਤ ਅਹਿਮੀਅਤ ਹੈ ਪਰ ਜਾਂਬਾਜ਼ੀ ਹਰ ਮੁਸ਼ਕਿਲ ਦਾ ਹੱਲ ਨਹੀਂ। ਜਾਂਬਾਜ਼ੀ ਵੀ ਅਕਲਮੰਦੀ ਨਾਲ ਦਿਖਾਈ ਜਾਣੀ ਚਾਹੀਦੀ ਹੈ। ਉਂਝ ਇਸ ਮਾਮਲੇ ਵਿਚ ਵਿਰੋਧਾਭਾਸ ਇਹ ਹੈ ਕਿ ਦਲੇਰੀ ਦੇ ਨਾਂਅ 'ਤੇ ਮੂਰਖਤਾਈ ਵਿਚ ਮਰਨ ਵਾਲਿਆਂ ਨੂੰ ਦੁਨੀਆ ਨਾਇਕ ਮੰਨਦੀ ਹੈ ਪਰ ਅਕਲਮੰਦੀ ਨਾਲ ਜਾਨ ਬਚਾਉਣ ਵਾਲੇ ਨੂੰ ਕਾਇਰ ਕਰਾਰ ਦਿੰਦੀ ਹੈ। ਅਜਿਹੇ ਮਾਪਦੰਡਾਂ ਕਾਰਨ ਹੀ ਲੋਕ, ਦੁਸ਼ਵਾਰ ਹਾਲਾਤ ਵਿਚ ਸਹੀ ਫੈਸਲਾ ਲੈਣ 'ਚ ਨਾਕਾਮ ਰਹਿੰਦੇ ਹਨ। ਕਿਤਾਬ, ਹਾਲਾਤ ਦੀ ਕਠੋਰਤਾ ਭਾਂਪਣ ਅਤੇ ਉਸ ਮੁਤਾਬਿਕ ਸਹੀ ਫੈਸਲਾ ਲੈਣ ਵਾਸਤੇ ਲੋੜੀਂਦੇ ਕੁਝ ਵਿਧੀ-ਵਿਧਾਨ ਨੂੰ ਸਮਝਾਉਂਦੀ ਹੈ। ਮਨੋਵਿਗਿਆਨ ਤੇ ਸਾਧਾਰਨ ਗਿਆਨ ਦਾ ਸੁਮੇਲ ਹੈ ਇਹ ਕਿਤਾਬ, ਉਹ ਵੀ ਆਮ ਆਦਮੀ ਦੀ ਭਾਸ਼ਾ 'ਚ।

### ਸੁਹਣੀ ਤੇ ਸੁਖਾਵੀਂ ਜ਼ਿੰਦਗੀ

ਪੰਜਾਬੀ ਪਾਠਕ ਅਜੀਤ ਸਿੰਘ ਚੰਦਨ ਦੀਆਂ ਲੇਖਣੀਆਂ ਤੋਂ ਚੰਗੀ ਤਰ੍ਹਾਂ ਵਾਕਫ ਹਨ। ਉਨ੍ਹਾਂ ਦੇ ਲੇਖ ਅਖ਼ਬਾਰਾਂ-ਰਸਾਲਿਆਂ ਦਾ ਸ਼ਿੰਗਾਰ ਬਣਦੇ ਆਏ ਹਨ। ਵਾਰਤਕ ਕਲਾ ਉੱਤੇ ਉਨ੍ਹਾਂ ਦੀ ਪਕੜ ਅਤੇ ਭਾਸ਼ਾਈ ਪ੍ਰਬੀਨਤਾ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਪੱਖ ਹਨ। ਇਨ੍ਹਾਂ ਖ਼ੂਬੀਆਂ ਦਾ ਪ੍ਰਮਾਣ ਹੈ ਉਨ੍ਹਾਂ ਦਾ ਲੇਖ ਸੰਗ੍ਰਹਿ 'ਸੁਹਣੀ ਤੇ ਸੁਖਾਵੀਂ ਜ਼ਿੰਦਗੀ'। ਇਸ ਵਿਚ 49 ਲੇਖ ਸ਼ਾਮਲ ਹਨ: ਇਨਸਾਨੀ ਜੀਵਨ ਦੇ ਵੱਖ-ਵੱਖ ਪਹਿਲੂਆਂ ਦੀ ਚਰਚਾ ਕਰਨ ਵਾਲੇ, ਉਨ੍ਹਾਂ ਦੀਆਂ ਪੇਚੀਦਗੀਆਂ ਨੂੰ ਸੁਹਜਮਈ ਨਜ਼ਰੀਏ ਨਾਲ ਪਰਿਭਾਸ਼ਿਤ ਕਰਨ ਵਾਲੇ, ਦੁਸ਼ਵਾਰੀਆਂ ਵਿਚੋਂ ਵੀ ਆਸਵੰਦੀ ਦੀਆਂ ਚਿਣਗਾਂ ਲੱਭਣ ਵਾਲੇ।

ਲੇਖਾਂ ਦੇ ਸਿਰਲੇਖ ਜਿਵੇਂ 'ਜ਼ਿੰਦਗੀ ਦੇ ਦੁੱਖ ਸੁਖ', 'ਮੰਦੜੇ ਬੋਲ ਨਾ ਬੋਲ', 'ਮਾਣੋ ਜ਼ਿੰਦਗੀ ਦੇ ਰੰਗ', 'ਰੀਝਾਂ ਤੇ ਸੁਪਨੇ' ਆਦਿ ਉਨ੍ਹਾਂ ਅੰਦਰਲੇ ਵਿਸ਼ਾ-ਵਸਤੂ ਦਾ ਆਈਨਾ ਹਨ। ਵਿਸ਼ਿਆਂ ਦਾ ਨਿਭਾਅ ਵੀ ਸੁਚੱਜਾ ਹੈ ਅਤੇ ਸ਼ਬਦਾਂ ਤੇ ਮਿਸਾਲਾਂ ਦੀ ਚੋਣ ਵੀ ਬਿਹਤਰੀਨ ਹੈ। ਅਜਿਹੇ ਗੁਣਾਂ ਦੇ ਬਾਵਜੂਦ ਕਿਤੇ-ਕਿਤੇ ਸਾਵਧਾਨੀ ਦੀ ਘਾਟ ਹੈ। ਸ਼ੁਨਰਯੂ ਸੁਜ਼ੂਕੀ ਨੂੰ ਚੀਨੀ ਫਿਲਾਸਫਰ (ਪੰਨਾ 129) ਦੱਸਿਆ ਗਿਆ ਹੈ। ਉਹ ਜਾਪਾਨੀ ਮੂਲ ਦਾ (ਜ਼ੈੱਨ) ਬੋਧੀ ਭਿਖਸ਼ੂ ਤੇ ਕਥਾਵਾਚਕ ਸੀ। ਅੰਮ੍ਰਿਤਿਆ ਸੇਨ (ਪੰਨਾ 120) ਦਾ ਸਹੀ ਨਾਮ ਅਮਰਤਿਆ ਸੇਨ ਹੈ। ਉਹ ਮੰਨਿਆ ਪ੍ਰਮੰਨਿਆ ਵਿਦਵਾਨ ਜ਼ਰੂਰ ਹੈ ਪਰ ਉਸ ਦੀ ਅਸਲ ਸਾਖ਼ ਅਰਥ ਸ਼ਾਸਤਰੀ ਹੋਣ ਕਰ ਕੇ ਹੈ। ਉਸ ਨੂੰ ਨੋਬੇਲ ਵੀ ਇਸੇ ਵਿਸ਼ਾ-ਖੇਤਰ 'ਚ ਉਸ ਦੀ ਮੁਹਾਰਤ ਕਾਰਨ ਮਿਲਿਆ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਫਰਵਰੀ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-574



*ਦੇਖੋ ਮੋਪਿਡ ਦਾ ਬਣਾ ਲਿਆ ਹੈ ਪੂਰਾ ਬੰਬੂਕਾਟ,*
*ਲੱਦ ਸਬਜ਼ੀਆਂ ਵੰਨ-ਸੁਵੰਨੀਆਂ ਛੱਡੀ ਨ੍ਹੀਂ ਘਾਟ।*
*ਗ.ਲੀ ਗ.ਲੀ ਦੇ ਕੇ ਹੋਕਾ ਸੱਦ ਲੈਣੇ ਘਰੋਂ ਗਾਹਕ,*
*ਸਵੈ-ਰੁਜ਼ਗਾਰ ਚੱਲੇਗਾ ਜੈਸੇ ਘਰ ਘਰ ਵੰਡਦੇ ਡਾਕ।*

### ਕੈਪਸ਼ਨ ਮੁਕਾਬਲਾ-572



ਬੇਜ਼ੁਬਾਨ ਮੂੰਹੋਂ ਬੋਲ ਨੀ ਸਕਦੇ,
ਦਰਦ ਦਿਲਾਂ ਦੇ ਫੋਲ ਨੀ ਸਕਦੇ।
ਮਾਲਕ ਇਨ੍ਹਾਂ ਦੇ ਪਰਦੇਸੀ ਹੋ ਗਏ,
ਘਰਾਂ ਇਨ੍ਹਾਂ ਦੇ ਬੂਹੇ ਢੋਅ ਗਏ।
ਵਫ਼ਾਦਾਰੀ ਉਡੀਕ ਪਈ ਕਰਦੀ,
ਧੂਣੀ ਦੀ ਰਾਖ ਗਵਾਹੀ ਭਰਦੀ।
***-ਹਰਜੋਤ ਕੌਰ***

---

ਨਾ.ਲ ਗੇੜ ਦੇ ਮੌਸਮ ਬਦਲਿਆ
ਰੁੱਤ ਠਾਰੀ ਦੀ ਆਈ।
'ਕੱਠੇ ਹੋ ਕੇ ਨਿੱਘ ਲੈਣ ਲਈ
ਬੰਦਿਆਂ ਧੂਣੀ ਲਾਈ।
ਲਾਟ ਬੁਝੀ ਤੋਂ ਤੁਰ ਗਏ ਸਾਰੇ
ਅਸਾਂ ਸਕੀਮ ਲੜਾਈ।
ਬੁਝੀ ਅੱਗ ਵਿੱਚ ਸੇਕ ਜੋ ਬਾਕੀ
ਕਦਰ ਓਸਦੀ ਪਾਈ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

ਮੌਸਮ ਦੇ ਨਾਲ ਬੰਦੇ ਬਦਲ ਗਏ,
ਪਾਲਤੂ ਜੀਵ ਘਰ ਦੇ ਨਿਘਾਂ 'ਚ ਲੁਕਗੇ।
ਜੰਗਲੀ ਜੀਵ ਕੁੰਦਰਾਂ 'ਚ ਚੁੱਪ ਗਏ,
ਆਵਾਰਾ ਕੁੱਤੇ ਕੁਦਰਤ ਨਾਲ ਰੁੱਸਗੇ।
ਵਫਾਦਾਰ ਮਿੱਤਰ ਬੰਦੇ ਦਾ
ਫਿਰਦਾ ਮਾਰਾ ਮਾਰਾ,
ਲੋਹੜੀ ਤੇ ਬਸੰਤ ਲੰਘਗੀ,
ਫਿਰ ਵੀ ਠੁਰ ਠੁਰ ਕਰੇ ਬੇਚਾਰਾ।
ਧੂਣੀ ਸੇਕਣ ਵਾਲੇ ਵੀ ਸੌਂ ਗਏ ਸਾਰੇ,
ਗਰਮ ਸੁਆਹ ਦੇ ਨਿੱਘ ਦਾ
ਸਾਰਾ ਕੁਨਬਾ ਲਵੇ ਸਹਾਰਾ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ : 98784-69639***

---

ਪਾਲਾ ਠੰਢੀ 'ਵਾ ਦਾ
ਲਹਿੰਦਾ ਸਿਰਫ਼ ਬੈਠੋ ਨੇੜੇ ਹੋ ਅੱਗ ਦੇ
ਬੱਲਾ ਰਿੱਤੇ, ਖੁਲ੍ਹੇ ਆਸਮਾਨ ਥੱਲੇ
ਲਾ ਧੂਣੀ ਹੋਲਾਂ ਭੁੰਨਦਿਆਂ
ਢਾਣੀ ਤਾਂ ਹੋ ਗਰਮ
ਖਾਧੀ ਖਿਸਕ ਗਈ
ਚੋਰੀ ਅੱਖੀਂ ਚੀਂ ਚੀਂ ਕਰਦੀ
ਠੰਢ ਦੀ ਭੰਨੀ
ਮੰਡਲੀ ਆਵਾਰਾ ਕੁੱਤਿਆਂ ਦੀ
ਆ ਨੇੜੇ ਆਸਣ ਲਾਏ
ਧੁਖਦੀ ਸੁਆਹ ਦੇ
ਚੱਕ ਕੰਨ ਉਤੇ
ਕਰ ਇਸ਼ਾਰੇ ਇਕ ਦੂਜੇ ਨੂੰ
ਅਜੀਬ ਅਜੀਬ ਆਵਾਜ਼ਾਂ ਕੱਢਦੇ।
***-ਦਰਸ਼ਨ ਪਾਲ ਦੋਸਾਂਝ***

*To Advertise with Punjab Times Call:*
*847-359-0746*

# ਪੰਜਾਬ ਕਲਾ ਪਰਿਸ਼ਦ ਦੇ ਵਿਹੜੇ ਰੰਧਾਵਾ ਕਲਾ ਉਤਸਵ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਪੰਜਾਬ ਆਰਟਸ ਕੌਂਸਲ ਵਲੋਂ ਕਲਾ ਭਵਨ ਚੰਡੀਗੜ੍ਹ ਵਿਖੇ ਸਾਲਾਨਾ ਐਮ.ਐਸ. ਰੰਧਾਵਾ ਕਲਾ ਉਤਸਵ ਦੇ ਪਹਿਲੇ ਦਿਨ ਪੰਜਾਬ ਦੀਆਂ ਅੱਠ ਉਘੀਆਂ ਹਸਤੀਆਂ ਨੂੰ 'ਗੌਰਵ ਪੰਜਾਬ' ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਗੀਤਕਾਰੀ ਵਿਚ ਵੱਡੇ ਯੋਗਦਾਨ ਬਦਲੇ ਬਾਬੂ ਸਿੰਘ ਮਾਨ, ਸਾਹਿਤ ਦੇ ਖੇਤਰ ਵਿਚ ਯੋਗਦਾਨ ਲਈ ਓਮ ਪ੍ਰਕਾਸ਼ ਗਾਸੋ, ਨਾਵਲਕਾਰ ਦੇ ਤੌਰ ਉੱਤੇ ਮਨਮੋਹਨ ਬਾਵਾ, ਚਿੱਤਰਕਾਰੀ ਵਿਚ ਪ੍ਰਾਪਤੀ ਲਈ ਸਿਧਾਰਥ, ਲੋਕ ਗਾਇਕੀ ਵਾਸਤੇ ਪੂਰਨ ਚੰਦ ਵਡਾਲੀ, ਚਿੱਤਰਕਲਾ ਵਾਸਤੇ ਅਨੁਪਮ ਸੂਦ, ਲੋਕ ਕਲਾ ਲਈ ਸ਼ੰਨੋ ਖੁਰਾਣਾ ਤੇ ਨਾਟਕਕਾਰ ਸਵਰਾਜਬੀਰ ਨੂੰ ਇਹ ਪੁਰਸਕਾਰ ਦਿੱਤੇ ਗਏ।

ਦੋ ਤੋਂ ਛੇ ਫਰਵਰੀ ਤਕ ਚੱਲੇ ਇਸ ਉਤਸਵ ਦੀਆਂ ਸ਼ਾਮਾਂ ਨਾਟਕਕਾਰੀ, ਗਾਇਕੀ, ਲੋਕ ਨਾਚਾਂ ਤੇ ਕਵੀ ਦਰਬਾਰਾਂ ਨੂੰ ਸਮਰਪਿਤ ਰਹੀਆਂ। ਪਹਿਲੇ ਦਿਨ ਆਰ.ਐਸ.ਡੀ. ਕਾਲਜ ਦੇ ਵਿਦਿਆਰਥੀਆਂ ਨੇ ਹੀਰ ਵਾਰਿਸ ਦਾ ਪ੍ਰੰਪਰਾਗਤ ਗਾਇਨ ਪੇਸ਼ ਕੀਤਾ ਅਤੇ ਫਿਲਮਕਾਰ ਹਰਜੀਤ ਸਿੰਘ ਰਚਿਤ ਨੰਦ ਲਾਲ ਨੂਰਪੁਰੀ ਦੇ ਜੀਵਨ 'ਤੇ ਆਧਾਰਿਤ ਫਿਲਮ ਦਿਖਾਈ ਗਈ। ਦੂਜੇ ਦਿਨ ਬਾਜ਼ੀਗਰਾਂ ਦੀ ਬਾਜ਼ੀ ਕਲਾ ਦੀ ਪੇਸ਼ਕਾਰੀ ਉਪਰੰਤ ਕਵੀ ਦਰਬਾਰ ਵਿਚ ਸੁਖਵਿੰਦਰ ਅੰਮ੍ਰਿਤ, ਗੁਰਮਿੰਦਰ ਸਿੱਧੂ, ਕੁਮਾਰ ਜਗਦੇਵ, ਬੂਟਾ ਸਿੰਘ ਚੌਹਾਨ, ਤਰਸੇਮ, ਜਗਦੀਪ, ਜਸ਼ਨਪ੍ਰੀਤ, ਲਿਲੀ ਸਵਰਨ, ਦਿਲਪ੍ਰੀਤ ਚਹਿਲ, ਰਣਧੀਰ ਦਿੜ੍ਹਬਾ, ਜਗਦੀਪ ਜਵਾਹਰਕਾ ਨੇ ਆਪੋ-ਆਪਣੀ ਸ਼ਾਇਰੀ ਪੇਸ਼ ਕੀਤੀ। ਤੀਸਰੇ ਦਿਨ ਖ਼ੁਸ਼ੀ ਮੁਹੰਮਦ ਤੇ ਸਾਧੂ ਖਾਂ ਘਨੌਰ ਵਾਲਿਆਂ ਦੀ ਪਾਰਟੀ ਨੇ ਸਰੋਤਿਆਂ ਨੂੰ ਨਕਲਾਂ ਨਾਲ ਕਰ ਕਰ ਦਿਖਾਈਆਂ। ਇਹ ਜੋੜੀ ਛੇ ਪੀੜ੍ਹੀਆਂ ਤੋਂ ਇਸ ਕਲਾ ਨੂੰ ਸਮਰਪਿਤ ਹੈ। ਸਾਧੂ ਖਾਂ ਦੇ ਸਾਥੀ ਕਲਾਕਾਰਾਂ ਨੇ ਮਿਆਰੀ ਕਾਮੇਡੀ ਵੀ ਪੇਸ਼ ਕੀਤੀ। ਇਸ ਦੇ ਨਾਲ ਹੀ ਡਾ. ਨਿਵੇਦਿਤਾ ਸਿੰਘ ਨੇ ਸੂਫੀਆਨਾ ਕਲਾਮ ਤੇ ਸ਼ਬਦ ਗਾਇਨ ਦੀਆਂ ਕਈ ਵੰਨਗੀਆਂ ਪੇਸ਼ ਕੀਤੀਆਂ।



ਉਤਸਵ ਦੀ ਆਖਰੀ ਸ਼ਾਮ ਭੰਡਾਂ ਤੇ ਢਾਡੀਆਂ ਨੇ ਵੀ ਖੂਬ ਰੰਗ ਬੰਨ੍ਹਿਆ ਤੇ ਗੁਰਚਰਨ ਚੰਨੀ ਦਾ ਨੁੱਕੜ ਨਾਟਕ ਵੀ ਪੇਸ਼ ਕੀਤਾ। ਇਸਦੇ ਨਾਲ ਹੀ ਭੀਮ ਸਿੰਘ ਲੁਬਾਣਾ ਨੇ ਗਰਾਮਾਫੋਨ ਦੇ ਪੁਰਾਣੇ ਤਵਿਆਂ ਦੀ ਪੇਸ਼ਕਾਰੀ ਦੁਆਰ ਨਿਵੇਕਲਾ ਰੰਗ ਬੰਨ੍ਹਿਆ। ਉਤਸਵ ਦਾ ਸਿਖਰ ਸਵਰਾਜਬੀਰ ਦਾ ਲਿਖਿਆ ਨਾਟਕ 'ਆਦਿ ਅੰਤ ਦੀ ਸਾਖੀ' ਸੀ ਜਿਸਦਾ ਨਿਰਦੇਸ਼ਨ ਕੇਵਲ ਧਾਲੀਵਾਲ ਨੇ ਕੀਤਾ। ਏਸ ਚਾਰ ਦਿਨਾਂ ਉਤਸਵ ਵਿਚ ਸਾਹਿਤਕ ਸੈਮੀਨਾਰ ਵੀ ਹੋਏ ਜਿਨ੍ਹਾਂ ਵਿਚ ਪੰਜਾਬੀ ਸਾਹਿਤ ਦੇ ਉੱਘੇ ਆਲੋਚਕਾਂ ਨੇ ਕਹਾਣੀ, ਨਾਵਲ, ਨਾਟਕ, ਵਾਰਤਕ ਤੇ ਕਵਿਤਾ ਬਾਰੇ ਡੂੰਘੀਆਂ ਗੱਲਾਂ ਕੀਤੀਆਂ। ਜੇ ਬੀ ਸੇਖੋਂ ਨੇ ਪੰਜਾਬੀ ਨਾਵਲ ਦੀ ਅਜੋਕੀ ਸਥਿਤੀ ਬਾਰੇ ਦੱਸਿਆ। ਪੰਜਾਬ ਦੀ ਅਜੋਕੀ ਨਾਟਕ ਕਲਾ ਬਾਰੇ ਕੇਵਲ ਧਾਲੀਵਾਲ ਨੇ ਚਰਚਾ ਕੀਤੀ ਤੇ ਕਹਾਣੀ ਕਲਾ ਦੇ ਵੱਖ ਵੱਖ ਪੱਖਾਂ ਬਾਬਤ ਡਾ. ਬਲਦੇਵ ਧਾਰੀਵਾਲ ਨੇ ਚਾਨਣਾ ਪਾਇਆ। ਪੰਜਾਬੀ ਵਾਰਤਕ ਬਾਰੇ ਡਾ. ਰਜਿੰਦਰਪਾਲ ਬਰਾੜ ਨੇ ਵਿਸਥਾਰਪੂਰਵਕ ਭਾਸ਼ਣ ਦਿੱਤਾ।

ਉਤਸਵ ਦੇ ਵੱਖ ਵੱਖ ਸੈਸ਼ਨਾਂ ਦੀ ਪ੍ਰਧਾਨਗੀ ਪਰਿਸ਼ਦ ਦੇ ਪ੍ਰਧਾਨ ਸੁਰਜੀਤ ਪਾਤਰ ਤੇ ਮੀਤ ਪ੍ਰਧਾਨ ਡਾ. ਯੋਗਰਾਜ, ਨੌਜਵਾਨ ਚਿੰਤਕ ਅਮਰਜੀਤ ਗਰੇਵਾਲ ਤੇ ਬਜ਼ੁਰਗ ਕਲਾ ਪ੍ਰੇਮੀ ਭਾਈ ਅਸ਼ੋਕ ਸਿੰਘ ਬਾਗੜੀਆ ਨੇ ਕੀਤੀ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜਨਰਲ ਸਕੱਤਰ ਲਖਵਿੰਦਰ ਜੌਹਲ ਤੇ ਮੀਡੀਆ ਸਲਾਹਕਾਰ ਨਿੰਦਰ ਘੁਗਿਆਣਵੀ ਨੇ ਨਿਭਾਈ। ਪ੍ਰੀਤਮ ਰੁਪਾਲ, ਸੰਗੀਤ ਨਾਟਕ ਅਕਾਦਮੀ ਦਾ ਸਕੱਤਰ ਹੋਣ ਦੇ ਨਾਤੇ, ਕਈ ਪੇਸ਼ਕਾਰੀਆਂ ਦੀ ਰੂਹ-ਏ-ਰਵਾਂ ਰਿਹਾ।

### ਪੰਜਾਬੀ ਸਾਹਿਤ ਸਭਾ ਤੋਂ 'ਧੁੱਪ ਦੀ ਮਹਿਫਲ'

ਪੰਜਾਬੀ ਸਾਹਿਤ ਸਭਾ ਵੱਲੋਂ ਆਪਣੀ 32ਵੀਂ 'ਧੁੱਪ ਦੀ ਮਹਿਫਲ' ਪਹਿਲਾਂ ਵਾਂਗ ਨਵਯੁਗ ਫਾਰਮ, ਮਹਿਰੌਲੀ ਵਿਖੇ ਖੂਬਸੂਰਤ ਅੰਦਾਜ਼ ਵਿਚ ਮਨਾਈ ਗਈ ਜਿੱਥੇ ਪੰਜ ਨਾਮਵਰ ਸ਼ਖ਼ਸੀਅਤਾਂ ਡਾ. ਰਘਬੀਰ ਸਿੰਘ, ਡਾ. ਰਜਿੰਦਰ ਸਿੰਘ, ਡਾ. ਮਹਿੰਦਰ ਸਿੰਘ, ਡਾ. ਕਰਨਜੀਤ ਸਿੰਘ ਤੇ ਕੇ. ਐੱਲ ਗਰਗ ਨੂੰ ਉਨ੍ਹਾਂ ਦੀਆਂ ਸਾਹਿਤਕ ਤੇ ਸਭਿਆਚਾਰਕ ਸੇਵਾਵਾਂ ਬਦਲੇ ਸਨਮਾਨਿਆ ਗਿਆ। ਸਨਮਾਨ ਵਿਚ ਸ਼ਾਲ, ਸਨਮਾਨ ਚਿੰਨ੍ਹ, ਮਾਣ-ਪੱਤਰ ਤੇ 51-51 ਹਜ਼ਾਰ ਰੁਪਏ ਨਗਦ ਦਿੱਤੇ ਜਾਂਦੇ ਹਨ। ਪ੍ਰੋਗਰਾਮ ਦੀ ਪ੍ਰਧਾਨਗੀ ਪੰਜਾਬੀ ਤੇ ਪੰਜਾਬੀਅਤ ਲਈ ਫ਼ਿਕਰਮੰਦ ਸਾਬਕਾ ਗਵਰਨਰ ਜਨਰਲ ਜੇ.ਜੇ. ਸਿੰਘ ਨੇ ਕੀਤੀ।

ਪੌਣੇ ਤਿੰਨ ਸੌ ਦੇ ਕਰੀਬ ਜੁੜੇ ਇਸ ਲੇਖਕ-ਮੇਲੇ ਨੂੰ ਸੰਬੋਧਨ ਕਰਦਿਆਂ ਜਨਰਲ ਜੇ.ਜੇ. ਸਿੰਘ ਨੇ ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ ਤੇ ਸਭਿਆਚਾਰ ਦੀ ਚਰਚਾ ਕਰਦਿਆਂ ਆਖਿਆ ਕਿ ਆਪਣੇ ਬੱਚਿਆਂ ਅੰਦਰ ਪੰਜਾਬੀ ਸਭਿਆਚਾਰ ਨੂੰ ਪੀੜ੍ਹੀ-ਦਰ-ਪੀੜ੍ਹੀ ਪ੍ਰਚਾਰਨ-ਪਸਾਰਨ ਲਈ ਜ਼ਰੂਰੀ ਹੈ ਕਿ ਪੰਜਾਬੀ ਸਭਿਆਚਾਰ ਤੇ ਪੰਜਾਬੀਅਤ ਨੂੰ ਵੱਡੇ ਪੱਧਰ ਉੱਤੇ ਦੇਸ਼-ਵਿਦੇਸ਼ ਵਿਚ ਪ੍ਰਚਾਰਿਆ ਜਾਵੇ। ਉਨ੍ਹਾਂ ਮੌਜੂਦਾ ਹਾਲਾਤ ਦੇ ਅਨੁਭਵ 'ਤੇ ਆਧਾਰਤ ਕਿਹਾ ਕਿ ਪੰਜਾਬੀਅਤ ਨੂੰ ਬਚਾਏ ਜਾਣ ਦੀ ਬਹੁਤ ਲੋੜ ਹੈ। ਪੰਜਾਬੀ ਭਵਨ ਦੇ ਡਾਇਰੈਕਟਰ ਬਲਬੀਰ ਮਾਧੋਪੁਰੀ ਨੇ ਸਭਾ ਵਲੋਂ ਚਲਾਈਆਂ ਜਾਂਦੀਆਂ ਦੋ ਸੌ ਲਾਇਬ੍ਰੇਰੀਆਂ, ਲੋੜਵੰਦ ਲੇਖਕਾਂ, ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਤੇ ਭਾਪਾ ਪ੍ਰੀਤਮ ਸਿੰਘ ਵਲੋਂ ਪੰਜਾਬੀ ਲੇਖਕਾਂ ਨੂੰ ਤੋਹਫ਼ੇ ਵਜੋਂ ਦਿੱਤੇ ਪੰਜਾਬੀ ਭਵਨ ਬਾਰੇ ਚਰਚਾ ਕੀਤੀ। ਇਸ ਮੌਕੇ ਜਿਨ੍ਹਾਂ ਲੇਖਕਾਂ ਦੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ ਉਨ੍ਹਾਂ ਵਿਚ ਅਜੀਤ ਕੌਰ, ਡਾ. ਰੇਣੁਕਾ ਸਿੰਘ, ਡਾ. ਕਰਨਜੀਤ ਸਿੰਘ, ਬਚਿੰਤ ਕੌਰ, ਬਲਬੀਰ ਮਾਧੋਪੁਰੀ, ਕੇਸਰਾ ਰਾਮ, ਸੱਜਾਦ ਜ਼ਹੀਰ, ਖਵਾਜਾ ਅਹਿਮਦ ਅੱਬਾਸ, ਐੱਸ ਬਲਵੰਤ, ਅਮਰਜੀਤ ਚੰਦਨ ਤੇ ਕਰਨ ਸਿੰਘ ਬਠਿੰਡਾ ਸ਼ਾਮਲ ਹਨ।

ਏਥੇ ਵੱਡੀ ਗਿਣਤੀ ਵਿਚ ਪਹੁੰਚੇ ਲੇਖਕਾਂ ਤੇ ਪੰਜਾਬੀ ਪ੍ਰੇਮੀਆਂ, ਖ਼ਾਸ ਤੌਰ 'ਤੇ ਦੇਸ਼-ਵਿਦੇਸ਼ ਤੋਂ ਪਹੁੰਚੇ ਪ੍ਰੇਮੀਆਂ ਨੇ ਸੁਹਾਵਣੇ ਮੌਸਮ ਵਿਚ ਫੁੱਲਾਂ ਤੇ ਹਰਿਆਲੀ ਦਾ ਨਜ਼ਾਰਾ ਮਾਣਿਆ। 1943 ਵਿਚ ਸਥਾਪਤ ਹੋਈ ਇਸ ਸਭਾ ਦੀ ਦੇਖ-ਰੇਖ ਅੱਜ ਦੇ ਦਿਨ ਪੰਜਾਬੀ ਲੇਖਕ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਅਤੇ ਪ੍ਰੋਫੈਸਰ ਤੇ ਸਮਾਜ ਸੇਵਿਕਾ ਡਾ. ਰੇਣੁਕਾ ਸਿੰਘ ਕਰ ਰਹੇ ਹਨ।

**ਅੰਤਿਕਾ**

ਅੰਮ੍ਰਿਤਪਾਲ ਸਿੰਘ ਸ਼ੈਦਾ

ਜਦੋਂ ਪਹਿਲੀ ਦਫਾ ਬੱਚਾ ਉਚਰਦੈ ਤੋਤਲੀ ਬੋਲੀ
ਨਾ ਪੁੱਛੋ ਮਾਂ ਦੀ ਉਸ ਛਿਣ ਕੀ ਨਿਰਾਲੀ ਸ਼ਾਨ ਹੁੰਦੀ ਹੈ
ਜਦੋਂ ਕਾਮਾ ਉਠਾ ਕੇ ਸ਼ਬਦ ਅਰਥਾਂ ਦੇ ਘਰੀਂ ਜਾਂਦੇ
**ਤਾਂ ਮਾਂ ਵੱਲੋਂ ਮਿਲੀ ਭਿਖਿਆ ਹੀ ਸੱਚਾ ਦਾਨ ਹੁੰਦੀ ਹੈ।**

# ਕੈਲੇਫੋਰਨੀਆ ਡਾਇਰੀ 3 - ਕੋਨੇ ਵਾਲਾ ਘਰ

***ਡਾ. ਅੰਬਰੀਸ਼, ਡਾ. ਕਰਨੈਲ ਸਿੰਘ ਦਾ ਸਾਹਿਤਕ ਨਾਂ ਹੈ। ਉਹ ਲੰਮਾ ਸਮਾਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਫਿਰ ਉਥੋਂ ਹੀ ਪ੍ਰਿੰਸੀਪਲ ਵਜੋਂ ਕੰਮ ਮੁਕਤ (ਸੇਵਾ-ਮੁਕਤ) ਹੋਏ ਹਨ। ਉਨ੍ਹਾਂ ਦੀਆਂ ਕਈ ਕਾਵਿ-ਕਿਤਾਬਾਂ ਛਪ ਚੁੱਕੀਆਂ ਹਨ। ਸੈਰ ਸਪਾਟੇ ਦਾ ਵੀ ਬੇਹੱਦ ਸ਼ੌਕ ਰੱਖਦੇ ਹਨ। ਉਹ ਆਪਣੇ ਡਾ. ਬੇਟੇ ਕੋਲ ਕੈਲੇਫੋਰਨੀਆ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ 'ਚੋਂ ਉਨ੍ਹਾਂ ਦੀ ਡਾਇਰੀ ਲਿਖਣ ਵਿਚ ਆਉਂਦੀ ਹੈ।***



**ਡਾ. ਅੰਬਰੀਸ਼**
**ਫੋਨ: 98143-89522**

ਇਤਫਾਕ ਹੈ ਕਿ ਅੰਮ੍ਰਿਤਸਰ ਅਤੇ ਹੋਲਿਸਟਰ, ਧਰਤੀ ਦੇ ਪੂਰਬ ਤੇ ਪੱਛਮ 'ਚ, ਸਾਡਾ ਘਰ ਕੋਨੇ ਵਾਲਾ ਹੈ। ਪਰ ਇਹ ਤੁਲਨਾ ਏਥੇ ਖਤਮ ਹੋ ਜਾਂਦੀ ਹੈ। ਦੋਹਾਂ ਵਿਚ ਪੂਰਬ ਤੇ ਪੱਛਮ ਜਿੰਨਾ ਫਰਕ ਹੈ।

ਗੱਲ ਪਹੁ-ਫੁਟਾਲੇ ਤੋਂ ਸ਼ੁਰੂ ਕਰਦੇ ਹਾਂ।

ਸੂਰਜ, ਜ਼ਾਹਰ ਹੈ, ਹੋਲਿਸਟਰ ਵੀ ਪੂਰਬ ਵਿਚੋਂ ਚੜ੍ਹਦਾ, ਪਰ ਇਹ ਪੂਰਬ, ਫਿਰ ਜ਼ਾਹਰ ਹੈ, ਅੰਮ੍ਰਿਤਸਰ ਵਾਲੇ ਤੋਂ ਵੱਖਰਾ ਹੈ। ਏਥੇ ਮੈਂ ਇਹਨੂੰ ਚੜ੍ਹਨ ਤੋਂ ਚਿਰ ਪਹਿਲਾਂ, ਉੱਪਰਲੀ ਮੰਜ਼ਲ 'ਤੇ ਸਾਡੇ ਸੌਣ-ਕਮਰੇ ਦੀ ਖਿੜਕੀ ਵਿਚੋਂ, ਉੱਤਰ-ਪੂਰਬ-ਦੱਖਣ ਦਾ ਦਿਸਹੱਦਾ ਮੱਲਦੀ ਨੀਵੀਂ ਪਰਬਤਮਾਲਾ ਉਤਲੇ ਅਸਮਾਨ ਨੂੰ, ਰਾਤ-ਨੀਲੇ ਤੋਂ ਹਲਕੇ ਸੰਧੂਰੀ ਰੰਗ 'ਚ ਰੰਗਦਿਆਂ ਤਕ ਸਕਦਾ ਹਾਂ। ਪੂਰਬ-ਦੱਖਣੀ ਅਸਮਾਨ 'ਚ ਦਿਸਹੱਦੇ ਤੋਂ ਬਹੁਤ ਉਤਾਂਹ ਨਹੀਂ, ਮੈਨੂੰ ਇਕ ਵੱਡਾ ਤੇ ਚਮਕੀਲਾ, ਬਹੁਤ ਵੱਡਾ ਤੇ ਚਮਕੀਲਾ, ਟਿਮਟਿਮਾਉਂਦਾ ਤਾਰਾ ਵਿਖਾਲੀ ਦੇਂਦਾ ਹੈ - ਅਸਲ ਵਿਚ ਜਿੰਨਾ ਅਸਮਾਨ ਮੈਨੂੰ ਖਿੜਕੀ 'ਚੋਂ ਵਿਖਾਲੀ ਦੇਂਦਾ, ਉਸ 'ਚ ਪਹੁ-ਫੁਟਾਲੇ ਵੇਲੇ ਹੋਰ ਕੋਈ ਤਾਰਾ ਵਿਖਾਲੀ ਦੇਂਦਾ ਹੀ ਨਹੀਂ। ਇਹ 'ਮੌਰਨਿੰਗ ਸਟਾਰ', ਭੋਰ ਦਾ ਤਾਰਾ ਹੈ: ਵੀਨਸ; ਸੁੰਦਰਤਾ ਦੀ ਦੇਵੀ। 'ਈਵਨਿੰਗ ਸਟਾਰ' ਵੀ ਇਹੀ ਹੈ। ਪੁਰਾਤਨ ਯੂਨਾਨੀ ਇਨ੍ਹਾਂ ਨੂੰ ਦੋ ਤਾਰੇ ਸਮਝਦੇ ਸਨ। ਹੁਣ ਅਸੀਂ ਕਈ ਸਦੀਆਂ ਤੋਂ ਜਾਣਦੇ ਹਾਂ ਕਿ ਦਰਅਸਲ ਇਹ ਤਾਰਾ ਵੀ ਨਹੀਂ, ਗੈਸ ਦਾ ਗੋਲਾ, ਇਕ ਗ੍ਰਹਿ ਹੈ, ਸ਼ੁੱਕਰ ਗ੍ਰਹਿ - ਧਰਤੀ ਨਾਲੋਂ ਸੂਰਜ ਦੇ ਵੱਧ ਨੇੜੇ, ਮਹਿਜ਼ 26 ਮਿਲੀਅਨ ਮੀਲ ਦੂਰ। ਤਾਂਹੀਓਂ ਇਹ ਏਨਾ ਵੱਡਾ ਤੇ ਚਮਕੀਲਾ ਦਿਸਦਾ ਹੈ। ਧਰਤੀ ਤੋਂ ਸ਼ਾਂਤ ਤੇ ਠੰਢਾ ਦਿਸਦਾ ਇਹ ਗ੍ਰਹਿ ਅਸਲ 'ਚ ਬਹੁਤ ਗਰਮ ਤੇ ਜ਼ਹਿਰੀਲੀਆਂ ਗੈਸਾਂ ਦਾ ਗੋਲਾ ਹੈ - ਸ਼ਾਬਦਿਕ ਅਰਥਾਂ 'ਚ ਨਰਕ। ਸਾਇੰਸਦਾਨ ਮੰਨਦੇ ਨੇ ਅੱਜ ਤੋਂ ਤਕਰੀਬਨ 100 ਕਰੋੜ ਵਰ੍ਹੇ ਬਾਅਦ ਧਰਤੀ ਗ੍ਰਹਿ ਦਾ ਵੀ ਇਹੋ ਹਾਲ ਹੋਣਾ ਹੈ।

ਅੰਮ੍ਰਿਤਸਰ, ਸੂਰਜ ਚੜ੍ਹਨ ਤੋਂ ਵਾਹਵਾ ਚਿਰ ਪਹਿਲਾਂ, ਬਾਹਰੋਂ ਆਉਂਦੀਆਂ ਅਵਾਜ਼ਾਂ ਸੁਣਾਈ ਦੇਣ ਲੱਗਦੀਆਂ ਨੇ, ਤੇ ਦਿਨ ਚੜ੍ਹਨ ਨਾਲ ਉਨ੍ਹਾਂ ਦੀ ਨੌਈਅਤ ਬਦਲਣੀ ਸ਼ੁਰੂ ਹੋ ਜਾਂਦੀ ਹੈ। ਸਾਲ ਦੇ ਕੁਝ ਮਹੀਨਿਆਂ ਵਿਚ, ਸਭ ਤੋਂ ਪਹਿਲਾਂ ਬੁਲਬੁਲਾਂ ਦੇ ਬੰਸਰੀ-ਸੁਰਾਂ ਜਿਹੇ ਬੋਲ ਸੁਣਾਈ ਦੇਂਦੇ ਨੇ। ਕਦੇ ਕਦੇ ਚਿੜੀਆਂ ਦੀ ਧੀਮੀ ਚੂਹਕ ਜਾਂ ਘੁੱਗੀ ਦੀ ਮੱਧਮ ਘੁੱਗੂ-ਘੂੰ ਸੁਣਾਈ ਦੇਂਦੀ ਹੈ। ਫਿਰ ਗਲੀ ਵਿਚ ਕਾਰਾਂ, ਸਕੂਟਰ, ਮੋਟਰਸਾਈਕਲ ਗੁਜ਼ਰਨ ਲੱਗਦੇ ਨੇ। ਗੁਰਦੁਆਰੇ 'ਚੋਂ ਬਾਬਾ ਜੀ ਦੀ ਆਵਾਜ਼ ਕੰਨੀਂ ਪੈਂਦੀ ਹੈ। ਦਿਨ ਚੜ੍ਹਨ 'ਤੇ, ਸਬਜ਼ੀ, ਬਰੈੱਡ, ਤੇ ਮੌਸਮ ਅਨੁਸਾਰ ਗੁੜ, ਸਾਗ ਆਦਿ ਵੇਚਣ ਵਾਲਿਆਂ ਦੇ ਬਹੁਭਾਂਤ ਹੋਕੇ ਸੁਣਾਈ ਦੇਣ ਲੱਗਦੇ ਨੇ।

ਰੱਦੀ ਤੇ ਕਬਾੜ ਵਾਲਿਆਂ, ਕੁੱਕਰ ਤੇ ਗੈਸ-ਚੁੱਲ੍ਹੇ, ਤੇ ਜ਼ਿੱਪਾਂ ਠੀਕ ਕਰਵਾਉਣ ਦੇ ਭਾਂਤ-ਸੁਭਾਂਤੀ ਹੋਕਿਆਂ, ਕੂੜਾ 'ਕੱਠਾ ਕਰਦੀ ਗੱਡੀ ਦੇ ਹੂਟਰ, ਗੰਨੇ ਦਾ ਰਸ ਵੇਚਦੀਆਂ ਰੇਹੜੀਆਂ ਦੇ ਛਣਕਦੇ ਘੁੰਗਰੂਆਂ, ਗਲੀ 'ਚ ਖੇਡਦੇ ਬੱਚਿਆਂ ਦੇ ਰੌਲੇ, ਕਿਤੇ ਢਾਣੀ ਬਣਾ ਖੜ੍ਹੇ ਤੇ ਸਿਆਸਤ 'ਤੇ ਉੱਚੀ-ਉੱਚੀ ਬਹਿਸ ਕਰਦੇ ਸੇਵਾਮੁਕਤ, ਜਾਂ ਵਿਹਲੇ ਬੰਦਿਆਂ ਦੀਆਂ ਆਵਾਜ਼ਾਂ, ਤੇ ਹਾਰਨਾਂ ਦੇ ਰੌਲੇ ਨਾਲ ਗਲੀ, ਮਧੂਮੱਖੀਆਂ ਦੇ ਛੱਤੇ ਵਾਂਗ ਭਿਣ-ਭਿਣ ਕਰਨ ਲੱਗਦੀ ਹੈ। ਦੁਪਹਿਰ ਵੇਲੇ ਸਾਡੇ ਘਰ ਦੇ ਕੋਨੇ 'ਤੇ ਬਿਜਲੀ ਦੇ ਖੰਭੇ 'ਤੇ ਸ਼ਾਰਕਾਂ ਦੀਆਂ ਬਹੁਸੁਰੀਆਂ ਅਵਾਜ਼ਾਂ ਦਾ ਮਿੱਠਾ ਰੌਲਾ ਹੁੰਦਾ ਹੈ; ਅੱਧੀ ਰਾਤ ਨੂੰ ਕਦੇ ਕਦੇ ਚੌਕੀਦਾਰ ਦੇ ਡੰਡੇ ਦਾ ਖੜਾਕ ਸੁਣਾਈ ਦੇ ਜਾਂਦਾ ਹੈ।

ਕਿਸੇ ਕਿਸੇ ਅੱਧੀ ਰਾਤ ਅਚਾਨਕ ਪਰ ਜਦੋਂ ਕਦੇ ਅੱਖ ਖੁੱਲ੍ਹ ਜਾਂਦੀ ਤਾਂ ਚੁਫੇਰੇ ਪਸਰੀ ਸੰਘਣੀ ਚੁੱਪ-ਚਾਂ 'ਚੋਂ ਉੱਭਰਦੀ ਕਮਰੇ ਦੇ ਕਲੌਕ ਦੀ ਟਿਕ-ਟਿਕ ਤੇ ਆਪਣੇ ਕੰਨਾਂ ਦੀ ਸਾਂਅ। - ਅਨਹਦ ਨਾਦ - ਅੰਮ੍ਰਿਤਸਰ ਤੇ ਹੋਲਿਸਟਰ ਇਕੋ ਜਿਹੇ ਨੇ।

ਸੁਬ੍ਹਾ-ਸਵੇਰੇ ਸਭ ਤੋਂ ਪਹਿਲਾਂ ਦੋਧੀ ਦੇ ਆਉਣ ਮਗਰੋਂ, ਗੇਟ ਖੜਕਾਉਣ, ਘੰਟੀ ਵਜਾਉਣ ਜਾਂ ਘਰ 'ਚ ਆਉਣ ਵਾਲਿਆਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ: ਕੱਪੜੇ-ਸਫਾਈ-ਬਰਤਨਾਂ ਵਾਲੀ ਬੀਬੀ, ਕੂੜੇ ਦੀ ਗੱਡੀ ਵਾਲਾ, ਮਾਲੀ, ਸਬਜ਼ੀ ਦੀ ਰੇਹੜੀ ਵਾਲਾ, ਸਾਡੇ ਕੋਠੇ 'ਤੇ ਬੋ ਹੋਈ ਡਿੱਗੀ ਪਤੰਗ ਲੁੱਟਣ ਆਇਆ ਬੱਚਾ, ਕੋਈ ਮਿਲਣ ਵਾਲਾ।

ਹਲਵਾਈ, ਦਰਜ਼ੀ, ਕੈਮਿਸਟ, ਡ੍ਰਾਇਕਲੀਨ ਤੇ ਪ੍ਰੈੱਸ ਵਾਲਾ; ਨਜ਼ਰ ਦੀਆਂ ਐਨਕਾਂ, ਸਬਜ਼ੀ, ਦੁੱਧ-ਦਹੀਂ-ਪਨੀਰ, ਕੱਪੜੇ, ਕਰਿਆਨੇ ਤੇ ਰਾਸ਼ਨ ਦੀਆਂ ਅਤੇ ਹੋਰ ਕਈ ਦੁਕਾਨਾਂ ਵੀ ਗਲੀ ਵਿਚ ਨੇ। ਘਰ ਤੇ ਬਾਜ਼ਾਰ ਆਪਸ 'ਚ ਰਲਗੱਡ ਨੇ।

ਹੋਲਿਸਟਰ 'ਚ ਇੰਜ ਦਾ ਕੁਝ ਨਹੀਂ, ਸਭ ਵਿਵਸਥਿਤ, ਯੋਜਨਾ ਤੇ ਖਾਨਾਬੱਧ ਹੈ। ਸ਼ਾਂਤ ਤੇ ਬੇਅਵਾਜ਼। ਵਾਤਾਨੁਕੂਲਿਤ ਘਰ ਦੀਆਂ ਬੰਦ ਖਿੜਕੀਆਂ ਰਾਹੀਂ ਨੇੜੇ-ਦੂਰ ਦੀਆਂ ਸੜਕਾਂ 'ਤੇ ਤੇਜ਼ ਗੁਜ਼ਰਦੇ ਵਾਹਨਾਂ ਦੀਆਂ ਸੂਕਰਾਂ ਨੂੰ ਛੱਡ; ਤੇ ਸੁਬ੍ਹਾ-ਦੁਪਹਿਰ ਜਾਂ ਸ਼ਾਮ-ਰਾਤ ਨੂੰ ਇਸ ਅਵਾਜ਼ 'ਚ ਬਹੁਤਾ ਫਰਕ ਨਹੀਂ ਹੁੰਦਾ। ਕਦੇ ਕਦੇ ਮੈਨੂੰ ਕਿਤੇ ਕਿਸੇ ਚਿੜੀ ਦੇ ਚੂਹਕਣ ਦਾ ਭੁਲੇਖਾ ਪੈਂਦਾ ਹੈ, ਪਰ ਉਹ ਨਾਲ ਦੇ ਕਮਰੇ 'ਚ ਲੱਗੇ ਇਕ ਫਾਇਰ-ਅਲਾਰਮ ਦੀ ਬੈਟਰੀ ਦੇ ਖਤਮ ਹੋ ਜਾਣ ਦੀ ਚੇਤਾਵਨੀ ਹੈ। ਚਿੜੀਆਂ ਦੀ ਚੂਹਕ ਸੁਣਨ ਵਾਸਤੇ ਤੁਹਾਨੂੰ ਘਰੋਂ ਬਾਹਰ ਨਿਕਲਣਾ ਪਏਗਾ। ਬਾਹਰ ਤੁਹਾਨੂੰ ਪਰੈਮਾਂ 'ਚ ਬੱਚਿਆਂ ਨੂੰ ਘੁਮਾਉਂਦੀਆਂ ਇੱਕਾ-ਦੁੱਕਾ ਮਾਂਵਾਂ, ਤੇ ਬਜ਼ੁਰਗਾਂ ਨੂੰ ਛੱਡ, ਸੜਕ 'ਤੇ ਤੁਰਦਾ ਕੋਈ ਨਹੀਂ ਦਿਸੇਗਾ। ਅੰਮ੍ਰਿਤਸਰ ਦੇ ਹਿਸਾਬ ਨਾਲ, ਬਹੁਤ ਸ਼ਾਂਤੀ।

ਏਥੋਂ ਦੀ ਇਹ ਸ਼ਾਂਤੀ ਤੇ ਮੁਕਾਬਲਤਨ ਬੇਅਵਾਜ਼ੀ, ਕਿਸੇ ਕਿਸੇ ਨੂੰ ਬੇਰੌਣਕੀ, ਸਗੋਂ ਵੀਰਾਨਗੀ ਲੱਗ ਸਕਦੀ ਹੈ। ਸੋਚਦਾ ਹਾਂ, ਜੇ ਮੈਨੂੰ ਧਰਤੀ ਦੀ ਹਰ ਥਾਂ ਆਪਣੀ ਨਾ ਲੱਗਦੀ ਹੁੰਦੀ, ਹਰ ਪੱਥਰ-ਗੀਟੇ-ਚੱਟਾਨ, ਨਦੀ-ਝੀਲ-ਝਰਨੇ ਜਾਂ ਰੁੱਖ-ਝਾੜੀ ਤੇ ਜੰਗਲੀ ਫੁੱਲ ਨਾਲ ਮੇਰੀ ਆੜੀ ਨਾ ਹੁੰਦੀ, ਪਤਨੀ ਤੇ ਬੱਚੇ ਕੋਲ ਨਾ ਹੁੰਦੇ, ਮੇਰੇ ਕੋਲ ਪੜ੍ਹਨ ਲਈ ਕਿਤਾਬਾਂ ਤੇ ਲਿਖਣ ਲਈ ਵਿਚਾਰ ਨਾ ਹੁੰਦੇ, ਤਾਂ ਸ਼ਾਇਦ ਮੈਨੂੰ ਵੀ ਇਹ ਸ਼ਹਿਰ ਵੀਰਾਨ ਜਾਪਦਾ, ਤੇ ਏਥੋਂ ਦਾ ਸ਼ਾਂਤ ਇਕਾਂਤ, ਇਕੱਲਤਾ 'ਚ ਬਦਲ ਜਾਂਦਾ, ਸ਼ਾਇਦ ਵਿਚਲਿਤ ਕਰਦਾ। ਉਂਜ ਇਕੱਲਤਾ ਤੋਂ ਵੀ ਏਨਾ ਕੀ ਡਰਨਾ! ਮਨੁੱਖ ਦਾ ਮੁੱਢ, ਤੇ ਅੰਤ ਆਖਰ, ਇਕੱਲਤਾ ਹੀ ਤਾਂ ਹੈ।

ਬੇਸ਼ਕ ਪ੍ਰਵਿਰਤੀ ਦੇ ਪੱਧਰ 'ਤੇ, ਜਨਮ ਵੇਲੇ, ਧਰਤੀ ਦੇ ਹਰ ਕੋਨੇ 'ਚ ਹਰ ਮਨੁੱਖ, ਮਾਮੂਲੀ ਜਨਮ-ਜਾਤ, ਵਿਅਕਤੀਗਤ ਵੱਖਰਤਾਵਾਂ - ਜਿਨ੍ਹਾਂ ਨੂੰ ਛਹਰਸਿਟੋਪਹਏਰ ਛਅੁਦੱਏਲਲ ਆਪਣੀ ਅਤਿ ਜਟਿਲ ਤੇ ਪੜ੍ਹਨ 'ਚ ਮੁਸ਼ਕਲ, ਤੇ ਸਮਝਣ ਵਿਚ ਲਗਭਗ ਅਸੰਭਵ, ਕਵਿਤਾ-ਆਲੋਚਨਾ ਕਿਤਾਬ ਲਿਲੁਸੋਂਨਿ ਅਨਦ੍ ਏਅਲਟਿ 'ਚ ਗਏਨੋਟੇਪਏਸ ਕਹਿੰਦਾ ਹੈ - ਦੇ ਬਾਵਜੂਦ ਇਕੋ ਜਿਹਾ ਹੁੰਦਾ, ਫਿਰ ਵੀ ਅੰਮ੍ਰਿਤਸਰ ਰਹਿੰਦਿਆਂ ਮਹਿਸੂਸ ਹੁੰਦਾ ਕਿ ਮਨੁੱਖ ਵਾਕਈ ਇਕ ਸਮਾਜਿਕ ਜੀਵ ਹੈ; ਹੋਲਿਸਟਰ ਜਾਪਦਾ - ਘੱਟੋ-ਘੱਟ ਗੋਰੇ ਅਮਰੀਕੀਆਂ ਦੇ ਮਾਮਲੇ 'ਚ - ਕਿ ਹਰ ਮਨੁੱਖ ਇਕ ਟਾਪੂ ਹੈ, ਕਿ ਇਕ ਘਰ 'ਚ ਰਹਿੰਦੇ ਲੋਕ ਇਕ 'ਆਰਕੀਪਿਲਾਗੋ', ਟਾਪੂ-ਸਮੂਹ ਨੇ, ਇਕੱਠੇ, ਕੋਲ ਕੋਲ ਰਹਿੰਦੇ, ਪਰ ਆਜ਼ਾਦ, ਵੱਖਰੇ, ਅਜਨਬੀ। ਵੱਡੀਆਂ ਕਾਰਾਂ, ਵੱਡੇ ਘਰਾਂ, ਤੇ ਆਧੁਨਿਕ ਜੀਵਨ ਦੀਆਂ ਅਸੰਖ ਸੁੱਖ-ਸਹੂਲਤਾਂ ਵਾਸਤੇ ਇਹ ਕੀਮਤ ਚੁਕਾਉਣੀ ਪੈਂਦੀ ਹੈ।

ਹੋਲਿਸਟਰ 'ਚ ਘੱਟਾ ਨਹੀਂ ਉਡਦਾ। ਬਾਹਰ ਪਾਰਕ ਕੀਤੀਆਂ ਕਾਰਾਂ, ਘਰਾਂ ਦੇ ਵਿਹੜਿਆਂ ਜਾਂ ਸੜਕ ਕੰਢਿਆਂ ਦੀਆਂ ਬਨਸਪਤੀਆਂ, ਜਾਂ ਕਮਰਿਆਂ ਅੰਦਰ ਪਈਆਂ ਵਸਤਾਂ 'ਤੇ ਇਕ ਦਿਨ ਮਗਰੋਂ ਹੀ ਘੱਟੇ ਦੀ ਮੋਟੀ ਪਰਤ ਨਹੀਂ ਜੰਮ ਜਾਂਦੀ। ਉਂਜ ਘੱਟਾ ਉਹੀ ਨਹੀਂ ਹੁੰਦਾ ਜਿਹੜਾ ਪੰਜਾਬ ਦੀ ਧਰਤੀ 'ਤੇ ਕੱਚੀਆਂ ਥਾਂਵਾਂ ਤੋਂ, ਜਾਂ ਹਨੇਰੀਆਂ ਆਦਿ ਨਾਲ ਰੇਗਿਸਤਾਨਾਂ ਵਿਚੋਂ ਉੱਡ ਮੁੜ ਧਰਤੀ 'ਤੇ ਬੈਠ ਜਾਂਦਾ; ਸੈਂਕੜੇ ਟਨ ਘੱਟਾ ਹਰ ਰੋਜ਼ ਪੁਲਾੜ 'ਚੋਂ ਧਰਤੀ 'ਤੇ ਗਿਰਦਾ ਹੈ, ਤਾਂ ਹੀ ਤਾਂ ਏਥੇ ਵੀ ਹਫਤੇ-ਦੋ ਹਫਤਿਆਂ ਮਗਰੋਂ ਚੀਜ਼ਾਂ ਨੂੰ ਪੂੰਝਣਾ ਪੈਂਦਾ ਹੈ।

ਏਥੇ ਕੋਈ ਵਿਹੜੇ 'ਚ ਧੁੱਪ ਵਿਚ ਕੱਪੜੇ ਸੁੱਕਣੇ ਨਹੀਂ ਪਾਉਂਦਾ, ਘਰ ਦੇ ਸਾਹਮਣੇ ਕੋਈ ਧੁੱਪ 'ਚ ਬੈਠਾ ਨਹੀਂ ਦਿਸਦਾ। ਧੁੱਪ ਸੇਕਣ ਲਈ ਲੋਕ, ਹਫਤਾਅੰਤ ਨੂੰ ਪਾਰਕਾਂ ਜਾਂ ਸਮੁੰਦਰ ਕਿਨਾਰਿਆਂ 'ਤੇ ਜਾਂਦੇ ਨੇ।

ਫਰਵਰੀ ਦਾ ਦੂਸਰਾ ਹਫਤਾ ਚੜ੍ਹ ਗਿਆ ਹੈ। ਘਰ ਸਾਹਮਣੇ ਜਪਾਨੀ ਮੇਪਲ ਦਾ ਜਿਹੜਾ ਬੂਟਾ ਸਾਡੀ ਨੂੰਹ ਤੇ ਬੇਟੇ ਨੇ ਦੋ ਸਾਲ ਪਹਿਲਾਂ ਉਦੋਂ ਦੋ ਸਾਲ ਦੀ ਸਾਡੀ ਪੋਤਰੀ ਹੱਥੋਂ ਲਵਾਇਆ ਸੀ, ਉਹਦੀਆਂ ਨਿਪੱਤਰੀਆਂ ਭੂਰੀਆਂ ਟਹਿਣੀਆਂ 'ਤੇ ਗੂੜ੍ਹੇ ਗੁਲਾਬੀ ਫੁੱਲ ਖਿੜ ਪਏ ਨੇ, ਸਗਲ ਬਨਸਪਤੀ ਆਪਣੇ ਆਪ ਨੂੰ ਨਵਿਆਉਣ ਦੇ ਆਹਰ ਵਿਚ ਲੱਗ ਗਈ ਹੈ।

ਅੰਮ੍ਰਿਤਸਰ ਤੇ ਹੋਲਿਸਟਰ ਦੋਵੇਂ ਥਾਂਈਂ ਇਹ ਪੁੰਗਰ ਦੀ ਰੁੱਤ ਹੈ। ਏਥੋਂ ਦੀਆਂ ਰੁੱਤਾਂ ਆਮ ਤੌਰ 'ਤੇ ਅੰਮ੍ਰਿਤਸਰ ਵਰਗੀਆਂ ਨੇ, ਪਰ ਏਥੇ ਘਰ ਲੱਕੜ ਦੇ ਤੇ ਸੈਂਟਰਲੀ ਹੀਟਡ ਹੋਣ ਕਰਕੇ ਭਰ ਸਰਦੀਆਂ 'ਚ ਵੀ ਠੰਢ ਨਹੀਂ ਲੱਗਦੀ, ਤੇ ਗਰਮੀਆਂ ਕੈਲਿਫੋਰਨੀਆ ਦੇ ਪ੍ਰਸ਼ਾਂਤ ਮਹਾਂਸਾਗਰ ਦੇ ਕਿਨਾਰੇ 'ਤੇ ਹੋਣ ਕਰਕੇ, ਅੰਮ੍ਰਿਤਸਰ ਵਰਗੀਆਂ ਭਿਆਨਕ ਤੇ ਹੁੱਸੜ ਵਾਲੀਆਂ ਨਹੀਂ ਹੁੰਦੀਆਂ। ਮੌਸਮਾਂ ਦੀਆਂ ਇਨ੍ਹਾਂ ਤੇ ਹੋਰ ਵੱਖਰਤਾਵਾਂ ਨੂੰ ਜਾਨਣ ਤੇ ਮਾਨਣ ਵਾਸਤੇ ਮਨ ਦੇ ਮੌਸਮ ਦਾ ਸਾਵਾਂ ਹੋਣਾ ਜ਼ਰੂਰੀ ਹੈ। ਸਿਰਫ ਸਾਵਾਂ, ਖੁਸ਼ ਬੰਦਾ, ਬਾਹਰ, ਅਤੇ ਕੁਦਰਤ 'ਤੇ ਧਿਆਨ ਧਰਦਾ ਹੈ।

# ਗੁਰਬਾਣੀ ਅੰਦਰ ਨਿਹਿਤ ਹੈ 'ਸਾਂਝੀ ਪੰਜਾਬੀ ਕੌਮ' ਸਿਰਜਣ ਦਾ ਆਧਾਰ

ਸ. ਹਰਚਰਨ ਸਿੰਘ ਪਰਹਾਰ ਜੀ ਨੇ ਲਿਖਿਆ ਹੈ, 'ਪੰਜਾਬ ਦੇ ਲੋਕ ਮੁੱਦੇ ਵਿਸਾਰ ਕੇ ਸਿਰਫ ਸਿੱਖਾਂ ਦੇ ਧਾਰਮਿਕ ਮੁੱਦਿਆਂ ਤੇ ਸਿਆਸੀ ਅਕਾਂਖਿਆਵਾਂ ਉਤੇ ਹੀ ਪ੍ਰਵਚਨ ਕਰੀ ਜਾਣ ਤੇ ਵਿਤਕਰਿਆਂ ਦੇ ਬਿਰਤਾਂਤ ਸਿਰਜੀ ਜਾਣ ਨਾਲ ਕਿੰਨੇ ਕੁ ਸਾਰਥਿਕ ਸਿੱਟੇ ਨਿਕਲ ਸਕਦੇ ਹਨ? ਕੀ ਇਨ੍ਹਾਂ ਨੂੰ ਪੰਜਾਬ ਦੇ ਅਸਲ ਮੁੱਦਿਆਂ ਦੇ ਕਾਰਨ ਲੱਭਣ ਲਈ ਕੋਈ ਉਪਰਾਲਾ ਨਹੀਂ ਕਰਨਾ ਚਾਹੀਦਾ?'

ਪੰਜਾਬ ਦਾ ਇਸ ਵੇਲੇ ਸਭ ਤੋਂ ਅਹਿਮ ਮੁੱਦਾ ਪੰਜਾਬੀਆਂ ਦੀ ਏਕਤਾ ਦਾ ਹੈ, ਜਿਵੇਂ ਕਿ ਸ. ਹਜ਼ਾਰਾ ਸਿੰਘ ਮਿਸੀਸਾਗਾ ਨੇ ਲਿਖਿਆ ਹੈ, 'ਪੰਜਾਬੀਆਂ ਨੇ ਸਾਂਝੀ ਪੰਜਾਬੀ ਕੌਮ ਸਿਰਜਣ ਲਈ ਅਜੇ ਬੜਾ ਫਾਸਲਾ ਤੈਅ ਕਰਨਾ ਹੈ।'

ਜੇ ਅਸੀਂ ਮਿੱਥੇ ਚੌਖਟਿਆਂ ਵਿਚੋਂ ਬਾਹਰ ਨਿਕਲ ਕੇ



ਗੁਰਮਤਿ ਦੀ ਵਿਆਖਿਆ ਕਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਗੁਰਮਤਿ ਨੇ ਪੰਜਾਬੀ ਭਾਈਚਾਰੇ ਦੀ ਏਕਤਾ ਦਾ ਬਹੁਤ ਵਸੀਹ ਆਧਾਰ ਮੁਹੱਈਆ ਕੀਤਾ ਹੈ। ਦੋ ਵੱਡੇ ਧਰਮਾਂ-ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਵੰਡੇ ਹੋਏ ਪੰਜਾਬੀ ਸਮਾਜ ਨੂੰ ਗੁਰੂ ਨਾਨਕ ਸਾਹਿਬ ਨੇ ਇਕ ਨਵਾਂ ਅਤੇ ਸਾਂਝਾ

**ਗੁਰਬਚਨ ਸਿੰਘ**
**ਫੋਨ: +91-98156-98451**

ਸੰਕਲਪ ਦਿੱਤਾ ਹੈ।

ਜਨਮ ਸਾਖੀ ਵਿਚ ਦਰਜ ਹੈ ਕਿ ਸੁਲਤਾਨਪੁਰ ਲੋਧੀ ਵਿਖੇ ਵੇਈਂ ਵਿਚ ਟੁੱਭੀ ਮਾਰਨ ਤੋਂ ਤਿੰਨ ਦਿਨ ਬਾਅਦ ਜਦੋਂ ਗੁਰੂ ਸਾਹਿਬ ਪ੍ਰਗਟ ਹੋਏ ਤਾਂ ਉਨ੍ਹਾਂ ਦੇ ਪਹਿਲੇ ਬਚਨ ਸਨ: 'ਨ ਕੋ ਹਿੰਦੂ ਨਾ ਮੁਸਲਮਾਨ।'

ਗੁਰੂ ਸਾਹਿਬ ਦੇ ਆਤਮਿਕ ਗਿਆਨ ਦਾ ਇਹ ਪਹਿਲਾ ਮਹਾਂਵਾਕ ਸੀ। ਉਨ੍ਹਾਂ ਦੇ ਇਸ ਮਹਾਂਵਾਕ ਨੇ ਵੇਲੇ ਦੇ ਮੁਸਲਿਮ ਰਾਜ ਵਿਚ ਹਲਚਲ ਪੈਦਾ ਕਰ ਦਿੱਤੀ। ਸੁਲਤਾਨਪੁਰ ਲੋਧੀ ਦੇ ਨਵਾਬ ਦੌਲਤ ਖਾਂ ਨੇ ਗੁਰੂ ਨਾਨਕ ਤੇ ਕਾਜ਼ੀ, ਦੋਹਾਂ ਨੂੰ ਬੁਲਾ ਭੇਜਿਆ।

ਕਾਜ਼ੀ ਦਾ ਗੁਰੂ ਸਾਹਿਬ ਨੂੰ ਕਹਿਣਾ ਸੀ: 'ਇਕ ਹਿੰਦੂਆਂ ਦਾ ਰਾਹ ਹੈ, ਇਕ ਮੁਸਲਮਾਨਾਂ ਦਾ, ਤੁਸੀਂ ਕਿਸ ਰਾਹ ਉਤੇ ਹੋ?' ਗੁਰੂ ਸਾਹਿਬ ਦਾ ਜੁਆਬ ਸੀ : 'ਮੈਂ ਖੁਦਾ ਦੇ ਰਾਹ ਉਤੇ ਹਾਂ। ਖੁਦਾ ਨ ਹਿੰਦੂ ਹੈ ਨ ਮੁਸਲਮਾਨ।'

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ : ਨ ਹਮ ਹਿੰਦੂ ਨ ਮੁਸਲਮਾਨ॥ ਅਲ੍ਹਾ ਰਾਮ ਕੇ ਪਿੰਡੁ ਪਰਾਨ॥ (ਪੰਨਾ 1136)

ਇਹ ਇਕ ਦਮ ਨਵੀਂ ਸੋਚ ਹੈ। ਨਵੀਂ ਚੇਤਨਾ। ਨਾ ਅਸੀਂ ਹਿੰਦੂ ਹਾਂ ਤੇ ਨਾ ਮੁਸਲਮਾਨ ਪਰ ਸਾਡਾ ਮਨੁੱਖੀ ਸਰੀਰ ਤੇ ਜਿੰਦ ਅਲ੍ਹਾ ਤੇ ਰਾਮ ਦੀ ਦੇਣ ਹੈ। ਅਲ੍ਹਾ ਮੁਸਲਮਾਨਾਂ ਲਈ ਉਚਤਮ ਰੱਬੀ ਹਸਤੀ ਹੈ ਅਤੇ ਰਾਮ ਹਿੰਦੂਆਂ ਲਈ ਅਵਤਾਰੀ ਮਹਾਂਪੁਰਖ ਹੈ।

ਪਵਿੱਤਰ ਕੁਰਾਨ ਸ਼ਰੀਫ ਦਾ ਆਰੰਭਕ ਮਹਾਂਵਾਕ ਹੈ —

ਅਲ੍ਹਾ ਦੇ ਨਾਂ ਨਾਲ ਜਿਹੜਾ ਅਤਿਅੰਤ ਮੇਹਰਬਾਨ ਅਤੇ ਰਹਿਮ ਫੁਰਮਾਉਣ ਵਾਲਾ ਹੈ।

ਪਵਿੱਤਰ ਕੁਰਾਨ ਸ਼ਰੀਫ ਵਿਚ ਕਰੀਬ ਹਰੇਕ ਸੂਰਤ ਤੋਂ ਪਹਿਲਾਂ ਇਸ ਮਹਾਂਵਾਕ ਨੂੰ ਦੁਹਰਾਇਆ ਗਿਆ ਹੈ।

ਗੁਰਮਤਿ ਦਾ ਫੁਰਮਾਨ ਹੈ —

ਅਲ੍ਹਾ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ॥
(ਪੰਨਾ 727)

ਅਵਲਿ ਅਲ੍ਹਾ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
(ਪੰਨਾ 1349)

ਅਲ੍ਹਾ ਅਲਖੁ ਅਗੰਮੁ ਕਾਦਰੁ ਕਰਣਹਾਰ ਕਰੀਮੁ॥
(ਪੰਨਾ 64)

ਭਾਵ ਅਲ੍ਹਾ ਸਭ ਤੋਂ ਪਵਿਤਰ ਹੈ। ਮੈਂ ਇਸ ਕਥਨ ਉਤੇ ਸ਼ੱਕ ਤਾਂ ਕਰਾਂ ਜੇ ਕੋਈ ਦੂਜਾ ਹੋਰ ਹੋਵੇ। ਸਭ ਤੋਂ ਉਚਤਮ ਅਲ੍ਹਾ ਦੇ ਨੂਰ ਨਾਲ ਹੀ ਸਾਰੇ ਮਨੁਖ ਕੁਦਰਤ ਦੀ ਸਿਰਜਣਾ ਹਨ। ਅਲ੍ਹਾ ਲਖਿਆ ਨਹੀਂ ਜਾ ਸਕਦਾ। ਅੱਲ੍ਹਾ ਮਨੁੱਖੀ ਸੋਚ ਦੀ ਸੀਮਾ ਤੋਂ ਪਾਰ ਹੈ। ਅਲ੍ਹਾ ਸਿਰਜਣਹਾਰ, ਕਰਤਾਰ ਤੇ ਮਿਹਰਬਾਨ ਹੈ।

ਗੁਰਮਤਿ ਦਾ ਇਕ ਹੋਰ ਫੁਰਮਾਨ ਹੈ :

ਜਪਿ ਮਨ ਸਿਰੀ ਰਾਮੁ॥ ਰਾਮ ਰਮਤ ਰਾਮੁ॥ ਸਤਿ ਸਤਿ ਰਾਮੁ॥

ਬੋਲਹੁ ਭਈਆ ਸਦ ਰਾਮ ਰਾਮੁ ਰਾਮੁ ਰਵਿ ਰਹਿਆ ਸਰਬਗੇ॥ ਰਹਾਉ॥

ਰਾਮੁ ਆਪੇ ਆਪਿ ਆਪੇ ਸਭੁ ਕਰਤਾ ਰਾਮੁ ਆਪੇ ਆਪਿ ਆਪਿ ਸਭਤੁ ਜਗੇ॥

ਜਿਸੁ ਆਪਿ ਕ੍ਰਿਪਾ ਕਰੇ ਮੇਰਾ ਰਾਮ ਰਾਮ ਰਾਮ ਰਾਇ ਸੋ ਜਨੁ ਰਾਮ ਨਾਮ ਲਿਵ ਲਾਗੇ॥

ਰਾਮ ਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ ਜੋ ਭਗਤ ਜਨਾਂ ਕੀ ਪਤਿ ਰਾਖੈ ਵਿਚਿ ਕਲਿਜੁਗ ਅਗੇ॥

ਜਨ ਨਾਨਕ ਕਾ ਅੰਗੁ ਕੀਆ ਮੇਰੈ ਰਾਮ ਰਾਇ ਦੁਸਮਨ ਦੂਖ ਗਏ ਸਭਿ ਭਗੇ॥ (ਪੰਨਾ 1202)

ਹੇ ਮੇਰੇ ਮਨ! ਸ੍ਰੀ ਰਾਮ ਦਾ ਜਾਪ ਕਰ। ਰਾਮ! ਕਿਹੜਾ ਰਾਮ? ਰਮਤ ਰਾਮ, ਜਿਹੜਾ ਅਸੀਮ ਅਤੇ ਸਦੀਵੀ ਬ੍ਰਹਿਮੰਡ (ਬ੍ਰਹਮ) ਦੇ ਕਣ-ਕਣ ਵਿਚ ਰਮਿਆ ਹੋਇਆ ਹੈ। ਜਿਹੜਾ ਰਾਮ ਸਤਿ ਸਤਿ ਭਾਵ ਸਦੀਵੀ ਸਚ ਹੈ। ਉਸ ਰਾਮ ਦਾ ਜਾਪ ਕਰ। ਅਗਲੀ ਰਹਾਉ ਦੀ ਪੰਕਤੀ ਵਿਚ ਗੁਰੂ ਸਾਹਿਬ ਆਪਣੀ ਇਸ ਧਾਰਨਾ ਨੂੰ ਫਿਰ ਦੁਹਰਾਉਂਦੇ ਹਨ। ਬੋਲੋ ਭਈਆ (ਭਰਾਵੋ)! ਰਾਮ ਰਾਮ ਰਾਮ, ਜਿਹੜਾ ਰਾਮ ਸਭ ਥਾਂ ਰਮਿਆ ਹੋਇਆ ਹੈ। ਇਹ ਰਮਿਆ ਹੋਇਆ ਰਾਮ ਹੀ ਸਭ ਕੁਝ ਹੈ। ਇਹੀ ਰਮਤ ਰਾਮ ਕਰਤਾ ਦੇ ਰੂਪ ਵਿਚ ਸਿਰਜਣਹਾਰ ਹੈ। ਇਸੇ ਰਾਮ ਦਾ ਸਾਰੇ ਜਗਤ ਵਿਚ ਪਸਾਰਾ ਹੈ। ਮੇਰਾ ਇਹ ਰਮਤ ਰਾਮ ਜਿਸ ਕਿਸੇ ਜਨ ਉਤੇ ਆਪਣੀ ਮੇਹਰ ਕਰਦਾ ਹੈ, ਉਸ ਜਨ ਦੀ ਰਾਮ ਰਾਇ ਭਾਵ ਇਸ ਰਾਜਾ ਰਾਮ ਵਿਚ ਲਿਵ ਲਗ ਜਾਂਦੀ ਹੈ। ਫਿਰ ਗੁਰੂ ਸਾਹਿਬ 'ਹਰਿ ਸੰਤਹੁ' ਤਥਾ ਆਪਣੇ ਚਾਰ-ਚੁਫੇਰੇ ਫੈਲੇ ਹਰਿ ਜੀਉ ਦੀ ਹੋਂਦ ਨੂੰ ਮੰਨਣ ਵਾਲੇ ਸੰਤਾਂ ਨੂੰ ਮੁਖਾਤਿਬ ਹੋ ਕੇ ਬਚਨ ਕਰਦੇ ਹਨ, ਕਿ ਇਸ ਰਾਮ ਨਾਮ ਦੀ ਵਡਿਆਈ ਇਹ ਹੈ ਕਿ ਇਹ ਰਾਮ ਨਾਮ ਕਲਯੁਗ ਵਿਚ ਆਪਣੇ ਭਗਤਾਂ ਦੀ ਲਾਜ ਰੱਖਦਾ ਹੈ। ਜਨ ਨਾਨਕ ਨੇ ਜਦੋਂ ਦੀ ਇਸ ਰਾਜਾ ਰਾਮ ਨਾਲ ਸਾਂਝ ਪਾਈ ਹੈ, ਉਦੋਂ ਦੇ ਉਸ ਦੇ ਸਾਰੇ ਦੁਖ ਦੂਰ ਹੋ ਗਏ ਹਨ। ਗੁਰੂ ਗ੍ਰੰਥ ਸਾਹਿਬ ਵਿਚ 2533 ਵਾਰ ਰਾਮ ਦਾ ਜ਼ਿਕਰ ਕੀਤਾ ਗਿਆ ਹੈ ਪਰ ਇਹ ਰਾਮ ਉਹ ਨਹੀਂ, ਜਿਸਦਾ ਕੁਝ ਬ੍ਰਾਹਮਣੀ ਵਿਦਵਾਨ ਅਕਸਰ ਹਵਾਲਾ ਦੇਂਦੇ ਹਨ। ਇਹ ਰਾਮ ਇਸ ਬ੍ਰਹਿਮੰਡ ਦੇ ਕਣ-ਕਣ ਵਿਚ ਰਮਿਆ ਹੋਇਆ ਰਾਮ ਹੈ। ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਪਸਰੇ ਅਸੀਮ ਅਤੇ ਸਦੀਵੀ ਬ੍ਰਹਿਮੰਡੀ ਆਕਾਰ ਅਤੇ ਇਸ ਦੇ ਪ੍ਰਗਟ ਰੂਪ ਕੁਦਰਤ ਦੇ ਕਣ ਕਣ ਵਿਚ ਰਮਿਆ ਹੋਇਆ ਰਾਮ ਹੀ ਸਿਰਜਣਹਾਰ ਕਰਤਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਰਮਤ ਰਾਮ ਤੇ ਦਸ਼ਰਥ ਪੁਤਰ ਰਾਮ ਚੰਦਰ ਵਿਚਕਾਰ ਬੜਾ ਸਪਸ਼ਟ ਨਿਖੇੜਾ ਕੀਤਾ ਗਿਆ ਹੈ:

ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥ (954)

ਗੁਰਮਤਿ ਨੇ ਇਸ ਨਵੀਂ ਸੋਚ ਨੂੰ ਹੋਰ ਵੀ ਸਪਸ਼ਟ ਕੀਤਾ ਹੈ। ਸਮੁੱਚੀ ਖ਼ਲਕਤ ਨੂੰ ਪੈਦਾ ਕਰਨ ਵਾਲਾ ਖਾਲਕ ਸਭਨੀ ਥਾਂਈਂ ਰਮਿਆ ਹੋਇਆ ਹੈ। ਇਹ ਖਾਲਕ ਸਰਬਵਿਆਪੀ ਹੈ। ਇਹੀ ਖਾਲਕ ਕਾਰਨ ਹੈ। ਇਹੀ ਕਰਨ ਵਾਲਾ ਹੈ। ਇਹ ਖਾਲਕ ਬਖਸ਼ਿੰਦ ਹੈ। ਇਹ ਖਾਲਕ ਸਾਰਿਆਂ ਦੀ ਪਾਲਣਾ ਕਰਨ ਵਾਲਾ ਤੇ ਸਾਰਿਆਂ ਉਤੇ ਰਹਿਮਤਾਂ ਕਰਨ ਵਾਲਾ ਹੈ। ਅਲ੍ਹਾ ਦੇ ਰੂਪ ਵਿਚ ਇਹ ਖਾਲਕ ਅਪਹੁੰਚ ਅਤੇ ਬੇਅੰਤ ਹੈ। ਖੁਦਾ ਦੇ ਰੂਪ ਵਿਚ ਇਹ ਖਾਲਕ ਮਨੁੱਖੀ ਗਿਣਤੀਆਂ-ਮਿਣਤੀਆਂ ਦੇ ਕਲਾਵੇ ਵਿਚ ਨਹੀਂ ਆਉਂਦਾ। ਇਹ ਖਾਲਕ ਹੀ ਹਿੰਦੂ ਮਤਿ ਵਿਚਲਾ ਸਰਬਵਿਆਪੀ ਓਮ, ਨਮੋ, ਭਗਵੰਤ ਤੇ ਗੁਸਾਈਂ ਹੈ। ਇਹੀ ਖਾਲਕ ਧਰਤੀ ਦਾ ਮਾਲਕ ਤੇ ਜਗਤ ਦਾ ਪਾਲਕ ਹੈ। ਸਮੁੱਚੇ ਜਗਤ ਨੂੰ ਜੀਵਨ ਦੇਣ ਵਾਲਾ ਜਗਜੀਵਨ ਦਾਤਾ ਤੇ ਸਮੁੱਚੀ ਦੌਲਤ ਦਾ ਮਾਲਕ ਵੀ ਇਹੀ ਖਾਲਕ ਹੈ। ਇਸ ਖਾਲਕ ਨੂੰ ਹਿਰਦੇ ਵਿਚ ਵਸਾਉਣ ਨਾਲ ਸਾਰੇ ਡਰ ਦੂਰ ਹੋ ਜਾਂਦੇ ਹਨ। ਸਾਰੀਆਂ ਮਨੁੱਖੀ ਇੰਦਰੀਆਂ ਦਾ ਮਾਲਕ ਵੀ ਇਹੀ ਖਾਲਕ ਹੈ, ਜਿਹੜਾ ਪੂਰਨ ਹੈ, ਸਰਬਵਿਆਪੀ ਹੈ ਤੇ ਮੁਕਤੀਦਾਤਾ ਹੈ। ਪਵਿੱਤਰ ਕੁਰਾਨ ਤੇ ਕਤੇਬ ਵਿਚ ਦਰਜ ਖਾਲਕ ਵੀ ਇਹੀ ਹੈ। ਇਹੀ ਨਾਰਾਇਣ ਨਰਹਰ ਦਇਆਲ ਪੁਰਖ ਹੈ। ਇਹੀ ਰਮਿਆ ਹੋਇਆ ਰਾਮ ਹੈ। ਇਹੀ ਵਾਸਦੇਵ (ਸ੍ਰੀ ਕ੍ਰਿਸ਼ਨ ਜੀ ਦਾ ਇਕ ਨਾਂ) ਸਭ ਥਾਂ ਵਸਦਾ ਹੈ। ਗੁਰੂ ਸਾਹਿਬ ਦੇ ਬਚਨ ਹਨ ਕਿ ਹੁਣ ਗੁਰੂ ਨੇ ਮੇਰੇ ਮਨ ਦੇ ਸਾਰੇ ਭਰਮ ਦੂਰ ਕਰ ਦਿਤੇ ਹਨ ਅਤੇ ਮੈਨੂੰ ਪਤਾ ਲਗਾ ਹੈ ਕਿ ਸਾਡੇ ਚਾਰ-ਚੁਫੇਰੇ ਪਸਰਿਆ ਏਕੋ ਹੀ ਅਲ੍ਹਾ ਅਤੇ ਇਹ ਏਕੋ ਹੀ ਪਾਰਬ੍ਰਹਮ ਹੈ। ਭਾਵ ਹਿੰਦੂ ਧਰਮ ਤੇ ਇਸਲਾਮ ਵਿਚਲੀ ਰੱਬੀ ਹੋਂਦ ਤੇ ਹਸਤੀ ਇਕੋ ਹੀ ਹੈ। ਇਥੇ ਖੂਬਸੂਰਤੀ ਇਹ ਹੈ ਕਿ ਹਿੰਦੂ ਧਰਮ ਅਤੇ ਇਸਲਾਮ ਵਿਚ ਰੱਬੀ ਹਸਤੀ ਬਾਰੇ ਅਕਸਰ ਵਰਤੇ ਜਾਂਦੇ ਸਾਰੇ ਹੀ ਅਖਰ ਇਸ ਸਬਦੁ ਵਿਚ ਆ ਗਏ ਹਨ।

ਅਲ੍ਹਾ ਅਲਖ ਅਪਾਰ॥ ਰਮਤ ਰਾਮ ਘਟ ਘਟ ਆਧਾਰ॥
ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲ੍ਹਾ ਪਾਰਬ੍ਰਹਮ॥
(ਪੰਨਾ 896)

ਸਤਿਗੁਰੂ ਨਾਨਕ ਨੇ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਇਹ ਨਹੀਂ ਕਿਹਾ ਕਿ 'ਰੱਬ', 'ਪਰਮਾਤਮਾ', 'ਪ੍ਰਭੂ', 'ਈਸ਼ਵਰ' ਇਕ ਹੈ। ਉਨ੍ਹਾਂ ਨੇ ਮਨੁੱਖਤਾ ਨੂੰ ਇਸ ਮਨ-ਕਲਪਿਤ ਰੱਬੀ ਭਰਮਜਾਲ ਤੋਂ ਸਦਾ ਲਈ ਮੁਕਤ ਕਰ ਦਿੱਤਾ।

ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥
(ਪੰਨਾ 292)
ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ॥
(ਪੰਨਾ 250)

ਕਿ ਸਾਡੇ ਚਾਰ-ਚੁਫੇਰੇ ਆਲੇ-ਦੁਆਲੇ ਇਕੋ ਹੀ ਪਸਰਿਆ ਹੋਇਆ ਹੈ। ਦੂਜਾ ਕਿਤੇ ਕੋਈ ਨਜ਼ਰ ਨਹੀਂ



*ਵੇਈਂ ਨਦੀ ਵਿਚ ਟੁੱਭੀ ਮਾਰਨ ਤੋਂ ਤਿੰਨ ਦਿਨ ਬਾਅਦ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦਾ ਦ੍ਰਿਸ਼।*

ਆਉਂਦਾ। ਸਭ ਥਾਂ ਏਕੋ ਹੀ ਰਮਿਆ ਹੋਇਆ ਹੈ। ਦੂਸਰਾ ਨਾ ਕੋਈ ਹੋਇਆ ਹੈ ਅਤੇ ਨਾ ਹੀ ਕੋਈ ਹੋਵੇਗਾ।

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥



*ਪ੍ਰੋਫੈਸਰ ਪੂਰਨ ਸਿੰਘ*

(ਪੰਨਾ 296)

ਸੁਆਮੀ ਸਿਰਜਣਹਾਰ ਭਾਵ ਸਾਡਾ ਮਾਲਕ, ਸਾਨੂੰ ਪੈਦਾ ਕਰਨ ਤੇ ਪਾਲਣ ਵਾਲਾ (ਦਾਤਾ+ਕਰਤਾ) ਜਲ ਥਲ ਮਹੀਅਲ ਭਾਵ ਧਰਤੀ, ਸਮੁੰਦਰ, ਆਕਾਸ਼ ਵਿਚ ਰਮਿਆ ਹੋਇਆ ਹੈ। ਇਹੀ ਸਿਰਜਣਹਾਰ ਇਕ ਓਂਕਾਰ (ੴ) ਅਨੇਕ ਭਿੰਨ ਭਿੰਨ ਰੂਪਾਂ ਵਿਚ ਸਾਡੇ ਆਲੇ-ਦੁਆਲੇ ਪਸਰਿਆ ਹੋਇਆ ਹੈ। ਇਹ ਏਕੋ ਬੇਅੰਤ ਹੈ, ਅਨੰਤ ਹੈ ਤੇ ਭਿੰਨਤਾ ਦਾ ਮੁਜੱਸਮਾ ਹੈ। ਜਿਸ ਦੀ ਸ਼ਨਾਖ਼ਤ ਆਪਣੇ ਆਲੇ-ਦੁਆਲੇ ਚਾਰ-ਚੁਫੇਰੇ ਫੈਲੇ ਸੰਸਾਰ ਅਤੇ ਇਸ ਦੇ ਪ੍ਰਗਟ ਰੂਪ ਕੁਦਰਤ ਦੇ ਕਣ-ਕਣ ਵਿਚੋਂ ਹੁੰਦੀ ਹੈ।

ਸਤਿਗੁਰੁ ਨਾਨਕ ਨੇ ਪਹਿਲੀ ਵਾਰ ਮਨੁੱਖਤਾ ਨੂੰ ਏਨੇ ਸਪਸ਼ਟ ਰੂਪ ਵਿਚ ਇਹ ਆਤਮਿਕ ਗਿਆਨ ਦਿੱਤਾ ਕਿ ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਫੈਲਿਆ ਪਸਰਿਆ ਆਕਾਰ (ਵਜੂਦ) ਰੂਪੀ ਇਹ ਅਸੀਮ ਅਤੇ ਸਦੀਵੀ ਬ੍ਰਹਿਮੰਡ (ਬ੍ਰਹਮ) ਇਕ ਇਕਹਿਰੀ ਹੋਂਦ ਹੈ ਤੇ ਇਹ ਇਕ (ਏਕੋ) ਹੈ ਤੇ ਇਹ ਸਤਿ ਹੈ। ਸ਼ੰਕਰਾਚਾਰੀਆ ਦੇ ਕਹਿਣ ਅਨੁਸਾਰ ਛਲਾਵਾ ਜਾਂ ਝੂਠ ਨਹੀਂ।

ਗੁਰੂ ਨਾਨਕ ਸਾਹਿਬ ਨੇ ਸਪਸ਼ਟ ਰੂਪ ਵਿਚ ਮਨੁਖੀ ਚੇਤਨਾ ਅੰਦਰ ਪ੍ਰਗਟ ਹੋਇਆ ਕੁਦਰਤੀ ਸੱਚ ਬਿਆਨ ਕੀਤਾ—

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (ਗੁਰੂ ਗ੍ਰੰਥ ਸਾਹਿਬ, ਪੰਨਾ 695)

ਉਨ੍ਹਾਂ ਨੇ ਕੁਦਰਤ ਅਤੇ ਮਨੁਖ ਦੇ ਅਟੁਟ ਰਿਸ਼ਤੇ ਨੂੰ ਸਪਸ਼ਟ ਕੀਤਾ —

ਨਿਕਟਿ ਜੀਅ ਕੈ ਸਦ ਹੀ ਸੰਗਾ ਕੁਦਰਤਿ ਵਰਤੈ ਰੂਪ ਅਰੁ ਰੰਗਾ॥ (ਪੰਨਾ 376)

ਉਨ੍ਹਾਂ ਨੇ ਕੁਦਰਤ ਅਤੇ ਮਨੁੱਖ ਦੀ ਰਚਨਾ ਬਾਰੇ ਆਪਣੇ ਤੋਂ ਪਹਿਲੀਆਂ ਚਲੀਆਂ ਆਉਂਦੀਆਂ ਸਾਰੀਆਂ ਕਲਪਿਤ ਧਾਰਨਾਵਾਂ ਨੂੰ ਨਕਾਰ ਕੇ ਇਹ ਕਿਹਾ ਕਿ ਇਹ ਦਿਸਦਾ ਅਤੇ ਅੰਤਹੀਣ ਅਣਦਿਸਦਾ ਪਸਾਰਾ ਅੰਕ ਗਣਿਤ ਦੇ ਹਿੰਦਸੇ ਇਕ ਦਾ ਵਿਸਥਾਰ ਹੈ ਤੇ ਮਨੁੱਖ ਇਸ ਪਸਾਰੇ ਦਾ ਹੀ ਇਕ ਅੰਗ ਹੈ।

ਨਾਨਕ ਸਚੁ ਦਾਤਾਰੁ ਸਿਨਾਖਤ ਕੁਦਰਤੀ॥ (ਪੰਨਾ 141)
ਕੁਦਰਤਿ ਕਰ ਕੇ ਵਸਿਆ ਸੋਇ॥ (ਪੰਨਾ 83)

ਮਾਰਕਸਵਾਦ ਅਨੁਸਾਰ ਉਹ ਸਾਰੇ ਲੋਕ ਪਦਾਰਥਵਾਦੀ ਹਨ, ਜਿਹੜੇ ਇਹ ਮੰਨਦੇ ਹਨ ਕਿ ਅੰਤਹੀਣ ਕਾਲ ਤੋਂ ਇਹ ਸੰਸਾਰ ਇਵੇਂ ਹੀ ਹੋਂਦ ਰਖਦਾ ਆ ਰਿਹਾ ਹੈ ਅਤੇ ਸਾਰੇ ਉਹ ਲੋਕ ਆਦਰਸ਼ਵਾਦੀ ਹਨ, ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਇਹ ਮੰਨਦੇ ਹਨ ਕਿ ਇਸ ਸੰਸਾਰ ਦੀ ਰਚਨਾ ਕਿਸੇ ਮਨ-ਕਲਪਿਤ 'ਰੱਬ' ਨੇ ਬਣਾਈ ਹੈ। ਪਦਾਰਥਵਾਦ ਦੇ ਇਸ ਤੱਤ ਨੂੰ ਬੁੱਝੇ ਬਿਨਾਂ ਆਲਮੀ ਕਮਿਊਨਿਸਟ ਲਹਿਰ ਆਪਣੇ ਮਿੱਥੇ ਨਿਸ਼ਾਨੇ ਵੱਲ ਅੱਗੇ ਨਹੀਂ ਵਧ ਸਕਦੀ। ਮਾਰਕਸਵਾਦ ਦੇ ਪ੍ਰਗਟ ਹੋਣ ਤੋਂ ਕਰੀਬ ਤਿੰਨ ਸਦੀਆਂ ਪਹਿਲਾਂ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੇ ਆਗਮਨ ਬਾਰੇ ਲਿਖਿਆ ਹੈ :

ਨਮਸਕਾਰੁ ਗੁਰਦੇਵ ਕੋ ਸਤਿ ਨਾਮੁ ਜਿਸ ਮੰਤ੍ਰ ਸੁਣਾਇਆ।

ਭਵਜਲ ਵਿਚੋਂ ਕਢਿ ਕੇ ਮੁਕਤਿ ਪਦਾਰਥਿ ਮਾਹਿ ਸਮਾਇਆ। (ਵਾਰ 1, ਪਉੜੀ 1)

ਗੁਰੂ ਨਾਨਕ ਸਾਹਿਬ ਨੂੰ ਨਮਸਕਾਰ ਕਰਦਿਆਂ ਭਾਈ ਗੁਰਦਾਸ ਜੀ ਦੇ ਇਹ ਬਚਨ ਹਨ, ਕਿ ਗੁਰੂ ਸਾਹਿਬ ਨੇ ਮਨੁੱਖਤਾ ਨੂੰ ਸਤਿ ਨਾਮੁ ਦਾ ਆਤਮਿਕ ਗਿਆਨ ਦੇ ਕੇ ਹਰੇਕ ਤਰ੍ਹਾਂ ਦੇ ਪੂਰਬਲੇ ਭਰਮਜਾਲ ਤੋਂ ਮੁਕਤ ਕਰ ਦਿਤਾ। ਗੁਰੂ ਸਾਹਿਬ ਨੇ ਸਮੁਚੀ ਮਾਨਵਤਾ ਨੂੰ ਮੁਕਤ ਪਦਾਰਥ (Matter in motion) ਭਾਵ ਪਹਿਲੇ ਸਾਰੇ ਭਰਮਜਾਲ ਤੋਂ ਮੁਕਤ ਹੋ ਕੇ ਇਸ ਸੰਸਾਰ ਵਿਚ ਨਵੀਂ ਜ਼ਿੰਦਗੀ ਜਿਉਣ ਦਾ ਆਤਮਿਕ ਗਿਆਨ ਦਿਤਾ। ਗੁਰੂ ਸਾਹਿਬ ਨੇ ਮਨੁੱਖ ਦੀ ਸੋਚ ਤੇ ਉਸ ਦੇ ਮਨ ਵਿਚੋਂ ਵਾਰ ਵਾਰ ਜੰਮਣ ਮਰਨ ਦਾ ਡਰ ਹਮੇਸ਼ਾਂ ਲਈ ਖਤਮ ਕਰ ਦਿੱਤਾ ਹੈ। ਮਰਨ ਤੋਂ ਬਾਅਦ ਪੈਦਾ ਹੋਣ ਵਾਲੇ ਵਿਛੋੜੇ ਦੇ ਸ਼ੰਕੇ (ਨਰਕ-ਸਵਰਗ ਤੇ ਪੁਨਰ ਜਨਮ ਦੇ ਭਰਮਜਾਲ) ਤੇ ਇਨ੍ਹਾਂ ਸ਼ੰਕਿਆਂ ਨਾਲ ਪੈਦਾ ਹੋਣ ਵਾਲੇ ਸਾਰੇ ਮਾਨਸਿਕ ਰੋਗ (ਡਰ) ਵੀ ਸਦਾ ਲਈ ਨਵਿਰਤ ਕਰ ਦਿੱਤੇ। ਇਹ ਸ਼ੰਕਾ ਵੀ ਸਦਾ ਲਈ ਖਤਮ ਕਰ ਦਿੱਤਾ ਕਿ ਇਹ ਸੰਸਾਰ ਇਕ ਭਰਮ ਭਾਵ ਮਾਇਆ (ਛਲਾਵਾ) ਹੈ ਤੇ ਜੰਮਣ-ਮਰਨ ਵਿਚ ਸਵਾਏ ਦੁਖ ਭਾਵ ਦੁਖ ਹੀ ਦੁਖ ਹਨ। ਸਾਕਤ ਭਾਵ ਸ਼ਕਤੀ ਦੇ ਪੁਜਾਰੀ ਮਨੁਖ ਦੇ ਦਿਮਾਗ ਵਿਚ ਹਮੇਸ਼ਾਂ ਮਰਨ ਤੋਂ ਬਾਅਦ ਮਨ ਕਲਪਿਤ ਜਮਾਂ ਦੇ ਦੰਡ ਦੇਣ ਦਾ ਡਰ ਬਣਿਆ ਰਹਿੰਦਾ ਹੈ ਤੇ ਉਹ ਆਪਣੀ ਸਾਰੀ ਜ਼ਿੰਦਗੀ ਇਸ ਡਰ ਨਾਲ ਹੀ ਲੰਘਾ ਦੇਂਦਾ ਹੈ। ਭਾਈ ਗੁਰਦਾਸ ਜੀ ਉਸ ਗੁਰੂ ਨੂੰ ਚਰਨ ਬੰਦਨਾ ਕਰਦੇ ਹਨ, ਜਿਸ ਨੇ ਸਤਿ ਸਬਦੁ ਦਾ ਗਿਆਨ ਦੇ ਕੇ ਮਨੁੱਖ ਨੂੰ ਸਦਾ ਲਈ ਜਮਾਂ ਦੇ ਇਸ ਡਰ ਤੋਂ ਵੀ ਮੁਕਤ ਕਰ ਦਿਤਾ।

ਇਹ ਮਨੁੱਖੀ ਫਿਲਾਸਫੀ ਅੰਦਰਲਾ ਇਨਕਲਾਬ ਹੈ, ਜਿਸ ਨੇ ਮਨੁੱਖਤਾ ਨੂੰ 'ਹੁਕਮਿ ਰਜਾਈ ਚਲਣਾ' ਤੇ 'ਮਨਿ ਜੀਤੈ ਜਗੁ ਜੀਤੁ' ਦੀ ਇਕ ਨਵੀਂ ਜੀਵਨ ਜੁਗਤਿ ਦਿਤੀ ਤੇ ਸਮੁੱਚੇ ਮਨੁੱਖੀ ਸਮਾਜ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਦਾ ਸਿਰਫ ਐਲਾਨ ਹੀ ਨਹੀਂ ਕੀਤਾ ਬਲਕਿ ਜਥੇਬੰਦ ਕਰ ਕੇ ਵਿਖਾਇਆ। ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਗਏ ਖਾਲਸਾ ਪੰਥ ਦਾ ਗੁਰੂ ਨਾਨਕ ਸਾਹਿਬ ਦੀ ਫਿਲਾਸਫੀ ਨਾਲ ਇਹੀ ਰਿਸ਼ਤਾ ਹੈ। ਬਰਾਬਰੀ, ਆਜ਼ਾਦੀ, ਭਾਈਚਾਰਾ, ਪ੍ਰੇਮ ਭਾਵ, ਸਦਾਚਾਰ, ਸਮਾਜ ਸੇਵਾ ਆਦਿ ਸਭ ਇਸ ਫਿਲਾਸਫੀ ਵਿਚੋਂ ਇਕ ਝਰਨੇ ਵਾਂਗ ਫੁੱਟਦੇ ਤੁਰੇ ਆਉਂਦੇ ਹਨ। ਇਸੇ ਨੂੰ ਪ੍ਰੋਫੈਸਰ ਪੂਰਨ ਸਿੰਘ ਨੇ ਸਮੁੱਚੀ ਮਨੁੱਖ ਜਾਤੀ ਲਈ ਇਕ ਗਾਡੀ ਰਾਹ ਕਿਹਾਹੈ, 'ਇਹ ਗੱਲ ਬੜੀ ਵਿਸ਼ੇਸ਼ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਸੇ ਸੰਕਲਪਗਤ ਪਰਮਾਤਮਾ ਨੂੰ ਨਹੀਂ ਧਿਆਇਆ ਸਗੋਂ ਆਪ ਨੇ ਬ੍ਰਹਿਮੰਡ

*(ਬਾਕੀ ਅਗਲੇ ਸਫੇ 'ਤੇ)*

**ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਗਏ ਖਾਲਸਾ ਪੰਥ ਦਾ ਗੁਰੂ ਨਾਨਕ ਸਾਹਿਬ ਦੀ ਫਿਲਾਸਫੀ ਨਾਲ ਇਹੀ ਰਿਸ਼ਤਾ ਹੈ। ਬਰਾਬਰੀ, ਆਜ਼ਾਦੀ, ਭਾਈਚਾਰਾ, ਪ੍ਰੇਮ ਭਾਵ, ਸਦਾਚਾਰ, ਸਮਾਜ ਸੇਵਾ ਆਦਿ ਸਭ ਇਸ ਫਿਲਾਸਫੀ ਵਿਚੋਂ ਇਕ ਝਰਨੇ ਵਾਂਗ ਫੁੱਟਦੇ ਤੁਰੇ ਆਉਂਦੇ ਹਨ। ਇਸੇ ਨੂੰ ਪ੍ਰੋਫੈਸਰ ਪੂਰਨ ਸਿੰਘ ਨੇ ਸਮੁੱਚੀ ਮਨੁੱਖ ਜਾਤੀ ਲਈ ਇਕ ਗਾਡੀ ਰਾਹ ਕਿਹਾ ਹੈ, 'ਇਹ ਗੱਲ ਬੜੀ ਵਿਸ਼ੇਸ਼ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਸੇ ਸੰਕਲਪਗਤ ਪਰਮਾਤਮਾ ਨੂੰ ਨਹੀਂ ਧਿਆਇਆ ਸਗੋਂ ਆਪ ਨੇ ਬ੍ਰਹਿਮੰਡ ਦੇ ਪਰਮ-ਆਤਮ ਨੂੰ ਅਰਾਧਿਆ ਹੈ, ਜਿਸ ਕੋਲ ਆਤਮਾ ਦੇ ਸੱਚੇ ਜੀਵਨ ਦੀਆਂ ਚੰਗਿਆੜੀਆਂ ਨੂੰ ਦੂਜਿਆਂ ਵਿਚ ਸੰਚਾਰ ਕਰਨ ਦੀ ਸ਼ਕਤੀ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਦੁਆਰਾ ਸਥਾਪਿਤ ਸਿੱਖ ਸੰਗਤ ਨੂੰ ਪੰਥ ਜਾਂ ਮਾਰਗ ਦੀ ਹੀ ਸੰਗਿਆ ਦਿੱਤੀ ਹੈ ਅਤੇ ਇਸ ਨੂੰ ਕਿਸੇ ਫਿਰਕੇ ਨਾਲ ਨਹੀਂ ਜੋੜਿਆ। ਪੂਰਨਤਾ ਤਕ ਪੁੱਜਣ ਲਈ ਸਾਰੀ ਮਨੁੱਖ ਜਾਤੀ ਲਈ ਇਹ ਗਾਡੀ-ਰਾਹ ਹੈ।'**

# ਲੋੜਾਂ ਦੇ ਰਿਸ਼ਤੇ

ਭਿੰਨ ਭਿੰਨ ਰਿਸ਼ਤਿਆਂ ਦੀ ਭਰਮਾਰ ਹੈ; ਪਰਿਵਾਰਕ ਰਿਸ਼ਤੇ, ਸਮਾਜਿਕ ਰਿਸ਼ਤੇ, ਸਿਆਸੀ ਰਿਸ਼ਤੇ, ਆਰਥਿਕ ਰਿਸ਼ਤੇ ਆਦਿ। ਇਨ੍ਹਾਂ ਸਾਰਿਆਂ ਵਿਚ ਹੀ ਲੋੜਾਂ ਦੇ ਰਿਸ਼ਤੇ ਸਮੋਏ ਹੋਏ ਹਨ। ਲੋੜਾਂ ਦੇ ਰਿਸ਼ਤੇ ਐਸੇ ਗੁਪਤ ਅਤੇ ਸੂਖਮ ਹਨ ਕਿ ਇਨ੍ਹਾਂ ਦਾ ਪਤਾ ਹੀ ਨਹੀਂ ਲੱਗਦਾ ਕਿ ਇਨ੍ਹਾਂ ਦੀ ਵੀ ਅਣਦਿਸ ਮੌਜੂਦਗੀ ਹੈ! ਲੋੜਾਂ ਦੇ ਰਿਸ਼ਤੇ ਦਿਸਦੇ ਨਹੀਂ, ਇਹ ਸਮਾਂ ਆਉਣ 'ਤੇ ਹੀ ਪਰਗਟ ਹੁੰਦੇ ਹਨ। ਜੇ ਹਾਲਾਤ ਇਕਸਾਰ ਚਲਦੇ ਰਹਿਣ ਤਾਂ ਕਈ ਵਾਰੀ ਪਤਾ ਹੀ ਨਹੀਂ ਲੱਗਦਾ ਤੇ ਇਹ ਪੂਰੀ ਦੀ ਪੂਰੀ ਪੀੜ੍ਹੀ ਅਲੋਪ ਰਹਿੰਦੇ ਹਨ, ਪਰ ਪਤਾ ਉਦੋਂ ਲੱਗਦਾ ਹੈ ਜਦੋਂ ਅ ਗ ਲੀ ਆਂ



 ਪੀੜ੍ਹੀਆਂ ਦਾ ਆਪਣਾ ਹੀ ਨਿਰਭਿੱਜ ਸੁਭਾਅ ਰੱਖਦਾ ਜੀਅ ਪਿਛਲਾ ਸਭ ਕੁੱਝ ਨਜ਼ਰਅੰਦਾਜ਼ ਕਰ ਇਸ ਨੂੰ ਇਕਦਮ ਧੜੱਮ ਪਰਗਟ

ਕਲਵੰਤ ਸਿੰਘ ਸਹੋਤਾ
ਫੋਨ: 604-589-5919

ਕਰ, ਬੇਰੁਖੀ ਅਤੇ ਖੁਦਗਰਜ਼ੀ ਦਾ ਚਾਨਣ ਕਰ ਦਿੰਦਾ ਹੈ। ਸਾਂਝੇ ਪਰਿਵਾਰਾਂ 'ਚ ਪੁਸ਼ਤਾਂ ਲੰਘ ਜਾਇਆ ਕਰਦੀਆਂ ਸਨ ਰਿਸ਼ਤਿਆਂ 'ਚ ਬੱਝਿਆਂ ਅਤੇ ਆਦਰ ਸਤਿਕਾਰ ਦੀਆਂ ਭਾਵਨਾਵਾਂ ਬਰਕਰਾਰ ਰੱਖਦਿਆਂ। ਰਿਸ਼ਤਿਆਂ 'ਚ ਛੁਪੀਆਂ ਗੁੱਝੀਆਂ ਗਰਜ਼ਾਂ ਦੀ ਪੂਰਤੀ ਦੀਆਂ ਲੋੜਾਂ ਦਾ ਚਿੰਨ ਦਿਸਦਾ ਹੀ ਨਹੀਂ ਸੀ ਹੁੰਦਾ। ਸਮਾਜ 'ਚ ਬਦਲਾਅ ਉਦੋਂ ਧੀਮੀ ਰਫਤਾਰ 'ਚ ਹੁੰਦਾ ਸੀ। ਜਿਉਂ ਜਿਉਂ ਬਦਲਦੇ ਯੁੱਗ ਦਾ ਮਸ਼ੀਨੀਕਰਨ ਹੋਣ ਲੱਗਾ ਤਿਉਂ ਤਿਉਂ ਰਿਸ਼ਤਿਆਂ ਦੀਆਂ ਤੈਹਾਂ 'ਚ ਲੁਕੀਆਂ ਲੋੜਾਂ ਵੀ ਝਾਤਮੋਰੀ ਕਰਨ ਲੱਗੀਆਂ ਤੇ ਇੰਜ ਸਦੀਆਂ ਤੋਂ ਬਣਿਆ ਰਿਸ਼ਤਿਆਂ ਦਾ ਸੰਤੁਲਨ ਵਿਗੜਨਾ ਸ਼ੁਰੂ ਹੋਣ ਲੱਗਾ।

ਨਵੇਂ ਆਏ ਮਸ਼ੀਨੀ ਯੁੱਗ ਨੇ ਤਾਂ ਤਰਥੱਲੀ ਹੀ ਮਚਾ ਦਿੱਤੀ ਹੈ; ਰਿਸ਼ਤਿਆਂ ਨੂੰ ਤਾਰ ਤਾਰ ਕਰ ਉਨ੍ਹਾਂ ਦੀ ਮਹੱਤਤਾ ਦੀ ਹੋਂਦ 'ਤੇ ਹੀ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਮੇਲ ਮਿਲਾਪ ਦੀ ਮੋਮਬੱਤੀ ਦੀ ਲਾਟ ਬੁੱਝ ਗਈ ਜਾਪਦੀ ਹੈ। ਮੇਲ ਮਿਲਾਪ ਸਿਰਫ ਲੋੜਾਂ ਤੱਕ ਹੀ ਸੀਮਤ ਹੁੰਦਾ ਜਾ ਰਿਹਾ ਹੈ; ਰਿਸ਼ਤੇ ਦੀ ਮਹੱਤਤਾ ਘੱਟ ਅਤੇ ਲੋੜਾਂ ਦੀ ਵੱਧ ਹੋ ਗਈ ਹੈ। ਸਾਂਝੇ ਪਰਿਵਾਰਾਂ ਨੂੰ ਇਕੱਠਿਆਂ ਰੱਖਣ ਅਤੇ ਜੋੜੀ ਰੱਖਣ ਵਾਲਾ ਸੀਮਿੰਟ ਖੱਖੜੀਆਂ ਹੋ ਖਿਲਰ ਗਿਆ ਹੈ ਤੇ ਇੰਜ ਰਿਸ਼ਤਿਆਂ ਦੀਆਂ ਇੱਟਾਂ ਖੇਰੂੰ ਖੇਰੂੰ ਹੋ ਖਿਲਰ ਪੁੱਲਰ ਗਈਆਂ ਹਨ। ਸਮੁੱਚੀ ਆਧੁਨਿਕ ਤਬਦੀਲੀ ਨੇ ਇਕ ਨਵਾਂ ਰੋਬੋਟਿਕ ਕਲਚਰ ਪੈਦਾ ਕਰ ਦਿੱਤਾ ਹੈ ਜੋ ਮਸ਼ੀਨਾਂ ਵਾਂਗ ਹੀ ਵਿਚਰਦਾ ਅਤੇ ਕੰਮ ਕਰਦਾ ਹੈ, ਇਸ ਨੇ ਪਰਿਵਾਰਾਂ ਦੇ ਰਿਸ਼ਤਿਆਂ ਦਾ ਸਹਿਜ, ਪਿਆਰ, ਅਪਣੱਤ ਤੇ ਸਤਿਕਾਰ ਦੀਆਂ ਖੂਬੀਆਂ ਅਲੋਪ ਕਰ ਦਿੱਤੀਆਂ ਹਨ। ਆਰਥਿਕ ਸਾਂਝ ਅਤੇ ਹੋਰ ਰਿਸ਼ਤੇ ਵੀ ਲੋੜਾਂ ਨਾਲ ਹੀ ਬੱਝ ਗਏ ਹਨ। ਦੁਨੀਆ 'ਚ ਬੇਅੰਤ ਸਿਆਸੀ ਗੱਠਜੋੜ ਬਣਦੇ ਅਤੇ ਟੁੱਟਦੇ ਹਨ; ਸਮਾਜਿਕ ਸਾਂਝਾਂ ਵੀ ਖੇਰੂੰ ਖੇਰੂੰ ਹੋਈ ਜਾ ਰਹੀਆਂ ਹਨ, ਜਿੱਧਰ ਪਾਈਆ ਜਾਂ ਦੋ ਰੱਤੀਆਂ ਆਰਥਿਕ ਲਾਭ ਜਾਂ ਹੋਰ ਮੁਫਾਦ ਦਿਸੇ ਉੱਧਰ ਹੀ ਪਲਟਾ ਮਾਰ ਜਾਣਾ ਪ੍ਰਮੁੱਖ ਹੈ। ਬਚਨਾਂ 'ਤੇ ਪ੍ਰਪੱਕ ਰਹਿਣ ਤੇ ਕੀਤੇ ਇਕਰਾਰਾਂ 'ਤੇ ਖੜ੍ਹੇ ਰਹਿਣ ਦੀ ਜ਼ਰੂਰਤ ਹੀ ਨਹੀਂ ਸਮਝੀ ਜਾਂਦੀ; ਸਿਰਫ ਮਨ ਦੀ ਹਉਮੈ ਦੇ ਸਨਮੁੱਖ ਥੋੜੇ ਜਿਹੇ ਹੁੰਦੇ ਫਾਇਦੇ ਨੂੰ ਮੁੱਖ ਰੱਖਦਿਆਂ ਰਿਸ਼ਤੇ ਨੂੰ ਤਾਰ ਤਾਰ ਕਰਦਿਆਂ ਮਿੰਟ ਵੀ ਨਹੀਂ ਲੱਗਦਾ: ਅੱਖ ਦੇ ਫੋਰ 'ਚ ਅੱਖਾਂ ਬਦਲ ਜਾਂਦੀਆਂ ਹਨ; ਕੀਤੇ ਬਚਨਾਂ ਅਤੇ ਇਕਰਾਰਾਂ 'ਤੇ ਖੜ੍ਹਨਾ ਮਖੌਲ ਬਣ ਕੇ ਰਹਿ ਗਿਆ ਹੈ। ਸਿਆਸੀ ਸੰਦਰਭ 'ਚ ਨਿਗ੍ਹਾ ਮਾਰੀਏ, ਚਾਹੇ ਉਹ ਪੰਜਾਬ ਹੋਵੇ, ਭਾਰਤ, ਜਾਂ ਕੋਈ ਹੋਰ ਮੁਲਕ, ਸਿਆਸਤ ਦੀ ਮੰਡੀ 'ਚ ਸ਼ਰੇਆਮ ਆਪਣੇ ਆਰਥਿਕ ਹਿੱਤਾਂ ਸਨਮੁੱਖ ਬੋਲੀ ਹੁੰਦੀ ਹੈ। ਸਭ ਰੂਲ-ਅਸੂਲ ਛਿੱਕੇ ਟੰਗ ਗੱਠਜੋੜ ਬਣਦੇ ਅਤੇ ਟੁੱਟਦੇ ਹਨ, ਜਿਹੜੀਆਂ ਪਾਰਟੀਆਂ ਅਤੇ ਸਿਆਸੀ ਲੀਡਰ ਅੱਜ ਤੱਕ ਇੱਕ ਦੂਜੇ ਨੂੰ ਪਾਣੀ ਪੀ ਪੀ ਕੋਸਦੇ ਅਤੇ ਭੰਡਦੇ ਸਨ, ਆਪਣਾ ਮੁਫਾਦੀ ਸਮਾਂ ਆਉਣ 'ਤੇ ਕਿਵੇਂ ਇਕ ਦੂਜੇ ਨੂੰ ਗਲਵੱਕੜੀਆਂ ਪਾ ਪਲਟੇ ਮਾਰਦੇ ਹਨ: ਪਰ ਨਾਲ ਹੀ, ਇਹ ਕਈਆਂ ਦੇ ਰਾਸ ਆਉਂਦੇ ਹਨ ਤੇ ਕਈ ਸਿਆਸੀ ਖੇਤਰਾਂ 'ਚ ਪਟਕਾਏ ਜਾਂਦੇ ਹਨ। ਦੁਨੀਆ ਪੱਧਰ 'ਤੇ ਮੁਲਕਾਂ ਦੇ ਗੱਠਜੋੜ ਵੀ ਆਪਸੀ ਹਿੱਤਾਂ ਦੇ ਆਧਾਰ 'ਤੇ ਹੀ ਬਣਦੇ ਅਤੇ ਟੁੱਟਦੇ ਆਏ ਹਨ; ਪਰ ਅੱਜ-ਕੱਲ ਇਹ ਸਭ ਅੰਤਾਂ ਦੇ ਨਿਘਾਰ ਤੱਕ ਪੁੱਜ ਗਏ ਹਨ। ਇਹ ਸਭ ਲੋੜਾਂ ਦੇ ਰਿਸ਼ਤਿਆਂ ਦੀ ਬਣ ਰਹੀ ਨਵੀਂ ਪਰਿਭਾਸ਼ਾ ਦਾ ਹੀ ਮੁਹਾਂਦਰਾ ਹੈ। ਇਨਸਾਨੀਅਤ ਖੰਭ ਲਾ ਕੇ ਉਡਾਰੀ ਮਾਰ ਰਹੀ ਹੈ।

ਜਦੋਂ ਲੋੜਾਂ ਬੇਸਬਰੀ ਨਾਲ ਵਧਾ ਲਈਆਂ ਜਾਣ ਤਾਂ ਰਿਸ਼ਤਿਆਂ ਦਾ ਘਾਣ ਹੋਣਾ ਯਕੀਨਨ ਬਣ ਜਾਂਦਾ ਹੈ। ਲੋੜਾਂ ਦੀ ਪੰਡ ਖੋਲ੍ਹ ਕੇ ਇਸ ਤਰ੍ਹਾਂ



ਖਿਲਾਰਾ ਪਾ ਦਿੱਤਾ ਕਿ ਉਹ ਸਾਰੀਆਂ ਤਾਂ ਕਿਸੇ ਭਾਅ ਵੀ ਪੂਰੀਆਂ ਨਹੀਂ ਹੋਣੀਆਂ, ਇਹ ਤਾਂ ਇੱਕ ਮਿਰਗ ਤ੍ਰਿਸ਼ਨਾ ਵਾਲੀ ਗੱਲ ਹੈ। ਰਿਸ਼ਤਿਆਂ ਦੀ ਨਿੰਗਰਤਾ ਅਤੇ ਸਦੀਵੀ ਪ੍ਰਪੱਕਤਾ ਹੋਣ ਕਰਕੇ ਜਿਹੜੀਆਂ ਲੋੜਾਂ ਸਹਿਜ ਸੁਭਾਅ ਆਪਣੇ ਆਪ ਹੀ ਸਮੇਂ ਦੇ ਹਾਲਾਤ ਬਣ-ਬਣਾ ਪੂਰੀਆਂ ਹੁੰਦੀਆਂ ਰਹਿੰਦੀਆਂ ਸਨ ਅਤੇ ਲੋੜਾਂ ਦਾ ਝੱਖੜਾ ਵਧਦਾ ਵੀ ਨਹੀਂ ਸੀ ਉਹ ਸਮੇਂ ਨੇ ਬਦਲ ਦਿੱਤਾ ਹੈ। ਨਾ ਇਖਲਾਖ ਰਿਹਾ, ਨਾ ਧਰਮ ਰਿਹਾ, ਨਾ ਜ਼ੁਬਾਨ ਰਹੀ ਅਤੇ ਨਾ ਹੀ ਬਚਨ ਤੋੜ ਨਿਭਾਉਣ ਦੇ ਸਿਰੜ। ਅੱਜ ਕੱਲ ਫੋਕੀ ਸੂਹਰਤ ਦੇ ਭਰਮ ਜਾਲ ਨੇ ਸਾਨੂੰ ਭੁਆਂਟਣੀਆਂ ਦੇ ਦਿੱਤੀਆਂ ਹਨ। ਸਮਾਜਿਕ ਮੰਜੇ ਦਾ ਤਾਣਾ-ਬਾਣਾ ਟੁੱਟ ਕੇ ਤੀਲਾ-ਤੀਲਾ ਹੋ ਗਿਆ ਹੈ। ਜਦੋਂ ਅਮੁੱਕ ਦੌੜਾਂ ਦੀ ਦੌੜ 'ਚ ਹੀ ਸਾਰੀ ਬਿਰਤੀ ਲੱਗੀ ਹੋਵੇ ਤਾਂ ਉਥੇ ਰਿਸ਼ਤੇ ਦੀ ਕੀ ਵੁੱਕਤ ਰਹਿ ਗਈ? ਸਥਿਰ, ਅਡੋਲ ਜੀਵਨ ਜਿਉਣ ਦੀ ਜਾਚ ਨੂੰ ਅਸੀਂ ਤਿਲਾਂਜਲੀ ਦੇ ਕੇ ਭਟਕਣ ਦੀ ਦੁਨੀਆ ਵਿਚ ਪ੍ਰਵੇਸ਼ ਕਰ ਲਿਆ ਹੈ। ਸਹਿਜ ਦੀ ਜ਼ਿੰਦਗੀ, ਸ਼ਾਂਤੀਪੂਰਵਕ ਜੀਵਨ ਜਿਉਣ ਦੀ ਵਿਧੀ ਨੂੰ ਅਸੀਂ ਪਦਾਰਥਾਂ ਨਾਲ ਤੋਲਣਾ ਮਿਣਨਾ ਸ਼ੁਰੂ ਕਰ ਦਿੱਤਾ ਹੈ। ਬੰਦੇ ਨੂੰ ਜਿਉਂਦਾ ਰਹਿਣ ਲਈ ਸਾਫ ਸ਼ੁੱਧ ਪਾਣੀ ਤੇ ਸਾਦੇ ਭੋਜਨ ਦੀ ਜ਼ਰੂਰਤ ਹੈ, ਪਰ ਅਸੀਂ ਹਬੜ-ਹਬੜ ਕਰਦੇ ਸਭ ਕੁੱਝ ਹੀ ਚੱਬੀ ਅਤੇ ਨਿਗਲੀ ਜਾਈ ਜਾ ਰਹੇ ਹਾਂ। ਪਦਾਰਥਵਾਦੀ ਯੁੱਗ ਨੇ ਬੰਦੇ ਨੂੰ ਵੀ ਪਦਾਰਥ ਹੀ ਬਣਾ ਦਿੱਤਾ ਹੈ, ਇਸੇ ਕਰਕੇ ਬੰਦੇ ਦਾ ਬੰਦੇ ਨਾਲ ਲਗਾਅ ਅਤੇ ਨੇੜਤਾ ਦਾ ਰੰਗ ਲਾਲ ਸੂਹਾ ਹੋਣ ਦੀ ਥਾਂ ਪੀਲਾ ਅਤੇ ਪਿਲਾ ਹੋ ਗਿਆ ਹੈ। ਜੇ ਕੋਈ ਲੋੜ ਹੈ ਤਾਂ ਨੇੜ ਨਹੀਂ ਤਾਂ ਤੂੰ ਕੌਣ ਅਤੇ ਮੈਂ ਕੌਣ ਵਾਲੀ ਗੱਲ ਬਣ ਗਈ ਹੈ। ਰਿਸ਼ਤੇ ਚਾਹੇ ਨਿੱਜੀ, ਪਰਿਵਾਰਕ, ਸਮਾਜਿਕ, ਆਰਥਿਕ, ਜਾਂ ਸਿਆਸੀ ਹੋਣ ਪਰ ਇਸ ਨੂੰ ਬੰਨ੍ਹ ਕੇ ਰੱਖਣ ਵਾਲੀ ਬੇੜ ਜਾਂ ਸੂੱਬ ਕਹਿ ਲਓ ਉਹ 'ਲੋੜ' ਹੀ ਬਣ ਕੇ ਰਹਿ ਗਈ ਹੈ। ਜੇ ਤੁਹਾਡੇ ਮਨ ਦੇ ਬਣੇ ਫੁਰਨੇ ਮੁਤਾਬਕ ਤੁਹਾਡੀ ਲੋੜ ਪੂਰੀ ਨਹੀਂ ਹੁੰਦੀ ਤਾਂ ਰਿਸ਼ਤਾ ਸਿਫਰ। ਜਦੋਂ ਬੰਦੇ ਦਾ ਮਨ ਬੇਲੋੜੀਆਂ ਲੋੜਾਂ ਦੀ ਪੰਡ ਦਿਨੇ ਰਾਤ ਸਿਰ 'ਤੇ ਚੁੱਕੀ ਫਿਰਦਾ ਹੋਵੇ ਤਾਂ ਉਸ ਕੋਲ ਰਿਸ਼ਤੇ ਦੀ ਮਹੱਤਤਾ ਸਮਝ ਸਕਣ ਲਈ ਵਿਹਲ ਕਿੱਥੋਂ ਹੈ? ਉਹ ਤਾਂ ਬੇਲੋੜੀਆਂ ਲੋੜਾਂ ਦਾ ਪਾਠ ਪੜ੍ਹਦਾ ਹੀ ਬੌਰਾ ਹੋਇਆ ਫਿਰਦਾ ਹੈ। ਮਨ 'ਤੇ ਭਾਰੂ ਆਪਣੀਆਂ ਲੋੜਾਂ ਅਤੇ ਖੁਦਗਰਜ਼ੀ ਤਹਿਤ ਹੀ ਰਿਸ਼ਤਿਆਂ ਨੂੰ ਤੋਲਣਾ ਅਤੇ ਮਿਣਨਾ ਨਹੀਂ ਚਾਹੀਦਾ, ਰਿਸ਼ਤੇ ਦੀ ਨਿੰਗਰਤਾ ਅਤੇ ਸਥਿਰਤਾ ਨੂੰ ਸਮਝਣਾ ਚਾਹੀਦਾ ਹੈ। ਨਿੰਗਰ ਰਿਸ਼ਤੇ ਲੋੜਾਂ ਦਾ ਝੱਖੜਾ ਵੀ ਸੀਮਤ ਰੱਖਦੇ ਹਨ।

ਮਾਂ ਦੇ ਸਰੀਰ 'ਚ ਬੱਚਾ ਪਲਦਾ ਹੈ, ਉਸ ਦੇ ਪੁੰਗਰਨ ਤੋਂ ਲੈ ਕੇ, ਪੂਰਾ ਸਰੀਰ ਬਣ ਕੇ ਜਿੰਨਾ ਚਿਰ ਉਹ ਇਸ ਦੁਨੀਆ 'ਚ ਪ੍ਰਵੇਸ਼ ਨਹੀਂ ਕਰਦਾ ਉਤਨਾ ਚਿਰ ਮਾਂ ਦੇ ਪੇਟ 'ਚ ਬੱਚੇ ਦੀ ਖਾਧ ਖੁਰਾਕ ਬੱਚੇ ਨੂੰ ਪਹੁੰਚਦੀ ਰਹਿੰਦੀ ਹੈ, ਪਰਵਰਿਸ਼ ਦੀਆਂ ਸਾਰੀਆਂ ਲੋੜਾਂ ਮਾਂ ਦੇ ਸਰੀਰ 'ਚ ਕੁਦਰਤੀ ਨਿਯਮਾਂ ਮੁਤਾਬਕ ਆਪਣੇ ਆਪ ਹੀ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ। ਹੁਣ ਸੋਚੋ ਕਿ ਬੱਚਾ ਮਾਂ ਤੋਂ ਕੁੱਝ ਮੰਗਦਾ ਹੈ ਕਿ ਮਾਂ ਮੈਨੂੰ ਆਹ ਦਿਓ ਜਾਂ ਔਹ ਦਿਓ? ਉਸ ਦੀ ਸਾਰੀ ਲੋੜ ਮਾਂ ਦੇ ਪੇਟ 'ਚ ਹੀ ਆਪਣੇ ਆਪ ਪੂਰੀ ਹੁੰਦੀ ਰਹਿੰਦੀ ਹੈ। ਮਾਂ ਬੱਚੇ ਦਾ ਰਿਸ਼ਤਾ ਅਟੁੱਟ ਹੈ। ਮਾਂ ਨੂੰ ਬੱਚੇ ਦੀ ਲੋੜ ਹੈ ਅਤੇ ਬੱਚੇ ਨੂੰ ਮਾਂ ਦੇ ਪੇਟ ਦੇ ਅੰਦਰ ਹੀ ਆਪਣੀ ਸਰੀਰਕ ਬਣਤਰ ਪੂਰੀ ਹੋਣ ਸਮੇਤ ਪੂਰੀ ਖਾਧ ਖੁਰਾਕ ਦੀ ਲੋੜ ਹੈ। ਇਹ ਸਭ ਕੁੱਝ ਨੇਮਬੱਧ ਤਰੀਕੇ ਨਾਲ ਚਲਦਾ ਰਹਿੰਦਾ ਹੈ। ਹੁਣ ਬੱਚਾ ਜਨਮ ਲੈਂਦਾ ਹੈ, ਜਨਮ ਲੈਣ ਤੋਂ ਬਾਅਦ ਮਾਂ ਬੱਚੇ ਦੀਆਂ ਸਭ ਲੋੜੀਂਦੀਆਂ ਲੋੜਾਂ, ਜਿਵੇਂ ਦੁੱਧ ਚੁੰਘਾਉਣਾ, ਪਿਆਉਣਾ, ਉਸ ਨੂੰ ਲੋਰੀਆਂ ਦੇ ਕੇ ਸੁਆਉਣਾ, ਨਹਾਉਣਾ-ਧੁਆਉਣਾ, ਕੱਪੜੇ ਬਦਲਣੇ ਆਦਿ ਪੂਰੀਆਂ ਕਰਦੀ ਰਹਿੰਦੀ ਹੈ। ਥੋੜੀ ਹੋਰ ਸੁਰਤ ਸੰਭਲਣ ਬਾਅਦ ਉਸ ਨੂੰ ਖਿਡੌਣੇ ਦਿੱਤੇ ਜਾਂਦੇ ਹਨ, ਉਹ ਉਨ੍ਹਾਂ ਨਾਲ ਖੇਡਦਾ ਹੈ। ਜਿਉਂ ਜਿਉਂ ਹੋਰ ਵੱਡਾ ਹੁੰਦਾ ਹੈ ਤਾਂ ਹੋਰ ਖਿਡੌਣੇ ਮੰਗਦਾ ਹੈ; ਮਾਂ ਨਾਲ ਸਟੋਰਾਂ 'ਚ ਜਾਣ ਲੱਗਦਾ ਹੈ ਤੇ ਜ਼ਿਦ ਕਰਦਾ ਹੈ ਕਿ ਮਾਂ ਮੈਂ ਆਹ ਲੈਣਾ ਹੈ ਔਹ ਲੈਣਾ ਹੈ, ਮਾਂ ਹੋੜਦੀ ਹੈ ਉਹ ਰੋਂਦਾ ਹੈ, ਜ਼ਿਦ ਕਰਦਾ ਹੈ, ਪਰ ਮਾਂ ਕੋਲ ਆਰਥਿਕ ਸਮਰੱਥਾ ਨਹੀਂ ਕਿ ਉਹ ਉਸ ਨੂੰ ਹਰ ਆਏ ਦਿਨ ਨਵੇਂ ਤੋਂ ਨਵੇਂ ਖੇਡ-ਖਿਡੌਣੇ ਲੈ ਲੈ ਦਿੰਦੀ ਰਹੇ। ਇਸ ਸਭ ਕੁੱਝ ਦੌਰਾਨ ਬੱਚਾ ਮਾਂ ਦੀਆਂ ਪਹਿਲੀਆਂ, ਮਾਂ ਦੇ ਪੇਟ 'ਚ ਪਰਵਰਿਸ਼ ਤੋਂ ਲੈ ਕੇ ਜਨਮ ਲੈਣ ਬਾਅਦ ਤੱਕ ਦੀਆਂ ਉਸ ਦੀਆਂ ਪੂਰੀਆਂ ਕੀਤੀਆਂ ਲੋੜਾਂ ਭੁੱਲ ਕੇ ਸਿਰਫ ਨਵੀਆਂ ਤੋਂ ਨਵੀਆਂ ਖੇਡਾਂ ਨਾ ਮਿਲਣ ਕਾਰਨ ਮਾਂ ਨੂੰ ਚੰਗੀ ਨਹੀਂ ਸਮਝਦਾ ਅਤੇ ਕਈ ਵਾਰ ਗੁੱਸੇ ਨਾਲ ਨਫਰਤ ਭਰੇ ਲਫਜ਼ ਵੀ ਬੋਲ ਜਾਂਦਾ ਹੈ ਕਿਉਂਕਿ ਉਸ ਦੇ ਫੁਰਨੇ ਮੁਤਾਬਕ ਉਸ ਨੂੰ ਨਵੀਆਂ ਖੇਡਾਂ ਨਹੀਂ ਮਿਲਦੀਆਂ। ਇੱਥੋਂ ਹੀ ਗੱਲ ਵਿਗੜਦੀ ਹੈ। ਪਹਿਲਾਂ ਲੋੜੀਂਦੀਆਂ ਲੋੜਾਂ ਮੁਤਾਬਕ ਲੋੜਾਂ ਪੂਰੀਆਂ ਹੁੰਦੀਆਂ ਰਹੀਆਂ, ਫਿਰ ਲੋੜੀਂਦੀਆਂ ਲੋੜਾਂ ਨਾਲੋਂ ਵੱਧ ਲੋੜਾਂ ਨੂੰ ਜੱਫਾ ਮਾਰ ਲਿਆ, ਜਿਨ੍ਹਾਂ ਬਿਨਾਂ ਸਰ ਸਕਦਾ ਹੈ। ਰਿਸ਼ਤੇ ਦੀ ਮਹੱਤਤਾ ਨਾਲੋਂ ਲੋੜਾਂ ਦੀ ਮਹੱਤਤਾ ਨੂੰ ਤਰਜੀਹ ਇੱਥੇ ਭਾਰੂ ਹੈ। ਬੱਚਾ ਵੱਡਾ ਹੁੰਦਾ ਹੈ, ਜੁਆਨੀ 'ਚ ਪੈਰ ਧਰਦਾ, ਪਿਆਰ ਦੀਆਂ ਪੀਂਘਾਂ ਪਾਉਂਦਾ ਹੈ, ਜੇ ਉਹ ਸਿਰੇ ਚੜ੍ਹ ਜਾਣ ਤਾਂ ਖੁਸ਼ ਨਹੀਂ ਤਾਂ ਨਿਰਾਸ਼ਤਾ ਦਾ ਮੂੰਹ ਦੇਖਦਾ ਹੈ। ਇੱਥੇ ਵੀ ਲੋੜ ਪਿਆਰ ਦੀ ਹੈ ਤੇ ਪਿਆਰ ਲਈ ਹੀ ਰਿਸ਼ਤਾ ਬਣਾਉਂਦਾ ਹੈ। ਫਿਰ ਵਿਆਹ ਹੋ ਕੇ ਵਿਆਹੁਤਾ ਬੰਧਨ 'ਚ ਬੱਝਦਾ ਹੈ, ਵਿਆਹੁਤਾ ਜੀਵਨ 'ਚ ਅਗਲੇ ਪੜਾਅ ਦੀਆਂ ਲੋੜਾਂ ਦੀ ਲੰਬੀ ਲਿਸਟ ਬਣਦੀ ਹੈ। ਹੁਣ ਜੇ ਦੋਵੇਂ ਜੀਅ ਧਰਤੀ 'ਤੇ ਪੈਰ ਰੱਖ ਕੇ ਆਪਣੇ ਵਿੱਤ ਤੇ ਸੀਮਤ ਸਾਧਨਾਂ ਮੁਤਾਬਕ, ਲੋੜਾਂ ਨੂੰ ਸੀਮਤ ਰੱਖ ਕੇ ਬਰਾਬਰ ਚੱਲਦੇ ਰਹਿਣ ਫਿਰ ਤਾਂ ਜੀਵਨ ਦੀ ਗੱਡੀ ਠੀਕ ਲੀਹ 'ਤੇ ਰਹੇਗੀ ਅਤੇ ਵਿਆਹੁਤਾ ਰਿਸ਼ਤਾ ਵੀ ਠੀਕ ਠਾਕ ਰਹੇਗਾ ਪਰ ਜੇ ਇੱਕ ਜਣਾ ਅਸਲੀਅਤ ਤੋਂ ਬਾਹਰ ਜਾ ਹਵਾ 'ਚ ਉਡਾਰੀਆਂ ਮਾਰ, ਖਿਆਲੀ ਦੁਨੀਆਂ 'ਚ ਉੱਡਣ ਲੱਗੇ ਤਾਂ ਰਿਸ਼ਤਿਆਂ 'ਚ ਖਟਾਸ ਬਣਨੀ ਸ਼ੁਰੂ ਹੋ ਜਏਗੀ।

ਕੰਮ ਦੀ ਲੋੜ ਹੈ, ਉਸ ਲਈ ਵੀ ਅੱਗੇ ਨਵੇਂ ਸੰਪਰਕ, ਅਤੇ ਨਵੇਂ ਰਿਸ਼ਤੇ ਗੰਢਣ ਦੀ ਗੱਲ ਤੁਰਦੀ ਹੈ। ਜਿੱਥੇ ਕੰਮ ਕਰਦੇ ਹੋ ਉਥੇ ਤੁਹਾਡੇ ਨਾਲ ਕੰਮ ਕਰਨ ਵਾਲਿਆਂ ਨਾਲ ਵਿੱਤ ਮੁਤਾਬਕ ਪੂਰਨ ਸੰਤੁਲਨ ਬਣਾ ਕੇ ਚੱਲਣ ਲਈ ਵੀ ਸੂਝ ਅਨੁਸਾਰ ਰਿਸ਼ਤੇ ਬਣਾਉਣ ਅਤੇ ਗੰਢਣ ਦੀ ਲੋੜ ਹੈ ਤਾਂ ਕਿ ਤੁਹਾਡਾ ਮਾਣ ਸਤਿਕਾਰ ਵੀ ਬਣਿਆ ਰਹਿ ਸਕੇ ਅਤੇ ਤੁਸੀਂ ਆਪਣੇ ਨਾਲ ਦੇ ਸਾਥੀਆਂ ਦਾ ਵੀ ਉਨ੍ਹਾਂ ਨੂੰ ਬਣਦਾ ਬਰਾਬਰ ਦਾ ਥਾਂ ਦੇ ਸਕੋ।

ਉੱਪਰ ਹੁਣ ਤੱਕ ਮੈਂ ਲੋੜਾਂ ਦੇ ਰਿਸ਼ਤਿਆਂ ਬਾਰੇ ਹੀ ਗੱਲ ਕੀਤੀ ਹੈ, ਪਰ ਇਹ ਸਾਰੀ ਲਿਖਤ ਅਧੂਰੀ ਰਹੇਗੀ ਜੇ ਮੈਂ ਇੱਕ ਘਟਨਾ ਜਿਹੜੀ ਰਿਸ਼ਤਿਆਂ ਦੀਆਂ ਲੋੜਾਂ ਵੱਲ ਵੀ ਧਿਆਨ ਦੁਆਉਂਦੀ ਹੈ ਬਾਰੇ ਗੱਲ ਨਾ ਕਰਾਂ। ਜ਼ਿੰਦਗੀ ਦਾ ਉਹ ਪੱਖ ਵੀ ਅਹਿਮ ਹੈ ਜਦੋਂ ਲੋੜਾਂ ਦੇ ਰਿਸ਼ਤੇ ਨਹੀਂ ਸਗੋਂ ਰਿਸ਼ਤਿਆਂ ਦੀ ਲੋੜ ਦੀ ਮਹੱਤਤਾ ਸਮਝੀ ਜਾਣੀ ਚਾਹੀਦੀ ਹੈ, ਜਿਸ ਦਾ ਇਕ ਬਿਰਤਾਂਤ ਮੈਂ ਸਾਂਝਾ ਕਰਦਾਂ। ਭਾਰਤ ਦੀ ਆਜ਼ਾਦੀ ਤੋਂ ਬਾਅਦ ਮੇਰੇ ਮਾਮਾ ਜੀ ਹੋਰਾਂ, ਪੰਜਾਬ ਦੀ ਜ਼ਮੀਨ ਵੇਚ ਕੇ ਯੂ ਪੀ ਜ਼ਿਲ੍ਹਾ ਰਾਮਪੁਰ ਜ਼ਮੀਨ ਖ੍ਰੀਦ ਕੇ ਉਸ ਨੂੰ ਆਬਾਦ ਕਰ ਉੱਥੇ ਖੇਤੀ ਕਰਨ ਲੱਗੇ, ਪਰ ਪਿੱਛੇ ਪੰਜਾਬ 'ਚ ਰਹਿੰਦੇ ਬਾਕੀ ਸਭ ਰਿਸ਼ਤੇਦਾਰਾਂ ਨਾਲ ਸਨੇਹ ਪਿਆਰ ਉਵੇਂ ਹੀ ਸੀ, ਸੋ ਉਹ ਹਰ ਮਹੀਨੇ-ਦੋ ਮਹੀਨਿਆਂ ਬਾਅਦ ਸਿਅਾਲਦਾ ਜਾਂ ਹਾਬੜਾ ਗੱਡੀ ਚੜ੍ਹ ਯੂ ਪੀ ਤੋਂ ਪੰਜਾਬ ਗੇੜਾ ਜ਼ਰੂਰ ਮਾਰਦੇ, ਸਭ ਰਿਸ਼ਤੇਦਾਰਾਂ ਨੂੰ ਮਿਲਦੇ ਗਿਲਦੇ ਤੇ ਮਗਰੋਂ ਸਾਡੇ ਕੋਲ ਇਕ ਜਾਂ ਦੋ ਰਾਤਾਂ ਰਹਿ ਵਾਪਸ ਯੂ ਪੀ ਮੁੜ ਜਾਂਦੇ। ਇਸੇ ਕਰਕੇ ਛੋਟੇ ਹੁੰਦਿਆਂ ਤੋਂ ਹੀ ਮੈਨੂੰ ਨਾਨਕੇ ਜਾਣ ਦਾ ਬਹੁਤ ਚਾਅ ਰਹਿੰਦਾ ਸੀ। ਇਕ ਵਾਰੀ ਮੇਰੇ ਨਾਨਕੀਂ ਜਾਣ ਦਾ ਭੂਤ ਸਿਰ 'ਤੇ ਐਸਾ ਸਵਾਰ ਹੋਇਆ ਕਿ ਮੈਂ ਜ਼ਿਦ ਕਰਨ ਲੱਗਾ ਕਿ ਮੈਂ ਤਾਂ ਯੂ ਪੀ ਨਾਨਕੇ ਜ਼ਰੂਰ ਜਾਣਾ ਹੈ। ਮੇਰੀ ਜ਼ਿਦ ਅਤੇ ਅੜੀ ਕਰਕੇ ਮੇਰੇ ਬੀਬੀ ਜੀ ਨੇ ਮੇਰੇ ਵੱਡੇ ਭਰਾ ਨੂੰ ਕਿਹਾ ਕਿ ਉਹ ਤਾਂ ਘਰ ਦਾ ਸਾਉਣੀ ਦੇ ਕੰਮ ਦਾ ਜ਼ੋਰ ਹੋਣ ਕਰਕੇ ਨਾਲ ਨਹੀਂ ਜਾ ਸਕਦੀ, ਤੂੰ ਜਾਹ ਹਰਮੰਦਰ ਸਿਹਾਂ ਇਸ ਨੂੰ ਲੁਧਿਆਣੇ ਹਾਵੜਾ ਮੇਲ ਗੱਡੀ ਚੜ੍ਹਾ ਆ। ਸੋ ਮੇਰਾ ਵੱਡਾ ਭਰਾ ਮੈਨੂੰ ਲੁਧਿਆਣੇ ਰੇਲਵੇ ਸਟੇਸ਼ਨ ਤੋਂ ਹਾਵੜਾ ਗੱਡੀ ਚੜ੍ਹਾ ਆਇਆ, ਉਦੋਂ ਮੈਂ ਦਸ ਸਾਲ ਦਾ ਸਾਂ; ਮੇਰੇ ਬੀਬੀ ਜੀ ਦੀਆਂ (ਮੇਰੀ ਮਾਂ) ਦਿੱਤੀਆਂ ਹਦਾਇਤਾਂ ਅਨੁਸਾਰ ਅੱਗੇ ਰਾਮਪੁਰ ਦੇ ਰੇਲਵੇ ਸਟੇਸ਼ਨ 'ਤੇ ਉੱਤਰ ਕੇ ਰਿਕਸ਼ੇ 'ਤੇ ਚੜ੍ਹ ਬੱਸ ਅੱਡੇ ਪੁੱਜ ਗਿਆ, ਤੇ ਉੱਥੋਂ ਨੈਨੀਤਾਲ ਵਾਲੀ ਬੱਸ ਚੜ੍ਹ ਬਿਲਾਸਪੁਰ ਜਾ ਉਤਰਿਆ। ਨੇੜੇ ਹੀ, ਜਿਵੇਂ ਬੀਬੀ ਜੀ ਨੇ ਦੱਸਿਆ ਹੋਇਆ ਸੀ, ਟਰੈਕਟਰ ਮੁਰੰਮਤ ਕਰਨ ਵਾਲੀ ਝੰਮਣ ਦੀ ਵਰਕਸ਼ਾਪ 'ਤੇ ਜਾ ਪੁੱਛਿਆ ਕਿ ਮੇਰੇ ਮਾਮਾ ਜੀ ਵੀ ਆਏ ਹਨ? ਉਸ ਦੱਸਿਆ ਕਿ ਉਹ ਤਾਂ ਨਹੀਂ ਆਏ ਪਰ ਤੁਹਾਡਾ ਇੱਕ ਹੋਰ ਸਬੰਧੀ ਆਇਆ ਹੋਇਆ ਹੈ, ਸੋ ਉਸ ਦੇ ਸਾਈਕਲ ਮਗਰ ਬੈਠ ਕੇ ਤਿੰਨ ਕੁ ਮੀਲ ਦੀ ਦੂਰੀ 'ਤੇ ਅਨਰੀਆ ਫਾਰਮ, ਨਾਨਕੇ ਘਰ ਜਾ ਪਹੁੰਚਿਆ। ਮੇਰੇ ਨਾਨੀ ਜੀ ਨੂੰ ਜਦੋਂ ਮੈਂ ਦੱਸਿਆ ਕਿ ਮੈਂ ਦੋ ਸੌ ਮੀਲ ਦਾ ਪੰਜਾਬ ਤੋਂ ਗੱਡੀ ਦਾ ਸਫਰ ਕਰ ਕੇ ਇਕੱਲਾ ਹੀ ਯੂ ਪੀ ਆਇਆ ਹਾਂ, ਤਾਂ ਉਸ ਨੇ ਦੋ ਦਿਨ ਮੇਰਾ ਸੱਚ ਨਾ ਮੰਨਿਆ, ਆਖੀ ਜਾਏ ਕਿ ਤੂੰ ਇਕੱਲਾ ਤਾਂ ਆ ਹੀ ਨਹੀਂ ਸਕਦਾ; ਕਹੇ ਕਿ ਬੀਬੀ (ਮੇਰੀ ਮਾਂ) ਦੂਸਰੇ ਮਾਮੇ ਕੋਲ ਸ਼ਮਸ਼ਾਬਾਦ ਅਟਕ ਗਈ ਹਊ। ਟੈਲੀਫੋਨ ਦੀ ਸੁਵਿਧਾ ਉਦੋਂ ਹੁੰਦੀ ਨਹੀਂ ਸੀ, ਪਰ ਚਿੱਠੀ ਭਾਰਤ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਤੀਸਰੇ ਦਿਨ ਪੁੱਜਦੀ ਹੋ ਜਾਂਦੀ ਸੀ। ਨਾਨਕਿਆਂ ਤੋਂ ਮਿਲਦੇ ਰਹੇ ਪਿਆਰ ਅਤੇ ਮਾਂ ਦੀਆਂ ਮੇਰੇ ਮਾਮਿਆਂ ਅਤੇ ਮਾਮੀਆਂ ਪ੍ਰਤੀ ਸਨੇਹ ਪਿਆਰ ਦੀਆਂ ਗੱਲਾਂ ਮੇਰੇ ਅੰਦਰ ਘਰ ਕਰ ਚੁੱਕੀਆਂ ਸਨ ਜਿਹੜੀਆਂ ਪਿਆਰ ਦੀ ਧੂਹ ਪਾਉਂਦੀਆਂ ਮੈਨੂੰ ਯੂ ਪੀ ਲੈ ਗਈਆਂ। ਕੈਨੇਡਾ ਆਉਣ ਤੱਕ ਸਾਲ 'ਚ ਮਹੀਨਾ ਮਹੀਨਾ ਉੱਥੇ ਰਹਿਣਾ ਮੈਨੂੰ ਬਹੁਤ ਖੁਸ਼ੀ ਦਿੰਦਾ ਸੀ, ਜਿਸ ਦੀ ਯਾਦ ਹਾਲੇ ਵੀ ਮੈਨੂੰ ਅਦੁੱਤੀ ਸਕੂਨ ਦਿੰਦੀ ਹੈ।

ਅੱਜ ਅਸੀਂ ਰਿਸ਼ਤੇ ਲੋੜਾਂ ਦੇ ਬਣਾ ਕੇ ਰੱਖ ਦਿੱਤੇ ਹਨ, ਇਸ ਗੱਲ ਵੱਲ ਧਿਆਨ ਕਰਨਾ ਚਾਹੀਦਾ ਹੈ ਕਿ ਰਿਸ਼ਤਿਆਂ ਦੀ ਸਾਂਝ, ਪਿਆਰ ਦੀਆਂ ਲੋੜਾਂ, ਖੁਦਗਰਜ਼ ਲੋੜਾਂ ਦੇ ਰਿਸ਼ਤਿਆਂ ਨਾਲੋਂ ਵੱਧ ਮਹੱਤਵਪੂਰਨ ਹਨ; ਤੇ ਰਿਸ਼ਤਿਆਂ ਨੂੰ ਸਿਰਫ ਆਪਣੀਆਂ ਲੋੜਾਂ ਤੱਕ ਹੀ ਸੀਮਤ ਨਹੀਂ ਰੱਖਣਾ ਚਾਹੀਦਾ, ਸਗੋਂ ਇਸ ਰਿਸ਼ਤੇ ਦੇ ਬੂਟੇ ਨੂੰ ਮੇਲ ਮਿਲਾਪ ਰੂਪੀ ਪਾਣੀ ਨਾਲ ਸਿੰਜਦੇ ਰਹਿਣਾ ਚਾਹੀਦਾ ਹੈ ਤਾਂ ਕਿ ਇਹ ਹਰਿਆ ਭਰਿਆ ਤੇ ਟਹਿਕਦਾ ਰਹਿ ਸਕੇ।

---

(ਪਿਛਲੇ ਸਫੇ ਦਾ ਬਾਕੀ)

ਦੇ ਪਰਮ-ਆਤਮ ਨੂੰ ਅਰਾਧਿਆ ਹੈ, ਜਿਸ ਕੋਲ ਆਤਮਾ ਦੇ ਸੱਚੇ ਜੀਵਨ ਦੀਆਂ ਚੰਗਿਆਈਆਂ ਨੂੰ ਦੁਜਿਆਂ ਵਿਚ ਸੰਚਾਰ ਕਰਨ ਦੀ ਸ਼ਕਤੀ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਦੁਆਰਾ ਸਥਾਪਿਤ ਸਿੱਖ ਸੰਗਤ ਨੂੰ ਪੰਥ ਜਾਂ ਮਾਰਗ ਦੀ ਹੀ ਸੰਗਿਆ ਦਿੱਤੀ ਹੈ ਅਤੇ ਇਸ ਨੂੰ ਕਿਸੇ ਫਿਰਕੇ ਨਾਲ ਨਹੀਂ ਜੋੜਿਆ। ਪੂਰਨਤਾ ਤਕ ਪੁੱਜਣ ਲਈ ਸਾਰੀ ਮਨੁੱਖ ਜਾਤੀ ਲਈ ਇਹ ਗਾਡੀ-ਰਾਹ ਹੈ।'

ਫਿਲਾਸਫੀ ਦੀ ਪੱਧਰ ਉਤੇ ਗੁਰੂ ਸਾਹਿਬ ਦੀ ਟੱਕਰ ਬ੍ਰਾਹਮਣਵਾਦੀ ਸੋਚ ਪ੍ਰਬੰਧ ਨਾਲ ਸੀ ਤੇ ਕੁਦਰਤੀ ਸਾਧਨਾਂ ਦੀ ਮਾਲਕੀ ਲਈ ਉਨ੍ਹਾਂ ਦੀ ਟੱਕਰ ਮੁਸਲਮਾਨ ਰਜਵਾੜਾਸ਼ਾਹੀ ਨਾਲ ਸੀ। ਪਰ ਕਿਤੇ ਵੀ ਗੁਰੂ ਸਾਹਿਬ ਨੇ ਮੁਸਲਮਾਨਾਂ ਅਤੇ ਹਿੰਦੂਆਂ ਪ੍ਰਤੀ ਨਫ਼ਰਤ ਨਹੀਂ ਭਰੀ ਤੇ ਨਾ ਹੀ ਸਿੱਖ ਪੰਥ ਕਿਸੇ ਭਾਈਚਾਰੇ ਨਾਲ ਟਕਰਾਅ ਦੇ ਰੂਪ ਵਿਚ ਵਿਕਸਿਤ ਹੋਇਆ ਹੈ। ਗੁਰੂ ਦੇ ਸਿੱਖ ਦੀ ਮਨੁੱਖੀ ਹੋਂਦ ਬ੍ਰਹਿਮੰਡੀ ਹੈ। ਜੋ ਬ੍ਰਹਮੰਡੇ ਪਿੰਡੇ ਸੋ ਜਾਨੁ॥ (ਪੰਨਾ 1162) ਇਸੇ ਕਰਕੇ ਸਿੱਖ ਇਕ ਅਕਾਲ ਦਾ ਪੁਜਾਰੀ ਹੈ। ਇਸੇ ਕਰਕੇ ਉਹ ਹਰ ਵੇਲੇ ਸਰਬੱਤ ਦੇ ਭਲੇ ਤੇ ਸਰਬ-ਸਾਂਝੀਵਾਲਤਾ ਦੀ ਅਰਦਾਸ ਕਰਦਾ ਹੈ। ਇਹ ਪਛਾਣ ਧਰਤੀ ਦੇ ਕਿਸੇ ਖਿੱਤੇ ਨਾਲ ਬੱਝੀ ਹੋਈ ਨਹੀਂ ਬਲਕਿ ਸੰਸਾਰ ਭਰ ਦੇ ਲੋਕਾਂ ਦੀ ਆਤਮਿਕ ਮੁਕਤੀ ਵਾਸਤੇ ਸੰਘਰਸ਼ਸ਼ੀਲ ਹੋਣ ਲਈ ਵਚਨਬੱਧ ਹੈ। ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਬਾਅਦ ਹਿੰਦੂ-ਮੁਸਲਮਾਨ ਬਿਰਤਾਂਤ ਬਦਲ ਚੁੱਕਾ ਹੈ। ਇਸ ਬਿਰਤਾਂਤ ਨੂੰ ਅੰਗਰੇਜ਼ ਸਾਮਰਾਜੀਆਂ ਨੇ ਕਿਵੇਂ ਵਿਗਾੜਿਆ ਤੇ ਸਿੰਘ ਸਭਾਈਆਂ ਦੀ ਇਕ ਧਿਰ ਨੇ ਕਿਵੇਂ ਉਨ੍ਹਾਂ ਦਾ ਸਾਥ ਦਿੱਤਾ, ਲਿਖਤ ਲੰਮੀ ਹੋ ਜਾਣ ਦੇ ਡਰੋਂ ਇਸ ਦਾ ਵੇਰਵਾ ਅਗਲੀ ਲਿਖਤ ਵਿਚ ਦੇਣ ਦਾ ਯਤਨ ਕਰਾਂਗੇ।

# ਲਾਹੌਰ: ਹਿੰਦੁਸਤਾਨ ਦਾ ਪੈਰਿਸ

***ਦੀਨਾ ਨਾਥ ਮਲਹੋਤਰਾ ਦਾ ਪ੍ਰਕਾਸ਼ਨ ਅਤੇ ਸਮਾਜਿਕ ਜਗਤ ਵਿਚ ਬੜਾ ਵਿਲੱਖਣ ਸਥਾਨ ਹੈ। ਉਹ ਭਾਰਤ ਵਿਚ ਪੇਪਰਬੈਕ ਪ੍ਰਕਾਸ਼ਨ ਦੇ ਮੋਢੀ ਗਿਣੇ ਜਾਂਦੇ ਹਨ। ਇਸ ਲੰਮੇ ਲੇਖ ਵਿਚ ਉਨ੍ਹਾਂ ਪੰਜਾਬ ਦੇ ਮਸ਼ਹੂਰ ਸ਼ਹਿਰ ਲਾਹੌਰ ਬਾਰੇ ਕਿੱਸਾ ਛੇੜਿਆ ਹੈ ਜਿਸ ਦੀ ਪਹਿਲੀ ਕਿਸ਼ਤ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। ਇਸ ਦਾ ਅਨੁਵਾਦ ਐੱਸ ਬਲਵੰਤ ਨੇ ਕੀਤਾ ਹੈ ਜੋ ਖੁਦ ਪ੍ਰਕਾਸ਼ਨ ਦੇ ਕਾਰੋਬਾਰ ਨਾਲ ਜੁੜੇ ਰਹੇ ਹਨ।***

***"ਜਿਸ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਹੀ ਨਹੀਂ...।"***

*-ਇਕ ਮਸ਼ਹੂਰ ਨਾਟਕ ਦਾ ਨਾਂ*

ਪੰਜਾਬ ਹੀ ਨਹੀਂ ਸਗੋਂ ਸਾਰੇ ਉੱਤਰੀ ਭਾਰਤ ਤੋਂ ਅੱਗੇ ਵੀ ਲਾਹੌਰ ਦੀ ਖ਼ਾਸ ਪਛਾਣ ਬਣੀ ਹੋਈ ਸੀ। ਉਹ ਵਿੱਦਿਆ ਦਾ ਬਹੁਤ ਵੱਡਾ ਕੇਂਦਰ ਸੀ। ਆਪਣੀ ਚਮਕ-ਦਮਕ ਤੇ ਖ਼ਾਸ ਤੌਰ ਤਰੀਕਿਆਂ ਕਾਰਨ ਇਹ ਭਾਰਤ ਵਿਚ ਤਾਂ ਮਸ਼ਹੂਰ ਸੀ ਹੀ, ਨਾਲ ਹੀ ਇਹ ਭਾਰਤ ਦਾ ਪੈਰਿਸ ਵੀ ਕਿਹਾ ਜਾਂਦਾ ਸੀ। ਉਥੋਂ ਦੀ ਇਕ-ਇਕ ਸੜਕ ਅਤੇ ਮਾਰਕੀਟ 'ਚ ਲੋਕ ਬਹੁਤ ਚਾਅ ਨਾਲ ਆਉਂਦੇ ਸਨ। ਇਸ ਸ਼ਹਿਰ ਬਾਰੇ ਬਹੁਤ ਸਾਰੀਆਂ ਇਤਿਹਾਸਕ ਕਹਾਣੀਆਂ ਵੀ ਜੁੜੀਆਂ ਹੋਈਆਂ ਸਨ। ਇਕ ਤਾਂ ਇਹ ਵੀ ਕਿਹਾ ਜਾਂਦਾ ਸੀ ਕਿ ਇਸ ਸ਼ਹਿਰ ਦੀ ਨੀਂਹ ਰਾਜਾ ਰਾਮਚੰਦਰ ਦੇ ਪੁੱਤਰ ਲਵ ਨੇ ਰੱਖੀ ਸੀ।



ਇਥੋਂ ਦਾ ਅਨਾਰਕਲੀ ਬਾਜ਼ਾਰ ਬਹੁਤ ਮਸ਼ਹੂਰ ਸੀ। ਉਥੇ ਵੱਡੀਆਂ-ਵੱਡੀਆਂ

**ਦੀਨਾ ਨਾਥ ਮਲਹੋਤਰਾ**
**ਅਨੁਵਾਦ: ਐੱਸ. ਬਲਵੰਤ**

ਕੱਪੜੇ ਦੀਆਂ, ਜਨਰਲ ਮਰਚੈਂਟਾਂ ਦੀਆਂ, ਜੁੱਤੀਆਂ ਦੀਆਂ, ਕਰਾਕਰੀ ਦੀਆਂ ਦੁਕਾਨਾਂ ਸਨ ਤੇ ਸਾਰੇ ਪੰਜਾਬ ਦੇ ਲੋਕ ਉਥੇ ਖਰੀਦਦਾਰੀ ਕਰਨ ਆਉਂਦੇ ਸਨ! ਇਥੋਂ ਦੀਆਂ ਮਸ਼ਹੂਰ ਦੁਕਾਨਾਂ ਜਿਨ੍ਹਾਂ ਦੇ ਨਾਂ ਵਜਦੇ ਸਨ, ਉਨ੍ਹਾਂ 'ਚੋਂ ਕੁਝ ਕੁ ਹਨ- ਭੱਲਾ ਬੂਟਾ ਵਾਲਾ ਤੇ ਕਰਨਾਲ ਬੂਟ ਸ਼ਾਪ, ਜਗਤ ਸਿੰਘ ਕਵਾਤਰਾ ਜਨਰਲ ਸਟੋਰ, ਧਨੀ ਰਾਮ ਦੀ ਲੋਹੇ ਦੇ ਸਮਾਨ ਦੀ ਦੁਕਾਨ, ਕਾਂਸ਼ੀ ਰਾਮ ਜਨਰਲ ਮਰਚੈਂਟ, ਲਾਹੌਰ ਮਿਊਜ਼ਿਕ ਸ਼ਾਪ, ਦੋ ਤਿੰਨ ਸਕੂਲੀ ਕਿਤਾਬਾਂ ਦੇ ਵੱਡੇ ਪ੍ਰਕਾਸ਼ਕਾਂ ਦੇ ਦਫਤਰ- ਗੁਲਾਬ ਚੰਦ ਕਪੂਰ ਅਤੇ ਰਾਮ ਲਾਲ ਸੂਰੀ। ਇਸੇ ਤਰ੍ਹਾਂ ਬੋਤਲਾਂ ਅਤਰ ਚੰਦ ਕਪੂਰ, ਯਾਨੀ ਏਰੀਏਟਿਡ ਵਾਟਰ ਵਾਲਾ, ਕੇਸਰੀ ਅਤੇ ਸ਼ੁਰੂ ਦੇ ਕਿਨਾਰੇ ਵਾਲਾ ਕੁੰਦਨ ਲਾਲ ਹਲਵਾਈ ਤੇ ਫਿਰ ਭਗਵਾਨ ਸਿੰਘ ਦਹੀਂ ਦੀ ਲੱਸੀ ਵਾਲਾ ਵੀ ਸੀ।

ਇਸ ਤੋਂ ਇਲਾਵਾ ਹੋਰ ਵੀ ਪ੍ਰਸਿੱਧ ਦੁਕਾਨਾਂ ਸਨ ਪਰ ਭਗਵਾਨ ਸਿੰਘ ਦੀ ਦੁੱਧ-ਦਹੀ ਅਤੇ ਲੱਸੀ ਦੀ ਦੁਕਾਨ ਤਾਂ ਬਹੁਤ ਹੀ ਮਸ਼ਹੂਰ ਸੀ। ਇਸ ਦੁਕਾਨ 'ਤੇ ਤਗੜੇ-ਤਗੜੇ ਲੋਕ ਹਰ ਸਮੇਂ ਵੱਡੀਆਂ-ਵੱਡੀਆਂ ਗੜਵੀਆਂ ਜਿਨ੍ਹਾਂ ਦਾ ਸਾਈਜ਼ ਵਲਟੋਹੀਆਂ ਵਰਗਾ ਹੁੰਦਾ ਸੀ, ਵਿਚ ਲੱਸੀ ਬਣਾਉਂਦੇ ਰਹਿੰਦੇ ਸਨ। ਇਹ ਦੁਕਾਨ ਸਵੇਰੇ ਚਾਰ ਵਜੇ ਸ਼ੁਰੂ ਹੋ ਜਾਂਦੀ ਸੀ ਤੇ ਸਿਰਫ ਦੋ ਘੰਟੇ ਹੀ ਕੰਮ ਚੱਲਦਾ ਸੀ। ਸਭ ਤੋਂ ਮੂਹਰੇ ਵੱਡੀ ਭੱਠੀ 'ਤੇ ਉਬਲਣ ਲਈ ਦੁੱਧ ਦਾ ਕੜਾਹਾ ਰੱਖਿਆ ਹੁੰਦਾ ਸੀ ਜਿਸ ਉੱਪਰ ਭਰਪੂਰ ਮਲਾਈ ਨੇ ਮੱਲ ਮਾਰੀ ਹੋਈ ਹੁੰਦੀ ਸੀ। ਉਸ ਉੱਪਰ ਵੀ ਬਾਦਾਮ ਤੇ ਛੁਹਾਰੇ ਤਰਦੇ ਨਜ਼ਰ ਆਉਂਦੇ ਸਨ। ਇਥੇ ਆਮ ਤੌਰ 'ਤੇ ਅੱਧਾ ਕਿੱਲੋ ਦੁੱਧ ਲੈਣ ਵਾਲੇ ਲੋਕ ਆਉਂਦੇ ਤੇ ਕੁਝ ਤਕੜੇ ਤੇ ਅਮੀਰ ਲੋਕ ਤਿੰਨ ਪਾਅ ਦੁੱਧ ਲੈਣ ਆਉਂਦੇ। ਬਾਹਰੋਂ ਆਏ ਲੋਕ ਲੱਸੀ ਵੀ ਤਿੰਨ ਪਾਅ ਦਹੀਂ ਦੀ ਬਣਵਾਉਂਦੇ ਸਨ। ਕਈ ਵਾਰ ਇਸ 'ਚ ਅਸਲੀ ਖੋਏ ਦੇ ਤਿੰਨ ਚਾਰ ਪੇੜੇ ਵੀ ਪੁਆ ਲੈਂਦੇ ਸਨ। ਇਹ ਜ਼ਬਰਦਸਤ ਲੱਸੀ ਹੁੰਦੀ ਸੀ ਤੇ ਦੁੱਧ ਦੇ ਵੱਡੇ-ਵੱਡੇ ਗਲਾਸ ਹੁੰਦੇ ਸਨ ਜਿਨ੍ਹਾਂ ਨੂੰ ਕੜੇ ਵਾਲੇ ਗਲਾਸ ਕਿਹਾ ਜਾਂਦਾ ਸੀ।


ਦੁਕਾਨ ਦੇ ਬਾਹਰ ਅੱਠ-ਦਸ ਲੋਹੇ ਦੀਆਂ ਕੁਰਸੀਆਂ ਹੁੰਦੀਆਂ ਜਿਥੇ ਲੋਕ ਆ ਕੇ ਬੈਠਦੇ ਤੇ ਦੁੱਧ ਜਾਂ ਦਹੀਂ ਦੀ ਲੱਸੀ ਪੀਂਦੇ। ਉਨ੍ਹਾਂ ਦੇ ਵਧੇਰੇ ਕਰਕੇ ਗਾਹਕ ਦੂਜੇ ਸ਼ਹਿਰਾਂ 'ਚੋਂ ਆਏ ਹੁੰਦੇ। ਉਹ ਉਚੇ ਲੰਮੇ ਕੱਦ ਦੇ ਲੰਮ-ਧੜੰਮੇ ਜੱਟ ਹੁੰਦੇ ਜਿਨ੍ਹਾਂ ਦੇ ਹੱਥਾਂ 'ਚ ਲਾਠੀਆਂ ਹੁੰਦੀਆਂ ਤੇ ਉੱਪਰ ਪਿੱਤਲ ਦੇ ਕੜੇ ਲੱਗੇ ਹੁੰਦੇ। ਇਹ ਲੋਕ ਆਮ ਤੌਰ 'ਤੇ ਕਚਹਿਰੀ 'ਚ ਮੁਕੱਦਮਿਆਂ ਦੀਆਂ ਤਰੀਕਾਂ ਭੁਗਤਣ ਆਉਂਦੇ ਪਰ ਪਹਿਲ ਇਹ ਹੁੰਦੀ ਕਿ ਭਗਵਾਨ ਸਿੰਘ ਦੀ ਦੁਕਾਨ 'ਤੇ ਜਾ ਕੇ ਮਲਾਈ ਵਾਲਾ ਦੁੱਧ ਜਾਂ ਲੱਸੀ ਪੀਤੀ ਜਾਏ, ਫਿਰ ਹੀ ਅੱਗੇ ਜਾਣਾ ਹੈ। ਇਹਦੀ ਬਹੁਤ ਹੀ ਦਿਲਚਸਪ ਦਿੱਖ ਹੁੰਦੀ ਸੀ। ਕੁਝ ਲੋਕ ਕੁਰਸੀਆਂ 'ਤੇ ਬੈਠੇ ਤੇ ਕੁਝ ਖੜ੍ਹੇ ਲੱਸੀ ਤੇ ਦੁੱਧ ਦਾ ਆਨੰਦ ਮਾਨਣ ਉਪਰੰਤ ਮੁੱਛਾਂ ਸਾਫ ਕਰ ਕੇ ਉਨ੍ਹਾਂ ਨੂੰ ਤਾਅ ਦਿੰਦੇ ਅਤੇ ਮੁੜ ਕਚਹਿਰੀ ਵਲ ਵਹੀਰਾ ਘੱਤ ਤੁਰਦੇ। ਭਗਵਾਨ ਸਿੰਘ ਦੀ ਦੁਕਾਨ ਜਿਵੇਂ ਅਨਾਰਕਲੀ ਬਾਜ਼ਾਰ ਦਾ ਪਹਿਲਾ ਮੁਕਾਮ ਬਣ ਗਈ ਸੀ। ਹਰ ਇੱਕ ਪਹਿਲਾਂ ਉਥੇ ਰੁਕਦਾ, ਸਾਹ ਲੈਂਦਾ, ਕੁਝ ਪੀਂਦਾ ਤੇ ਫਿਰ ਤੁਰ ਪੈਂਦਾ। ਇਸ ਦੁਕਾਨ ਦੀ ਮਸ਼ਹੂਰੀ ਪੂਰੇ ਪੰਜਾਬ 'ਚ ਹੋ ਚੁੱਕੀ ਸੀ।

ਅਨਾਰਕਲੀ ਬਾਜ਼ਾਰ ਬਾਰੇ ਇਕ ਕਹਾਣੀ ਸੀ ਕਿ ਉਸ ਦਾ ਨਾਂ ਅਨਾਰਕਲੀ ਕਿਵੇਂ ਪਿਆ। ਕਹਿੰਦੇ ਨੇ, ਫਾਰਸ ਦੇਸ਼ ਦਾ ਇਕ ਸੌਦਾਗਰ ਪਰਿਵਾਰ ਆਪਣੇ ਨਾਲ ਮਾਲ-ਸਮਾਨ ਲੈ ਕੇ ਹਿੰਦੁਸਤਾਨ ਆ ਰਿਹਾ ਸੀ ਤੇ ਰਾਹ 'ਚ ਡਾਕੂਆਂ ਨੇ ਉਹਦਾ ਸਮਾਨ ਲੁੱਟ ਲਿਆ ਤੇ ਉਹਨੂੰ ਵੀ ਮਾਰ ਦਿੱਤਾ। ਉਹਦੀ ਇਕ ਕੁੜੀ ਬਚੀ ਸੀ ਜਿਸ ਨੂੰ ਮੁਗ਼ਲ ਬਾਦਸ਼ਾਹ ਦੇ ਦਰਬਾਰ 'ਚ ਭੇਟ ਕਰ ਦਿੱਤਾ ਗਿਆ। ਉਹ ਬਹੁਤ ਖ਼ੂਬਸੂਰਤ ਸੀ ਤੇ ਉਸ ਨੂੰ ਅਕਬਰ ਬਾਦਸ਼ਾਹ ਦੇ ਦਰਬਾਰੇ ਨੱਚਣ-ਗਾਉਣ ਲਈ ਨਾਮਜ਼ਦ ਕਰ ਦਿੱਤਾ ਗਿਆ। ਬਾਦਸ਼ਾਹ ਸਲਾਮਤ ਨੇ ਉਸ ਦਾ ਨਾਂ 'ਅਨਾਰ ਦੀ ਕਲੀ' ਰੱਖ ਦਿੱਤਾ ਜੋ ਮਗਰੋਂ ਅਨਾਰਕਲੀ ਬਣ ਗਿਆ ਤੇ ਉਸੇ ਦੇ ਨਾਂ ਨਾਲ ਬਾਜ਼ਾਰ ਦਾ ਨਾਂ ਪੈ ਗਿਆ।

ਮਗਰੋਂ ਦੀ ਇਕ ਕਹਾਣੀ ਇਹ ਵੀ ਹੈ ਕਿ ਉਹ ਸ਼ਾਹਜਹਾਨ ਸਲੀਮ ਦੀਆਂ ਅੱਖਾਂ ਨੂੰ ਭਾਅ ਗਈ ਤੇ ਜਦ ਉਸ ਦੇ ਪ੍ਰੇਮ-ਪ੍ਰਸੰਗ ਦਾ ਬਾਦਸ਼ਾਹ ਅਕਬਰ ਨੂੰ ਪਤਾ ਲੱਗਾ ਤਾਂ ਉਨ੍ਹਾਂ ਅਨਾਰਕਲੀ ਨੂੰ ਮਰਵਾ ਦਿੱਤਾ। ਇਸ ਅਮਰ ਪ੍ਰੇਮ-ਕਹਾਣੀ ਤੇ ਕਈ ਫਿਲਮਾਂ ਵੀ ਬਣੀਆਂ ਹਨ। ਬਾਜ਼ਾਰ ਦੇ ਨਾਂ ਨਾਲ ਅਨਾਰਕਲੀ ਦਾ ਨਾਂ ਜੁੜਨ ਨਾਲ ਉਹ ਵੀ ਅਮਰ ਹੋ ਗਈ ਤੇ ਲੋਅਰ ਮਾਲ ਰੋਡ 'ਤੇ ਅਨਾਰਕਲੀ ਦੀ ਕਬਰ ਦੀ ਬਣੀ ਹੋਈ ਹੈ।

ਭਗਵਾਨ ਸਿੰਘ ਤੋਂ ਅੱਗੇ ਚੱਲ ਕੇ ਕਾਂਸ਼ੀਰਾਮ ਜਨਰਲ ਮਰਚੈਂਟ ਦੀ ਦੁਕਾਨ ਸੀ ਅਤੇ ਉਸ ਦੇ ਉੱਪਰ ਕਰਤਾਰ ਸਿੰਘ ਦਾ ਹਾਰਮੋਨੀਅਮ ਠੀਕ ਕਰਨ ਦਾ ਕਾਰਖਾਨਾ ਸੀ। ਉਥੇ ਹੀ ਸ਼ਾਮ ਵੇਲੇ ਇਕ ਕਮਰੇ 'ਚ ਗਾਣਾ ਸਿਖਾਉਣ ਵਾਲੇ ਮਾਸਟਰ ਪੰਡਤ ਉੱਤਮ ਚੰਦ ਸੰਗੀਤ ਸਿਖਾਉਣ ਦਾ ਸਕੂਲ ਚਲਾਉਂਦੇ ਹੁੰਦੇ ਸਨ। ਦਿਨ ਵੇਲੇ ਉਹ ਰੱਜਦੇ ਪੁੱਜਦੇ ਘਰਾਂ ਦੀਆਂ ਇਸਤਰੀਆਂ ਨੂੰ ਉਨ੍ਹਾਂ ਦੇ ਘਰਾਂ 'ਚ ਜਾ ਕੇ ਸੰਗੀਤ ਸਿਖਾਉਂਦੇ ਹੁੰਦੇ ਸਨ। ਉਨ੍ਹਾਂ ਦੀ ਮਸ਼ਹੂਰੀ ਇਸ ਕਰ ਕੇ ਵੀ ਸੀ ਕਿ ਉਹ ਹਾਰਮੋਨੀਅਮ ਦੇ ਉਲਟੇ ਪਾਸੇ ਬੈਠ ਅੱਖਾਂ ਬੰਦ ਕਰ ਕੇ ਵੀ ਉਸ ਨੂੰ ਵਜਾਉਣਾ ਸਿਖਾ ਸਕਦੇ ਸਨ। ਔਰਤਾਂ 'ਚ ਇਸ ਤਰ੍ਹਾਂ ਦੂਰ ਬੈਠ ਕੇ ਸੰਗੀਤ ਸਿਖਾਉਣਾ, ਉਨ੍ਹਾਂ ਦੀ ਅਹਿਮੀਅਤ ਤੇ ਸਤਿਕਾਰ 'ਚ ਵਾਧਾ ਕਰਦਾ ਸੀ। ਉਨ੍ਹਾਂ ਦੀ ਪ੍ਰਤਿਭਾ ਤੇ ਇਮਾਨਦਾਰੀ ਦਾ ਪ੍ਰਮਾਣ ਹੋਣ ਕਰ ਕੇ ਉਨ੍ਹਾਂ ਨੂੰ ਵੱਡੇ ਰੱਜੇ ਪੁੱਜੇ ਘਰਾਂ 'ਚ ਜਾਣ ਦੀ ਇੱਜ਼ਤ ਹਾਸਲ ਸੀ। ਉਨ੍ਹਾਂ ਦੀ ਫੀਸ ਪੰਜ ਤੋਂ ਦਸ ਰੁਪਏ ਮਹੀਨਾ ਹੁੰਦੀ ਸੀ।

ਸੜਕ ਦੇ ਦੂਜੇ ਪਾਸੇ ਦੋ ਪਠਾਣ ਛੁਰੀਆਂ ਅਤੇ ਚਾਕੂ ਦੀ ਧਾਰ ਤੇਜ਼ ਕਰਨ ਦਾ ਕੰਮ ਕਰਦੇ ਸਨ। ਉਨ੍ਹਾਂ ਕੋਲ ਇਹ ਸਭ ਕਰਨ ਲਈ ਗੋਲ ਪੱਟੇ ਵਾਲੇ ਦੋ ਚੱਕਰ ਹੁੰਦੇ ਸਨ ਜਿਨ੍ਹਾਂ 'ਤੇ ਉਹ ਛੁਰੀਆਂ ਅਤੇ ਚਾਕੂਆਂ ਦੀਆਂ ਧਾਰਾਂ ਤੇਜ਼ ਕਰਦੇ ਅਤੇ ਥੱਲੇ ਪਟੜੀ ਤੇ ਬੈਠੇ ਮਾਰਵਾੜੀਆਂ ਵਰਗੀਆਂ ਪਗੜੀਆਂ ਪਹਿਨੀ ਤਿੰਨ-ਚਾਰ ਆਦਮੀ ਕੰਨਾਂ ਚੋਂ ਮੈਲ ਕੱਢਣ ਦਾ ਕੰਮ ਕਰਦੇ ਸਨ। ਹੈਰਾਨੀ ਹੁੰਦੀ ਸੀ ਕਿ ਕੀ ਐਨੇ ਵਿਅਕਤੀ ਇਨ੍ਹਾਂ ਤੋਂ ਕੰਨਾਂ 'ਚੋਂ ਮੈਲ ਕਢਵਾਉਣ ਆਉਂਦੇ ਹਨ? ਨਾਲ ਹੀ ਉਹ ਦੰਦ ਵੀ ਸਾਫ ਕਰਦੇ ਸਨ ਤੇ ਜੇ ਕਿਸੇ ਨੇ ਆਪ ਸਾਫ ਕਰਨੇ ਹੋਣ ਤਾਂ ਉਸ ਦੇ ਔਜ਼ਾਰ ਵੀ ਵੇਚਦੇ ਸਨ। ਇਹ ਇਕ ਹੀ ਗਲੇ ਅੰਦਰ ਪਏ ਹੁੰਦੇ ਸਨ- ਕੋਈ ਕੰਨ ਦੀ ਮੈਲ ਕੱਢਣ ਦਾ ਤੇ ਕੋਈ ਦੰਦ ਸਾਫ ਕਰਨ ਦਾ। ਉਹ ਲਗਾਤਾਰ ਹੋਕਾ ਲਗਾਉਂਦੇ- "ਦੰਦ ਖੁਰਚਵੀਂ, ਕੰਨ ਕਲੇਲ, ਇਕ ਆਨਾ ਦੋਵੇਂ ਮੇਲ", ਭਾਵ ਇਕ ਆਨਾ ਖਰਚ ਕੇ



***1946 ਵਿਚ ਲਾਹੌਰ ਦੇ ਇਕ ਬਾਜ਼ਾਰ ਦਾ ਨਜ਼ਾਰਾ। ਇਹ ਤਸਵੀਰ ਬਰਕ ਦੀ ਖਿੱਚੀ ਹੋਈ ਹੈ।***

ਕੰਨ ਤੇ ਦੰਦ ਸਾਫ ਕਰਨ ਦੇ ਦੋਵੇਂ ਔਜਾਰ ਹਾਸਲ ਕਰੋ। ਇਹ ਉਸ ਜ਼ਮਾਨੇ ਦੇ ਦੰਦਾਂ ਦੇ ਡਾਕਟਰ ਵੀ ਕਹਾਉਂਦੇ ਸਨ ਤੇ ਨਾਲ ਹੀ ਸੈਲਫ ਹੈਲਥ ਦੇ ਔਜ਼ਾਰ ਵੀ ਵੇਚਿਆ ਕਰਦੇ ਸਨ।

ਅੱਗੇ ਚੱਲ ਕੇ ਲਾਹੌਰ ਮਿਊਜ਼ਿਕ ਸ਼ਾਪ ਨਾਂ ਦੀ ਦੁਕਾਨ ਸੀ ਜੋ ਇਕ ਸਰਦਾਰ ਚਲਾਉਂਦਾ ਸੀ। ਉਥੇ ਹਾਰਮੋਨੀਅਮ, ਚਿਮਟੇ, ਤਬਲੇ, ਮਜ਼ੀਰੇ ਤੇ ਸੰਗੀਤ ਨਾਲ ਸਬੰਧਿਤ ਸਭ ਚੀਜ਼ਾਂ ਮਿਲਦੀਆਂ ਸਨ। ਉਥੇ ਹੀ ਅਨਾਰਕਲੀ ਬਾਜ਼ਾਰ ਨੂੰ ਕੱਟਦੀ ਹੋਈ ਸੜਕ ਇਕ ਤਰਫ ਏਬਕ ਰੋਡ ਤੇ ਦੂਜੇ ਪਾਸੇ ਗਣਪਤ ਖੇਡ ਚਲੀ ਗਈ ਸੀ। ਏਬਕ ਰੋਡ 'ਤੇ ਸੰਨ ਇਕ ਹਜ਼ਾਰ ਈਸਵੀ 'ਚ ਹੋਏ ਮੁਸਲਮਾਨ ਬਾਦਸ਼ਾਹ ਏਬਕ ਦੀ ਕਬਰ ਸੀ ਤੇ ਦੋ ਪ੍ਰਕਾਸ਼ਕਾਂ ਦੀਆਂ ਦੁਕਾਨਾਂ। ਉਨ੍ਹਾਂ 'ਚੋਂ ਇਕ ਸਨ ਆਤਮਾ ਰਾਮ ਐਂਡ ਸਨਜ਼ ਜੋ ਕਾਲਜਾਂ ਲਈ ਮੈਡੀਕਲ ਸਾਇੰਸ ਦੀਆਂ ਕਿਤਾਬਾਂ ਪ੍ਰਕਾਸ਼ਤ ਕਰਦੇ ਸਨ ਜੋ ਮਗਰੋਂ ਲਾਹੌਰ ਛੱਡ ਦਿੱਲੀ ਆ ਗਏ ਸੀ; ਤੇ ਦੂਜੇ ਸਨ ਹਿੰਦੀ ਭਵਨ ਜੋ ਉਸ ਸਮੇਂ ਹਿੰਦੀ ਦੀਆਂ ਬਹੁਤ ਹੀ ਸੁੰਦਰ ਤੇ ਆਹਲਾ ਕਿਤਾਬਾਂ ਪ੍ਰਕਾਸ਼ਤ ਕਰਦੇ ਸਨ। ਇਥੇ ਹੀ ਰਾਮਲਾਲ ਦਾ ਢਾਬਾ ਸੀ ਜਿਥੇ ਇਕ ਤੋਂ ਦੋ ਆਨੇ 'ਚ ਪੂਰਾ ਖਾਣਾ- ਯਾਨੀ ਦਾਲ, ਸਬਜ਼ੀ ਅਤੇ ਚਟਣੀਆਂ ਮਿਲ ਜਾਂਦੀਆਂ ਸਨ।

ਇਹ ਸਾਰਾ ਕੁਝ ਇਸ ਲਈ ਵੀ ਚੇਤੇ ਹੈ ਕਿ ਨਾਨਾ ਜੀ ਅਤੇ ਮਗਰੋਂ ਮਾਮਾ ਜੀ ਵੀ ਉਥੇ ਹੀ ਸਵੇਰ ਸ਼ਾਮ ਦਾ ਖਾਣਾ ਖਾਂਦੇ ਸਨ। ਉਹ ਧੀ ਜਾਂ ਭੈਣ ਦੇ ਘਰ ਖਾਣਾ ਖਾਣ ਨੂੰ ਮੁਨਾਸਬ ਨਹੀਂ ਸੀ ਸਮਝਦੇ। ਆਪਣੇ ਘਰੋਂ ਲਿਆਂਦਾ ਦੇਸੀ ਘਿਉ ਦਾ ਡੱਬਾ ਉਹ ਹਰ ਰੋਜ਼ ਆਪਣੇ ਨਾਲ ਚੁੱਕ ਲਿਜਾਂਦੇ ਤੇ ਉਸ ਘਿਉ ਦਾ, ਦਾਲ ਜਾਂ ਸਬਜ਼ੀ ਨੂੰ ਤੜਕਾ ਲਗਵਾ ਲੈਂਦੇ। ਜੇ ਉਹ ਡੱਬਾ ਹੋਟਲ ਰੱਖ ਦਿੰਦੇ ਤਾਂ ਉਸ ਉੱਪਰ ਇਕ ਛੋਟਾ ਜਿਹਾ ਜਿੰਦਰਾ ਲਗਾ ਦਿੰਦੇ ਸਨ। ਹੋਟਲ 'ਚ ਨਾਨਾ ਜੀ ਜਾਂ ਮਾਮਾ ਜੀ ਦਾ ਘਿਓ ਵਾਲਾ ਡੱਬਾ ਨਾਲ ਲੈ, ਖਾਣਾ ਖਾਣ ਜਾਣਾ ਤੇ ਵਿਧਵਾ ਦੇ ਘਰ ਖਾਣਾ ਖਾ ਕੇ ਉਸ ਪਰਿਵਾਰ 'ਤੇ ਬੋਝ ਨਾ ਬਣਨਾ ਉਸ ਵੇਲੇ ਦੇ ਸਮਾਜਿਕ ਤੇ ਉਨ੍ਹਾਂ ਉੱਪਰ ਪਰਿਵਾਰਕ ਸੰਸਕਾਰਾਂ ਦੇ ਪ੍ਰਤੀਕ ਸਨ।

ਗਣਪਤ ਰੋਡ 'ਤੇ ਕਾਗਜ਼ ਦੇ ਇਕ ਵੱਡੇ ਵਪਾਰੀ ਦੀ ਦੁਕਾਨ ਸੀ ਜਿਸ ਦਾ ਨਾਂ ਸੀ ਜੈ ਦਿਆਲ ਕਪੂਰ। ਸ਼ੁਰੂ 'ਚ ਵ੍ਰਤੀ ਭ੍ਰਾਤਾ ਪੁਸਤਕ ਪ੍ਰਕਾਸ਼ਕ ਦੀ ਦੁਕਾਨ ਤੇ ਅਖੀਰ 'ਚ ਆਰੀਆ ਸਮਾਜ, ਅਨਾਰਕਲੀ ਅਤੇ ਉੱਪਰ ਦੀ ਮੰਜ਼ਲ ਤੇ ਰੋਜ਼ਾਨਾ ਮਿਲਾਪ ਅਖ਼ਬਾਰ ਦਾ ਦਫਤਰ ਸੀ। ਦੂਜੇ ਪਾਸੇ ਬਾਂਸਾਂ ਅਤੇ ਸਿਰਕੀਆਂ ਵੇਚਣ ਵਾਲਿਆਂ ਦੀਆਂ ਦੁਕਾਨਾਂ ਸਨ। ਇਹ ਲੋਕ ਸਿਰਕੀਆਂ ਬਣਵਾਉਣ ਲਈ ਛੋਟੇ-ਛੋਟੇ ਬੱਚਿਆਂ ਤੋਂ ਵੀ ਕੰਮ ਲੈਂਦੇ ਸਨ ਤੇ ਜੇ ਕੋਈ ਬੱਚਾ ਕੰਮ ਕਰਦੇ ਥੱਕ ਜਾਏ ਜਾਂ ਇਧਰ-ਉਧਰ ਦੇਖੇ ਤਾਂ ਉਸ ਦੀਆਂ ਉਂਗਲਾਂ ਦੇ ਉਤਲੇ ਪਾਸੇ ਉਹ ਦੋ-ਤਿੰਨ ਸੋਟੀਆਂ ਟਿਕਾਅ ਦਿੰਦੇ। ਜਦੋਂ ਚੇਤੇ ਕਰੀਦਾ ਤਾਂ ਬਾਲ ਮਜ਼ਦੂਰੀ ਦਾ ਇਹ ਦ੍ਰਿਸ਼ ਬਹੁਤ ਦਰਦਨਾਕ ਲੱਗਦਾ ਹੈ। ਸ਼ਾਇਦ ਘਰ ਦੀ ਗ਼ਰੀਬੀ ਉਨ੍ਹਾਂ ਬੱਚਿਆਂ ਨੂੰ ਉਥੇ ਧੱਕ ਲਿਆਉਂਦੀ ਸੀ। ਉਨ੍ਹਾਂ ਦਿਨਾਂ 'ਚ ਬਾਲ ਮਜ਼ਦੂਰੀ ਤੋਂ ਉਨ੍ਹਾਂ ਬੱਚਿਆਂ ਨੂੰ ਬਚਾਉਣ ਲਈ ਕੋਈ ਕਾਨੂੰਨ ਨਹੀਂ ਸੀ।

ਅਨਾਰਕਲੀ ਦੇ ਅਖੀਰ 'ਚ ਨੀਲਾ ਗੁੰਬਦ ਦਾ ਇਲਾਕਾ ਸੀ। ਉਥੇ ਸਾਈਕਲਾਂ ਦੀਆਂ ਦੁਕਾਨਾਂ ਸਨ ਤੇ ਜਾਨਕੀਦਾਸ ਦਾ ਜਨਰਲ ਡਿਪਾਰਟਮੈਂਟਲ ਸਟੋਰ ਸੀ। ਅੰਗਰੇਜ਼ੀ ਪੁਸਤਕਾਂ ਦੀ ਦੁਕਾਨ ਰਾਮਾ ਕ੍ਰਿਸ਼ਨਾ ਐਂਡ ਸੰਨਜ਼ ਉੱਪਰ ਹਮੇਸ਼ਾ ਭੀੜ ਲੱਗੀ ਰਹਿੰਦੀ। ਬਾਅਦ 'ਚ ਉਨ੍ਹਾਂ ਦੇ ਭਰਾ ਨੇ ਮਿਨਰਵਾ ਬੁੱਕ ਸ਼ਾਪ ਦੇ ਨਾਂ 'ਤੇ ਅੰਗਰੇਜ਼ੀ ਕਿਤਾਬਾਂ ਦੀ ਇਕ ਹੋਰ ਦੁਕਾਨ ਚਲਾਈ। ਇਨ੍ਹਾਂ ਦੁਕਾਨਾਂ ਤੇ ਪ੍ਰੋਫੈਸਰ, ਬੁੱਧੀਜੀਵੀ ਤੇ ਹੋਰ ਲੋਕ ਅਕਸਰ ਆਉਂਦੇ। ਕਿਤਾਬਾਂ ਦੀਆਂ ਚੰਗੀਆਂ ਦੁਕਾਨਾਂ ਅਕਸਰ ਸਿਆਣੇ ਤੇ ਬੁੱਧੀਜੀਵੀ ਲੋਕਾਂ ਲਈ ਆਪਸੀ ਮੇਲ-ਜੋਲ ਦਾ ਸਥਾਨ ਬਣ ਜਾਂਦੇ ਹਨ। ਬਾਹਰ ਥੋੜ੍ਹੀ ਦੂਰੀ 'ਤੇ ਅੰਗਰੇਜ਼ੀ ਕਿਤਾਬਾਂ ਦੀ ਇਕ ਹੋਰ ਦੁਕਾਨ ਵੀ ਸੀ। ਇਥੇ ਵੀ ਖੋਜੀ ਲੋਕ ਆ ਕੇ ਆਪਣੀ ਪਸੰਦ ਦੀਆਂ ਕਿਤਾਬਾਂ ਚੁਣਦੇ ਸਨ। ਇਸ ਦਾ ਦੁਕਾਨਦਾਰ ਵੀ ਕਾਫੀ ਕੁਸ਼ਲ ਅਤੇ ਕਿਤਾਬਾਂ ਦਾ ਜਾਣਕਾਰ ਸੀ।

ਸੰਸਕ੍ਰਿਤ ਭਾਸ਼ਾ ਦੀਆਂ ਕਿਤਾਬਾਂ ਦੀਆਂ ਵੀ ਦੋ ਬਹੁਤ ਪ੍ਰਸਿੱਧ ਦੁਕਾਨਾਂ ਸਨ। ਇਕ ਮੋਤੀ ਲਾਲ ਬਨਾਰਸੀ ਦਾਸ ਤੇ ਦੂਜੀ ਮਿਹਰਚੰਦ ਲਛਮਣ ਦਾਸ। ਦੂਰ-ਦੂਰ ਤੋਂ ਸੰਸਕ੍ਰਿਤ ਭਾਸ਼ਾ ਦੇ ਖੋਜੀ ਇਨ੍ਹਾਂ ਦੁਕਾਨਾਂ ਤੇ ਆਉਂਦੇ। ਮਗਰੋਂ ਪਾਕਿਸਤਾਨ ਬਣਨ ਬਾਅਦ ਇਨ੍ਹਾਂ ਦੋਹਾਂ ਨੇ ਹੀ ਦਿੱਲੀ ਆ ਕੇ ਆਪੋ-ਆਪਣੇ ਆਸਨ ਜਮਾ ਲਏ ਸਨ!

ਅਨਾਰਕਲੀ 'ਚ ਹੋਰ ਜੋ ਮਸ਼ਹੂਰ ਤੇ ਮੰਨੇ-ਪ੍ਰਮੰਨੇ ਦੁਕਾਨਦਾਰ ਸਨ, ਉਨ੍ਹਾਂ 'ਚ ਕ੍ਰਾਕਰੀ ਵਾਲੇ ਬੀਜਾਮਲ ਮੇਲਾਰਾਮ, ਕਾਗਜ਼ ਵਾਲੇ ਰਾਮਲਾਲ ਕਪੂਰ, ਬੰਸੀਧਰ ਕਪੂਰ ਤੇ ਜੇ.ਬੀ. ਅਡਵਾਨੀ ਸਨ। ਪਿਛਲੀ ਸੜਕ ਤੇ ਅਰੋੜਬੰਸ਼ ਪ੍ਰੈਸ ਤੇ 'ਪੈਸਾ' ਅਖ਼ਬਾਰ ਦੇ ਦਫਤਰ ਸਨ। ਲਾਹੌਰੀ ਗੇਟ ਤੋਂ ਆਉਂਦੀ ਸੜਕ ਸਰਕੂਲਰ ਰੋਡ ਜਿਸ 'ਚ ਆ ਕੇ ਗਣਪਤ ਰੋਡ ਵੀ ਮਿਲਦੀ ਸੀ ਤੇ ਮੋਹਨ ਲਾਲ ਰੋਡ ਵੀ, ਅੱਗੇ ਮੋਰੀ ਗੇਟ ਸੀ ਤੇ ਭਾਟੀ ਗੇਟ ਤੋਂ ਹੁੰਦੀ ਹੋਈ ਹੋਰ ਅੱਗੇ ਵਧਦੀ ਤਾਂ ਪ੍ਰਸਿੱਧ ਸੂਫੀ ਸੰਤ ਦਾਤਾ ਗੰਜਰਬਖ਼ਸ਼ ਆਉਂਦਾ ਜੋ ਮੁਸਲਮਾਨਾਂ ਦਾ ਪਵਿੱਤਰ ਸਥਾਨ ਸੀ ਜਿਥੇ ਹਮੇਸ਼ਾ ਭੀੜ ਹੀ ਲੱਗੀ ਰਹਿੰਦੀ। ਅੱਗੇ ਚੱਲ ਕੇ ਆਰੀਆ ਸਮਾਜੀਆਂ ਦਾ ਪ੍ਰਸਿੱਧ ਸਥਾਨ ਗੁਰੂਦੱਤ ਭਵਨ ਸੀ ਜਿਥੇ ਆਰੀਆ ਉਪਦੇਸ਼ਕ ਮਹਾਵਿਦਿਆਲਿਆ ਸੀ ਤੇ ਖੇਡਣ ਦੇ ਦੋ ਬਹੁਤ ਵੱਡੇ-ਵੱਡੇ ਮੈਦਾਨ। ਇਹੀ ਵੱਡੀ ਸੜਕ ਰਾਵੀ ਰੋਡ ਕਹਾਉਂਦੀ ਸੀ ਕਿਉਂਕਿ ਇਹ ਅਖੀਰ 'ਚ ਰਾਵੀ ਨਦੀ ਤੱਕ ਪਹੁੰਚ ਕੇ ਲਾਹੌਰ ਦੀ ਸੀਮਾ ਤੈਅ ਕਰ ਦਿੰਦੀ ਸੀ।

ਅਨਾਰਕਲੀ ਦੇ ਸ਼ੁਰੂ 'ਚ ਹੀ ਸਾਹਮਣੇ ਲਾਹੌਰੀ ਗੇਟ ਦਾ ਚੌਕ ਸੀ ਜੋ ਉਸ ਵੇਲੇ ਬਹੁਤ ਪ੍ਰਸਿੱਧ ਸੀ। ਇਕ ਪਾਸੇ ਤਾਂਗਿਆਂ ਦਾ ਅੱਡਾ ਸੀ ਜਿਥੋਂ ਤਾਂਗਿਆਂ ਵਾਲੇ ਸੁਆਰੀਆਂ ਨੇ ਉਨ੍ਹਾਂ ਨੂੰ ਲਾਹੌਰ ਦੇ ਰੇਲਵੇ ਸਟੇਸ਼ਨ ਤੱਕ ਛੱਡਣ ਲੈ ਜਾਂਦੇ ਸਨ। ਕਦੇ-ਕਦੇ ਕੋਈ ਪੁਰਾਣੀ ਮੋਟਰ ਵੀ ਸੁਆਰੀਆਂ ਦੇ ਹਿਸਾਬ ਨਾਲ ਲੋਕਾਂ ਨੂੰ ਸਟੇਸ਼ਨ ਲੈ ਜਾਂਦੀ ਸੀ। ਇਨ੍ਹਾਂ ਮੋਟਰਾਂ ਦੇ ਬਾਹਰਲੇ ਪਾਸੇ ਫੁਟਪਾਥ ਵੀ ਬਣੇ ਹੋਏ ਹੁੰਦੇ ਸਨ ਤੇ ਲੋਕ ਉਨ੍ਹਾਂ ਉੱਪਰ ਖੜ੍ਹ ਕੇ ਆਪੋ ਆਪਣੇ ਮੁਕਾਮਾਂ 'ਤੇ ਪਹੁੰਚ ਜਾਂਦੇ ਸਨ। ਉਨ੍ਹਾਂ ਦਿਨਾਂ 'ਚ ਉਥੋਂ ਸਟੇਸ਼ਨ ਤੱਕ ਜਾਣ ਦੇ ਸਿਰਫ ਦੋ ਆਨੇ ਕਿਰਾਇਆ ਲੱਗਦਾ ਸੀ। ਤਾਂਗੇ ਤੇ ਇਕ ਆਨਾ ਲੱਗਦਾ ਪਰ ਮੋਟਰ ਗੱਡੀ 'ਚ ਜਾਣ ਦਾ ਤਾਂ ਮਜ਼ਾ ਹੀ ਕੁਝ ਹੋਰ ਹੁੰਦਾ। ਹੋਰ ਵੀ ਦਿਲਚਸਪ ਗੱਲ ਸੀ ਕਿ ਇਹ ਲੋਕ ਅੱਡੇ 'ਤੇ ਖੜ੍ਹੇ ਹੋ ਕੇ ਜ਼ੋਰ-ਜ਼ੋਰ ਦੀ ਆਵਾਜ਼ਾਂ ਦੇ ਕੇ ਸੁਆਰੀਆਂ ਆਪਣੇ ਵਲ ਕੀਲਦੇ ਸਨ। ਇਨ੍ਹਾਂ ਉੱਚੀਆਂ ਆਵਾਜਾਂ ਨੂੰ ਹੋਕਾ ਲਗਾਉਣਾ ਆਖਦੇ ਸਨ। ਮੋਟਰਾਂ ਵਾਲੇ ਆਪਣੀ ਮੋਟਰ 'ਤੇ ਲੱਗਾ ਰਬੜ ਦਾ ਭੋਂਪੂ ਵਜਾ ਕੇ ਲੋਕਾਂ ਦਾ ਧਿਆਨ ਖਿੱਚਦੇ। ਅੱਡੇ ਦਾ ਇਹ ਸ਼ੋਰਦਾਰ ਨਜ਼ਾਰਾ ਚੇਤੇ ਰੱਖਣ ਵਾਲਾ ਸੀ।

ਚੌਕ 'ਚ ਅੱਡੇ ਦੇ ਸਾਹਮਣੇ ਹੀ ਪੰਜਾਬ ਦੇ ਮਸ਼ਹੂਰ ਵੈਦ ਕਵੀਰਾਜ ਦਾ ਦਫਤਰ ਸੀ। ਉਨ੍ਹਾਂ ਦੇ ਵੱਡੇ-ਵੱਡੇ ਇਸ਼ਤਿਹਾਰੀ ਫੱਟੇ ਥਾਂ-ਥਾਂ ਲੱਗੇ ਹੁੰਦੇ। ਇਸੇ ਸਰਕੂਲਰ ਰੋਡ ਦੇ ਕਿਨਾਰੇ ਅਨਾਰਕਲੀ ਸ਼ੁਰੂ ਹੋਣ ਤੋਂ ਪਹਿਲਾਂ ਇਕ ਪਾਸੇ ਉਰਦੂ ਦੀਆਂ ਕਿਤਾਬਾਂ ਤੇ ਰਸਾਲਿਆਂ ਦੀ ਦੁਕਾਨ ਸੀ ਜੋ ਫ਼ਜ਼ਲ ਦੀ ਦੁਕਾਨ ਦੇ ਨਾਂ ਨਾਲ ਮਸ਼ਹੂਰ ਸੀ ਤੇ ਦੂਜੇ ਪਾਸੇ ਤੁਲੀ ਹੋਈ ਮੱਛੀ ਵੇਚਣ ਵਾਲੇ ਚਮਨ ਲਾਲ ਦੀ ਦੁਕਾਨ ਸੀ ਜਿਸ ਦੀ ਤੇਜ਼ ਮਹਿਕ ਆਸੇ ਪਾਸੇ ਖਿਲਰੀ ਰਹਿੰਦੀ ਸੀ।

ਇਹ ਮੱਛੀ ਵਾਲਾ ਚਮਨ ਲਾਲ ਸ਼ਾਇਰ ਵੀ ਸੀ ਤੇ ਆਪਣੀ ਪੁਸਤਕ 'ਮਾਂ ਦਾ ਦਿਲ' ਵਿਚੋਂ ਆਪਣੀਆਂ ਕਵਿਤਾਵਾਂ ਕਵੀ ਦਰਬਾਰਾਂ 'ਚ ਸੁਣਾਇਆ ਕਰਦਾ ਸੀ। ਜਦ ਉਹ ਇਨ੍ਹਾਂ ਕਵਿਤਾਵਾਂ ਨੂੰ ਪੜ੍ਹਦਾ ਤਾਂ ਉਹਦੇ ਅੰਦਰ ਇੱਕ ਅਜੀਬ ਜੋਸ਼ ਹੁੰਦਾ। ਇਨ੍ਹਾਂ ਕਵਿਤਾਵਾਂ 'ਚ ਇਕ ਕਵਿਤਾ ਐਸੀ ਸੀ ਜਿਸ 'ਚ ਇਕ ਵਿਅਕਤੀ ਦੀ ਪ੍ਰੇਮਿਕਾ ਨੇ ਉਸ ਨੂੰ ਆਪਣੇ ਪ੍ਰੇਮ 'ਚ ਅੰਨ੍ਹੇ ਹੋਏ ਦੇਖ ਆਪਣੀ ਮਾਂ ਦਾ ਦਿਲ ਕੱਢ ਕੇ ਲਿਆਉਣ ਲਈ ਫਰਮਾਇਸ਼ ਕੀਤੀ ਤੇ ਕਿਹਾ ਕਿ ਜੇ ਤੂੰ ਮੈਨੂੰ ਸੱਚਾ ਪ੍ਰੇਮ ਕਰਦਾ ਹੈ ਤਾਂ ਅੱਜ ਆਪਣੀ ਮਾਂ ਦਾ ਦਿਲ ਕੱਢ ਕੇ ਮੇਰੇ ਕੋਲ ਲਿਆ, ਫਿਰ ਮੈਂ ਤੈਨੂੰ ਢੇਰ ਸਾਰਾ ਪਿਆਰ ਕਰਾਂਗੀ ਤੇ ਤੈਨੂੰ ਸੱਚਾ ਪ੍ਰੇਮੀ ਮੰਨਾਂਗੀ। ਉਹ ਵਿਅਕਤੀ ਉਸ ਪ੍ਰੇਮਿਕਾ ਤੋਂ ਬਿਨਾ ਨਹੀਂ ਸੀ ਰਹਿ ਸਕਦਾ। ਸੋ, ਇਸੇ ਫ਼ਤੂਰ 'ਚ ਉਹ ਭੱਜਾ-ਭੱਜਾ ਘਰ ਗਿਆ ਤੇ ਆਪਣੀ ਸੁੱਤੀ ਹੋਈ ਮਾਂ ਦੇ ਸੀਨੇ 'ਚ ਛੁਰੇ ਨਾਲ ਵਾਰ ਕਰ ਉਹਦਾ ਕਲੇਜਾ ਕੱਢ ਵਾਪਸ ਆਪਣੀ ਪ੍ਰੇਮਿਕਾ ਕੋਲ ਜਾਣ ਲਈ ਭੱਜ ਪਿਆ। ਉਹ ਪ੍ਰੇਮਿਕਾ ਦੇ ਪਿਆਰ 'ਚ ਅੰਨ੍ਹਾ ਸੀ। ਉਸ ਨੂੰ ਹੋਰ ਕੁਝ ਵੀ ਨਹੀਂ ਸੀ ਦਿਸ ਰਿਹਾ। ਬੱਸ ਪ੍ਰੇਮਿਕਾ ਤੇ ਇਕੋ ਪ੍ਰੇਮਿਕਾ। ਤੇ ਉਹ ਰਾਹ 'ਚ ਪਏ ਇਕ ਪੱਥਰ ਨਾਲ ਠੁੱਡਾ ਖਾ ਕੇ ਧੜੱਮ ਡਿੱਗ ਪਿਆ। ਮਾਂ ਦਾ ਕਲੇਜਾ ਇਕ ਪਾਸੇ ਤੇ ਉਹ ਇਕ ਪਾਸੇ। ਫਿਰ ਵੀ ਮਾਂ ਦੇ ਕਲੇਜੇ 'ਚੋਂ ਆਵਾਜ਼ ਆਈ, "ਪੁੱਤ ਤੈਨੂੰ ਕਿਤੇ ਸੱਟ ਤਾਂ ਨਹੀਂ ਲੱਗੀ?"

ਮਾਂ ਦੇ ਇਸ ਪਿਆਰ ਦੀ ਗਾਥਾ ਸੁਣ ਸਭ ਦੀਆਂ ਅੱਖਾਂ ਗਿੱਲੀਆਂ ਹੋ ਜਾਂਦੀਆਂ ਤੇ ਹਾਲ 'ਚ ਖਾਮੋਸ਼ੀ ਭਰਿਆ ਸੰਨਾਟਾ ਹੁੰਦਾ। ਮਾਹੌਲ ਗ਼ਮਗੀਨ ਹੋ ਜਾਂਦਾ ਤੇ ਲੋਕ ਆਪਣੇ ਆਪਣੇ ਅਤੀਤ 'ਚ ਗੁਆਚ ਜਾਂਦੇ। ਆਪੋ-ਆਪਣੀ ਮਾਂ ਦੀ ਮਮਤਾ ਦੇ ਮੋਹ ਭਰੇ ਪਲਾਂ 'ਚ ਪਹੁੰਚ ਜਾਂਦੇ।

ਮਾਂ ਦੇ ਮੋਹ ਦੀ ਤਾਂ ਇਹ ਕੇਵਲ ਇਕ ਮਿਸਾਲ ਹੈ ਪਰ ਇਤਿਹਾਸ ਅਜਿਹੀਆਂ ਮਿਸਾਲਾਂ ਨਾਲ ਭਰਿਆ ਪਿਆ। ਫਰੋਲਣ ਵਾਲੀ ਅੱਖ ਚਾਹੀਦੀ ਹੈ। ਸੰਸਕ੍ਰਿਤ ਦੇ ਗ੍ਰੰਥਾਂ 'ਚ ਅਨੇਕ ਕਹਾਣੀਆਂ ਪਈਆਂ ਹਨ। ਵਿਚਕਾਰਲੇ ਤੇ ਅਧੁਨਿਕ ਸਮਿਆਂ 'ਚ ਵੀ ਮਾਂ ਦੇ ਪਿਆਰ ਦੀਆਂ ਗਾਥਾਵਾਂ ਭਰੀਆਂ ਪਈਆਂ ਹਨ। ਆਪੋ-ਆਪਣੇ ਪੁੱਤਰਾਂ ਨੂੰ ਸੂਰਵੀਰ ਬਣਾਉਣ ਵਿਚ ਮਾਵਾਂ ਦਾ ਬਹੁਤ ਯੋਗਦਾਨ ਰਿਹਾ। ਇਤਿਹਾਸ ਇਹ ਸਾਨੂੰ ਦੱਸਦਾ ਹੈ। ***(ਚੱਲਦਾ)***

# ਵਿਦਿਆਰਥੀ-ਮਿਲਣੀ ਵਿਚੋਂ ਉੱਭਰੇ ਸਵਾਲ

ਸਮਾਜ ਵਿਚ ਬੱਚਾ ਘਰ ਤੋਂ ਸਕੂਲ, ਸਕੂਲ ਤੋਂ ਕਾਲਜ ਅਤੇ ਕਾਲਜ ਤੋਂ ਯੂਨੀਵਰਸਿਟੀ ਤੱਕ ਜਾਂਦਾ ਹੋਇਆ ਆਪਣੀ ਸ਼ਖ਼ਸੀਅਤ ਵਿਚ ਕਈ ਤਰ੍ਹਾਂ ਦੀਆਂ ਆਦਤਾਂ ਚੇਤ ਜਾਂ ਅਚੇਤ ਤੌਰ 'ਤੇ ਪੈਦਾ ਕਰ ਲੈਂਦਾ ਹੈ ਜੋ ਉਸ ਦੀ ਜ਼ਿੰਦਗੀ ਦਾ ਅੰਗ ਬਣ ਜਾਂਦੀਆਂ ਹਨ। ਵਿਦਿਆਰਥੀ ਅਦਾਰੇ ਵਿਚੋਂ ਪੜ੍ਹ ਕੇ ਨੌਕਰੀ ਕਰਨ ਲੱਗ ਪੈਂਦਾ ਹੈ, ਤੇ ਫਿਰ ਜਦੋਂ ਉਸ ਨੂੰ ਯੂਨੀਵਰਸਿਟੀ ਵੱਲੋਂ ਅਲੂਮਨੀ ਮੀਟ ਲਈ ਸੱਦਿਆ ਜਾਂਦਾ ਹੈ ਤਾਂ ਉਹ ਆਪਣੇ ਵਿਦਿਆਰਥੀ ਜੀਵਨ ਨੂੰ ਮੁੜ ਚੇਤੇ ਕਰਦਾ ਹੈ। ਪੰਜਾਬ ਦੇ ਬਹੁਤ ਸਾਰੇ ਵਿਦਿਆਰਥੀ, ਖ਼ਾਸਕਰ ਮਾਲਵਾ ਪੱਟੀ ਦੇ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੜ੍ਹਦੇ ਹਨ। ਇਹ ਯੂਨੀਵਰਸਿਟੀ 30 ਅਪਰੈਲ 1962 ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਪ੍ਰਚਾਰ ਲਈ ਬਣਾਈ ਗਈ ਸੀ ਜਿਸ ਅੰਦਰ ਅੱਜ 65 ਵਿਭਾਗ ਅਧਿਆਪਨ ਅਤੇ ਖੋਜ ਦੇ ਖੇਤਰ ਵਿਚ ਕਾਰਜਸ਼ੀਲ ਹਨ। ਯੂਨੀਵਰਸਿਟੀ ਲੰਮੇ ਸਮੇਂ ਤੋਂ ਪੰਜਾਬ ਦੇ ਵੱਡੇ ਖੇਤਰ ਨੂੰ ਸਿੱਖਿਅਤ ਕਰਨ ਦਾ

**ਜਸਪ੍ਰੀਤ ਕੌਰ ਸਿੱਧੂ**
ਫੋਨ: +91-98764-57590

ਕਾਰਜ ਕਰ ਰਹੀ ਹੈ। ਮਾਲਵੇ ਖੇਤਰ ਲਈ ਇਸ ਦੀ ਦੇਣ ਵੱਡੀ ਹੈ ਕਿਉਂਕਿ ਇਸ ਦੇ ਬਣਨ ਤੋਂ ਪਹਿਲਾਂ ਇਸ ਨੂੰ ਪੱਛੜਿਆ ਇਲਾਕਾ ਮੰਨਿਆ ਜਾਂਦਾ ਸੀ।

ਯੂਨੀਵਰਸਿਟੀ ਦੇ ਇੱਕ ਸਾਬਕਾ ਵਿਦਿਆਰਥੀ ਡਾ. ਕੁਲਦੀਪ ਸਿੰਘ ਦਾ ਕਹਿਣਾ ਹੈ, "ਮੈਂ ਇਸ ਯੂਨੀਵਰਸਿਟੀ ਦਾ ਰਿਣੀ ਹਾਂ। ਜੇ ਇਸ ਯੂਨੀਵਰਸਿਟੀ ਦਾ ਪਸਾਰ ਨਾ ਹੁੰਦਾ ਤਾਂ ਮਾਲਵੇ ਦੇ ਬਹੁਤ ਸਾਰੇ ਸਾਡੇ ਵਰਗੇ ਲੋਕ ਉੱਚ ਵਿੱਦਿਆ ਪ੍ਰਾਪਤ ਨਾ ਕਰ ਸਕਦੇ। ਇਹ ਯੂਨੀਵਰਸਿਟੀ ਤਾਂ ਸਾਡੇ ਦਿਲਾਂ ਅਤੇ ਖ਼ਿਆਲਾਂ ਵਿਚ ਵੱਸਦੀ ਹੈ... ਸ਼ਾਲਾ ਯੂਨੀਵਰਸਿਟੀ ਦਿਨ-ਦੁੱਗਣੀ ਰਾਤ ਚੌਗਣੀ ਤਰੱਕੀ ਕਰੇ।"

ਵਾਕਿਆ ਹੀ, ਇਸ ਵੇਲੇ ਯੂਨੀਵਰਸਿਟੀ ਤਰੱਕੀ ਕਰ ਰਹੀ ਹੈ। ਯੂਨੀਵਰਸਿਟੀ ਨਾਲ 275 ਤੋਂ ਵੱਧ ਕਾਲਜ, 9 ਨੇਬਰਹੁੱਡ ਕੈਂਪਸ, 12 ਕਾਂਸਟੀਚੂਐਂਟ ਕਾਲਜ ਅਤੇ 6 ਰਿਜ਼ਨਲ ਸੈਂਟਰ ਜੁੜੇ ਹੋਏ ਹਨ ਜੋ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਿਹੇ ਹਨ। ਲਗਭਗ ਸਵਾ ਦੋ ਲੱਖ ਵਿਦਿਆਰਥੀ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ। ਜਦੋਂ ਕਦੇ ਇਸ ਯੂਨੀਵਰਸਿਟੀ ਵਿਚ ਪੜ੍ਹ ਰਹੇ ਵਿਦਿਆਰਥੀ ਆਪਣੇ ਕਿਸੇ ਪਰਿਵਾਰਕ ਜੀਅ ਜਾਂ ਰਿਸ਼ਤੇਦਾਰਾਂ ਨਾਲ ਗੱਲ ਕਰਦੇ ਹਨ ਕਿ 'ਹੁਣ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਪੜ੍ਹਨਾ ਚਾਹੁੰਦਾ ਹਾਂ ਜਾਂ ਪੜ੍ਹਦਾ ਹਾਂ' ਤਾਂ ਵੱਡਿਆਂ ਨੂੰ ਆਪਣਾ ਵੇਲਾ ਚੇਤੇ ਆ ਜਾਂਦਾ ਹੈ। ਜਦੋਂ ਕੋਈ ਵਿਦਿਆਰਥੀ ਆਪਣੀ ਅਗਲੀ ਪੀੜ੍ਹੀ ਨੂੰ ਦਾਖਲਾ ਦਿਵਾਉਣ ਲਈ ਇਸ ਅਦਾਰੇ ਵਿਚ ਵੜਦਾ ਧਰਤੀ ਨੂੰ ਹੱਥ ਲਾ ਕੇ ਮੱਥਾ ਟੇਕਦਾ ਹੈ ਤਾਂ ਉਸ ਦੇ ਨਾਲ ਖੜ੍ਹਾ ਬੱਚਾ ਉਦੋਂ ਉਹ ਸਕੂਨ ਮਹਿਸੂਸ ਨਹੀ ਕਰ ਸਕਦਾ ਜੋ ਅਦਾਰੇ ਵਿਚ ਪੜ੍ਹ ਕੇ ਜਾਣ ਵਾਲੇ ਨੂੰ ਹੁੰਦਾ ਹੈ। ਹੁਣ ਪੰਜਾਬੀ ਯੂਨੀਵਰਸਿਟੀ ਵਿਚ ਚੌਥੀ ਪੀੜ੍ਹੀ ਪੜ੍ਹ ਰਹੀ ਹੈ। ਇਸ ਦੌਰਾਨ ਜੋ ਵੀ ਤਬਦੀਲੀਆਂ ਸਮੇਂ ਅਤੇ ਆਰਥਿਕਤਾ ਕਾਰਨ ਆਈਆਂ, ਉਨ੍ਹਾਂ ਨੂੰ ਸਿਰਫ਼ ਉਹੀ ਬਿਹਤਰ ਤਰੀਕੇ ਨਾਲ ਸਮਝ ਸਕਦੇ ਹਨ ਜਿਨ੍ਹਾਂ ਨੇ ਇਸ ਯੂਨੀਵਰਸਿਟੀ ਨੂੰ ਜੋਬਨ ਰੁੱਤੇ ਦੇਖਿਆ ਸੀ। ਯੂਨੀਵਰਸਿਟੀ 1965 ਵਿਚ 32 ਏਕੜ ਜ਼ਮੀਨ ਵਿਚ ਪਟਿਆਲਾ-ਰਾਜਪੁਰਾ ਰੋਡ ਉੱਤੇ ਨਵੇ ਅਕਾਦਮਿਕ ਸੈਸ਼ਨ ਤੋਂ ਸ਼ੁਰੂ ਹੋਈ। ਉਸ ਵੇਲੇ ਇਸ ਨਵੀਂ ਇਮਾਰਤ ਨੇ ਕਿੰਨੇ ਹੀ ਵਿਦਿਆਰਥੀਆਂ ਨੂੰ ਵਿੱਦਿਆ ਨਾਲ ਰੋਸ਼ਨ ਕੀਤਾ ਜਿਨ੍ਹਾਂ ਨੇ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਇਸ ਚਾਨਣ ਨਾਲ ਰੁਸ਼ਨਾਇਆ। ਪੰਜਾਬੀ ਯੂਨੀਵਰਸਿਟੀ ਵਿਚ ਪਹਿਲੀ ਵਾਰ ਪ੍ਰਸਿੱਧ ਨਾਵਲਕਾਰ ਦਲੀਪ ਕੌਰ ਟਿਵਾਣਾ ਵਰਗੀ ਔਰਤ ਪ੍ਰੋਫੈਸਰ ਲੱਗੀ ਜਿਨ੍ਹਾਂ ਨੇ ਕਿੰਨੀਆਂ ਹੀ ਕੁੜੀਆਂ ਨੂੰ ਉਡਾਣ ਭਰਨੀ ਸਿਖਾਈ। ਇਹ ਉਹ ਦੌਰ ਸੀ ਜਿਸ ਵਿਚ ਵਿੱਦਿਆ ਪ੍ਰਾਪਤੀ ਨੂੰ ਚੰਗਾ ਮੰਨਿਆ ਜਾਣ ਲੱਗਾ ਸੀ ਜਿਸ ਬਾਰੇ ਤੱਥ ਬਜ਼ੁਰਗਾਂ ਦੇ ਮੂੰਹ ਬੁਝਾਰਤ ਬਣ ਕੇ ਚੜ੍ਹ ਗਿਆ ਸੀ:

ਅੰਬ ਅੰਬੇ ਧਰਤੀ ਕੰਬੇ
ਤੱਕੇ ਚੋਰ



*ਪਟਿਆਲਾ ਵਿਚ ਵਿਦਿਆਰਥੀ ਮਿਲਣੀ ਨੂੰ ਸੰਬੋਧਨ ਕਰ ਰਹੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਅਤੇ (ਸੱਜੇ) ਮਿਲਣੀ ਵਿਚ ਹਿੱਸਾ ਲੈ ਰਹੇ ਪੁਰਾਣੇ ਵਿਦਿਆਰਥੀ।*

ਚੁਰਾ ਨਾ ਸਕੇ।

ਭਾਵ, ਵਿੱਦਿਆ ਨੂੰ ਹਰ ਮੁੰਡੇ-ਕੁੜੀ ਦੀ ਨਿੱਜੀ ਮਾਲਕੀਅਤ ਵਾਲੀ ਦਾਤ ਮੰਨਿਆ ਜਾਣ ਲੱਗਿਆ ਸੀ ਜਿਸ ਨੂੰ ਕੋਈ ਦੂਜਾ ਭੈਣ-ਭਾਈ ਵੰਡ ਨਹੀਂ ਸਕਦਾ।

ਹੁਣ ਭਾਵੇਂ ਵਿਦਿਆਰਥੀ ਯੂਨੀਵਰਸਿਟੀ ਕੈਂਪਸ ਤੱਕ ਘੱਟ ਪਹੁੰਚ ਰਹੇ ਹਨ ਕਿਉਂਕਿ ਉਨ੍ਹਾਂ ਦਾ ਰੁਝਾਨ ਬਾਰਵੀਂ ਤੋਂ ਆਈਲੈਟਸ ਕਰ ਕੇ ਬਾਹਰ ਜਾਣ ਵਿਚ ਜ਼ਿਆਦਾ ਵਧ ਗਿਆ ਹੈ ਪਰ ਇੰਨੇ ਸਾਲਾਂ ਵਿਚ ਹਜ਼ਾਰਾਂ ਵਿਦਿਆਰਥੀ ਜੋ ਇਸ ਯੂਨੀਵਰਸਿਟੀ ਵਿਚੋਂ ਪੜ੍ਹ ਕੇ ਗਏ ਸਨ, ਉਹ ਵੱਖ-ਵੱਖ ਖੇਤਰਾਂ ਵਿਚ ਨਾਮ ਖੱਟ ਰਹੇ ਹਨ। ਵਿਦਿਆਰਥੀਆਂ ਦੇ ਨਾਲ-ਨਾਲ ਰਿਟਾਇਰਡ ਪ੍ਰੋਫੈਸਰਾਂ ਵੀ ਵੱਡੀ ਗਿਣਤੀ ਵੀ ਵੱਖ-ਵੱਖ ਮੁਲਕਾਂ ਵਿਚ ਜਾ ਵਸੀ ਹੈ।

ਧਰਤੀ ਦੇ ਵੱਖ-ਵੱਖ ਕੋਨਿਆਂ ਉੱਤੇ ਖਿੰਡੇ ਅਜਿਹੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇੱਕ ਥਾਂ ਇਕੱਠਾ ਕਰਨ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਹਾਲ ਹੀ ਵਿਚ ਅਲੂਮਨੀ ਐਸੋਸੀਏਸ਼ਨ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਸਾਰੇ ਸਾਬਕਾ ਵਿਦਿਆਰਥੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ। ਇਸ ਮੌਕੇ ਪੁੱਜੇ ਸਾਬਕਾ ਵਿਦਿਆਰਥੀ ਸੁਖਰਾਜ ਨੇ ਕਿਹਾ, "ਮੈਂ 1981-82 ਵਿਚ ਅਰਥ ਸ਼ਾਸਤਰ ਵਿਭਾਗ ਦਾ ਵਿਦਿਆਰਥੀ ਰਿਹਾ ਹਾਂ। ਅੱਜ ਕੱਲ੍ਹ ਕੈਨੇਡਾ ਰਹਿ ਰਿਹਾ ਹਾਂ। ਮੈਨੂੰ ਖ਼ੁਸ਼ੀ ਹੈ ਕਿ ਵੱਖ-ਵੱਖ ਥਾਵਾਂ ਤੋਂ ਪੜ੍ਹਿਆ ਪਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜ਼ਿੰਦਗੀ ਦਾ ਸਭ ਵਧੀਆ ਸਮਾਂ ਇਸ ਯੂਨੀਵਰਸਿਟੀ ਵਿਚ ਬੀਤਿਆ। ਜਦੋਂ ਕਦੇ ਇਸ ਯੂਨੀਵਰਸਿਟੀ ਬਾਰੇ ਕੋਈ ਸਕਾਰਾਤਮਕ ਖ਼ਬਰ ਸੁਣਨ ਨੂੰ ਮਿਲਦੀ ਹੈ ਤਾਂ ਬਹੁਤ ਮਾਣ ਹੁੰਦਾ ਹੈ। ਮੇਰੀ ਇੱਛਾ ਸਦਾ ਇਹੀ ਰਹਿੰਦੀ ਹੈ ਕਿ ਕਿਸੇ ਵੀ ਰੂਪ ਵਿਚ ਯੂਨੀਵਰਸਿਟੀ ਦੇ ਵਧਣ-ਫੁੱਲਣ ਵਿਚ ਯੋਗਦਾਨ ਪਾਇਆ ਜਾ ਸਕੇ।"

ਜ਼ਿਕਰਯੋਗ ਹੈ ਕਿ ਸੁਖਰਾਜ ਨੇ ਯੂਨੀਵਰਸਿਟੀ ਦੇ ਫਿਜ਼ਿਓਥੈਰੇਪੀ ਵਿਭਾਗ ਨੂੰ ਮਸ਼ੀਨ ਵੀ ਭੇਂਟ ਕੀਤੀ ਹੈ ਜਿਸ ਬਾਰੇ ਉਸ ਦਾ ਮੰਨਣਾ ਹੈ ਕਿ ਯੂਨੀਵਰਸਿਟੀ ਦੇ ਵਿੱਤੀ ਸੰਕਟ ਨੂੰ ਤਾਂ ਭਾਵੇਂ ਸਰਕਾਰਾਂ ਨੇ ਹੀ ਹੱਲ ਕਰਨਾ ਹੈ ਪਰ ਅਜਿਹੀਆਂ ਛੋਟੀਆਂ-ਛੋਟੀਆਂ ਲੋੜਾਂ ਤਾਂ ਇਸ ਦੇ ਸਾਬਕਾ ਵਿਦਿਆਰਥੀ ਵੀ ਪੂਰਾ ਕਰ ਸਕਦੇ ਹਨ। ਸੁਖਰਾਜ ਆਖਦਾ ਹੈ, "ਮੈਂ ਇਸ ਪ੍ਰੋਗਰਾਮ ਦਾ ਹਿੱਸਾ ਬਣ ਕੇ ਇਉਂ ਮਹਿਸੂਸ ਕੀਤਾ ਜਿਵੇਂ ਜਦੋਂ ਬਾਹਰਲੇ ਮੁਲਕ ਜਾਂਦੇ ਮੁੰਡੇ ਜਾਂ ਕੁੜੀ ਨੂੰ ਸਿਆਣਿਆਂ ਦੇ ਮੂੰਹੋਂ ਇਹ ਗੱਲ ਕਹੀ ਜਾਂਦੀ ਹੈ ਕਿ 'ਪੁੱਤ ਸ਼ੇਰ ਵੱਗਿਆ, ਜਾ ਕੇ ਆਪਣੀਆਂ ਜੜ੍ਹਾਂ ਨਾ ਭੁਲ ਜਾਵੀਂ', ਤਾਂ ਸਾਰਿਆਂ ਦੀਆਂ ਅੱਖਾਂ ਨਮ ਹੋ ਜਾਂਦੀਆ ਹਨ। ਇਸ ਗੱਲ ਨਾਲ ਮੇਰੇ ਮਨ ਵਿਚ ਸਵਾਲ ਉਠਿਆ ਕਿ ਸਾਡੇ ਵਿੱਦਿਅਕ ਅਦਾਰੇ ਜਿੱਥੋਂ ਸਾਨੂੰ ਦੁਨੀਆ ਨੂੰ ਸਮਝਣ ਅਤੇ ਵਿਚਾਰਨ ਦੀ ਜਾਚ ਆਈ, ਅਸੀਂ ਉਸ ਨੂੰ ਕਿਵੇਂ ਭੁੱਲ ਜਾਂਦੇ ਹਾਂ? ਕੀ ਯੂਨੀਵਰਸਿਟੀ ਵੀ ਸਾਨੂੰ ਨਹੀਂ ਕਹਿੰਦੀ ਕਿ 'ਪੁੱਤ ਸ਼ੇਰ ਵੱਗਿਆ, ਜਾ ਕੇ ਆਪਣੀਆਂ ਜੜ੍ਹਾਂ ਨਾ ਭੁੱਲ ਜਾਵੀਂ!' ਇਹ ਅਜੀਬ ਜਿਹਾ ਸਵਾਲ ਮੈਨੂੰ ਬੇਚੈਨ ਕਰ ਗਿਆ। ਹਰ ਇਨਸਾਨ ਦਾ ਘਰ ਅਤੇ ਰਿਸ਼ਤਿਆਂ ਨਾਲ ਪਿਆਰ ਉਵੇਂ ਹੀ ਬਣਿਆ ਰਹਿੰਦਾ ਹੈ ਪਰ ਅਸੀਂ ਆਪਣੇ ਵਿੱਦਿਅਕ ਅਦਾਰਿਆਂ ਤੋਂ ਬੇਮੁਖ ਕਿਉਂ ਹੋ ਜਾਂਦੇ ਹਾਂ?"

ਇਹ ਸਵਾਲ ਵਾਕਿਆ ਹੀ ਬਹੁਤ ਵੱਡੇ ਅਰਥ ਰੱਖਦਾ ਹੈ।

ਇਸ ਸਾਬਕਾ ਵਿਦਿਆਰਥੀ-ਮਿਲਣੀ ਪ੍ਰੋਗਰਾਮ ਨਾਲ ਵਿਭਾਗ ਵਿਚ ਬੈਠੇ ਪੁਰਾਣੇ ਪ੍ਰੋਫੈਸਰਾਂ ਦੇ ਚਿਹਰੇ ਆਪਣੇ ਅਜ਼ੀਜ਼ ਵਿਦਿਆਰਥੀ ਨੂੰ ਮਿਲ ਕੇ ਖਿੜ ਉੱਠੇ ਸਨ ਜਿਵੇਂ ਮਾਲੀ ਨੂੰ ਆਪਣਾ ਬਾਗ ਹਰਿਆ-ਭਰਿਆ ਦੇਖ ਕੇ ਚਾਅ ਚੜ੍ਹਦਾ ਹੈ। ਉਨ੍ਹਾਂ ਨੂੰ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਸੁਣ ਕੇ ਆਪਣੀ ਦਿੱਤੀ ਸਿੱਖਿਆ 'ਤੇ ਮਾਣ ਮਹਿਸੂਸ ਹੋ ਰਿਹਾ ਸੀ। ਇਸ ਪ੍ਰੋਗਰਾਮ ਨੇ ਹੁਣ ਪੜ੍ਹ ਰਹੇ ਵਿਦਿਆਰਥੀ ਨੂੰ ਵੀ ਹਲੂਣਿਆ ਕਿ ਕਿਸ ਤਰ੍ਹਾਂ ਵਿਦਿਆਰਥੀ ਇਸ ਅਦਾਰੇ ਵਿਚੋਂ ਨਿਕਲ ਕੇ ਕਾਮਯਾਬ ਹੋਏ ਅਤੇ ਆਪਣੇ ਅਧਿਆਪਕਾਂ ਪ੍ਰਤੀ ਉਨ੍ਹਾਂ ਦੇ ਮਨਾਂ ਵਿਚ ਕਿੰਨਾ ਸਤਿਕਾਰ ਭਰਿਆ ਹੋਇਆ ਹੈ। ਉਨ੍ਹਾਂ ਨੂੰ ਮਿਹਨਤ ਕਰਨ ਲਈ ਕਈ ਅਲੂਮਨੀਅਨਜ਼ ਦੀ ਜ਼ਿੰਦਗੀ ਦੇ ਤਜਰਬੇ ਉਤਸ਼ਾਹਿਤ ਕਰ ਗਏ। ਜਦੋਂ ਵੱਖ-ਵੱਖ ਅਹੁਦਿਆਂ ਉੱਤੇ ਬਿਰਾਜਮਾਨ ਸਾਬਕਾ ਵਿਦਿਆਕਰਥੀ ਆਪਣੀਆਂ ਪ੍ਰਾਪਤੀਆਂ ਬਾਰੇ ਦੱਸ ਰਹੇ ਸਨ ਤਾਂ ਬਹੁਤ ਸਾਰੇ ਵਿਦਿਆਰਥੀ ਮਨ ਹੀ ਮਨ ਉਨ੍ਹਾਂ ਵਰਗੇ ਬਣਨ ਦਾ ਨਿਸ਼ਚਾ ਕਰ ਰਹੇ ਪ੍ਰਤੀਤ ਹੁੰਦੇ ਸਨ।

ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਡਾ. ਐੱਸ.ਐੱਸ. ਜੌਹਲ ਨੇ ਦੱਸਿਆ, "ਅਲੂਮਨੀ ਕਿਸੇ ਸੰਸਥਾ ਦਾ ਥੰਮ੍ਹ ਹੁੰਦੇ ਹਨ। ਜਿਹੜੇ ਬੰਦੇ ਵੱਡੀਆਂ-ਵੱਡੀਆਂ ਪੁਜ਼ੀਸ਼ਨਾਂ ਉੱਤੇ ਚਲੇ ਜਾਂਦੇ ਹਨ, ਉਹ ਕਈ ਤਰੀਕਿਆਂ ਨਾਲ ਮਦਦ ਕਰ ਸਕਦੇ ਹਨ। ਉਹ ਆਰਥਿਕ ਤੌਰ ਉੱਤੇ ਅਤੇ ਕਿਸੇ ਖ਼ਾਸ ਪ੍ਰੋਗਰਾਮ ਰਾਹੀਂ ਵੀ ਯੂਨੀਵਰਸਿਟੀ ਦੀ ਮਦਦ ਕਰ ਸਕਦੇ ਹਨ ਅਤੇ ਜੇ ਸਾਰੇ ਅਲੂਮਨੀ ਜਿਹੜੇ ਵਧੀਆ ਪੁਜ਼ੀਸ਼ਨਾਂ 'ਤੇ ਹਨ, ਉਹ ਕਿਸੇ ਵੀ ਯੂਨੀਵਰਸਿਟੀ, ਕਾਲਜ ਅਤੇ ਸੰਸਥਾ ਨੂੰ ਆਰਥਿਕ ਸਹਾਇਤਾ ਕਰਦੇ ਰਹਿਣ ਤਾਂ ਉਹ ਕਦੇ ਵੀ ਆਰਥਿਕ ਤੌਰ 'ਤੇ ਘਾਟੇ ਵਿਚ ਨਹੀਂ ਜਾਂਦੀ।"

ਉਨ੍ਹਾਂ ਦੀ ਕਹੀ ਇਹ ਗੱਲ ਸੱਚ ਹੀ ਤਾਂ ਹੈ ਕਿਉਂਕਿ ਜਦੋਂ ਅਸੀਂ ਸੰਸਾਰ ਪੱਧਰ ਦੀਆਂ ਵਧੀਆ ਯੂਨੀਵਰਸਿਟੀਆਂ ਬਾਰੇ ਦੇਖੀਏ ਤਾਂ ਸਟੈਨਫੋਰਡ ਅਤੇ ਆਕਸਫੋਰਡ ਵਰਗੀਆਂ ਯੂਨੀਵਰਸਿਟੀਆਂ ਦੇ ਨਾਂ ਸਾਹਮਣੇ ਆਉਂਦੇ ਹਨ। ਇਨ੍ਹਾਂ ਯੂਨੀਵਰਸਿਟੀਆਂ ਵਿਚ ਕੁਝ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇ ਕੇ ਪੜ੍ਹਾਇਆ ਜਾਂਦਾ ਹੈ ਪਰ ਪੰਜਾਬੀ ਯੂਨੀਵਰਸਿਟੀ ਵਿਚ ਇਸ ਤਰ੍ਹਾਂ ਦੀ ਕੋਈ ਸਕਾਲਰਸ਼ਿਪ ਨਹੀਂ ਦਿੱਤੀ ਜਾਂਦੀ। ਜੇ ਯੂਨੀਵਰਸਿਟੀ ਨੂੰ ਸਾਬਕਾ-ਵਿਦਿਆਰਥੀ ਆਪੋ-ਆਪਣੇ ਢੰਗ ਨਾਲ ਸਹਾਇਤਾ ਕਰਨ ਤਾਂ ਇੱਥੋਂ ਦੇ ਨਵੇਂ ਵਿਦਿਆਰਥੀਆਂ ਦਾ ਭਵਿੱਖ ਬਿਹਤਰ ਹੋ ਸਕਦਾ ਹੈ।

ਸਾਬਕਾ-ਵਿਦਿਆਰਥੀ ਨਵਦੀਪ ਗੌਤਮ ਨੇ ਇਸ ਮੌਕੇ ਸੁਝਾਇਆ ਕਿ ਯੂਨੀਵਰਸਿਟੀ ਨੂੰ ਸਮੇਂ-ਸਮੇਂ ਉੱਤੇ ਵਿਦਿਆਰਥੀਆਂ ਦੇ ਸਿਲੇਬਸ ਵਿਚ ਤਬਦੀਲੀ ਕਰਨੀ ਚਾਹੀਦੀ ਹੈ ਤਾਂ ਜੋ ਰੁਜ਼ਗਾਰ ਲਈ ਉਨ੍ਹਾਂ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਜਦੋਂ ਪੂਰੇ ਦਿਨ ਦੇ ਪ੍ਰੋਗਰਾਮ ਨੂੰ ਬੜੀ ਸੰਜੀਦਗੀ ਨਾਲ ਸੁਣਿਆ ਤਾਂ ਕਈ ਸਵਾਲਾਂ ਨੇ ਮਨ ਉੱਤੇ ਗਹਿਰਾ ਅਸਰ ਪਾਇਆ। ਪਹਿਲਾ ਸਵਾਲ ਤਾਂ ਇਹੀ ਸੀ ਕਿ ਹਰ ਸਾਬਕਾ ਮੈਂਬਰ ਦਾ ਆਪਣੀ ਸੰਸਥਾ ਜਾਂ ਅਦਾਰੇ ਪ੍ਰਤੀ ਕੋਈ ਫਰਜ਼ ਨਹੀਂ ਹੁੰਦਾ? ਕੋਈ ਵਿਅਕਤੀ ਜੇ ਅਮੀਰ ਬਣ ਜਾਂਦਾ ਹੈ ਤਾਂ ਉਹ ਆਪਣੇ ਅਕੀਦੇ ਵਾਲੇ ਧਾਰਮਿਕ ਸਥਾਨ ਨੂੰ ਸੋਨੇ ਜਾਂ ਚਾਂਦੀ ਵਿਚ ਮੜ੍ਹਾ ਦਿੰਦਾ ਹੈ ਪਰ ਜਿਸ ਅਦਾਰੇ ਵਿਚੋਂ ਉਸ ਨੇ ਇਲਮ ਲਿਆ ਹੁੰਦਾ ਹੈ, ਉਸ ਪ੍ਰਤੀ ਕੋਈ ਦੇਣ ਨਹੀਂ ਹੈ? ਦੂਜਾ ਸਵਾਲ ਕਿ 'ਵਿੱਦਿਆ ਵੀਚਾਰੀ ਤਾਂ ਪਰਉਪਕਾਰੀ' ਜੋ ਪੰਜਾਬੀ ਯੂਨੀਵਰਸਿਟੀ ਦੀ ਧੁਨੀ ਵੀ ਹੈ, ਦੇ ਹਵਾਲੇ ਨਾਲ ਸੰਸਥਾ ਨੂੰ ਕਿਸੇ ਹੋਰ 'ਤੇ ਪਰਉਪਕਾਰ ਕਰਨ ਲਈ ਬਰਕਰਾਰ ਨਹੀ ਰੱਖਣਾ ਚਾਹੀਦਾ? ਤੀਜਾ ਸਵਾਲ, ਜਦੋਂ ਕੋਈ ਵਿਦਿਆਰਥੀ ਆਪਣੀ ਯੂਨੀਵਰਸਿਟੀ ਦੇ ਕਿਸੇ ਵਿਦਿਆਰਥੀ ਨੂੰ ਬਾਹਰਲੇ ਮੁਲਕਾਂ ਵਿਚ ਮਿਲਦਾ ਹੈ ਤਾਂ ਉਨ੍ਹਾਂ ਵਿਦਿਆਰਥੀਆਂ ਦੀ ਯੂਨੀਵਰਸਿਟੀ ਦੀ ਸਾਂਝ ਇੱਕ-ਦੂਜੇ ਨਾਲ ਨਹੀਂ ਬਣਦੀ? ਪੰਜਾਬੀ ਯੂਨੀਵਰਸਿਟੀ ਵਿਚੋਂ ਪੜ੍ਹ ਕੇ ਹਜ਼ਾਰਾਂ ਵਿਦਿਆਰਥੀ ਬਾਹਰਲੇ ਮੁਲਕਾਂ ਵਿਚ ਕੰਮ ਕਰਦੇ ਮਿਲ ਜਾਂਦੇ ਹਨ ਜਿੱਥੇ ਉਹ ਆਪਣੇ ਪੁਰਾਣੇ ਦਿਨ ਯਾਦ ਕਰਦਿਆਂ ਦੱਸਦੇ ਹਨ ਕਿ ਉਹ ਹੋਸਟਲ ਦੇ ਦਿਨ ਸਨ, ਜਦੋਂ ਸਿਆਲਾਂ ਵਿਚ ਗਰਮ ਪਾਣੀ ਕੱਢਣ ਲਈ ਭੱਜ-ਭੱਜ ਬਾਲਟੀਆ ਲਾਉਂਦੇ ਸੀ, ਮੈੱਸ ਵਿਚ ਬੈਠੇ ਕਿੰਨਾ-ਕਿੰਨਾ ਚਿਰ ਇੱਧਰ-ਉੱਧਰ ਦੀਆਂ ਗੱਲਾਂ ਮਾਰਦੇ, ਕਮਰਿਆਂ ਵਿਚ ਇੱਕ-ਦੂਜੇ ਦੀ ਕੰਬਲ਼ ਕੁੱਟ ਕਰਦੇ, ਆਪਣੀ ਫੇਕੀ ਟੌਰ ਬਣਾਉਣ ਵਾਸਤੇ ਖੋਹ-ਖੋਹ ਕੇ ਇੱਕ-ਦੂਜੇ ਦੇ ਕੱਪੜੇ ਤੇ ਬੂਟ ਪਾਉਂਦੇ ਆਦਿ। ਇਸ ਤਰ੍ਹਾਂ ਦੀਆਂ ਕਿੰਨੀਆਂ ਯਾਦਾਂ ਦਾ ਘੇਰਾ ਉਨ੍ਹਾਂ ਨੂੰ ਆਪਣੇ ਕਲਾਵੇ 'ਚ ਲੈ ਲੈਂਦਾ ਹੈ।

ਚੌਥਾ ਸਵਾਲ ਇਹ ਕਿ ਯੂਨੀਵਰਸਿਟੀ ਵਿਚੋਂ ਪੜ੍ਹ ਕੇ ਗਏ ਵਿਦਿਆਰਥੀ ਵੱਖੋ-ਵੱਖਰੇ ਵਿਭਾਗਾਂ ਵਿਚ ਨੌਕਰੀ ਕਰਦੇ ਹਨ। ਉਨ੍ਹਾਂ ਦਾ ਆਪਣੀ ਯੂਨੀਵਰਸਿਟੀ ਪ੍ਰਤੀ ਮੋਹ ਇੱਥੋਂ ਬਾਹਰ ਨਿਕਲਣ ਤੋਂ ਬਾਅਦ ਟੁੱਟ ਜਾਂਦਾ ਹੈ? ਕੀ ਉਨ੍ਹਾਂ ਦਾ ਫਰਜ਼ ਨਹੀਂ ਬਣਦਾ ਕਿ ਉਹ ਆਪਣੇ ਅਦਾਰੇ ਨੂੰ ਆਉਣ ਵਾਲੇ ਸੰਕਟਾਂ ਤੋਂ ਬਚਾਉਣ।

ਯੂਨੀਵਰਸਿਟੀ ਦੇ ਜਿੰਨੇ ਵੀ ਸਾਬਕਾ-ਵਿਦਿਆਰਥੀ ਅਤੇ ਅਧਿਕਾਰੀ ਇਸ ਤਰ੍ਹਾਂ ਦੇ ਅਲੂਮਨੀ ਪ੍ਰੋਗਰਾਮ ਵਿਚ ਸ਼ਿਰਕਤ ਕਰਦੇ ਹਨ, ਉਨ੍ਹਾਂ ਨੂੰ ਆਪਣੇ ਘਰ ਵਾਂਗ ਸਮੇਂ-ਸਮੇਂ ਉੱਤੇ ਯੂਨੀਵਰਸਿਟੀ ਦੇ ਹਾਲਾਤ ਤੋਂ ਵੀ ਜਾਣੂ ਹੋਣਾ ਚਾਹੀਦਾ ਹੈ। ਜਦੋਂ ਸੀਨੀਅਰ ਵਿਦਿਆਰਥੀ ਮਿਲ ਜਾਂਦਾ ਹੈ ਤਾਂ ਜੂਨੀਅਰ ਵਿਦਿਆਰਥੀ ਉਸ ਦਾ ਸਤਿਕਾਰ ਕਰਦਾ ਹੈ। ਇਸੇ ਤਰ੍ਹਾਂ ਆਪਣੀ ਯੂਨੀਵਰਸਿਟੀ ਨਾਲ ਜੁੜੇ ਫਰਜ਼ ਪੂਰੇ ਕਰਨ ਦਾ ਹੱਕ ਵੀ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਨਿਭਾਉਣਾ ਚਾਹੀਦਾ ਹੈ। ਉਸ ਦੀ ਸ਼ਾਨ ਅਤੇ ਆਰਥਿਕਤਾ ਨਾਲ ਸਬੰਧਿਤ ਕਾਰਜ ਵਿਚ ਸਹਾਇਤਾ ਕਰਨੀ ਚਾਹੀਦੀ ਹੈ।

ਅਸਲ ਵਿਚ ਅਜੋਕੀ ਤਕਨਾਲੋਜੀ ਨੇ ਮਨੁੱਖ ਨੂੰ ਆਪਣੇ-ਆਪ ਵਿਚ ਇੰਨਾ ਸੀਮਤ ਕਰ ਦਿੱਤਾ ਹੈ ਕਿ ਉਹ ਆਪਣੇ-ਆਪ ਵਿਚੋਂ ਬਾਹਰ ਹੀ ਨਹੀਂ ਨਿਕਲ ਰਿਹਾ। ਜਦੋਂ ਕਿਤੇ ਕਿਸੇ ਚੰਗੇ ਕੰਮ ਲਈ ਮਨ ਕਰਦਾ ਹੈ ਤਾਂ ਉਹ ਉਸ ਨੂੰ ਕੁਝ ਪਲਾਂ ਬਾਅਦ ਫਾਲਤੂ ਲੱਗਣ ਲੱਗ ਪੈਂਦਾ ਹੈ। ਯੂਰਪ ਅਤੇ ਅਮਰੀਕਾ ਵਿਚ ਕਈ ਯੂਨੀਵਰਸਿਟੀਆਂ ਨੂੰ ਅਲੂਮਨੀ, ਫੰਡ ਦੇ ਕੇ ਚਲਾ ਰਹੇ ਹਨ ਜਿੱਥੋਂ ਬਹੁਤ ਸਾਰੇ ਵਿਦਿਆਰਥੀ ਸਕਾਲਰਸ਼ਿਪ ਲੈ ਕੇ ਪੜ੍ਹਾਈ ਕਰਦੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਮਾਤ-ਭਾਸ਼ਾ ਦੇ ਨਾਂ 'ਤੇ ਬਣਾਉਣ ਨੂੰ ਵੱਡਾ ਉਪਰਾਲਾ ਮੰਨਿਆ ਜਾਂਦਾ ਹੈ।

ਇਸ ਅਦਾਰੇ ਦੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੇ ਸਮੇਂ-ਸਮੇਂ 'ਤੇ ਉਸ ਉਪਰਾਲੇ ਨੂੰ ਚਾਰ ਚੰਨ ਲਾਏ ਹਨ। ਪਿਛਲੇ ਦਿਨੀਂ ਇਸੇ ਯੂਨੀਵਰਸਿਟੀ ਦੇ ਪ੍ਰੋ. ਰਤਨ ਸਿੰਘ ਜੱਗੀ ਨੂੰ ਪਦਮਸ੍ਰੀ ਐਵਾਰਡ ਮਿਲਣ ਦੀ ਖ਼ਬਰ ਮਿਲੀ ਜਿਸ ਨੇ ਯੂਨੀਵਰਸਿਟੀ ਵਿਚ ਪੜ੍ਹ ਰਹੇ ਵਿਦਿਆਰਥੀਆਂ ਅਤੇ ਅਧਿਕਾਰੀਆਂ ਨੂੰ ਉਤਸ਼ਾਹਿਤ ਕੀਤਾ। ਇਸ ਖ਼ਬਰ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਜੁੜੇ ਸਾਰੇ ਵਿਦਿਆਰਥੀ ਅਤੇ ਅਧਿਕਾਰੀਆਂ ਨੂੰ ਮਿਹਨਤ ਅਤੇ ਸਮਰਪਣ ਨਾਲ ਕਾਰਜ ਕਰਨ ਦੀ ਪ੍ਰੇਰਨਾ ਮਿਲੀ।

ਇੰਨੀਆਂ ਪ੍ਰਾਪਤੀਆਂ ਵਾਲੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਆਪਣੇ ਮਹਿਬੂਬ ਅਦਾਰੇ ਪ੍ਰਤੀ ਫਰਜ਼ਾਂ ਬਾਰੇ ਇਨ੍ਹਾਂ ਸਵਾਲਾਂ ਦੇ ਜਵਾਬ ਅਤੇ ਹੱਲ ਲੱਭਣ ਲਈ ਸਾਰਿਆਂ, ਨਵੇਂ ਤੇ ਪੁਰਾਣੇ, ਵਿਦਿਆਰਥੀਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ***(ਲੇਖਕਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਲੋਕ ਸੰਪਰਕ ਵਿਭਾਗ ਵਿਖੇ ਇੰਟਰਨ ਵਜੋਂ ਕਾਰਜਸ਼ੀਲ ਹੈ।)***



*ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਡਾ. ਸਰਦਾਰਾ ਸਿੰਘ ਜੌਹਲ ਨੂੰ ਸਨਮਾਨਤ ਕਰਨ ਦੀ ਝਲਕ।*

*ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਡਾ. ਐੱਸ.ਐੱਸ. ਜੌਹਲ ਨੇ ਦੱਸਿਆ, "ਅਲੂਮਨੀ ਕਿਸੇ ਸੰਸਥਾ ਦਾ ਥੰਮ੍ਹ ਹੁੰਦੇ ਹਨ। ਜਿਹੜੇ ਬੰਦੇ ਵੱਡੀਆਂ-ਵੱਡੀਆਂ ਪੁਜ਼ੀਸ਼ਨਾਂ ਉੱਤੇ ਚਲੇ ਜਾਂਦੇ ਹਨ, ਉਹ ਕਈ ਤਰੀਕਿਆਂ ਨਾਲ ਮਦਦ ਕਰ ਸਕਦੇ ਹਨ। ਉਹ ਆਰਥਿਕ ਤੌਰ ਉੱਤੇ ਅਤੇ ਕਿਸੇ ਖਾਸ ਪ੍ਰੋਗਰਾਮ ਰਾਹੀਂ ਵੀ ਯੂਨੀਵਰਸਿਟੀ ਦੀ ਮਦਦ ਕਰ ਸਕਦੇ ਹਨ ਅਤੇ ਜੇ ਸਾਰੇ ਅਲੂਮਨੀ ਜਿਹੜੇ ਵਧੀਆ ਪੁਜ਼ੀਸ਼ਨਾਂ 'ਤੇ ਹਨ, ਉਹ ਕਿਸੇ ਵੀ ਯੂਨੀਵਰਸਿਟੀ, ਕਾਲਜ ਅਤੇ ਸੰਸਥਾ ਨੂੰ ਆਰਥਿਕ ਸਹਾਇਤਾ ਕਰਦੇ ਰਹਿਣ ਤਾਂ ਉਹ ਕਦੇ ਵੀ ਆਰਥਿਕ ਤੌਰ 'ਤੇ ਘਾਟੇ ਵਿਚ ਨਹੀਂ ਜਾਂਦੀ।"*

# ਰੀਝਾਂ-ਭਰੇ ਜਜ਼ਬੇ ਵਾਲ਼ੀ ਕਵਿੱਤਰੀ ਸੁਰਜੀਤ (ਟੋਰਾਂਟੋ)

**ਕਲਮਾਂ ਵਾਲੀਆਂ**

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਚੌਦਵੇਂ ਪੂਰ ਵਿਚ ਉੱਘੀ ਕਵਿੱਤਰੀ ਸੁਰਜੀਤ (ਟੋਰਾਂਟੋ) ਬਾਰੇ ਗੱਲਾਂ ਹਨ।***



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਕੁਝ ਸਾਲ ਪਹਿਲਾਂ ਜਦੋਂ ਅਸੀਂ, ਮੈਂ ਤੇ ਮੇਰੀ ਸਾਥਣ, ਅਮਰੀਕਾ ਗਏ, ਸਾਡਾ ਟਿਕਾਣਾ ਬੇਟੀ ਕੋਲ ਕੈਲੀਫ਼ੋਰਨੀਆ ਦਾ ਬੇਅ-ਏਰੀਆ ਸੀ। ਵੈਸੇ ਤਾਂ ਸਾਰੇ ਕੈਲੀਫ਼ੋਰਨੀਆ ਵਿਚ ਹੀ ਪੰਜਾਬੀ ਆਮ ਦਿਸਦੇ ਹਨ, ਪਰ ਬੇਅ-ਏਰੀਆ ਅਜਿਹਾ ਇਲਾਕਾ ਹੈ ਜਿਥੇ ਪੰਜਾਬੀਆਂ ਦੀ ਗਿਣਤੀ ਕਾਫ਼ੀ ਵੱਡੀ ਹੈ। ਤੇ ਸਬੱਬ ਨਾਲ ਉਸੇ ਅਨੁਪਾਤ ਵਿਚ ਇਥੇ ਪੰਜਾਬੀ ਲੇਖਕ-ਲੇਖਿਕਾਵਾਂ ਵਸੇ ਹੋਏ ਹਨ। ਜਦੋਂ ਵੀ ਉਥੇ ਕੋਈ ਸਾਹਿਤਕ ਇਕੱਠ ਹੁੰਦਾ ਹੈ, ਚੰਗੀ-ਖਾਸੀ ਗਿਣਤੀ ਵਿਚ ਸਾਹਿਤਕਾਰ ਤੇ ਸਾਹਿਤ-ਪ੍ਰੇਮੀ ਜੁੜ ਬੈਠਦੇ ਹਨ। ਤੇ ਜੇ ਇਹ ਕਹਿ ਦਿੱਤਾ ਜਾਵੇ ਕਿ ਅਜਿਹੇ ਸਾਹਿਤਕ ਇਕੱਠ ਹੁੰਦੇ ਹੀ ਰਹਿੰਦੇ ਹਨ, ਇਹ ਵੀ ਕੋਈ ਅਤਿਕਥਨ ਨਹੀਂ।

ਉਥੋਂ ਦੇ ਪੰਜਾਬੀ ਸਾਹਿਤਕਾਰਾਂ ਦੀ ਸੁਹਿਰਦ ਮਿਲਣਸਾਰੀ ਦਾ ਵੀ ਕੋਈ ਜਵਾਬ ਨਹੀਂ। ਉਹ ਸੱਜਣ ਵੀ ਜਿਨ੍ਹਾਂ ਨਾਲ ਕਦੀ ਤੁਹਾਡੀ ਚਿੱਠੀ-ਪੱਤਰੀ ਜਾਂ ਫੋਨ ਰਾਹੀਂ ਗੱਲ-ਬਾਤ ਤੱਕ ਨਹੀਂ ਹੋਈ ਹੁੰਦੀ, ਚਿਰ-ਵਿੱਛੜਿਆਂ ਵਾਂਗ ਮਿਲਦੇ ਹਨ। ਇਧਰੋਂ ਗਏ ਹਰ ਲੇਖਕ ਦੇ ਮਾਣ ਵਿਚ ਸਵਾਗਤੀ ਸਭਾ ਕੀਤੀ ਜਾਂਦੀ ਹੈ, ਉਹਦੇ ਸਾਹਿਤਕ ਗੁਣ ਗਾਏ ਜਾਂਦੇ ਹਨ ਤੇ ਉਹਨੂੰ ਮੋਹ ਪਰਗਟਾਉਂਦੀਆਂ ਨਿਸ਼ਾਨੀਆਂ ਭੇਟ ਕੀਤੀਆਂ ਜਾਂਦੀਆਂ ਹਨ। ਇਹ ਇਕ ਵੱਖਰਾ ਮੁੱਦਾ ਹੈ ਕਿ ਇਧਰਲੇ ਕਈ ਲੇਖਕ ਆਪਣੇ ਵਿਹਾਰ ਨਾਲ ਇਸ ਸਭ ਕੁਝ ਦੇ ਹਾਣ ਦੇ ਸਿੱਧ ਨਹੀਂ ਹੁੰਦੇ।

ਫੇਰ ਘਰੀਂ ਬੁਲਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਤੇ ਘਰ ਵੀ ਤੁਹਾਥੋਂ ਇਲਾਵਾ, ਭਾਵ ਮੇਜ਼ਬਾਨ ਤੇ ਮਹਿਮਾਨ ਦੇ ਇਕ ਜਮ੍ਹਾਂ ਇਕ ਦੀ ਥਾਂ, ਸਥਾਨਕ ਲੇਖਕ ਮਿੱਤਰਾਂ ਨੂੰ ਵੀ ਨਾਲ ਬੁਲਾ ਕੇ ਚੰਗੀ-ਖਾਸੀ ਰੌਣਕ ਲਾ ਲਈ ਜਾਂਦੀ ਹੈ। ਸਾਹਿਤਕ ਮਿਲਣੀਆਂ ਵਿਚ ਜਿਹੜੇ ਕਈ ਕਲਮਾਂ ਵਾਲ਼ੇ ਪਹਿਲੀ ਵਾਰ ਮਿਲੇ, ਉਨ੍ਹਾਂ ਵਿਚ ਪ੍ਰੋ. ਪਿਆਰਾ ਸਿੰਘ ਕੁੱਦੋਵਾਲ ਵੀ ਸਨ। ਉਹ ਲਿਖਦੇ ਹਨ ਪਰ ਪਤਾ ਨਹੀਂ ਕਿਉਂ ਇਧਰ ਨਹੀਂ ਛਪਦੇ। ਉਨ੍ਹਾਂ ਨੂੰ ਮਿਲਣ ਤੋਂ ਪਹਿਲਾਂ ਉਨ੍ਹਾਂ ਦੇ ਲੇਖਕ ਹੋਣ ਦਾ ਪਤਾ ਉਨ੍ਹੀਂ ਦਿਨੀਂ ਹੀ ਛਪੀ ਅਮਰੀਕੀ ਪੰਜਾਬੀ ਕਹਾਣੀਆਂ ਦੀ ਪੁਸਤਕ 'ਪੰਖ, ਪਿੰਜਰਾ ਤੇ ਪਰਵਾਜ਼' ਵਿਚ ਸ਼ਾਮਲ ਉਨ੍ਹਾਂ ਦੀ ਕਹਾਣੀ 'ਝੂਠ ਦਾ ਸੰਤਾਪ' ਤੋਂ ਲੱਗਿਆ ਸੀ।

ਇਕ ਸ਼ਾਮ ਉਨ੍ਹਾਂ ਨੇ ਸਾਨੂੰ ਖਾਣੇ ਲਈ ਬੁਲਾਇਆ। ਏਨੇ ਮਿੱਤਰ ਹੋਰ ਬੁਲਾਏ ਹੋਏ ਸਨ ਕਿ ਪੂਰੀ ਮਹਿਫ਼ਲ ਸਜ ਗਈ। ਉਨ੍ਹਾਂ ਦੀ ਜੀਵਨ-ਸਾਥਣ, ਕਵਿੱਤਰੀ ਸੁਰਜੀਤ ਦੂਹਰੀ ਭੂਮਿਕਾ ਨਿਭਾ ਰਹੀ ਸੀ। ਉਹ ਬਾਜ਼ਾਰੀ ਖਾਣਾ ਮੰਗਵਾਉਣ ਦੀ ਥਾਂ ਹੱਥੀਂ ਖਾਣਾ ਬਣਾ ਰਹੀ ਹੋਣ ਕਰਕੇ ਪਕਵਾਨ ਵਿਚ ਸਮੇਂ-ਸਮੇਂ ਕੜਛੀ ਵੀ ਮਾਰ ਰਹੀ ਸੀ ਅਤੇ ਵਿਚ-ਵਿਚ ਆਪਣੀ ਕਵਿਤਾ ਸੁਣਾ ਕੇ ਵਾਹ-ਵਾਹ ਵੀ ਖੱਟ ਰਹੀ ਸੀ।

ਰਚਨਾਵਾਂ, ਭਾਵ ਕਵਿਤਾਵਾਂ ਵੀ ਸੁਣਾਈਆਂ ਜਾਂਦੀਆਂ ਰਹੀਆਂ ਤੇ ਗੱਲਾਂ ਵੀ ਚਲਦੀਆਂ ਰਹੀਆਂ। ਅਜਿਹੀਆ ਮਹਿਫ਼ਲਾਂ ਕਹਾਣੀਕਾਰਾਂ ਲਈ ਘਾਟੇਵੰਦੀਆਂ ਰਹਿੰਦੀਆਂ ਹਨ ਤੇ ਉਹ ਵਕਤੇ ਦੀ ਥਾਂ ਸਰੋਤੇ ਬਣ ਕੇ ਰਹਿ ਜਾਂਦੇ ਹਨ। ਅਜਿਹੇ ਮੌਜ-ਮੇਲੇ ਵਿਚ ਕੌਣ ਸੁਣੇਗਾ ਉਨ੍ਹਾਂ ਦੀ ਪੰਦਰਾਂ-ਵੀਹ ਮਿੰਟ ਦੀ ਕਥਾ-ਵਾਰਤਾ! ਕਵੀਆਂ ਨੂੰ ਤਾਂ ਕਾਗ਼ਜ਼ ਚੁੱਕਣ ਦੀ ਵੀ ਲੋੜ ਨਹੀਂ ਪੈਂਦੀ। ਉਹ ਰਟੀਆਂ ਹੋਈਆਂ ਭਾਂਤ-ਸੁਭਾਂਤੀਆਂ ਕਵਿਤਾਵਾਂ ਦੇ ਆਪਣੇ ਭੰਡਾਰ ਵਿਚੋਂ ਹਰ ਮੌਕੇ ਲਈ ਢੁੱਕਵੀਂ ਕਵਿਤਾ ਨਾਲ ਹਰ ਵੇਲ਼ੇ ਤਿਆਰ-ਬਰ-ਤਿਆਰ ਰਹਿੰਦੇ ਹਨ। ਕਵਿਤਾ ਮੁਕਦੀ ਤਾਂ ਅ-ਕਵੀ ਗੱਲਾਂ ਦਾ ਦੌਰ ਚਲਾ ਲੈਂਦੇ। ਅਜਿਹੇ ਹੀ ਇਕ ਮੌਕੇ ਤਰਾਰੇ ਵਿਚ ਆਏ ਹੋਏ ਗਲਪਕਾਰ ਪ੍ਰੋ. ਹਰਭਜਨ ਸਿੰਘ ਨੇ ਅਮਰੀਕਾ ਵਿਚ ਦਿੱਤੇ ਹੋਏ ਮੇਰੇ ਇਕ ਭਾਸ਼ਨ ਦੇ ਹਵਾਲੇ ਨਾਲ ਪੁੱਛਿਆ, "ਭੁੱਲਰ ਸਾਹਿਬ, ਇਹ ਜੋ ਤੁਸੀਂ ਕਰਤਾਰੀ ਪਲਾਂ ਦੀ ਗੱਲ ਕੀਤੀ ਸੀ...।" ਪ੍ਰੋ. ਕੁੱਦੋਵਾਲ, ਜੋ ਹੁਣ ਤੱਕ ਇਧਰੋਂ ਬੇਧਿਆਨੇ ਹੋ ਕੇ ਕਿਸੇ ਹੋਰ ਮਿੱਤਰ ਨਾਲ ਗੱਲੀਂ ਲੱਗੇ ਹੋਏ ਸਨ, ਇਕਦਮ ਕੰਨ ਚੁੱਕ ਕੇ ਤੇ ਪ੍ਰੋ. ਸਾਹਿਬ ਦੀ ਗੱਲ ਵਿਚਾਲਿਉਂ ਟੁੱਕ ਕੇ ਆਪਣੇ ਮੌਜੀ ਸੁਭਾਅ ਅਨੁਸਾਰ ਬੋਲੇ, "ਇਹ ਕਰਤਾਰੀ ਕੌਣ ਹੋਈ ਬਈ!"

ਇਸ ਮੋਹਖੋਰੀ ਸਾਹਿਤਕਾਰ ਜੋੜੀ ਦੇ ਘਰ ਦੀ ਇਹ ਮਹਿਫ਼ਲ ਅੱਧੀ ਰਾਤ ਤੱਕ ਚਲਦੀ ਰਹੀ। ਸਬੱਬ ਨਾਲ ਸੁਰਜੀਤ ਦੇ ਪਹਿਲੇ ਕਾਵਿ-ਸੰਗ੍ਰਹਿ 'ਸ਼ਿਕਸਤ ਰੰਗ' ਦੀਆਂ ਪਹਿਲੀਆਂ ਦੋ ਕਾਪੀਆਂ ਉਹਨੀਂ ਦਿਨੀਂ ਹੀ ਭਾਰਤ ਤੋਂ ਪ੍ਰਕਾਸ਼ਕ ਦੀਆਂ ਭੇਜੀਆਂ ਹੋਈਆਂ ਆਈਆਂ ਸਨ। ਉਹਨੇ ਇਕ ਕਾਪੀ ਮੈਨੂੰ ਭੇਟ ਕਰ ਦਿੱਤੀ। ਉਥੇ ਸੁਣਾਈਆਂ ਉਹਦੀਆਂ ਕਵਿਤਾਵਾਂ ਨੇ ਪੁਸਤਕ ਨੂੰ ਵਿਹਲ ਹੋਣ ਤੱਕ ਪਰ੍ਹੇ ਰੱਖ ਛੱਡਣਾ ਮੁਸ਼ਕਿਲ ਬਣਾ ਦਿੱਤਾ। ਉਹ ਇਸ ਪਲੇਠੀ ਪੁਸਤਕ ਨਾਲ ਵਿਚਾਰ ਤੇ ਕਲਾ, ਦੋਵਾਂ ਦੀ ਪਕਿਆਈ ਸਦਕਾ ਇਕ ਮਹੱਤਵਪੂਰਨ ਕਵਿੱਤਰੀ ਬਣ ਕੇ ਸਾਹਮਣੇ ਆਈ। ਉਹਦੀ ਕਵਿਤਾ ਦੇ ਅਸਰ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਮੇਰੀ ਇੱਛਾ ਹੋਈ ਕਿ ਅਮਰੀਕਾ ਦੇ ਦਿਨਾਂ ਵਿਚ ਹੀ ਜੇ ਮੈਂ ਇਸ ਪੁਸਤਕ ਬਾਰੇ ਲੇਖ ਬੀਬੀ ਸੁਰਜੀਤ ਨੂੰ ਹੱਥੀਂ ਦੇ ਸਕਾਂ, ਚੰਗੀ ਗੱਲ ਹੋਵੇ। ਪਰ ਸਾਡੇ ਉਥੋਂ ਦੀਆਂ ਭਾਤ-ਸੁਭਾਂਤੀਆਂ ਥਾਂਵਾਂ ਤੇ ਚੀਜ਼ਾਂ ਦੇਖਣ ਦੇ ਲਾਲਚ ਤੇ ਉਸ ਕਾਰਨ ਰਹੀ ਭੱਜ-ਭਜਾਈ ਨੇ ਅਜਿਹਾ ਹੋਣ ਨਾ ਦਿੱਤਾ।

ਦੇਸ ਪਰਤ ਕੇ ਮੈਂ ਕੁਝ ਹੀ ਦਿਨਾਂ ਮਗਰੋਂ ਕਾਫ਼ੀ ਵਡ-ਆਕਾਰੀ ਲੇਖ ਪੂਰਾ ਤਾਂ ਕਰ ਲਿਆ ਪਰ ਉਹ ਹੱਥ ਨਾਲ ਲਿਖਿਆ ਹੋਇਆ ਸੀ। ਕੰਪਿਊਟਰੀ ਟਾਈਪ ਅਜੇ ਮੈਨੂੰ ਆਉਂਦੀ ਨਹੀਂ ਸੀ। ਸਬੱਬ ਨਾਲ ਉਹਨੀਂ ਦਿਨੀਂ ਪਰਵਾਸੀ ਕਵੀ ਪਸ਼ੌਰਾ ਸਿੰਘ ਢਿੱਲੋਂ ਇਧਰੋਂ ਵਾਪਸ ਜਾ ਰਹੇ ਸਨ। ਲੇਖ ਮੈਂ ਉਨ੍ਹਾਂ ਨੂੰ ਉਥੋਂ ਦੀ ਡਾਕ ਵਿਚ ਪਾਉਣ ਵਾਸਤੇ ਸੌਂਪ ਦਿੱਤਾ। ਇਹ ਸੂਚਨਾ ਮੈਂ ਸੁਰਜੀਤ ਨੂੰ ਵੀ ਦੇ ਦਿੱਤੀ। ਲੇਖ ਮਿਲੇ ਤੋਂ ਉਹਨੇ 25 ਮਾਰਚ 2007 ਨੂੰ ਜੋ ਮੇਲ ਭੇਜੀ, ਉਹ ਮੈਂ ਵਡਮੁੱਲੇ ਪੁਰਸਕਾਰ ਵਜੋਂ ਸਾਂਭੀ ਹੋਈ ਹੈ।

ਇਸ ਮੇਲ ਵਿਚ ਦੇਸ ਪਰਤ ਕੇ ਉਨ੍ਹਾਂ ਨੂੰ ਤੇ ਪੁਸਤਕ ਨੂੰ ਯਾਦ ਰੱਖਣ ਲਈ ਜੋ ਸ਼ਬਦ ਮੇਰੀ ਵਡਿਆਈ ਵਿਚ ਵਰਤੇ ਗਏ, ਉਹ ਆਪ ਹੀ ਇਥੇ ਲਿਖਦਿਆਂ ਮੈਨੂੰ ਸੰਗ ਵੀ ਆ ਰਹੀ ਹੈ ਤੇ ਸੰਕੋਚ ਵੀ ਹੋ ਰਿਹਾ ਹੈ। ਉਹ ਤਾਂ ਮੈਂ ਆਪਣੇ ਤੱਕ ਹੀ ਰੱਖਾਂਗਾ ਪਰ ਇਕ ਗੱਲ ਦਾ ਜ਼ਿਕਰ ਜ਼ਰੂਰ ਕਰਾਂਗਾ ਜੋ ਪਰਦੇਸੀਂ ਵਸੇ ਸਾਹਿਤਕਾਰ ਤੇ ਸਾਹਿਤ-ਪ੍ਰੇਮੀ ਸੱਜਣਾਂ ਦਾ ਸਾਂਝਾ ਉਲਾਂਭਾ ਕਿਹਾ ਜਾ ਸਕਦਾ ਹੈ। ਇਹ ਉਲਾਂਭਾ ਹੈ ਵੀ ਠੀਕ। ਅਸਲ ਵਿਚ ਇਧਰੋਂ ਗਏ ਲੇਖਕਾਂ ਨੇ ਜਿਨ੍ਹਾਂ ਦੀਆਂ ਦਾਅਵਤਾਂ ਉਡਾਈਆਂ ਹੁੰਦੀਆਂ ਹਨ, ਉਨ੍ਹਾਂ ਨੂੰ ਤਾਂ ਭੁੱਲ ਜਾਂਦੇ ਹਨ, ਘਟੀਆ ਕਿਸਮ ਦੇ ਸਫ਼ਰਨਾਮਿਆਂ ਵਿਚ ਜਾਂ ਇਧਰਲੀਆਂ ਮਹਿਫ਼ਲਾਂ ਵਿਚ ਆਪਣੀ ਵਡੱਤਣ ਵਜੋਂ ਜ਼ਿਕਰ ਕਰਨ ਲਈ ਚੇਤੇ ਰਹਿ ਜਾਂਦੀਆਂ ਹਨ "ਜਹਾਜ਼ ਜਿੱਡੀਆਂ ਕਾਰਾਂ", "ਕੁੰਡਿਆਂ ਵਾਲ਼ੀਆਂ ਵਿਸਕੀ ਦੀਆਂ ਬੋਤਲਾਂ" ਤੇ "ਮੁਰਗਿਆਂ ਦੀਆਂ ਟੰਗਾਂ ਦੀਆਂ ਭਰੀਆਂ ਹੋਈਆਂ ਟਰੇਆਂ"! ਸ਼ਾਇਦ ਇਹ ਸ਼ਬਦ ਭਵਿੱਖੀ ਯਾਤਰੀਆਂ ਨੂੰ ਥੋੜ੍ਹਾ ਜਿਹਾ ਮਾਨਵੀ ਹੋਣ ਲਈ ਪ੍ਰੇਰ ਸਕਣ!

ਸੁਰਜੀਤ ਨੇ ਲਿਖਿਆ, "ਅਸਲ ਵਿਚ ਮੈਨੂੰ ਆਸ ਹੀ ਨਹੀਂ ਸੀ ਕਿ ਤੁਸੀਂ ਮੈਨੂੰ ਯਾਦ ਰੱਖੋਗੇ ਜਾਂ ਮੇਰੇ ਬਾਰੇ ਲਿਖੋਗੇ। ਤੁਹਾਨੂੰ ਪੂਰੀ ਈਮਾਨਦਾਰੀ ਨਾਲ ਦੱਸਾਂ, ਅਨੇਕ ਲੇਖਕ/ ਪ੍ਰੋਫ਼ੈਸਰ ਸਾਡੇ ਘਰ ਆਉਂਦੇ ਰਹੇ ਹਨ ਪਰ ਇਥੋਂ ਜਾ ਕੇ ਕਦੀ ਵੀ ਕਿਸੇ ਨੇ ਵੀ ਪਿੱਛੇ ਮੁੜ ਕੇ ਨਹੀਂ ਦੇਖਿਆ, ਫੋਨ ਨਹੀਂ ਕੀਤਾ ਤੇ ਲਿਖਿਆ ਨਹੀਂ। ਇਸ ਲਈ ਮੈਂ ਦਿਲੋਂ ਆਖਦੀ ਹਾਂ ਕਿ ਤੁਸੀਂ ਖਰੇ ਮਨੁੱਖ ਹੋ!"

ਉਸ ਤੋਂ ਕੁਝ ਸਮਾਂ ਮਗਰੋਂ ਪਤਾ ਲੱਗਿਆ, ਉਹ ਅਮਰੀਕਾ ਛੱਡ ਗਏ ਹਨ ਤੇ ਕੈਨੇਡਾ ਰਹਿ ਰਹੇ ਹਨ। ਇਹ ਸਤਰਾਂ ਲਿਖਣ ਵੇਲ਼ੇ ਮੈਂ ਪੁੱਛਿਆ, ਸਿਰਫ਼ 'ਸੁਰਜੀਤ' ਲਿਖਣ ਨਾਲੋਂ 'ਸੁਰਜੀਤ (ਕੈਨੇਡਾ)' ਨਾ ਲਿਖ ਦਿਆਂ? ਉਹਨੇ ਦੱਸਿਆ, ਕੈਨੇਡਾ ਵਿਚ ਹੋਰ ਸੁਰਜੀਤਾਂ ਵੀ ਕਵਿੱਤਰੀਆਂ ਹਨ, 'ਸੁਰਜੀਤ (ਟੋਰਾਂਟੋ)' ਠੀਕ ਰਹੇਗਾ।

'ਸ਼ਿਕਸਤ ਰੰਗ' ਤੋਂ ਪਿੱਛੋਂ ਸੁਰਜੀਤ ਦੇ ਦੋ ਕਾਵਿ-ਸੰਗ੍ਰਹਿ 'ਹੇ ਸਖੀ' ਤੇ 'ਵਿਸਮਾਦ' ਹੋਰ ਛਪ ਚੁੱਕੇ ਹਨ ਅਤੇ ਇਕ ਕਹਾਣੀ-ਸੰਗ੍ਰਹਿ 'ਪਾਰਲੇ ਪੁਲ਼' ਵੀ ਪਾਠਕਾਂ ਦੇ ਹੱਥਾਂ ਵਿਚ ਪੁੱਜਿਆ ਹੈ। ਪਰ ਮੇਰੇ ਚੇਤੇ ਵਿਚ ਇਸ ਕਾਵਿ-ਸੰਗ੍ਰਹਿ ਨੇ ਆਪਣਾ ਸੱਜਰਾਪਨ ਜਿਉਂ-ਦਾ ਤਿਉਂ ਬਣਾਈ ਰੱਖਿਆ ਹੈ। "ਕੈਨੇਡਾ ਵਸੇ ਹੋਏ" ਦੀ ਥਾਂ "ਕੈਨੇਡਾ ਰਹਿ ਰਹੇ" ਮੈਂ ਇਸ ਲਈ ਲਿਖਿਆ ਹੈ ਕਿਉਂਕਿ ਪਹਿਲੀ ਪੀੜ੍ਹੀ ਦੇ ਪਰਵਾਸੀ ਕਿਤੇ ਵੀ ਜਾਣ, ਉਹ ਆਮ ਕਰ ਕੇ ਉਥੋਂ ਦੀਆਂ ਸਾਰੀਆਂ ਪ੍ਰਾਪਤੀਆਂ ਦੇ ਬਾਵਜੂਦ, ਉਨ੍ਹਾਂ ਪ੍ਰਾਪਤੀਆਂ ਦੇ ਤਾਰਨੇ ਪਏ ਮੁੱਲ ਦੇ ਅਹਿਸਾਸ ਕਾਰਨ, ਆਪਣੇ ਆਪ ਨੂੰ ਵਸੇ ਹੋਏ ਘੱਟ ਅਤੇ ਰਹਿ ਰਹੇ ਵਧੀਕ ਮਹਿਸੂਸ ਕਰਦੇ ਹਨ। ਇਸ 'ਰਹਿ ਰਹੇ' ਹੋਣ ਦੀ ਪੀੜ ਸੁਰਜੀਤ ਦੀਆਂ ਅਨੇਕਾਂ ਕਵਿਤਾਵਾਂ ਵਿਚ ਮਹਿਸੂਸ ਹੁੰਦੀ ਹੈ। ਮੇਰਾ ਲੱਖਣ ਹੈ, ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਜ਼ਰੂਰ 'ਰਹਿਣ' ਦੀ ਥਾਂ ਉਥੇ 'ਵਸਣ' ਲੱਗ ਜਾਣਗੀਆਂ।

ਸੁਰਜੀਤ ਦੇ ਇਸ ਪਲੇਠੇ ਕਾਵਿ-ਸੰਗ੍ਰਹਿ ਦੀ ਦੇਖਣ ਵਾਲੀ ਗੱਲ ਇਹ ਹੈ ਕਿ ਇਸ ਵਿਚ ਪਹਿਲੀਆਂ ਰਚਨਾਵਾਂ ਵਾਲੇ ਗੁਣ ਤਾਂ ਹਨ ਪਰ ਔਗੁਣ ਨਹੀਂ। ਪਹਿਲੀਆਂ ਰਚਨਾਵਾਂ ਅਨੇਕ ਸੂਰਤਾਂ ਵਿਚ ਅਨੁਭਵ, ਜਜ਼ਬੇ ਅਤੇ ਵਿਚਾਰ ਦੇ ਪੱਖੋਂ ਤਾਂ ਸੰਘਣੀਆਂ ਹੁੰਦੀਆਂ ਹਨ ਪਰ ਕਲਾ-ਕੌਸ਼ਲਤਾ, ਪੇਸ਼ਕਾਰੀ ਅਤੇ ਪ੍ਰਗਟਾਵੇ ਦੇ ਪੱਖੋਂ ਪੇਤਲੀਆਂ ਰਹਿ ਜਾਂਦੀਆਂ ਹਨ। ਮੈਨੂੰ ਨਹੀਂ ਪਤਾ ਕਿ ਸੁਰਜੀਤ ਨੇ ਅਭਿਆਸੀ ਕਹੀਆਂ ਜਾਣ ਵਾਲੀਆਂ ਕਵਿਤਾਵਾਂ ਇਸ ਸੰਗ੍ਰਹਿ ਤੋਂ ਬਾਹਰ ਰੱਖੀਆਂ ਹਨ ਜਾਂ ਆਰੰਭ ਤੋਂ ਹੀ ਉਹਦੀ ਕਵਿਤਾ ਦੇ ਦੋਵੇਂ ਪੱਖ ਏਨੇ ਪੁਖ਼ਤਾ ਹਨ। ਜੋ ਰਚਨਾ ਸਾਡੇ ਸਾਹਮਣੇ ਹੈ, ਉਸ ਉੱਤੇ ਵਿਚਾਰ ਅਤੇ ਕਲਾ, ਦੋਵਾਂ ਪੱਖਾਂ ਤੋਂ ਪਰਪੱਕ ਕਲਮ ਦੀ ਮੋਹਰ-ਛਾਪ ਸਪੱਸ਼ਟ ਹੈ।

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਨੂੰ ਮੋਟੇ ਤੌਰ ਉੱਤੇ ਚਾਰ ਰੰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਹ ਹਨ ਜੀਵਨ ਦੀ ਅਨਿਸਚਿਤਤਾ, ਮਨੁੱਖੀ ਸਮਾਜ ਦੀ ਵਰਤਮਾਨ ਦਸ਼ਾ-ਦਿਸ਼ਾ, ਪਰਵਾਸ ਦੀ ਪੀੜ, ਅਤੇ ਆਖ਼ਰੀ, ਪਰ ਸ਼ਾਇਦ ਸਭ ਤੋਂ ਮਹੱਤਵਪੂਰਨ, ਇਸਤਰੀ ਹੋਣ ਦਾ ਦਰਦ।

ਮਨੁੱਖੀ ਜੀਵਨ ਅਨਿਸਚਿਤਤਾਵਾਂ, ਦੁਵਿਧਾਵਾਂ, ਅਚਨਚੇਤੀਆਂ ਦੀ ਲੜੀ ਹੈ। ਸੰਭਾਵਨਾਵਾਂ ਇਕ ਸਿਰੇ ਤੋਂ ਦੂਜੇ ਤੱਕ ਕੁਝ ਵੀ ਹੋ ਸਕਦੀਆ ਹਨ। ਇਹ ਨਿਰਣਾ ਵੀ ਅਸੰਭਵ ਹੋ ਜਾਂਦਾ ਹੈ ਕਿ ਦਿਸਹੱਦੇ ਉੱਤੇ ਟਿਮਟਿਮਾਉਂਦੀ ਲੋਅ ਸਾੜਨ ਵਾਲੀ ਅੱਗ ਦੀ ਹੈ ਜਾਂ ਰਾਹ-ਦਿਖਾਵੀ ਰੌਸ਼ਨੀ ਦੀ: "ਦੂਰ ਦਿਸਹੱਦੇ 'ਤੇ ਇਕ/ ਟਿਮਟਿਮਾਂਦੀ ਜਿਹੀ ਲੋਅ/ ਜ਼ਿੰਦਗੀ ਇਹਦੇ ਦੁਆਲੇ/ ਭੰਬਟ ਬਣ ਘੁੰਮਦੀ/ ਪਰ ਕੀ ਪਤੈ ਕਿ ਇਹ/ ਸ਼ਮ੍ਹਾ ਬਣ ਸਾੜੇਗੀ ਇਸਨੂੰ/ ਜਾਂ ਰਾਹਾਂ ਰੌਸ਼ਨ ਕਰੇਗੀ!" (ਹਾਦਸੇ ਤੇ ਮੌਸਮ)

ਪਰ ਮਨੁੱਖ ਜਿੱਥੇ ਪੁੱਜ ਗਿਆ ਹੈ, ਉਸ ਵਿਚ ਰੌਸ਼ਨੀ ਦੇਣ ਵਾਲੀ ਅੱਗ ਦੀ ਘੱਟ, ਸਾੜਨ ਵਾਲੀ ਅੱਗ ਦੀ ਸੰਭਾਵਨਾ ਵਧੇਰੇ ਹੈ: "ਮੇਰੀ ਹਸਤੀ ਤੋਂ ਦਿਸਹੱਦੇ ਤੀਕ/ ਇਕ ਹਨੇਰਾ ਰਾਹ ਫੈਲ ਜਾਂਦਾ ਹੈ/ ਜੋ ਅੱਗ ਦੇ ਦਰਿਆ ਵਿਚ ਪੈਂਦਾ ਹੈ/ ਮੇਰੇ ਪਿੱਛੇ ਹਾਦਸਿਆਂ ਦੀਆਂ ਪੈੜਾਂ/ ਕੰਧਾਂ ਬਣ ਖੜੋ ਜਾਂਦੀਆਂ ਹਨ।" (ਸ਼ਾਮ ਫਿਰ ਢਲੀ ਹੈ)

ਅੱਗੇ ਅੱਗ ਦਾ ਦਰਿਆ, ਪਿੱਛੇ ਹਾਦਸਿਆਂ ਦੀਆਂ ਕੰਧਾਂ, ਜੀਅ ਕਰਦਾ ਹੈ ਵਿਸ਼ਾਲ ਸਾਗਰ ਦੀਆਂ ਲਹਿਰਾਂ ਦੇ ਸੰਗ ਹੋ ਤੁਰਨ ਨੂੰ, ਤਾਂ ਜੋ ਸਭੇ ਹਾਦਸਿਆਂ ਨੂੰ ਪਿੱਛੇ ਛੱਡ ਦੂਜੇ ਪਾਰ ਟਿਕਾਣਾ ਹੋ ਜਾਵੇ: "ਇਹਨਾਂ ਲਹਿਰਾਂ 'ਤੇ ਤੈਰਦੀ ਇਕ ਬੇੜੀ/ ਮੈਨੂੰ ਉਡੀਕ ਰਹੀ ਹੈ/ ਜੀਅ ਕਰਦੈ, ਇਸ ਬੇੜੀ 'ਤੇ ਚੜ੍ਹ/ ਇਹਨਾਂ ਲਹਿਰਾਂ ਸੰਗ ਹੋ ਤੁਰਾਂ/ ਤੇ ਪਹੁੰਚ ਜਾਵਾਂ/ ਇਸ ਚੌੜੇ ਸਮੁੰਦਰ ਦੇ ਉਸ ਪਾਰ!" ਪਰ ਦਿਲ ਦੀਆਂ ਰੀਝਾਂ ਅਤੇ ਮਨ ਦੀਆਂ ਇੱਛਾਵਾਂ ਨਾਲੋਂ ਕਠੋਰ ਯਥਾਰਥ ਬਲਵਾਨ ਹੈ: "ਅਚਨਚੇਤ ਮੇਰੇ/ ਹੱਥਾਂ 'ਚ ਫੜੇ ਚੱਪੂ/ ਕੱਚੀ ਮਿੱਟੀ ਵਾਂਗ ਭੁਰ ਕੇ/ ਲਹਿਰਾਂ 'ਤੇ ਤੈਰ ਜਾਂਦੇ ਨੇ/ ਤੇ ਇਹ ਸਮੁੰਦਰ ਮੇਰੇ ਸਾਹਮਣੇ/ ਖਾਰਾ ਸਮੁੰਦਰ ਬਣ/ ਕੋਹਾਂ ਮੀਲਾਂ ਤੱਕ ਫੈਲ ਜਾਂਦਾ ਹੈ! ਅਪਾਰ! ਅਪਹੁੰਚ!" (ਸੌੜਾ ਸਮੁੰਦਰ)

ਮਨੁੱਖ ਦੀਆਂ ਸਭ ਹੋਸ਼ਾਂ, ਸਮਝਾਂ ਅਤੇ ਚਤੁਰਾਈਆਂ ਦੇ ਬਾਵਜੂਦ ਸਭ ਕੁਝ ਇਕ ਪਲ ਵਿਚ ਸਿਮਟ ਕੇ ਰਹਿ ਜਾਂਦਾ ਹੈ, ਪਲ ਜੋ ਮਨੁੱਖ ਦੇ ਹੱਥ-ਵੱਸ ਨਹੀਂ। ਇਸ ਸੱਚ ਨੂੰ ਸਮੁੱਚੀ ਕਵਿਤਾ 'ਇਕ ਪਲ' ਬੜੀ ਖ਼ੂਬਸੂਰਤੀ ਨਾਲ ਉਜਾਗਰ ਕਰਦੀ ਹੈ: "ਇਕ ਪਲ ਦਾ ਨਾਂ ਹੈ ਜੀਵਨ/ ਇਕ ਪਲ 'ਚ ਜੀਵਨ ਬਣਦੈ ਮੌਤ/ ਇਕ ਪਲ ਹੀ ਹੁੰਦੀ ਹੈ ਹੋਣੀ/ ਇਕ ਪਲ ਹੀ ਸਿਰਜਦੈ ਇਤਿਹਾਸ/ ਇਹ ਜੀਵਨ ਮਹਿਜ਼/ ਇਕ ਪਲ ਦੀ ਹੀ ਗੱਲ ਹੈ ਬੱਸ!" (ਇਕ ਪਲ)

ਜੀਵਨ ਦਾ ਆਦਿ-ਅੰਤ ਅਤੇ ਅਣਦਿਸਦਾ ਭਵਿੱਖ ਵਿਗਿਆਨ ਤੋਂ ਲੈ ਕੇ ਧਰਮ ਤੱਕ ਦੇ ਸਾਹਮਣੇ ਸਦਾ ਹੀ ਇਕ ਵੱਡਾ ਸਵਾਲ ਬਣ ਕੇ ਖਲੋਤਾ ਰਿਹਾ ਹੈ। ਸੁਰਜੀਤ ਦੀਆਂ ਇਹ ਕਵਿਤਾਵਾਂ ਇਸ ਧੁੰਦ ਅਤੇ ਘੁਸਮੁਸੇ ਨੂੰ ਸੰਬੋਧਿਤ ਤਾਂ ਹਨ ਪਰ ਇਹਨਾਂ ਦੀ ਵਿਲੱਖਣਤਾ ਪ੍ਰੰਪਰਾਗਤ ਰਹੁਰੀਤੀ ਅਤੇ ਧਾਰਮਿਕ ਅਧਿਆਤਮਵਾਦ ਦੇ ਮਾਰਗ ਤੋਂ ਸੰਕੋਚ ਕਰਨਾ ਹੈ। ਸ਼ਾਇਦ ਇਹਨਾਂ ਕਵਿਤਾਵਾਂ ਨੂੰ ਵਿਗਿਆਨਕ ਸੋਚ ਵਾਲ਼ੇ ਮਨੁੱਖ ਦਾ ਅਧਿਆਤਮਵਾਦ ਕਹਿਣਾ ਵਧੇਰੇ ਠੀਕ ਰਹੇਗਾ।

ਸੁਰਜੀਤ ਦੀਆਂ ਕਵਿਤਾਵਾਂ ਦਾ ਦੂਜਾ ਸਰੋਕਾਰ ਮਨੁੱਖ ਦੇ ਵਿਗਿਆਨਕ-ਤਕਨਾਲੋਜੀਕਲ ਵਿਕਾਸ ਦੇ ਸਮਾਨੰਤਰ ਉਹਦਾ ਸਦਾਚਾਰਕ ਨਿਘਾਰ ਅਤੇ ਉਸ ਰਾਹੀਂ ਹੋਇਆ ਸੰਸਾਰ ਦਾ ਭੌਤਿਕ ਨਿਘਾਰ ਹੈ: "ਹੈਰਾਨ ਹਾਂ ਕਿ ਅੱਜ ਫੇਰ ਰਵਾਂ ਹੈ/ ਉਹੀ ਸੜਕ/ ਕੋਈ ਨਿਸ਼ਾਨ ਬਾਕੀ ਨਹੀਂ ਉਸ ਥਾਂ/ ਕੱਲ੍ਹ ਜਿੱਥੇ ਹੋਇਆ ਸੀ ਹਾਦਸਾ!" (ਸੜਕ ਫਿਰ ਰਵਾਂ ਹੈ) ਇਕ ਮਨੁੱਖ ਦਾ ਹਾਦਸਾ ਦੂਜੇ ਮਨੁੱਖਾਂ ਲਈ ਸੰਵੇਦਨਾ ਦਾ ਕਾਰਨ ਨਹੀਂ ਬਣਦਾ। ਇਕ ਮਨੁੱਖ ਦੀ ਪੀੜ ਦੂਜੇ ਮਨੁੱਖਾਂ ਵਿਚ ਦਰਦ ਨਹੀਂ ਜਗਾਉਂਦੀ। ਪੈਰਾਂ ਦੀ ਭੀੜ ਉਸ ਥਾਂ ਨੂੰ ਮਿੱਧਦੀ ਅਤੇ ਉਥੋਂ ਦੇ ਨਿਸ਼ਾਨਾਂ ਨੂੰ ਮੇਟਦੀ ਰਵਾਂ-ਚਾਲ ਲੰਘਦੀ ਜਾਂਦੀ ਹੈ ਜਿਥੇ ਕੱਲ੍ਹ ਕਿਸੇ ਨਾਲ ਹਾਦਸਾ ਵਾਪਰਿਆ ਸੀ।

ਮਨੁੱਖ ਨੇ ਅਜਿਹੀ ਅਸਦਾਚਾਰਕਤਾ ਨਾਲ ਆਪਣਾ ਮਨ ਵੀ ਪਲੀਤ ਕੀਤਾ ਹੋਇਆ ਹੈ ਅਤੇ ਆਪਣੇ ਨਿਵਾਸ, ਭਾਵ ਧਰਤੀ ਨੂੰ, ਆਪਣੇ ਦੁਆਲੇ ਦੀ ਭੌਤਿਕਤਾ ਨੂੰ ਵੀ ਪਲੀਤ ਕਰ ਛੱਡਿਆ ਹੈ। ਕਵਿੱਤਰੀ ਨੂੰ ਜਿੰਨੀ ਪੀੜ ਹਾਦਸਿਆਂ ਨੂੰ ਅਣਡਿੱਠ ਕਰ ਕੇ ਰਵਾਂ ਰਹਿੰਦੀ ਸੜਕ ਦੀ ਹੈ, ਓਨੀ ਹੀ ਪਰੇਸ਼ਾਨੀ ਮਨੁੱਖ ਵਲੋਂ ਆਪਣੀ ਹੀ ਮਾਂ, ਧਰਤੀ ਨਾਲ ਕੀਤੇ ਜਾਂਦੇ ਦੁਰਵਿਹਾਰ ਦੀ ਹੈ: "ਹੇ ਮਾਂ ਧਰਤੀ/ ਬੜਾ ਸੋਚਦੀ ਹਾਂ ਕੋਈ ਨਜ਼ਮ ਲਿਖਾਂ/ ਤੇਰੇ ਦੁੱਖਾਂ ਦੀ/ ਤੇਰੇ ਖੁਰਦੇ ਪਰਬਤਾਂ ਦੀ/ ਸੁੱਕ ਗਏ ਦਰਿਆਵਾਂ ਦੀ/ ਗੰਧਲਾ ਗਏ ਸਾਗਰਾਂ ਦੀ/ ਮੁੱਕਦੇ ਜੰਗਲਾਂ ਦੀ/ ਦੂਸ਼ਿਤ ਹੋ ਰਹੀ ਹਵਾ ਦੀ!" (ਤੇਰਾ ਦੁੱਖ ਮੇਰਾ)

ਖੁਰਦੇ ਪਰਬਤਾਂ, ਸੁੱਕਦੇ ਦਰਿਆਵਾਂ, ਗੰਧਲੇ ਸਾਗਰਾਂ, ਮੁੱਕਦੇ ਜੰਗਲਾਂ ਅਤੇ ਦੂਸ਼ਿਤ ਹਵਾ ਦੇ ਵਿਚਕਾਰ ਮਨੁੱਖ ਦੀ ਆਪਾਧਾਪੀ ਦੀ ਰਵਾਂ-ਰਵੀਂ ਦੌੜ ਦਾ ਮੁੱਖ ਕਾਰਨ ਉਸ ਵੱਲੋਂ ਆਪਣੇ ਪੁਰਖਿਆਂ ਦੀ ਮਸ਼ਾਲ-ਯਾਤਰਾ ਦੇ ਇਤਿਹਾਸ ਨੂੰ ਭੁਲਾ ਦੇਣਾ ਅਤੇ ਆਪਣੇ ਹੀ ਭਵਿੱਖ ਬਾਰੇ ਸੋਚਣ ਤੋਂ ਅਸਮਰੱਥ ਹੋ ਜਾਣਾ ਹੈ। ਕਵਿੱਤਰੀ ਮਨੁੱਖ ਨੂੰ ਇਸ ਊਣ ਬਾਰੇ ਸਾਵਧਾਨ ਕਰਦੀ ਹੈ: "ਇਸ ਵਾਰ ਜੋ ਦੀਵਾਲੀ ਦੇ ਦੀਵੇ ਜਗਾਓ/ ਤਾਂ ਇਕ ਦੀਵਾ/ ਉਨ੍ਹਾਂ ਦੇ ਨਾਂ ਦਾ ਵੀ ਜਗਾਉਣਾ/ ਜੋ ਹੱਥਾਂ 'ਚ ਮਸ਼ਾਲਾਂ ਫੜ/ ਕਾਫ਼ਲੇ ਦੇ ਅੱਗੇ ਹੋ ਤੁਰੇ/ ਹੱਕ ਤੇ ਸੱਚ ਦੀ ਜਿੱਤ ਖ਼ਾਤਰ/ ਹਕੂਮਤਾਂ ਨਾਲ ਲੜੇ/ ਆਉਣ ਵਾਲੀਆਂ ਪੀੜ੍ਹੀਆਂ ਦੇ/ ਰਾਹ ਸੁਆਰਨ ਲਈ ਸੂਲੀਆਂ 'ਤੇ ਚੜ੍ਹੇ!"



**(ਬਾਕੀ ਅਗਲੇ ਸਫੇ 'ਤੇ)**

(ਇਕ ਦੀਵਾ) ਮੰਜ਼ਲ ਵੱਲ ਮਨੁੱਖ ਦੀ ਯਾਤਰਾ ਤਦੇ ਸਕਾਰਥ ਹੋ ਸਕਦੀ ਹੈ ਜੇ ਉਹ ਹੱਥਾਂ ਵਿਚ ਮਸ਼ਾਲਾਂ ਫੜ ਕੇ ਕਾਫ਼ਲਿਆਂ ਦੀ ਅਗਵਾਈ ਕਰਨ ਵਾਲੇ ਆਪਣੇ ਪੁਰਖਿਆਂ ਨੂੰ ਪ੍ਰੇਰਨਾ ਦਾ ਸੋਮਾ ਬਣਾਵੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਰਾਹ ਸੁਆਰਨ ਨੂੰ ਆਪਣਾ ਮਨੋਰਥ ਸਮਝੇ।

ਪਰਵਾਸ ਦੀ ਪੀੜ ਇਕ ਅਜਿਹੀ ਪੀੜ ਹੈ ਜਿਸ ਨੂੰ ਸ਼ਾਇਦ ਕੁਝ ਪ੍ਰਾਪਤ ਕਰਨ ਲਈ ਸਵੈ-ਇੱਛਾ ਨਾਲ ਕੁਝ ਅਜਿਹਾ ਤਿਆਗ ਦੇਣ ਵਾਲਾ ਪਰਵਾਸੀ ਹੀ ਸਮਝ ਸਕਦਾ ਹੈ ਜੋ ਅਸਲ ਵਿਚ ਤਿਆਗਣ ਵਾਲਾ ਹੁੰਦਾ ਨਹੀਂ। ਪ੍ਰਾਪਤੀ ਤਾਂ ਕੇਵਲ ਪੂੰਜੀ ਦੀ ਹੀ ਹੁੰਦੀ ਹੈ, ਉਹ ਵੀ ਇਕ ਹੱਦ ਤੱਕ। ਇਹ ਪੂੰਜੀ ਬੱਸ ਰਿਸ਼ਤਿਆਂ ਦੀ ਮੰਗ ਪੂਰੀ ਕਰਦੀ ਹੈ ਅਤੇ ਤਨ ਦੀ ਤ੍ਰਿਪਤੀ ਦਾ ਸਾਧਨ ਬਣਦੀ ਹੈ: "ਹਰ ਰਿਸ਼ਤਾ ਹੀ ਪੂੰਜੀ ਮੰਗ ਰਿਹੈ/ ਤੇ ਉਹ ਪੂੰਜੀ ਦਾ ਚਿੰਨ੍ਹ ਬਣ/ ਇਕ ਜੌਬ ਤੋਂ ਦੂਜੀ ਜੌਬ ਤੱਕ ਭਟਕ ਰਿਹੈ/ ਪੂੰਜੀ ਦੀ ਸੂਲੀ 'ਤੇ ਉਹ ਲਟਕ ਰਿਹੈ!" (ਪਰਦੇਸੀ)

ਪੂੰਜੀ ਦੀ ਇਸ ਭਟਕਣ-ਲਟਕਣ ਦੀ ਦੌੜ ਵਿਚ ਮਨ ਅਤੇ ਆਤਮਾ ਨਾਲ ਸੰਬੰਧਿਤ ਅਨਗਿਣਤ ਕੁਝ ਗੁਆ ਬੈਠਾ ਮਨੁੱਖ ਆਖ਼ਰ ਉਸ ਉਦੇਸ਼ ਤੋਂ ਵੀ ਵਿਰਵਾ ਹੋ ਜਾਂਦਾ ਹੈ ਜਿਸ ਵਾਸਤੇ ਉਹ ਇਸ ਦੌੜ ਵਿਚ ਸ਼ਾਮਲ ਹੋਇਆ ਸੀ। ਇਸ ਪੂੰਜੀ ਨੂੰ ਸਾਧਨ ਬਣਾ ਕੇ ਜੀਵਨ ਮਾਣਨ ਦੀ ਉਸ ਦੀ ਰੀਝ ਬੱਸ ਰੀਝ ਹੀ ਬਣ ਕੇ ਰਹਿ ਜਾਂਦੀ ਹੈ ਅਤੇ ਉਹਦੀ ਬੇਵਸੀ ਉਹਦੇ ਬੁੱਲ੍ਹਾਂ ਦੀ ਇਹ ਅਰਦਾਸ ਬਣ ਜਾਂਦੀ ਹੈ: "ਰੱਬਾ! ਜੀਵਨ ਦਿਨੈਂ/ ਤਾਂ ਜੀਵਨ ਮਾਣਨ ਲਈ/ ਸਮਾਂ ਤਾਂ ਦੇ ਦਿਆ ਕਰ!" (ਪੀਲੇ ਪੱਤੇ)

ਪੂੰਜੀ ਦੀ ਇਹ ਦੌੜ ਕਿੰਨੀ ਅਮਾਨਵੀ ਹੈ ਅਤੇ ਪੂੰਜੀ ਦਾ ਇਹ ਮੋਹ ਕਿੰਨਾ ਬੇਕਿਰਕ ਹੈ ਕਿ ਇਸ ਦੌੜ ਵਿਚ ਹਫ਼ਦਾ-ਹੰਭਦਾ ਮਨੁੱਖ ਉਸ ਪੂੰਜੀ ਨੂੰ ਮਾਣਨ ਤੋਂ ਤਾਂ ਅਸਮਰੱਥ ਹੁੰਦਾ ਹੀ ਹੈ, ਕੁਦਰਤ ਨੇ ਉਹਦੇ ਨਿਹਾਰਨ-ਸਲਾਹੁਣ ਲਈ ਬਿਨਾਂ ਕਿਸੇ ਮੁੱਲ ਤੋਂ ਜੋ ਕੁਝ ਉਹਦੇ ਆਲੇ-ਦੁਆਲੇ ਸਿਰਜਿਆ-ਸਜਾਇਆ ਹੈ, ਉਹਦੇ ਮਨ ਦੇ ਨੈਣ ਉਹ ਸਭ ਦੇਖਣ ਵਾਲੀ ਜੋਤ ਤੋਂ ਵੀ ਹੀਣ ਹੋ ਜਾਂਦੇ ਹਨ। ਤੇ ਜੇ ਕਦੀ ਕੋਈ ਸੁਹਾਵਣਾ ਪਲ ਉਸ ਨੂੰ ਇਨ੍ਹਾਂ ਕੁਦਰਤੀ ਨਜ਼ਾਰਿਆਂ ਦਾ ਦਰਸ਼ਕ ਬਣਾ ਦੇਵੇ, ਮਨੁੱਖ ਦੰਗ ਹੀ ਤਾਂ ਰਹਿ ਜਾਂਦਾ ਹੈ: "ਸਪਤ ਰਿਸ਼ੀਆਂ ਦੀ ਵਹਿੰਗੀ ਸੀ/ ਸਦੀਆਂ ਬਾਅਦ ਤੱਕੀ ਮੈਂ/ ਏਨਾ ਸੁਹਣਾ ਚੰਨ ਸੀ/ ਕਿ ਰਹਿ ਗਈ ਹੱਕੀ-ਬੱਕੀ ਮੈਂ!" (ਪਰਿਕਰਮਾ)

ਪਰਵਾਸ ਦੀ ਨਾ ਮੁੱਕਣ ਵਾਲੀ ਪੀੜ ਨੂੰ ਅਤੇ ਪੂੰਜੀ ਦੀ ਨਗਰੀ ਦੇ ਨਾ ਟੁੱਟਣ ਵਾਲੇ ਤਲਿੱਸਮ ਨੂੰ ਜਿਸ ਕਲਾਮਈ ਸਫ਼ਲਤਾ ਅਤੇ ਸੰਪੂਰਨਤਾ ਨਾਲ ਸੁਰਜੀਤ ਨੇ 'ਕੀਰਤਪੁਰ ਵੱਲ' ਨਾਂ ਦੀ ਕਵਿਤਾ ਵਿਚ ਉਜਾਗਰ ਕੀਤਾ ਹੈ, ਉਹ ਪਾਠਕ ਨੂੰ ਸੱਚ-ਮੁੱਚ ਸੋਚਾਂ ਵਿਚ ਪਾ ਦਿੰਦਾ ਹੈ। ਕਵਿਤਾ ਏਨੀ ਸੰਘਣੀ ਅਤੇ ਵਿਚਾਰ ਏਨਾ ਗੱਠਵਾਂ ਹੈ ਕਿ ਇਸ ਨਾਲ ਨਿਆਂ ਤਾਂ ਇਥੇ ਇਸ ਨੂੰ ਪੂਰੀ ਦੀ ਪੂਰੀ ਲਿਖਿਆਂ ਹੀ ਹੋ ਸਕਦਾ ਹੈ। ਪੂਰੀ ਕਵਿਤਾ ਦਾ ਪਾਠ ਪਰ ਮੈਂ ਪਾਠਕ ਲਈ ਛੱਡ ਦੇਣਾ ਅਤੇ ਉਸ ਪਾਠ ਲਈ ਪ੍ਰੇਰਨਾ ਵਜੋਂ ਕੁਝ ਸ਼ਬਦ ਕਹਿ ਦੇਣਾ ਉਚਿਤ ਸਮਝਦਾ ਹਾਂ: "ਸੰਸਾ ਹੈ ਮੈਨੂੰ/ ਕਿ ਹੁਣ ਨਹੀਂ ਨਸੀਬ ਹੋਣੀ/ ਮੈਨੂੰ ਮੇਰੇ ਪਿੰਡ ਦੀ ਜੂਹ/ ਮੈਂ ਬੱਸ ਪਰਵਾਸ ਵਿਚ ਹੀ/ ਭੁਗਤਦੇ ਰਹਿਣੈ ਇਹ ਉਮਰ-ਕੈਦ/ ਬਾਮੁਸ਼ੱਕਤ, ਬੇਇਖ਼ਤਿਆਰ/ ..." ਇਸ ਕੈਦਖਾਨੇ ਵਿਚਲੀ ਸੰਸਿਆਂ ਦੀ ਕਾਲ-ਕੋਠੜੀ ਵਿਚ, ਜੋ ਕਿਸੇ ਵੀ ਦੀਵੇ-ਬੱਤੀ ਤੋਂ ਵਿਰਵੀ ਹੈ, ਕੇਵਲ ਯਾਦਾਂ ਦੀ ਲੋਅ ਹੈ ਤੇ ਇਸ ਯਾਦਾਂ ਦੀ ਲੋਅ ਵਿਚ: ਸੁਣਦੀ ਹਾਂ/ ਬੁੱਲ੍ਹੇ ਦੀਆਂ ਕਾਫ਼ੀਆਂ/ ਨਾਨਕ ਦਾ ਸੰਗੀਤ/...ਤੇ ਰੋਜ਼ ਬਣਾਉਂਦੀ ਹਾਂ ਤਦਬੀਰਾਂ/ ਇਸ ਉਮਰ ਕੈਦ ਨੂੰ ਤੋੜਨ ਦੀਆਂ!..."

ਪਰ ਇਸ ਉਮਰ-ਕੈਦ ਨੇ ਤਾਂ ਟੁੱਟਣਾ ਨਹੀਂ! ਤਾਂ ਫੇਰ ਜੋ ਕੁਝ ਇਸ ਉਮਰ-ਕੈਦ ਵਿਚ ਹੀ ਬਚ ਸਕਦਾ ਹੈ, ਉਹੋ ਬਚਾਇਆ ਜਾਵੇ। ਬਚ-ਬਚਾਈ ਦੇ ਇਸ ਯਤਨ ਵਿਚ ਉਹ ਔਲਾਦ ਨੂੰ ਆਪਣੇ ਇਤਿਹਾਸ ਦੀਆਂ ਤਲੀ ਉੱਤੇ ਸੀਸ ਧਰਨ ਵਰਗੀਆਂ ਚਮਤਕਾਰੀ ਗੱਲਾਂ ਸੁਣਾਉਂਦੀ ਹੈ ਅਤੇ ਸੂਰਬੀਰਾਂ ਯੋਧਿਆਂ ਦੀਆਂ ਤਸਵੀਰਾਂ ਦਿਖਾਉਂਦੀ ਹੈ। ਆਪਣੇ ਬੱਚਿਆਂ ਨੂੰ ਆਪਣੀ ਬੋਲੀ ਅਤੇ ਰਹਿਤਲ ਨਾਲ ਜੋੜੀ ਰੱਖਣ ਲਈ ਗੁਰਦੁਆਰੇ ਅਤੇ ਸਾਹਿਤਕ-ਸਭਿਆਚਾਰਕ ਮੇਲਿਆਂ ਵਿਚ ਲੈ ਕੇ ਜਾਂਦੀ ਹੈ। ਪਰ ਇਸ ਸਭ ਕੁਝ ਬਾਰੇ ਆਪਣਾ ਪ੍ਰਤੀਕਰਮ ਉਹ ਓਪਰੀ ਭਾਸ਼ਾ ਵਿਚ ਦਿੰਦੇ ਹਨ ਅਤੇ ਸੰਵਾਦ ਦੀ ਸੰਭਾਵਨਾ ਖ਼ਤਮ ਕਰ ਦਿੰਦੇ ਹਨ। ਆਪਣੇ ਮਿੱਠੇ ਫਲਾਂ ਨੂੰ ਕੌੜੇ ਹੋਣ ਤੋਂ ਬਚਾਉਣ ਲਈ ਉਹਦਾ ਜੀਅ ਕਰਦਾ ਹੈ: "ਇਨ੍ਹਾਂ ਨੂੰ ਲੈ ਚੱਲਾਂ ਉਸ ਥਾਂ/ ਜਿੱਥੇ ਕੌੜੇ ਰੀਠੇ ਮਿੱਠੇ ਹੋਏ ਸੀ।" ਇਸ ਹਾਲਤ ਵਿਚ ਸਵਾਲਾਂ ਦਾ ਸਵਾਲ ਤਾਂ ਇਹ ਹੈ: "ਪਰ ਉਹ ਸਮਾਂ ਆਵੇਗਾ ਕਦ/ ਡਰ ਹੈ ਮੈਨੂੰ/... ਕਿਤੇ ਵਕਤ ਇੰਜ ਹੀ ਬੀਤ ਜਾਵੇ ਨਾ/ ਤੇ ਮੇਰੀ ਬਜਾਇ/ ਮੇਰਾ ਡੱਬੇ-ਬੰਦ ਵਜੂਦ ਹੀ ਪਿੰਡ ਪਰਤੇ/ ਤੇ ਜਾਂ ਕੁੱਜੇ-ਬੰਦ ਮੇਰੀ ਰਾਖ/ ਕੀਰਤਪੁਰ!"

ਉਪਰੋਕਤ ਤਿੰਨ ਭਾਂਤ ਦੀਆਂ ਕਵਿਤਾਵਾਂ ਦੇ ਮਹੱਤਵ ਨੂੰ ਕਿਸੇ ਵੀ ਤਰ੍ਹਾਂ ਘਟਾਏ ਬਿਨਾਂ ਮੇਰਾ ਮੱਤ ਹੈ ਕਿ ਸੁਰਜੀਤ ਦੀਆਂ ਸਭ ਤੋਂ ਧਿਆਨਯੋਗ ਕਵਿਤਾਵਾਂ ਉਹ ਹਨ, ਜੋ ਇਸਤਰੀ ਦੇ ਮਨੋਭਾਵਾਂ ਨੂੰ ਪ੍ਰਗਟ ਕਰਦੀਆਂ ਹਨ। ਕਥਿਤ ਨਾਰੀਵਾਦ ਦਾ ਪੰਜਾਬੀ ਸਾਹਿਤ ਵਿਚ, ਖਾਸ ਕਰ ਕੇ ਕੁਝ ਲੇਖਿਕਾਵਾਂ ਵੱਲੋਂ ਕਾਫ਼ੀ ਰੌਲ਼ਾ ਪਾਇਆ ਜਾ ਰਿਹਾ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਪ੍ਰਸੰਗ ਵਿਚ ਉਨ੍ਹਾਂ ਨੂੰ ਨਾ ਤਾਂ ਇਸਤਰੀ-ਪੁਰਸ਼ ਅਸੰਤੁਲਨ ਦੇ ਇਤਿਹਾਸ, ਭਾਵ ਇਸ ਦੇ ਨਿਕਾਸ-ਵਿਕਾਸ ਦੀ ਹੀ ਕੋਈ ਸੋਝੀ ਹੈ ਅਤੇ ਨਾ ਹੀ ਉਨ੍ਹਾਂ ਦੀ ਅਕਲ ਵਿਚ ਇਸ ਗੱਲ ਦੀ ਕੋਈ ਸਪਸ਼ਟ ਤਸਵੀਰ ਹੈ ਕਿ ਇਹ ਅਸੰਤੁਲਨ ਮੇਟਿਆ ਕਿਵੇਂ ਜਾ ਸਕਦਾ ਹੈ। ਉਨ੍ਹਾਂ ਵੱਲੋਂ ਮਰਦ ਨੂੰ ਨਿੰਦਣ ਦਾ ਸੌਖਾ ਰਾਹ ਫੜਿਆ ਜਾਂਦਾ ਹੈ ਅਤੇ ਜੀਵ-ਵਿਗਿਆਨਕ ਯਥਾਰਥ ਨੂੰ ਅਣਡਿੱਠ ਕਰ ਕੇ ਪੁਰਸ਼ ਵਾਲੀ ਕਾਮ-ਖੁੱਲ੍ਹ ਦੀ ਕਾਮਨਾ ਤੇ ਮੰਗ ਕੀਤੀ ਜਾਂਦੀ ਹੈ।

ਸੁਰਜੀਤ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਹ ਨਾਰੀ ਦੀ ਪੀੜ ਤੇ ਵੇਦਨਾ-ਸੰਵੇਦਨਾ ਨੂੰ ਅਜਿਹੀਆਂ ਲੇਖਿਕਾਵਾਂ ਨਾਲੋਂ ਵਧੀਕ ਤੀਬਰਤਾ ਨਾਲ ਅਨੁਭਵ ਕਰਦੀ ਹੈ ਤਾਂ ਵੀ ਉਨ੍ਹਾਂ ਵਾਲੇ ਸਰਲ-ਸੌਖੇ ਪਰ ਕੁਚੱਜੇ ਨਾਰੀਵਾਦ ਤੋਂ ਵੱਖਰੀ ਹੋ ਕੇ ਤੁਰਦੀ ਹੈ। ਇਸਤਰੀ ਹੋਣਾ ਹੀ ਇਸਤਰੀ ਲਈ ਸਭ ਤੋਂ ਵੱਡਾ ਸਰਾਪ ਬਣ ਗਿਆ ਹੋਣ ਦੇ ਯਥਾਰਥ ਨੂੰ ਚੰਗੀ ਤਰ੍ਹਾਂ ਸਮਝਣ ਦੇ ਬਾਵਜੂਦ ਉਹ ਦੋਸ਼ ਦਾ ਠੀਕਰਾ ਮਰਦ ਦੇ ਸਿਰ ਨਹੀਂ ਭੰਨਦੀ। ਉਹ ਮਰਦ, ਸਮਾਜ ਅਤੇ ਇਤਿਹਾਸ ਦੀਆਂ ਭੂਮਿਕਾਵਾਂ ਨੂੰ ਠੀਕ ਪ੍ਰਸੰਗ ਵਿਚ ਦੇਖਣ ਦੇ ਸਮਰੱਥ ਹੈ।

ਸੁਰਜੀਤ ਦੀਆਂ ਇਹਨਾਂ ਕਵਿਤਾਵਾਂ ਦੀ 'ਮੈਂ' ਸੁਰਜੀਤ ਨਹੀਂ। ਉਹਦੀ ਵਕਤਾ ਸਮੂਹਿਕ ਨਾਰੀ ਦੀ ਅਬੋਲਤਾ ਦੀ ਆਵਾਜ਼ ਹੈ। ਉਹ ਇਸਤਰੀ ਦੇ ਪੱਲੇ ਪਈ ਸਦੀਵੀ ਪੀੜ ਅਤੇ ਅਬੋਲਤਾ ਲਈ ਨਾ ਤਾਂ ਸਮਕਾਲੀ ਪੁਰਸ਼ ਨੂੰ ਪੂਰਨ ਦੋਸ਼ੀ ਮੰਨਦੀ ਹੈ ਅਤੇ ਨਾ ਹੀ ਉਸ ਨੂੰ ਇਸ ਸਥਿਤੀ ਦੇ ਦੋਸ਼ ਤੋਂ ਮੁਕਤ ਕਰਦੀ ਹੈ। ਉਹ ਪੁਰਸ਼ ਨੂੰ ਉਸ ਸਦੀਆਂ ਲੰਮੇ ਇਤਿਹਾਸ ਦੇ ਚੌਖਟੇ ਵਿਚ ਰੱਖ ਕੇ ਪਛਾਣਨ ਦਾ ਯਤਨ ਕਰਦੀ ਹੈ ਜਿਸ ਦੇ ਸ਼ਬਦਕੋਸ਼ ਵਿਚੋਂ ਨੈਤਿਕਤਾ, ਸਭਿਅਤਾ, ਸਦਾਚਾਰ, ਭਰੋਸੇ ਤੇ ਰਹਿਮ ਵਰਗੇ ਸ਼ਬਦ ਤਾਂ ਕਿਰਦੇ ਗਏ ਹਨ ਅਤੇ ਲਾਲ ਬੱਤੀ, ਮਾਸ ਦੀ ਤਿਜਾਰਤ ਤੇ ਗਿਰਝਾਂ ਵਰਗੇ ਸ਼ਬਦ ਜੁੜਦੇ ਗਏ ਹਨ।

ਉਹ ਜਾਣਦੀ ਹੈ ਕਿ ਬਹੁਤ ਲੰਮੇ ਸਮੇਂ ਤੋਂ ਮਨੁੱਖੀ ਸਮਾਜ ਵਿਚ ਪੁਰਸ਼ ਦੀ ਪ੍ਰਧਾਨਤਾ ਰਹੀ ਹੈ ਅਤੇ ਇਹ ਪੁਰਸ਼ ਹੀ ਰਿਹਾ ਹੈ ਜੋ ਇਤਿਹਾਸ ਨੂੰ ਅਜਿਹਾ ਰੂਪ ਅਤੇ ਅਜਿਹੇ ਮੋੜ ਦਿੰਦਾ ਆਇਆ ਹੈ। ਪਰ ਉਹ ਇਹ ਵੀ ਜਾਣਦੀ ਹੈ ਕਿ ਅਜਿਹੇ ਹਰ ਮੋੜ ਲਈ ਉਸ ਸਮੇਂ ਦੀਆਂ ਹਾਲਤਾਂ ਪੁਰਸ਼ ਦੀਆਂ ਵੱਡੀਆਂ ਪ੍ਰੇਰਕ ਰਹੀਆਂ ਹਨ। ਇਸੇ ਕਰਕੇ ਉਹ ਅੱਜ ਦੇ ਪੁਰਸ਼ ਦੇ ਪੁਰਖਿਆਂ ਦਾ ਦੋਸ਼ ਉਹਨੂੰ ਦੇਣ ਤੋਂ ਸੰਕੋਚ ਕਰਦੀ ਹੈ।

ਉਹ ਰਿਜਕਦਾਤਾ ਕਹਾਉਣ ਦੇ ਆਦੀ ਪੁਰਸ਼ ਨੂੰ ਆਪਣੇ ਜੀਵਨਦਾਤੀ ਹੋਣ ਦਾ ਅਹਿਸਾਸ ਵੀ ਕਰਵਾਉਂਦੀ ਹੈ ਅਤੇ ਉਸ ਤੋਂ ਆਪਣੇ ਅਜੇ ਤੱਕ ਅਨਜਵਾਬੇ ਸਵਾਲਾਂ ਦੇ ਜਵਾਬ ਵੀ ਮੰਗਦੀ ਹੈ, ਪਰ ਉਹ ਜਾਣਦੀ ਹੈ ਕਿ ਇਸਤਰੀ ਦੀ ਪੁਰਸ਼ ਨਾਲ ਬਰਾਬਰੀ ਪੁਰਸ਼ ਵਿਰੁੱਧ ਲੜ ਕੇ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਇਹ ਲੜਾਈ ਤਾਂ ਪੁਰਸ਼ ਨੂੰ ਨਾਲ ਲੈ ਕੇ ਪੁਰਸ਼ ਦੀ ਪ੍ਰਧਾਨੀ ਸੋਚ ਅਤੇ ਇਤਿਹਾਸ ਦੇ ਦੀਰਘਕਾਲੀ ਦੁਰਪ੍ਰਭਾਵ ਵਿਰੁੱਧ ਲੜਨੀ ਪਵੇਗੀ: "ਕਾਲੇ ਕੋਹਾਂ ਦੇ ਇਸ ਸਫਰ ਵਿਚ/ ਸਾਡੇ ਸ਼ਬਦਕੋਸ਼ 'ਚੋਂ/ ਨੈਤਿਕਤਾ, ਸਭਿਅਤਾ/ ਸਦਾਚਾਰ, ਭਰੋਸਾ ਤੇ ਰਹਿਮ ਵਰਗੇ/ ਸ਼ਬਦਾਂ ਦੇ ਅਰਥ ਨਿਰੰਤਰ ਕਿਰਦੇ ਗਏ!" ਇਸ ਸਫ਼ਰ ਦਾ ਸਿੱਟਾ ਇਹ ਨਿਕਲਿਆ ਕਿ "ਸਿਰਜਦੇ ਰਹੇ ਨਿਤ ਨਵੇਂ ਲਾਲ-ਬੱਤੀ ਬਾਜ਼ਾਰ/ ਤੇ ਮਾਸ ਦੀ ਤਿਜਾਰਤ ਕਰਦਿਆਂ/ ਗਿਰਝਾਂ ਦੀ ਜੂਨੇ ਪੈ ਗਏ!" (ਕਾਲੇ ਕੋਹਾਂ ਦਾ ਸਫ਼ਰ)

ਅਜਿਹੇ ਸਮਾਜ ਵਿਚ, ਅਜਿਹੇ ਮਾਹੌਲ ਵਿਚ ਜਿਥੇ ਚੰਗੇ ਤੇ ਮਾਨਵੀ ਸ਼ਬਦਾਂ ਦੇ ਅਰਥ ਕਿਰਦੇ ਗਏ ਹਨ ਅਤੇ ਮਾਸ ਦੀ ਤਿਜਾਰਤ ਵਧਦੀ-ਫੁਲਦੀ ਰਹੀ ਹੈ, ਮੁਟਿਆਰ ਹੋ ਰਹੀ ਕੁੜੀ ਦੀ ਹੋਣੀ ਕੀ ਹੈ: "ਸ਼ਿਕਰਿਆਂ ਨਜ਼ਰੀਂ ਪੈ ਜਾਏਗੀ ਇਕ ਦਿਨ/ ਡੋਲੀ ਅੰਦਰ ਬਹਿ ਜਾਏਗੀ ਇਕ ਦਿਨ/ ਘਰ ਤੋਂ ਦਫ਼ਤਰ/ ਦਫ਼ਤਰ ਤੋਂ ਘਰ ਦਾ ਸਫ਼ਰ ਕਰਦੀ/ ਰਹਿ ਜਾਏਗੀ ਇਕ ਦਿਨ/ ਹਾਸੇ ਇਹਦੇ ਡੁੱਲ੍ਹ ਜਾਣਗੇ/ ਬੋਲ ਏਸ ਦੇ ਰੁਲ ਜਾਣਗੇ/ ਅੰਦਰ ਵੜ-ਵੜ ਰੋਏਗੀ ਇਹ/ ਬਾਹਰੋਂ ਸਾਬਤ-ਸਬੂਤੀ ਲਗਦੀ ਹੋਏਗੀ ਇਹ!" (ਚਿੜੀਆਂ ਦਾ ਚੰਬਾ)

ਕੁਚੱਜੇ ਨਾਰੀਵਾਦ, ਜੋ ਇਸਤਰੀ ਦੇ ਆਰਥਿਕਤਾ ਨਾਲ ਜੁੜਨ ਅਤੇ ਕਿਸੇ ਹੱਦ ਤੱਕ ਸਵੈਨਿਰਭਰ ਹੋਣ ਨੂੰ ਉਹਦੀ ਮੁਕਤੀ ਅਤੇ ਮੰਜ਼ਲ ਸਮਝਦਾ ਹੈ, ਦੇ ਉਲਟ ਸੁਰਜੀਤ ਇਸ ਕਥਿਤ ਆਰਥਿਕ ਆਜ਼ਾਦੀ ਦਾ ਸੱਚ ਪਛਾਣਦੀ ਹੈ: "ਘਰ ਪਰਤਦੀ ਹਾਂ/ ਘਰ ਦਾ ਕੋਨਾ-ਕੋਨਾ ਪੁਕਾਰਦੈ/ ਕੰਮ! ਕੰਮ! ਕੰਮ/... ਘਰ ਨੂੰ ਮੇਰੀ ਲੋੜ ਹੈ/ ਦਫ਼ਤਰ ਨੂੰ ਮੇਰੀ ਲੋੜ ਹੈ/ ਬੱਚਿਆਂ ਨੂੰ ਮੇਰੀ ਲੋੜ ਹੈ/ ਉਨ੍ਹਾਂ ਦੇ ਪਿਉ ਨੂੰ ਮੇਰੀ ਲੋੜ ਹੈ/ ਪਰ ਮੇਰੀ ਲੋੜ ਦੀ ਕੀ ਪਰਿਭਾਸ਼ਾ ਹੈ!" (ਪੂਰਨ ਵਿਰਾਮ)

ਅਖੌਤੀ ਨਾਰੀਵਾਦ ਦੀ ਅਖੌਤੀ ਆਰਥਿਕ ਆਜ਼ਾਦੀ, ਜੋ ਘਰ ਅਤੇ ਦਫ਼ਤਰ ਦੀਆਂ ਕੰਧਾਂ ਵਿਚ ਕੈਦ ਹੈ, ਇਸਤਰੀ ਨੂੰ ਪਹਿਲਾਂ ਤੋਂ ਮਿਲੇ ਹੋਏ ਘਰੇਲੂ ਜੰਜਾਲਾਂ ਦੇ ਨਾਲ-ਨਾਲ ਦਫ਼ਤਰੀ ਪਰੇਸ਼ਾਨੀਆਂ ਹੋਰ ਵਧੀਕ ਸੌਂਪ ਦਿੰਦੀ ਹੈ। ਹਨੇਰਾ ਤਾਂ ਉਸ ਦੇ ਨਸੀਬੇ ਵਿਚ ਦੂਰ ਤੱਕ ਫੈਲਿਆ ਹੋਇਆ ਹੈ ਪਰ ਉਹਦੇ ਹਿੱਸੇ ਆਈ ਚੰਨ ਦੀ ਚਿੱਪਰ ਬਹੁਤ ਛੋਟੀ ਹੈ। ਤਾਂ ਵੀ ਉਹ ਇਸ ਚਿੱਪਰ ਨਾਲ ਹਨੇਰੇ ਨੂੰ ਘਟਾਉਣ ਦਾ ਯਤਨ ਕਰਦੀ ਰਹਿੰਦੀ ਹੈ: "ਜ਼ਿੰਦਗੀ ਨੂੰ/ ਇੰਜ ਅੱਗੇ ਤੋਰਿਆ ਮੈਂ/ ਜਿੰਨਾ ਕੁ ਚੰਨ ਮਿਲਿਆ/ ਨ੍ਹੇਰਿਆਂ 'ਚ ਖੋਰਿਆ ਮੈਂ!" (ਜ਼ਿੰਦਗੀ ਨੂੰ ਇਸ ਤਰ੍ਹਾਂ)

ਪਰ ਸੁਰਜੀਤ ਦੀ ਵਕਤਾ ਦੀ ਵਡਿਆਈ ਇਹ ਹੈ ਕਿ ਉਹ ਆਪਣੀਆਂ ਪੂਰਵਲੀਆਂ ਵਾਂਗ ਅਬੋਲ ਨਹੀਂ ਰਹਿੰਦੀ ਸਗੋਂ ਇਸ ਅਬੋਲਤਾ ਨੂੰ ਬੋਲ ਦਿੰਦੀ ਹੈ। ਉਹ ਪੁਰਸ਼ ਨੂੰ ਆਰਥਿਕਤਾ ਦੇ ਕਾਰਨ ਰੱਬ ਅਤੇ ਰਿਜਕਦਾਤਾ ਜਿਹੇ ਦਰਜੇ ਦੇਣੋਂ ਇਨਕਾਰੀ ਹੈ ਅਤੇ ਆਪਣੇ ਜੀਵਨਦਾਤੀ ਹੋਣ ਦੇ ਦਰਜੇ ਦਾ ਦਾਅਵਾ ਪੇਸ਼ ਕਰਦੀ ਹੈ ਜੋ ਰੱਬ ਅਤੇ ਰਿਜਕਦਾਤਾ ਦੋਵਾਂ ਦਾ ਸੁਮੇਲ ਹੈ: "ਤੂੰ ਮੇਰਾ ਰੱਬ ਨਹੀਂ/ ਨਾ ਹੀ ਮੇਰਾ ਰਿਜਕਦਾਤਾ ਹੈਂ/ ਮੈਂ ਤਾਂ ਸਦੀਆਂ ਤੋਂ/ ਤੇਰੀਆਂ ਨਸਲਾਂ ਲਈ ਮੁਸ਼ੱਕਤ ਕੀਤੀ ਹੈ/ ਭੱਤਾ ਢੋਇਆ ਹੈ/ ਚੱਕੀ ਪੀਸੀ ਹੈ/ ਤੇ ਚੌਂਕਿਆਂ 'ਚ/ ਆਪਣੀ ਕਾਇਆ ਬੁੱਢੀ ਕੀਤੀ ਹੈ/...ਤੂੰ ਮੇਰਾ ਰਿਜਕਦਾਤਾ ਨਹੀਂ/ ਮੈਂ ਤੇਰੀ ਜੀਵਨਦਾਤੀ ਹਾਂ!" (ਜੀਵਨਦਾਤੀ)


ਸਮਾਜ ਵਿਚ ਪੁਰਸ਼ ਅਤੇ ਇਸਤਰੀ ਦੇ ਵਾਸਤਵਿਕ ਸਥਾਨਾਂ ਦਾ ਇਹ ਖੁੱਲ੍ਹਾ ਐਲਾਨ ਕਰਨ ਮਗਰੋਂ ਉਹ ਪੁਰਸ਼ ਦੇ ਨਾਲ-ਨਾਲ ਸਭੇ ਫ਼ਲਸਫ਼ਿਆਂ, ਸਭੇ ਦਰਸ਼ਨਾਂ, ਸਭੇ ਸ਼ਾਸਤਰਾਂ ਨੂੰ ਸਾਂਝਾ ਸਵਾਲ ਕਰਦੀ ਹੈ ਕਿ ਜੀਵਨਦਾਤੀ ਹੋਣ ਦੇ ਬਾਵਜੂਦ ਏਡੀ ਵਿਸ਼ਾਲ ਧਰਤੀ ਉੱਤੇ ਉਹ ਕਾਤਰ ਕਿਹੜੀ ਹੈ ਜਿਸ ਨੂੰ ਉਹ ਆਪਣਾ ਘਰ ਕਹਿ ਸਕੇ: "ਮੈਨੂੰ ਆਪਣੇ ਘਰ ਦੀ ਤਲਾਸ਼ ਹੈ/ ਕੋਈ ਫ਼ਲਸਫ਼ਾ, ਕੋਈ ਦਰਸ਼ਨ, ਕੋਈ ਸ਼ਾਸਤਰ/ ਤਾਂ ਮੈਨੂ ਦੱਸੇ, ਮੇਰਾ ਘਰ ਕਿਹੜੈ?/ ਮਾਂ ਦੀ ਕੁੱਖ?/ ਬਾਬਲ ਦਾ ਵਿਹੜਾ?/ ਮਹਿਬੂਬ ਦਾ ਦਿਲ?/ ਜਾਂ ਸਹੁਰਿਆਂ ਦਾ ਮਕਾਨ?/ ਜਾਂ ਫਿਰ ਸਿਰਫ਼ ਸ਼ਮਸ਼ਾਨ?" (ਬੇਘਰ)


ਤੇ ਫੇਰ ਉਹ ਸਵਾਲਾਂ-ਸਿਰ-ਸਵਾਲ ਕਰਦੀ ਹੈ: "ਕੀ ਮੈਨੂੰ/ ਕਦੇ ਨਿਰਵਾਣ ਪ੍ਰਾਪਤ ਹੋਏਗਾ?" (ਨਿਰਵਾਣ)

ਇਸਤਰੀ ਦੇ ਇਹਨਾਂ ਸਵਾਲਾਂ ਦਾ ਕੋਈ ਜਵਾਬ ਕਿਸੇ ਕੋਲ ਨਹੀਂ। ਪੁਰਸ਼, ਸਮਾਜ, ਇਤਿਹਾਸ, ਫ਼ਲਸਫ਼ਾ, ਦਰਸ਼ਨ, ਸ਼ਾਸਤਰ ਸਭ ਕੋਈ ਜਵਾਬ ਨਾ ਔੜਨ ਕਰਕੇ ਗੁੰਗੇ ਅਤੇ ਅਬੋਲ ਹੋ ਜਾਂਦੇ ਹਨ। ਉਹ ਹਰ ਕਿਸੇ ਨੂੰ ਝੰਜੋੜ-ਝੰਜੋੜ ਕੇ ਆਖਦੀ-ਪੁਛਦੀ ਹੈ: "ਮੇਰੇ ਸਵਾਲਾਂ ਦਾ ਕੁਛ ਤਾਂ ਦੇਹ ਜਵਾਬ/ ਮੇਰੀ ਜ਼ਿੰਦਗੀ ਦਾ ਕੁਛ ਤਾਂ ਦੇਹ ਹਿਸਾਬ/... ਮੇਰੀ ਨੀਂਦ ਮੇਰੀ ਨਹੀਂ/ ਮੇਰਾ ਚੈਨ ਮੇਰਾ ਨਹੀਂ/ ਮੈਨੂੰ ਕਦੇ ਮੇਰੀ ਰਾਤ/ ਮੇਰਾ ਵੀ ਦੇਹ ਖ਼ਵਾਬ!" (ਕੁਛ ਤਾਂ ਦੇਹ ਜਵਾਬ) ਪਰ ਉਹਦਾ ਸਫ਼ਰ ਹੁਣ ਉਨ੍ਹਾਂ ਵਿਚੋਂ ਕਿਸੇ ਦੇ ਵੀ ਜਵਾਬ ਜਾਂ ਹੁੰਗਾਰੇ ਦਾ ਮੁਥਾਜ ਨਹੀਂ। ਉਹਦੀ ਯਾਤਰਾ ਹੁਣ ਰੁਕਣ ਵਾਲ਼ੀ ਨਹੀਂ: "ਮੈਨੂੰ ਨਾ ਰੋਕੋ ਹੁਣ/ ਮੈਨੂੰ ਵੀ ਛੂਹ ਲੈਣ ਦਿਓ/ ਸਮੁੰਦਰੋਂ ਪਾਰ, ਦੂਰ.../ ਉਸ ਪਰਬਤ ਸਿਖਰ ਨੂੰ/ ਜਿਥੇ ਕਦੇ ਸੂਰਜ ਅਸਤ ਨਹੀਂ ਹੁੰਦਾ/ ਜਿਥੇ ਕੋਈ ਤਾਰਾ ਨਹੀਂ ਟੁੱਟਦਾ/ ਜਿਥੇ ਗਗਨ ਛੂਹਣ ਲਈ/ ਕੋਈ ਅੱਡੀਆਂ ਨਹੀਂ ਚੁੱਕਦਾ!" (ਮੈਨੂੰ ਨਾ ਰੋਕੋ)

ਸੁਰਜੀਤ ਜਾਣਦੀ ਹੈ ਕਿ ਉਸ ਸਿਖਰ ਵੱਲ ਜਿਥੇ ਗਗਨ ਸਹਿਜ ਖਲੋਤਿਆਂ ਹੀ ਛੂਹਿਆ ਜਾ ਸਕਦਾ ਹੈ, ਦੀ ਯਾਤਰਾ ਅਤੀਤ ਦੀ ਜੰਗ ਨੂੰ ਵਰਤਮਾਨ ਵਿਚ ਲੜਨਾ ਜਾਰੀ ਰਖਦਿਆਂ ਨਹੀਂ ਕੀਤੀ ਜਾ ਸਕਦੀ। ਨਾ ਹੀ ਇਹ ਯਾਤਰਾ ਅਜਿਹੇ ਪ੍ਰੰਪਰਾਗਤ ਵਾਹਨ ਉੱਤੇ ਸਵਾਰ ਰਹਿ ਕੇ ਸੰਭਵ ਹੈ ਜਿਸ ਦਾ ਇਕ ਪਹੀਆ ਵੱਡਾ ਅਤੇ ਦੂਜਾ ਛੋਟਾ ਹੋਵੇ। ਉਹ ਇਹ ਵੀ ਜਾਣਦੀ ਹੈ ਕਿ ਦੂਜੇ ਨੂੰ ਗ਼ੁਲਾਮ ਰੱਖਣ ਵਾਲ਼ਾ ਮਨੁੱਖ ਆਪ ਵੀ ਆਜ਼ਾਦ ਨਹੀਂ ਹੋ ਸਕਦਾ, ਦੂਜੇ ਨੂੰ ਨੀਵਾਂ ਰੱਖਣ ਵਾਲਾ ਮਨੁੱਖ ਆਪ ਵੀ ਉੱਚਾ ਨਹੀਂ ਉੱਠ ਸਕਦਾ। ਇਸੇ ਕਰਕੇ ਉਹ ਇਸ ਅਸਾਵੀਂ ਹਾਲਤ ਨੂੰ ਸਾਵੀਂ-ਸਵਾਹਰੀ ਬਣਾਉਣ ਲਈ ਕੇਵਲ ਇਸਤਰੀ ਨੂੰ ਜਾਗਰਿਤ ਹੋਣ ਦਾ ਜਾਂ ਨਵੇਂ ਸਮੇਂ ਦੀਆਂ ਨਵੀਆਂ ਮੰਗਾਂ ਸੰਬੰਧੀ ਪੁਰਸ਼ ਨੂੰ ਜਾਗਰਿਤ ਹੋਣ ਦਾ ਸੱਦਾ ਹੀ ਨਹੀਂ ਦਿੰਦੀ, ਸਗੋਂ ਉਹ ਇਨਸਾਨ ਨੂੰ, ਜਿਸ ਵਿਚ ਇਸਤਰੀ ਅਤੇ ਪੁਰਸ਼ ਦੋਵੇਂ ਸ਼ਾਮਲ ਹਨ, ਜਾਗਣ ਦਾ ਹੋਕਾ ਦਿੰਦੀ ਹੈ। ਇਕ ਵਾਰ ਇਨਸਾਨ ਜਾਗਰਿਤ ਹੋ ਕੇ ਆਪਣੇ ਅੰਦਰ ਤੱਕ ਲਵੇ, ਫੇਰ ਉਸ ਵਿਚ ਅਤੇ ਪੈਗੰਬਰ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ: "ਆਪਣੇ ਤੀਜੇ ਨੇਤਰ ਨੂੰ ਖੁੱਲ੍ਹਣ ਦਿਓ/ ਤੁਹਾਡੇ ਅੰਦਰ ਦਾ ਇਨਸਾਨ/ ਹੌਲੀ ਹੌਲੀ ਜਾਗ ਉੱਠੇਗਾ/ ਤੇ ਫੇਰ ਤੁਸੀਂ ਸਤਰੰਗੀ ਪੀਂਘ 'ਤੇ ਚੜ੍ਹ ਕੇ/ ਦਰਸ਼ਕ ਵਾਂਗ ਆਪਣੀ ਜ਼ਿੰਦਗੀ ਨੂੰ ਤੱਕੋ/...ਆਓ ਅੱਗੇ ਵਧੋ/ ਤੁਸੀਂ ਸਾਰੇ ਪੈਗੰਬਰ ਹੋ/ ਜ਼ਰਾ ਅੱਗੇ ਤਾਂ ਵਧੋ!" (ਪੈਗੰਬਰ)

ਸੁਰਜੀਤ ਦੀ ਕਵਿਤਾ ਵਿਚ ਇਸਤਰੀ ਦੀ ਵੇਦਨਾ-ਸੰਵੇਦਨਾ ਹੈ, ਸਮਾਜ ਦੀ ਤੇ ਸਮਾਜ ਦੇ ਇਤਿਹਾਸ ਦੀ ਸਮਝ ਹੈ ਅਤੇ ਭਵਿੱਖ ਦੀ ਕਲਪਨਾ ਹੈ। ਇਸ ਤੋਂ ਵਡੇਰੀ ਗੱਲ, ਉਸ ਦੀ ਕਵਿਤਾ ਵਿਚ ਜਜ਼ਬੇ-ਗੁੱਧਾ ਠਰ੍ਹੰਮਾ ਹੈ ਅਤੇ ਰੀਝ-ਭਰਿਆ ਜਜ਼ਬਾ ਹੈ। ਅਜਿਹੀ ਕਵਿਤਾ ਦਾ ਸਵਾਗਤ ਕੌਣ ਨਹੀਂ ਕਰੇਗਾ!




*ਸੁਰਜੀਤ ਦੇ ਕਾਵਿ-ਸੰਗ੍ਰਹਿ 'ਸ਼ਿਕਸਤ ਰੰਗ' ਅਤੇ 'ਹੇ ਸਖੀ' ਦੇ ਸਰਵਰਕ।*

## ਖ਼ਾਲਸਾ ਏਡ

ਖ਼ਾਲਸਾ ਏਡ ਹੈ ਖਾਲਸਿਆਂ ਦੀ, ਸੇਵਾ ਖਾਸ
ਦਸਵੰਧ ਨਾਲ ਚੱਲਦੀ ਜੋ ਏਹ ਸੇਵਾ,
ਉੱਤਮ ਖ਼ਾਸ।
ਦੁਨੀਆਂ ਦੇ ਜਦੋਂ ਕਿਸੇ ਕੋਨੇ ਵੀ,
ਆਫ਼ਤ ਆਈ
ਰਵੀ ਸਿੰਘ ਦੇ ਯੋਧੇ ਬਣੇ,
ਮਨੁੱਖਤਾ ਲਈ ਆਸ।

ਜਾਤਾਂ ਮਜ਼੍ਹਬਾਂ ਨਸਲਾਂ ਤੋਂ,
ਪਹਿਲਾਂ ਇਨਸਾਨੀਅਤ
ਜੋ ਏਹ ਸਬਕ ਨੂੰ ਜਾਣੇ ਓਹ ਸਿੱਖ,
ਗੁਰੂ ਦਾ ਦਾਸ।
ਲੰਗਰਾਂ ਦੀ ਕਦੇ ਤੋਟ ਨਾ ਆਈ,
ਸਦਾ ਚੜ੍ਹਦੀ ਕਲਾ ਹੈ

## ਦੋ ਨਜ਼ਮਾਂ

ਗੁਰੂ ਨਾਨਕ ਦਾ ਅੰਮ੍ਰਿਤ ਸਭ ਦੀ,
ਬੁਝਾਵੇ ਪਿਆਸ।
ਬੋਦਲਾਂ ਦੇ ਸੁੱਖਵਿੰਦਰਾ ਏਡ ਜੋ,
ਖਾਲਸਿਆਂ ਚਲਾਈ
ਚੱਲਦੀ ਰਹੇ ਏਹ ਸੇਵਾ,
ਗੁਰਾਂ ਦੇ ਚਰਨਾਂ 'ਚ ਅਰਦਾਸ।
***-ਸੁੱਖਵਿੰਦਰ ਸਿੰਘ ਬੋਦਲਾਂਵਾਲਾ***
***ਫੋਨ: 360-281-2624***

---

### ਦੁਖੜੇ

ਖ਼ੁਦ ਦੇ ਦੁਖੜੇ ਖ਼ੁਦ ਦੇ ਕੋਲ਼ੇ ਫੋਲਿਆ ਕਰ।
ਹਰ ਕਿਸੇ ਦੇ ਕੋਲ਼ ਦਿਲ ਨਾ ਖੋਲ੍ਹਿਆ ਕਰ।
ਹਰ ਮੁਸੀਬਤ ਨੂੰ ਵਿਖਾ ਦੇ ਹੱਸ ਕੇ ਤੂੰ
ਮਾੜੀ ਮੋਟੀ ਗੱਲ 'ਤੇ ਨਾ ਡੋਲਿਆ ਕਰ।
ਸਭ ਦਾ ਏਥੇ ਵੱਖੋ ਵੱਖਰਾ ਰੇਟ ਹੈ ਸੋ
ਸਭ ਨੂੰ ਇਕੋ ਭਾਅ ਹੀ
ਨਾ ਤੂੰ ਤੋਲਿਆ ਕਰ।

ਆਪਣਿਆਂ ਦੇ ਭੇਸ ਅੰਦਰ ਗ਼ੈਰ ਫਿਰਦੇ
ਹਰ ਕਿਸੇ ਨੂੰ ਨਾ ਤੂੰ ਬੂਹਾ ਖੋਲ੍ਹਿਆ ਕਰ।
ਤੂੰ ਸਿਆਸਤ ਵਿਚ ਜੇਕਰ ਦੂਰ ਜਾਣਾ
ਖੰਡ ਵਰਗਾ ਮਿੱਠਾ-ਮਿੱਠਾ ਬੋਲਿਆ ਕਰ।

ਤੇਰੇ 'ਤੇ ਵੀ ਪੈਰ ਕੋਈ ਧਰ ਦੇਵੇਗਾ
ਹਰ ਕਿਸੇ ਨੂੰ ਪੈਰਾਂ ਵਿਚ ਨਾ ਰੋਲਿਆ ਕਰ।
ਜਦ ਖ਼ੁਸ਼ੀ ਦਾ ਰੰਗ ਖਿੜ-ਖਿੜ ਪਵੇ ਤਦ
ਤੂੰ ਗਮਾਂ ਦਾ ਰੰਗ ਵਿਚ ਨਾ ਘੋਲਿਆ ਕਰ।
***-ਹਰਦੀਪ ਬਿਰਦੀ***

ਕਹਾਣੀ

# ਮੀਮੋ

**ਅਮਰੀਕਾ ਵੱਸਦੇ ਲਿਖਾਰੀ ਚਰਨਜੀਤ ਸਿੰਘ ਪੰਨੂ ਦੀ ਕਹਾਣੀ 'ਮੀਮੋ' ਇਕ ਅਜਿਹੀ ਨੀਲੇ ਨੈਣਾਂ ਵਾਲੀ ਕੁੜੀ ਦੀ ਕਹਾਣੀ ਹੈ, ਜੋ ਰੇਲਵੇ ਸਟੇਸ਼ਨ 'ਤੇ ਆਪਣੀ ਮੰਗਣ ਦੀ ਕਲਾ, ਤਰੀਕੇ ਤੇ ਹਾਸੇ-ਠੱਠੇ ਨਾਲ ਚੰਗੇ ਪੈਸੇ ਕਮਾ ਲੈਂਦੀ ਹੈ। ਲੇਖਕ ਨੇ ਉਸ ਰਾਹੀਂ ਉਨ੍ਹਾਂ ਅਨੇਕਾਂ ਮਜਬੂਰ ਕੁੜੀਆਂ ਦੀ ਦਾਸਤਾਂ ਨੂੰ ਬਿਆਨ ਕੀਤਾ ਹੈ, ਜੋ ਆਪਣੇ ਟੱਬਰਾਂ ਦਾ ਪੇਟ ਪਾਲਣ ਲਈ ਮੰਗਦੀਆਂ ਹੋਈਆਂ ਬਾਬੂਆਂ, ਪਾੜ੍ਹਿਆਂ ਤੇ ਹੋਰਨਾਂ ਅਨੇਕਾਂ ਪੁਰਸ਼ਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ।**

ਨੀਲੇ ਨੈਣਾਂ ਵਾਲੀ ਕੁੜੀ ਅੱਜ ਫੇਰ ਛੇ ਮਹੀਨੇ ਪਿੱਛੋਂ ਸਟੇਸ਼ਨ 'ਤੇ ਫਿਰਦੀ ਨਜ਼ਰ ਆਈ ਸੀ। ਉਸ ਨੂੰ ਵੇਖ ਕੇ ਕਾਲਜ ਦੇ ਮੁੰਡਿਆਂ ਨੇ ਚੜ੍ਹ ਗਿੱਲੀ ਮਚਾਈ ਤੇ ਅਵਾਜ਼ੇ ਕੱਸੇ। ਪਰ ਉਸ ਦੀ ਇਕ ਨਜ਼ਰੇ ਅੱਖਾਂ ਦੀ ਮੁਸਕਰਾਹਟ ਨੇ ਸਾਰਿਆਂ ਦੇ ਦਿਲ ਸ਼ਾਂਤ ਹੌਲੇ ਫੁੱਲ ਕਰ ਦਿੱਤੇ। ਪਾਟੇ ਚੀਥੜਿਆਂ ਵਿਚ ਲਪੇਟੀ ਇਹ ਅਣਭੋਲ ਜੁਆਨੀ, ਰੇਲ ਦੇ ਇਸ ਬਾਰਾਂ ਮੀਲ ਦੇ ਟੋਟੇ ਵਿਚ ਗੱਡੀ ਵਿਚ ਗੀਤ ਗਾਉਂਦੀ ਤੇ ਮੰਗਦੀ ਸੀ। ਉਸ ਦੇ ਗੀਤ ਦੀ ਦਾਦ ਲਈ ਕਈ ਭੂਤਰੇ ਜੱਟ ਨੋਟਾਂ ਦੇ ਨੋਟ ਉਸ ਅੱਗੇ ਢੇਰੀ ਕਰ ਦਿੰਦੇ ਪਰ ਉਹ ਠੁਕਰਾ ਕੇ ਕਿਸੇ ਕੋਲੋਂ ਵੀ ਇਕ ਰੁਪੇ ਤੋਂ ਵੱਧ ਨਾ ਲੈਂਦੀ।



**ਚਰਨਜੀਤ ਸਿੰਘ ਪੰਨੂੰ**
**ਫੋਨ: 408-608-4961**

''ਮੈਂ ਭੀਖ ਲੈਣੀ ਹੈ ਸਰਦਾਰ ਜੀ, ਕਰਜ਼ਾ ਨਹੀਂ, ਵੱਢੀ ਨਹੀਂ। ਤੇ ਇਸ ਤਰ੍ਹਾਂ ਸ਼ਾਮ ਤੱਕ ਉਸ ਦੀ ਜੇਬ ਨੋਟਾਂ ਨਾਲ ਭਰ ਜਾਂਦੀ।

ਕੁੱਝ ਮਹੀਨੇ ਪਹਿਲਾਂ ਉਸ ਨੂੰ ਇਸੇ ਸਟੇਸ਼ਨ ਦੇ ਕੁੱਝ ਕਰਮਚਾਰੀਆਂ ਨੇ ਬਿਨ ਟਿਕਟ ਦੇ ਦੋਸ਼ ਵਿਚ ਫੜ ਲਿਆ ਸੀ ਤੇ ਫਿਰ ਪਰ੍ਹੇ ਕੁਆਰਟਰਾਂ ਵਿਚ ਲੈ ਗਏ ਸਨ।' 'ਚਲੋ ਇਸ ਦੀ ਮੀਮੋ ਕੱਟਦੇ ਹਾਂ-।'' ਉਸ ਦੀ 'ਮੀਮੋ' ਕੱਟ ਕੇ ਉਨ੍ਹਾਂ ਉਸ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ।

ਉਸ ਦਿਨ ਤੋਂ ਬਾਅਦ ਉਹ ਉਸ ਸਟੇਸ਼ਨ 'ਤੇ ਨਾ ਦਿਸੀ, ਬਿਨ ਟਿਕਟ ਸਫ਼ਰ ਕਰਨ ਦੇ ਜੁਰਮ ਤੋਂ ਡਰ ਗਈ ਸੀ ਜਾਂ ਮੀਮੋ ਤੋਂ। ਪਰ ਅੱਜ ਉਸ ਦਾ ਪੀਲਾ ਪੈ ਚੁੱਕਿਆ ਚਿਹਰਾ, ਲੋਕਾਂ ਦੀ ਇਸ ਦੰਦ ਕਥਾ ਦੀ ਸ਼ਾਹਦੀ ਭਰਦਾ ਸੀ, ਪਈ ਉਹਨੂੰ ਕੋਈ ਅਵੱਲੀ ਬਿਮਾਰੀ ਲੱਗ ਗਈ ਤੇ ਕਿਸੇ ਪੁਰਾਣੇ ਹਕੀਮ ਨੇ ਦੁਆਈ ਦੇ ਕੇ ਉਸ ਦੇ ਅੰਦਰੋਂ ਕੁੱਝ ਖ਼ਾਰਜ ਕੀਤਾ ਸੀ, ਜਿਸ ਕਰਕੇ ਉਹ ਬਹੁਤ ਦੇਰ ਮੰਜੇ ਤੋਂ ਨਹੀਂ ਸੀ ਉੱਠ ਸਕੀ। ਉਸ ਦੀਆਂ ਅੱਖਾਂ ਦੀ ਚਮਕ ਤੇ ਬੁੱਲ੍ਹਾਂ ਦੀ ਮੁਸਕਰਾਹਟ ਅਜੇ ਵੀ ਉਹੀ ਸੀ ਭਾਵੇਂ ਬਿਮਾਰੀ ਨੇ ਉਸ ਦੀ ਸਾਰੀ ਰੱਤ ਚੂਸ ਲਈ ਸੀ। ਅਖਾੜੇ ਵਿਚ ਪਹਿਲਵਾਨ ਵਾਂਗ ਪਲੇਟ ਫਾਰਮ 'ਤੇ ਇਕ ਪਾਸੇ ਤੋਂ ਦੂਜੇ ਪਾਸੇ ਤੱਕ ਉਸ ਨੇ ਚੱਕਰ ਲਗਾਇਆ। ਹੁਣ ਤਾਂ ਥਾਣਿਓਂ ਮੁੜੀ ਖੋਤੀ ਵਾਂਗ ਪੁਲਿਸ ਕਰਮੀਆਂ ਨਾਲ ਉਸ ਦੀ ਗੂੜ੍ਹੀ ਵਾਕਫ਼ੀਅਤ ਹੋ ਗਈ ਸੀ। ਉਸ ਦੀਆਂ ਸ਼ਿਕਾਰੀ ਨਜ਼ਰਾਂ ਕਿਸੇ ਦੀ ਕਮਜ਼ੋਰੀ ਦੀ ਤਾੜ ਵਿਚ ਸਨ। ਇਹੋ ਉਸ ਦੀ ਮੰਗਣ ਦੀ ਕਲਾ ਸੀ, ਤਰੀਕਾ ਸੀ, ਜਾਦੂ ਸੀ। ਉਹ ਹੱਸ ਕੇ ਦਿਖਾ ਦਿੰਦੀ, ਹੱਥ ਫੈਲਾ ਦਿੰਦੀ। ਲੋਕ ਸਮਝਦੇ ਬੱਸ ਬਣ ਗਿਆ ਕੰਮ। ਤੇ ਫਿਰ ਇਸ ਤਰ੍ਹਾਂ ਇਹ ਨੀਲੇ ਨੈਣਾਂ ਵਾਲੀ ਕੁੜੀ ਸ਼ਾਮ ਤੱਕ ਚੰਗੇ ਪੈਸੇ ਕਮਾ ਲੈਂਦੀ। ਪਰ ਕਿਸੇ ਦੇ ਪੱਲੇ ਕੁੱਝ ਨਾ ਪਾਉਂਦੀ।

ਪਾਸੇ ਬੈਂਚ 'ਤੇ ਬੈਠੇ ਹੱਸਦੇ ਪੇਂਡੂ ਗੱਭਰੂਆਂ ਦਾ ਸੁਖਾਵਾਂ ਮਾਹੌਲ ਵੇਖ ਕੇ ਉਸ ਨੇ ਸਾਰਸ ਜਿੱਡੀ ਲੰਮੀ ਧੌਣ ਫੈਲਾ ਕੇ ਉਧਰ ਨਿਗਾਹ ਸੁੱਟੀ ਤੇ ਚੁੰਨੀ ਨੂੰ ਸੰਵਾਰਦੀ ਹੋਈ ਜਾ ਅਲਖ ਜਗਾਈ।

''ਬਾਬੂ ਜੀ ਚਾਰ ਆਨੇ, ਵੀਰ ਜੀ ਚਾਰ ਆਨੇ, ਰੱਬ ਤੈਨੂੰ ਵਹੁਟੀ ਦੇਵੇ। ਸਿਰਫ਼ ਚਾਰ ਆਨੇ।'' ਇਕ ਮੁਸ਼ਟੰਡੇ ਨੇ ਹੱਸਦਿਆਂ ਹੱਸਦਿਆਂ ਉਸ ਦੀਆਂ ਅਦਾਵਾਂ ਦਾ ਸੁਆਗਤ ਕੀਤਾ। ''ਜਾਹ ਪਰ੍ਹੇ ਨੰਬਰਦਾਰਾ ਤੂੰ ਵੀ ਐਵੇਂ ਫੋਕਾ ਮਖ਼ੌਲ ਕਰਦਾ ਰਹਿੰਦੋਂ।'' ਨੰਬਰਦਾਰ ਦੀ ਉਪਾਧੀ ਲੈ ਕੇ ਨੰਬਰਦਾਰ ਦੀ ਛਾਤੀ ਫੁੱਲ ਗਈ ਪਰ ''ਫੋਕੇ ਮਖ਼ੌਲ'' ਦੀ ਕਾਟ ਉਸ ਨੂੰ ਪੈਰਾਂ ਤੱਕ ਹਲੂਣ ਗਈ। ਉਸ ਦੀ ਅਣਖ ਨੂੰ ਸੇਕ ਲੱਗਾ ਵੇਖ ਕੇ ਉਹ ਘੁੱਟਿਆ ਜਿਹਾ ਗਿਆ। 'ਤੂੰ ਹਾਂ ਕਰ ! ਮੈਂ ਤੇਰੇ ਤੋਂ ਸਭ ਕੁੱਝ ਕੁਰਬਾਨ ਕਰ ਦਿਆਂ।'

'ਚੱਲ ! ਚੱਲ ! ਇਕ ਰੁਪਿਆ ਨਿਕਲਦਾ ਨਹੀਂ, ਤੇ ਸਭ ਕੁੱਝ ਕੁਰਬਾਨ ਕਰਨ ਵਾਲਾ ਆਇਐ ਵੱਡਾ।'' ਉਸ ਦੇ ਦੂਜੇ ਹਮਲੇ ਨੇ ਗੱਭਰੂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ।

'ਇਕ ਇਕ ਰੁਪਿਆ, ਕਿੰਨਿਆਂ ਕੋਲੋਂ ਮੰਗਦੀ ਰਹੇਂਗੀ, ਇਕ ਵੇਰਾਂ ਹੀ ਦਸ ਰੁਪੇ ਲੈ ਲੈ।' ਗੱਭਰੂ ਨੇ ਆਖ਼ਰ ਝਕਦੇ ਝਕਦੇ ਦਿਲ ਦੀ ਗੱਲ ਖੋਲ੍ਹ ਦਿਤੀ। 'ਕੁੱਝ ਦੇਨਾ ਵੀ ਐਂ ਕਿ?'


''ਜਾਹ ਬੀਬੀ ਜਾਹ, ਇਹ ਐਵੇਂ ਝੇਡਾਂ ਕਰਦਾ ਤੇਰੇ ਨਾਲ। ਨਾ ਪੈਸਾ ਨਾ ਧੇਲਾ ਤੇ ਕਰਦੀ ਮੇਲਾ ਮੇਲਾ।'' ਨੇੜੇ ਬੈਠੇ ਇਕ ਬੁੱਢੇ ਨੇ ਗੱਭਰੂ ਦੇ ਖੋਖਲੇਪਨ ਤੋਂ ਪਰਦਾ ਚੁੱਕ ਦਿੱਤਾ।

'ਨਹੀਂ, ਨਹੀਂ, ਲੈ ਫੜ' ਖਾਲੀ ਨਿਰਾਸ਼ਾ ਨਾਲ ਵੇਖ ਕੇ ਗੱਭਰੂ ਨੇ ਜੇਬ ਵਿਚੋਂ ਇਕ ਰੁਪਏ ਦਾ ਨੋਟ ਕੱਢ ਕੇ ਕੁੜੀ ਵੱਲ ਵਗਾਹ ਦਿੱਤਾ ਤੇ ਆਪਣੀ ਜੇਬ ਖਾਲੀ ਕਰ ਲਈ।

'ਪਰ ਹੱਸ ਕੇ ਦਿਖਾ ਇੱਕ ਵੇਰਾਂ' ਉਸ ਨੇ ਆਪਣੇ ਰੁਪਏ ਦੀ ਕੀਮਤ ਮੰਗੀ।

ਉਹ ਖਿੜ ਖਿੜਾ ਕੇ ਹੱਸੀ, 'ਅੱਛਾ ਵੀਰ ਜੀ, ਬੜੀ ਮਿਹਰਬਾਨੀ।'

'ਵੀਰ ਜੀ' ਸ਼ਬਦ ਨੇ ਗੱਭਰੂ ਦੀਆਂ ਬਣੀਆਂ-ਬਣਾਈਆਂ ਸਕੀਮਾਂ 'ਤੇ ਪਾਣੀ ਫੇਰ ਦਿੱਤਾ। ਉਹ ਚਲਦੀ ਬਣੀ ਅੱਗੇ ਤੇ ਪਿੱਛੇ ਨਾਲ ਦੇ ਸਾਥੀ ਉਸ ਅਖੌਤੀ ਗੱਭਰੂ ਨੂੰ ਕਿੰਨੀ ਦੇਰ ਮਖ਼ੌਲ ਕਰਦੇ ਰਹੇ।



ਸਟੇਸ਼ਨ ਦੇ ਸਾਰੇ ਮੁਸਾਫ਼ਰਾਂ ਦੀਆਂ ਨਜ਼ਰਾਂ ਉਸ ਲੜਕੀ 'ਤੇ ਕੇਂਦਰਿਤ ਸਨ। ਹੁਣ ਉਹ ਨੀਲੇ ਨੈਣਾਂ ਵਾਲੀ ਕੁੜੀ ਕਾਲਜ ਦੇ ਮੁੰਡਿਆਂ ਦੀ ਢਾਣੀ ਵੱਲ ਵਧੀ ਜੋ ਉਸ ਵਾਂਗ ਹੀ ਗੱਡੀ ਦੀ ਉਡੀਕ ਕਰ ਰਹੇ ਸਨ ਤੇ ਉਸ ਦੀ ਵੀ। ਉਨ੍ਹਾਂ ਨੂੰ ਪਤਾ ਸੀ ਇਹ ਸਿੱਧੇ ਸਾਦੇ ਜੱਟਾਂ ਦੀ ਛਿੱਲ ਲਾਹ ਕੇ ਉਨ੍ਹਾਂ ਵੱਲ ਵੀ ਆਵੇਗੀ ਜ਼ਰੂਰ। 'ਆ ਬੱਲੀਏ! ਆ ਗਈ ਏਂ?' ਇਕ ਪਾੜ੍ਹੇ ਨੇ ਪਹਿਲ ਕੀਤੀ। ''ਆ ਗਈ ਆਂ ਜੀ! ਤੁਹਾਡਾ ਆਸਰਾ ਤੱਕ ਕੇ।'' ਨੀਲੋ ਦੀ ਹਲੀਮੀ ਨੇ ਸਭ ਦੇ ਦਿਲ ਜਿੱਤ ਲਏ। 'ਅਜ ਇੱਕ ਗਾਣਾ ਸੁਣਾ ਦੇ ਚੋਂਦਾ ਚੋਂਦਾ।' ਸਿਫ਼ਾਰਸ਼ ਆਈ।

'ਨਹੀਂ, ਇੱਥੇ ਨਹੀਂ ਗੱਡੀ ਚ।' ਕਹਿ ਕੇ ਉਸ ਨੇ ਆਪਣੇ ਹੱਥ ਫੈਲਾ ਦਿੱਤੇ। ਸ਼ਰਮੋ ਸ਼ਰਮੀਂ ਤੇ ਵੇਖੋ ਵੇਖੀ ਸਾਰਿਆਂ ਨੇ ਚਾਰ ਚਾਰ ਆਨੇ ਦੇ ਕੇ ਕੁੜੀ ਦੀ ਝੋਲੀ ਭਾਨ ਨਾਲ ਭਰ ਦਿੱਤੀ ਪਤਾ ਨਹੀਂ ਕਿਉਂ ਉਹ ਪੈਸੇ ਉਸ ਦੇ ਹੱਥ 'ਤੇ ਧਰਨ ਦੀ ਬਜਾਏ ਉਸ ਦੀ ਝੋਲੀ ਵਿਚ ਪਾਣ ਨੂੰ ਤਰਜੀਹ ਦਿੰਦੇ ਸਨ।

'ਅਗਲੇ ਡੱਬੇ 'ਚ ਚੜ੍ਹੀਂ, ਗਾਣਾ ਸੁਣਾਏਂਗੀ, ਸਾਡੇ ਕੋਲ ਬੈਠੇਂਗੀ ਜੋ ਕਹੇ ਦੇ ਦਿਆਂਗੇ।'' ਇਕ ਮੁੰਡੇ ਨੇ ਕਿਹਾ। ਨੀਲੋ ਨੇ ਹੱਸ ਕੇ ਹਾਂ ਕਰ ਦਿੱਤੀ। ਇਹ ਉਸ ਲਈ ਪਹਿਲਾ ਕੰਮ ਥੋੜਾ ਸੀ ਜੁ ਡਰ ਜਾਂਦੀ।

ਗੱਡੀ ਸਟੇਸ਼ਨ 'ਤੇ ਪਹੁੰਚ ਗਈ। ਸਾਰੇ ਮੁਸਾਫ਼ਰਾਂ ਵਿਚ ਹਫੜਾ-ਦਫੜੀ ਮੱਚ ਗਈ। ਵੇਖਦੇ ਵੇਖਦੇ ਸਟੇਸ਼ਨ ਦੀ ਸਾਰੀ ਰੌਣਕ ਗੱਡੀ ਵਿਚ ਸਵਾਰ ਹੋ ਗਈ। ਪਾੜ੍ਹੇ ਮੁੰਡੇ ਨਾ ਚੜ੍ਹੇ, ਉਹ ਦੇਖ ਰਹੇ ਸਨ, ਜਿੱਥੇ ਨੀਲੋ ਚੜ੍ਹੇਗੀ ਉੱਥੇ ਹੀ ਚੜ੍ਹਨਗੇ। ਗੱਡੀ ਨੇ ਚੀਕ ਮਾਰੀ ਤੇ ਹੌਲੀ ਹੌਲੀ ਹਿੱਲ ਪਈ।

'ਉਹ ਲੜਕੀ! ਟਿਕਟ?' ਉਹ ਚੜ੍ਹਨ ਹੀ ਲੱਗੀ ਸੀ ਕਿ ਖਾਕੀ ਵਰਦੀ ਵਾਲੇ ਇਕ ਬਾਬੂ ਨੇ ਆ ਘੇਰਿਆ।

'ਜੀ ਬਾਬੂ ਜੀ! ...ਟਿਕਟ ਤਾਂ ਹੈ ਨਹੀਂ...।' ਨੀਲੋ ਨੇ ਡਰਦੇ ਡਰਦੇ ਕਿਹਾ।

ਤੇ ਗੱਡੀ ਤੇਰੇ ਪਿਉ ਦੀ ਏ?' ਬਾਬੂ ਦੀ ਆਵਾਜ਼ ਵਿਚ ਰੋਹਬ ਸੀ। 'ਜੀ ਮੈਂ ਗਰੀਬ ਆਂ...।'

'ਹਮੇਸ਼ਾ ਗੱਡੀ ਵਿਚ ਪੈਸੇ ਮੰਗਦੀ ਆਂ। ਮੇਰੀ ਇਕ ਅੰਨ੍ਹੀ ਮਾਂ, ਇਕ ਲੂਲ੍ਹਾ ਭਾਈ ਤੇ ਇਕ ਛੋਟੀ ਭੈਣ ਦੀ ਰੋਟੀ ਮੇਰੇ ਸਿਰ 'ਤੇ ਹੈ ਬਾਬੂ ਜੀ।'

'ਤੂੰ ਗੱਡੀ ਨਹੀਂ ਚੜ੍ਹ ਸਕਦੀ।' ਬਾਬੂ ਨੇ ਕੜਕ ਕੇ ਕਿਹਾ।

'ਮੇਰੇ 'ਤੇ ਤਰਸ ਕਰੋ ਮੇਰੀ ਅੰਨ੍ਹੀ ਮਾਂ 'ਤੇ ਤਰਸ ਕਰੋ' ਨੀਲੋ ਨੇ ਤਰਲੇ ਕੱਢੇ।

'ਨਖ਼ਰੇ ਨਾ ਕਰ ਐਵੇਂ! ਤੁਸੀਂ ਕੀ ਮਖ਼ੌਲ ਸਮਝ ਛੱਡਿਐ, ਸਰਕਾਰ ਨੂੰ ਘਾਟਾ ਪਾ ਰਹੇ ਹੋ, ਇੱਧਰ ਆ ਮੇਰੇ ਨਾਲ।' ਬਾਬੂ ਦੀਆਂ ਅੱਖਾਂ ਵਿਚ ਲੁੱਚਪੁਣਾ ਉਤਰ ਆਇਆ।

'ਕਿਧਰ ਬਾਬੂ ਜੀ?' ਲੜਕੀ ਦੇ ਭਾਣੇ ਭੂਚਾਲ ਆ ਗਿਆ ਹੋਵੇ। ਉਹ ਕੰਬਣ ਲੱਗੀ।

'ਕੁ-ਲਗਦੀ ਕਿੱਧਰ ਦੀ'

ਏਨੇ ਨੂੰ ਗਾਰਡ ਦਾ ਡੱਬਾ ਨੇੜੇ ਆ ਰਿਹਾ ਸੀ। ਗੱਡੀ ਅਜੇ ਹੌਲੀ ਹੀ ਸੀ ਜਿਵੇਂ ਨੀਲੋ ਦੇ ਚੜ੍ਹਨ ਦੀ ਉਡੀਕ ਕਰ ਰਹੀ ਹੋਵੇ।

'ਚੜ੍ਹ ਉੱਪਰ। ਗਾਰਡ ਦੇ ਡੱਬੇ 'ਚ। ਨਹੀਂ ਤੇ ਤੇਰੀ ਮੀਮੋ ਕੱਟਦਾ ਹਾਂ, ਤੂੰ ਸਰਕਾਰ ਨੂੰ ਘਾਟਾ ਪਾ ਰਹੀ ਹੈਂ।'

'ਮੀਮੋ।' ਨਹੀਂ ਬੱਚਿਆਂ ਵਾਲਿਆ ਮੇਰੀ ਨਾ ਕੱਟੀਂ, ਮੈਂ ਮੀਮੋ ਨਹੀਂ ਕਟਾਉਣੀ ਮੈ ਤਾਂ ਅੱਗੇ ਹੀ ਮਰ ਕੇ ਬਚੀ ਆਂ। ਨੀਲੋ ਨੂੰ ਪਹਿਲੀ ਮੀਮੋ ਦੀ ਯਾਦ ਆ ਗਈ। ਖੋਰੇ ਮੀਮੋ ਸੀ ਜਾਂ ਤਲਵਾਰ, ਮੀਮੋ ਤੋਂ ਡਰਦੀ ਉਹ ਲੜਕੀ ਝੱਟ ਪੱਟ ਗਾਰਡ ਦੇ ਡੱਬੇ 'ਚ ਚੜ੍ਹ ਗਈ ਤੇ ਪਿੱਛੇ ਹੀ ਉਹ ਬਾਬੂ।

'ਆਉ ਮੇਰੀ ਜਾਨ।' ਗਾਰਡ ਨੇ ਬਾਹਰ ਹਰੀ ਝੰਡੀ ਲਿਆਂਦੇ ਨੇ ਕਿਹਾ, ਜਿਵੇਂ ਡਰਾਈਵਰਾਂ ਨੂੰ ਸਪੀਡ ਤੇਜ਼ ਕਰਨ ਦਾ ਸੰਕੇਤ ਦੇ ਰਿਹਾ ਹੋਵੇ। ਹੁਣ ਗੱਡੀ ਦੀ ਚਾਲ ਤੇਜ਼ ਹੋ ਚੁੱਕੀ ਸੀ।

ਨਿੰਮੋਝੂਣੇ ਹੋਏ ਨਿਰਾਸ਼ ਪਾੜ੍ਹੇ ਡੱਬਿਆਂ ਤੋਂ ਬਾਹਰ ਸੀਖਾਂ ਨਾਲ ਲਟਕੇ, ਹੱਡਾ ਰੋੜੀ ਦੀ ਗਿੱਧ ਵਾਂਗ ਗਾਰਡ ਦੇ ਡੱਬੇ ਵਲ ਨਜ਼ਰ ਟਿਕਾਈ ਆਪਣੀ ਹਾਰ 'ਤੇ ਪਸ਼ਚਾਤਾਪ ਕਰ ਰਹੇ ਸਨ।'

---

# ਬੁਰੇ ਦਾ ਭਲਾ ਕਰਿ

ਉਹ ਜਦੋਂ ਵੀ ਮੈਨੂੰ ਮਿਲਦਾ, ਹਮੇਸ਼ਾ ਠਿੱਠ ਕਰਨ ਦੀ ਕੋਸ਼ਿਸ਼ ਕਰਦਾ। ਘਟੀਆ ਤੇ ਨੀਵੀਂ ਪੱਧਰ ਦੇ ਮਜ਼ਾਕ ਕਰਦਾ। ਹਾਲਾਂਕਿ ਮੈਂ ਉਹਨੂੰ ਕਦੇ ਵੀ ਕੁਝ ਨਹੀਂ ਸੀ ਕਿਹਾ। ਹੌਲੀ-ਹੌਲੀ ਮੈਂ ਉਹਨੂੰ ਮਿਲਣਾ ਘੱਟ ਕਰ ਦਿੱਤਾ ਤੇ ਫਿਰ ਪਤਾ ਲੱਗਿਆ ਕਿ ਉਹ ਆਪਣੇ ਪਰਿਵਾਰ ਸਮੇਤ ਅਮਰੀਕਾ ਚਲਾ ਗਿਆ ਹੈ। ਪਰ ਸਾਲ-ਛਿਮਾਹੀ ਪੰਜਾਬ ਜ਼ਰੂਰ ਗੇੜਾ ਮਾਰਦਾ। ਮੈਨੂੰ ਉਸ ਬਾਰੇ ਏਧਰੋਂ-ਓਧਰੋਂ ਦੱਸ ਪੈਂਦੀ ਤਾਂ ਮੈਂ ਕੋਸ਼ਿਸ਼ ਕਰਦਾ ਕਿ



**ਪ੍ਰੋ. ਨਵ ਸੰਗੀਤ ਸਿੰਘ**
**91+94176-92015**

ਉਹਦੇ ਸਾਹਮਣੇ ਨਾ ਹੋਇਆ ਜਾਵੇ। ਕਿਸੇ-ਕਿਸੇ ਵਾਰੀ ਤਾਂ ਉਹਦਾ ਪੰਜਾਬ-ਗੇੜਾ ਮੈਨੂੰ ਬਿਨਾਂ ਮਿਲਿਆਂ ਹੀ ਲੰਘ ਜਾਂਦਾ। ਪਰ ਐਤਕੀਂ ਮਜਬੂਰੀ-ਵੱਸ ਮੈਨੂੰ ਉਹਦੇ ਸਾਹਮਣੇ ਹੋਣਾ ਪਿਆ।

ਉਹਦੀ ਇਕ ਰਿਸ਼ਤੇਦਾਰ ਬੀਬੀ ਸਾਡੇ ਕੋਲ ਆਈ ਹੋਈ ਸੀ। ਵਿਚਾਰੀ ਦਾ ਅੱਗੇ-ਪਿੱਛੇ ਕੋਈ ਨਹੀਂ ਸੀ, ਨਾ ਪੇਕੇ ਨਾ ਸਹੁਰੇ। ਕਦੇ-ਕਦਾਈਂ ਸਾਡੇ ਕੋਲ ਆਉਂਦੀ ਤਾਂ ਆਪਣੇ ਪੇਕੇ-ਸਹੁਰਿਆਂ ਦੀਆਂ ਗੱਲਾਂ ਕਰ ਕੇ ਮਨ ਹੌਲਾ ਕਰ ਲੈਂਦੀ। ਐਤਕੀਂ ਜਦੋਂ ਆਈ ਤਾਂ ਉਹਨੂੰ ਪਤਾ ਲੱਗਿਆ ਕਿ ਅਮਰੀਕਾ ਵਾਲਾ ਬਾਈ ਆਇਆ ਹੋਇਆ ਹੈ। ਬੀਬੀ ਨੇ ਮੈਨੂੰ ਮਿਲਾ ਕੇ ਲਿਆਉਣ ਦਾ ਤਰਲਾ ਜਿਹਾ ਕੀਤਾ। ਮੈਨੂੰ ਤਰਸ ਆ ਗਿਆ। ਭਾਵੇਂ ਮੈਂ ਜਾਣਾ ਨਹੀਂ ਸੀ ਚਾਹੁੰਦਾ।

ਅਸੀਂ ਕਾਰ 'ਤੇ ਉਹਦੇ ਘਰ ਵੱਲ ਨੂੰ ਹੋ ਤੁਰੇ। ਪਰ ਇਕ ਤਰਕੀਬ ਬਣਾਈ ਕਿ ਬੀਬੀ ਨੂੰ ਉਹਦੇ ਘਰ ਦੇ ਨੇੜੇ ਉਤਾਰ ਕੇ ਮੈਂ ਕਿਧਰੇ ਹੋਰ ਚਲਾ ਜਾਵਾਂਗਾ ਤੇ ਫਿਰ ਘੰਟੇ-ਦੋ ਘੰਟੇ ਪਿੱਛੋਂ ਉਹਨੂੰ ਲੈ ਆਵਾਂਗਾ। ਪਰ ਇਕ ਗੜਬੜ ਹੋ ਗਈ। ਇੰਨੇ ਸਾਲਾਂ ਬਾਅਦ ਜਾਣ ਕਰਕੇ ਨਾ ਤਾਂ ਮੈਨੂੰ ਉਹਦੇ ਘਰ ਦਾ ਰਾਹ ਯਾਦ ਆਇਆ ਤੇ ਨਾ ਹੀ ਧੁੰਦਲੀ ਨਜ਼ਰ ਕਰਕੇ ਬੀਬੀ ਨੂੰ ਹੀ ਪਤਾ ਲੱਗਿਆ।

ਆਖ਼ਰ ਉਹਨੂੰ ਫੋਨ ਕਰਨਾ ਪਿਆ। ਬੀਬੀ ਕੋਲ ਫੋਨ ਵੀ ਨਹੀਂ ਸੀ। ਉਹਨੇ ਮੇਰੇ ਫੋਨ 'ਤੇ ਬਾਈ ਨੂੰ ਫੋਨ ਕੀਤਾ ਤਾਂ ਉਹਦਾ ਜਵਾਬ ਆਇਆ, "ਤੁਸੀਂ ਜਿੱਥੇ ਹੋ, ਮੈਨੂੰ ਦੱਸੋ। ਮੈਂ ਆ ਕੇ ਲੈ ਜਾਂਦਾ ਹਾਂ।'' ਹੁਣ ਹੋਰ ਮੁਸ਼ਕਿਲ ਹੋ ਗਈ। ਬੀਬੀ ਨੂੰ 'ਕੱਲੀ ਨੂੰ ਕਿੱਥੇ ਖੜ੍ਹਾਉਂਦਾ। ਉਹਦੇ ਕੋਲ ਫੋਨ ਵੀ ਨਹੀਂ ਸੀ ਤੇ ਜੇ ਬਾਈ ਨੂੰ ਉਹਦੇ ਟਿਕਾਣੇ ਦਾ ਪਤਾ ਨਾ ਲੱਗਿਆ ਤਾਂ ਉਹ ਦੁਬਾਰਾ ਫੋਨ ਕਰੇਗਾ, ਜੋ ਮੇਰੇ ਕੋਲ ਸੀ। ਖ਼ੈਰ ਮੈਂ ਦੁਚਿੱਤੀ ਜਿਹੀ ਵਿਚ ਬੀਬੀ ਕੋਲ ਖੜ੍ਹ ਗਿਆ ਤੇ ਉਨਾ ਚਿਰ ਖੜ੍ਹੇ ਰਹਿਣ ਬਾਰੇ ਸੋਚਿਆ, ਜਦੋਂ ਤਕ ਬਾਈ ਨਾ ਆ ਜਾਵੇ! ਮੈਂ ਦੂਰੋਂ ਬਾਈ ਦੀ ਕਾਰ ਆਉਂਦੀ ਵੇਖੀ ਤੇ ਬੀਬੀ ਨੂੰ ਕਿਹਾ, "ਮੈਂ ਹੁਣ ਚੱਲਦਾ ਹਾਂ, ਘੰਟੇ ਤਕ ਇੱਥੇ ਹੀ ਆ ਜਾਈਂ, ਮੈਂ ਆ ਕੇ ਲੈ ਜਾਵਾਂਗਾ।'' ਪਰ ਸਾਡੇ ਗੱਲਾਂ ਕਰਦੇ ਕਰਦੇ ਬਾਈ ਉੱਥੇ ਆ ਗਿਆ ਤੇ ਮੈਨੂੰ ਵੀ ਘਰ ਚੱਲਣ ਨੂੰ ਕਿਹਾ। ਮਜਬੂਰੀ-ਵਸ ਮੈਨੂੰ ਵੀ ਜਾਣਾ ਪਿਆ। ਬੀਬੀ ਮੇਰੀ ਕਾਰ ਵਿਚ ਸੀ। ਬਾਈ ਨੇ ਆਪਣੀ ਕਾਰ ਮੂਹਰੇ ਲਾ ਲਈ। ਮੈਂ ਬੀਬੀ ਨੂੰ ਉਹਦੇ ਘਰ ਉਤਾਰ ਕੇ ਲੰਘਣਾ ਚਾਹਿਆ ਪਰ ਬਾਈ ਝੱਟ ਮੇਰੀ ਕਾਰ ਕੋਲ ਆ ਗਿਆ ਤੇ ਮੈਨੂੰ ਘਰ ਅੰਦਰ ਲੈ ਗਿਆ। ਘਰੇ ਕੋਈ ਨਹੀਂ ਸੀ। ਉਹ ਇਕੱਲਾ ਹੀ ਅਮਰੀਕਾ ਤੋਂ ਜ਼ਮੀਨ ਦੇ ਜ਼ਰੂਰੀ ਕੰਮਾਂ ਲਈ ਆਇਆ ਸੀ। ਉਹਨੇ ਸਾਨੂੰ ਕੋਲਡ ਡਰਿੰਕ ਪਿਆਇਆ। ਮੈਂ ਨਾ ਚਾਹੁੰਦਿਆਂ ਹੋਇਆਂ ਵੀ ਪੀਤਾ, ਤਾਂ ਕਿ ਉਹਨੂੰ ਕੋਈ ਮਜ਼ਾਕ ਕਰਨ ਦਾ ਮੌਕਾ ਨਾ ਮਿਲ ਜਾਵੇ।

ਸਰਸਰੀ ਗੱਲਾਂ ਕਰਦਿਆਂ ਉਹ ਆਪਣੀ 'ਫਾਰਮ' ਵਿਚ ਆ ਗਿਆ- "ਹੋਰ ਬਾਈ, ਕਿਵੇਂ ਚੱਲਦਾ ਅੱਜ-ਕੱਲ੍ਹ, ਰਿਟਾਇਰਮੈਂਟ ਪਿੱਛੋਂ... ਕੀ ਕਰਦੈਂ ਅੱਜ-ਕੱਲ੍ਹ... ਤੇਰੇ ਤਾਂ ਸਾਰੇ ਦੰਦ ਟੁੱਟੇ ਪਏ ਨੇ, ਆਹ ਵੇਖ-ਮੇਰੇ ਸਾਰੇ ਪੂਰੇ ਨੇ...ਵਾਲ ਡਾਈ ਕਰਦੈਂ? ਵੇਖ, ਮੇਰੇ ਸਾਰੇ ਵਾਲ ਚਿੱਟੇ ਹੋ ਗਏ.. ਬੜਾ ਲਿੱਸਾ ਹੋ ਗਿਐਂ, ਮੈਂ ਤੈਥੋਂ ਦਸ ਸਾਲ ਵੱਡਾ ਹਾਂ... ਅਜੇ ਵੀ ਸਿਹਤ ਵੇਖ..." ਤੇ ਮੈਂ 'ਹਾਂ-ਹੂੰ' ਕਰ ਕੇ ਟਾਲਦਾ ਰਿਹਾ ਪਰ ਉਹ ਤਾਂ ਜਿਵੇਂ ਸੋਚੀ ਬੈਠਾ ਸੀ ਕਿ ਇਹ ਪ੍ਰਤੀਕਰਮ ਕਿਉਂ ਨਹੀਂ ਕਰਦਾ? ਹੋਰ ਬਹੁਤ ਸਾਰੀਆਂ ਊਟਪਟਾਂਗ ਗੱਲਾਂ ਕਰਨ ਪਿੱਛੋਂ ਉਹਨੇ ਕਿਹਾ, "ਮਾਰ ਕਦੇ ਅਮਰੀਕਾ ਗੇੜਾ, ਉੱਥੇ ਬੜੀਆਂ ਸਹੂਲਤਾਂ ਨੇ, ਇੱਥੇ ਕੀ ਹੈ- ਇੰਡੀਆ ਵਿਚ? ਐਵੇਂ ਜੂਨ ਗਾਲਣੀ... ਫਾਰਨ ਦੀ ਦਾਰ, ਮੇਮਾਂ, ਝੀਲਾਂ, ਸਮੁੰਦਰ, ਨਜ਼ਾਰੇ, ਐਸ਼ ਹੀ ਐਸ਼...।'

ਬੀਬੀ ਸਾਡੇ ਨੇੜੇ ਹੀ ਬੈਠੀ ਸੀ। ਜਦੋਂ ਉਹ ਮੇਰੇ ਨਾਲ 'ਭਕਾਈ' ਮਾਰ ਰਿਹਾ ਸੀ, ਬੀਬੀ ਮੇਰੀ ਹਾਲਤ ਵੇਖ ਕੇ ਲਾਚਾਰ ਜਿਹੀ ਹੋਈ ਬੈਠੀ ਸੀ। ਬਾਈ ਨੇ ਬਹੁਤ ਜ਼ੋਰ ਲਾਇਆ ਕਿ ਮੈਨੂੰ ਉਤੇਜਿਤ ਕਰੇ, ਪਰ ਉਹ ਸਫ਼ਲ ਨਾ ਹੋ ਸਕਿਆ। ਮੈਂ ਮਨ ਵਿਚ ਪੱਕੀ ਧਾਰੀ ਹੋਈ ਸੀ ਕਿ ਬੀਬੀ ਦੇ ਸਾਹਮਣੇ ਜਲੂਸ ਨਹੀਂ ਕੱਢਣਾ ਤੇ ਮੈਂ ਸਫਲ ਵੀ ਰਿਹਾ। ਬਾਈ ਵਿਚਾਰਾ ਹੱਥ ਮਲਦਾ ਹੀ ਰਹਿ ਗਿਆ ਕਿ ਸ਼ਿਕਾਰ ਆਇਆ ਵੀ ਪਰ ਜਾਲ਼ 'ਚ ਨਹੀਂ ਫਸਿਆ। ਮੈਨੂੰ ਪਿਤਾ ਜੀ ਦੀ ਇਹ ਗੱਲ ਅੱਜ ਸਾਖਿਆਤ ਸਹੀ ਜਾਪ ਰਹੀ ਸੀ- 'ਇਕ ਚੁੱਪ ਸੌ ਸੁੱਖ।' ਜੇ ਮੈਂ ਵੀ ਉਹਦੀਆਂ ਗੱਲਾਂ ਦਾ ਜਵਾਬ ਦੇਣ ਲੱਗਦਾ, 'ਤੂੰ-ਤੂੰ ਮੈਂ-ਮੈਂ' ਹੋ ਜਾਣੀ ਸੀ। ਫਿਰ ਬਾਬਾ ਫ਼ਰੀਦ ਜੀ ਦੇ ਸ਼ਲੋਕ ਪੜ੍ਹਨ-ਪੜ੍ਹਾਉਣ ਦਾ ਕੀ ਫ਼ਾਇਦਾ- "ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ ਦੇਹੀ ਰੋਗ ਨਾਲ ਲਗਈ ਪਲੈ ਸਭ ਕਿਛੁ ਪਾਇ॥'' ਅੱਜ ਅਸਲ ਵਿਚ ਬਾਬਾ ਫ਼ਰੀਦ ਦੇ ਸ਼ਲੋਕ ਨੂੰ ਕਮਾਇਆ ਸੀ, ਪਹਿਲਾਂ ਤਾਂ ਸਿਰਫ਼ ਪੜ੍ਹਾ ਕੇ ਹੀ ਸਾਰ ਲੈਂਦਾ ਸਾਂ। ਉਨ੍ਹਾਂ ਦੀ ਸਿੱਖਿਆ 'ਤੇ ਅਮਲ ਕਰ ਕੇ ਮੈਂ ਖੁਦ ਨੂੰ ਮਾਣਮੱਤਾ ਮਹਿਸੂਸ ਕਰ ਰਿਹਾ ਸਾਂ।

# ਯਾਦਾਸ਼ਤ ਤੇਜ਼ ਕਰਨ ਦਾ ਢੰਗ

ਸਿਹਤਨਾਮਾ

ਡਾ. ਹਰਸ਼ਿੰਦਰ ਕੌਰ, ਐਮ.ਡੀ
ਫੋਨ: 0175-2216783

ਹਾਵਰਡ ਯੂਨੀਵਰਸਿਟੀ ਲਗਾਤਾਰ ਨਵੀਆਂ ਖੋਜਾਂ ਵਿਚ ਜੁਟੀ ਰਹਿੰਦੀ ਹੈ। ਇਹ ਜਾਣੀ ਬੁੱਝੀ ਗੱਲ ਹੈ ਕਿ ਉਮਰ ਵਧਣ ਨਾਲ ਯਾਦਾਸ਼ਤ ਘਟਦੀ ਹੈ। ਕਈਆਂ ਦੀ ਤਾਂ ਪੂਰੀ ਤਰ੍ਹਾਂ ਹੀ ਚਲੀ ਜਾਂਦੀ ਹੈ। ਲੋਕ ਅਜਿਹਿਆਂ ਨੂੰ ਸੱਤਰਿਆ-ਬਹੱਤਰਿਆ ਕਹਿ ਦਿੰਦੇ ਹਨ।

ਆਪੋ ਆਪਣੇ ਕੰਮਾਂ ਵਿਚ ਰੁੱਝੇ ਬਹੁਤ ਸਾਰੇ ਲੋਕ ਨਾਂ ਭੁੱਲਣ ਲੱਗ ਜਾਂਦੇ ਹਨ ਜਾਂ ਲਿਸਟਾਂ ਵਿਚਲੇ ਕੰਮ ਕਰਨੇ ਭੁੱਲ ਜਾਂਦੇ ਹਨ। ਉਨ੍ਹਾਂ ਲਈ ਇਹ ਜਾਣਕਾਰੀ ਫ਼ਾਇਦੇਮੰਦ ਸਾਬਤ ਹੋ ਸਕਦੀ ਹੈ।

ਮਨੁੱਖੀ ਮਨ ਯਾਦਾਂ ਨੂੰ ਤਿੰਨ ਸਟੇਜਾਂ ਵਿਚ ਵੰਡ ਕੇ ਸਾਂਭਦਾ ਹੈ:

1. ਪੱਕੀ ਕੱਚੀ ਪੂਰੀ ਗੱਲ:- ਇਹ ਕੁਝ ਸਮੇਂ ਤਕ ਗੱਲ ਇੰਨ-ਬਿੰਨ ਪੂਰੀ ਯਾਦ ਰਹਿ ਜਾਂਦੀ ਹੈ।

2. ਸੰਵਾਰ ਕੇ ਸਾਂਭਣਾ:- ਕੁਝ ਚਿਰ ਬਾਅਦ ਉਹੀ ਗੱਲ ਥੋੜਾ ਬਹੁਤ ਝਾੜ ਕੇ ਲੋੜ ਅਨੁਸਾਰ ਹਿੱਸਾ ਸਾਂਭ ਲਿਆ ਜਾਂਦਾ ਹੈ।

3. ਰੋਜ਼ਮਰਾ ਦਾ ਹਿੱਸਾ ਬਣਨਾ:- ਗਰਮ ਦੁੱਧ ਦਾ ਸੜਿਆ ਲੱਸੀ ਵੀ ਫੂਕਾਂ ਮਾਰ ਕੇ ਪੀਂਦਾ ਹੈ। ਉਸੇ ਤਰ੍ਹਾਂ ਕੋਈ ਯਾਦ ਸਾਵਧਾਨੀ ਵਜੋਂ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਹੀ ਬਣ ਜਾਂਦੀ ਹੈ। ਮਿਸਾਲ ਵਜੋਂ-ਮੋੜ ਉੱਤੇ ਐਕਸੀਡੈਂਟ ਹੋਇਆ ਸੀ ਤਾਂ ਉਮਰ ਭਰ ਉਸ ਥਾਂ ਤੋਂ ਧਿਆਨ ਨਾਲ ਚੁਫ਼ੇਰਾ ਵੇਖ ਕੇ ਹੀ ਮੋੜ ਕੱਟਿਆ ਜਾਂਦਾ ਹੈ।

ਦਿਮਾਗ਼ ਦੇ ਕੁਝ ਮਹੀਨ ਹਿੱਸੇ ਲਗਾਤਾਰ ਯਾਦਾਂ ਉਘਾੜਨ ਵਿਚ ਜੁਟੇ ਰਹਿੰਦੇ ਹਨ। ਦਿਨ ਵਿਚ ਸੈਂਕੜੇ ਤੋਂ ਵੱਧ ਵਾਰ ਚੀਜ਼ਾਂ ਯਾਦ ਕਰਨ ਦੀ ਲੋੜ ਪੈਂਦੀ ਹੈ। ਉਸ ਵਾਸਤੇ ਖ਼ਰਬਾਂ ਸੈੱਲ ਅਤੇ ਉਨ੍ਹਾਂ ਦੇ ਜੋੜ ਲਗਾਤਾਰ ਕੰਮ ਕਰਦੇ ਹਨ। ਇਸ ਦੌਰਾਨ ਹੋਈ ਟੁੱਟ ਭੱਜ ਨੂੰ ਰਿਪੇਅਰ ਕਰਨ ਲਈ ਵੱਖ ਸੈੱਲਾਂ ਦੀ ਯੂਨਿਟ ਲਗਾਤਾਰ ਕੰਮ ਕਰਦੀ ਹੈ। ਸਾਨੂੰ ਭਾਵੇਂ ਆਮ ਜਿਹੀ ਗੱਲ ਹੀ ਜਾਪੇ ਪਰ, 'ਕੱਲ ਕੀ ਖਾਧਾ ਸੀ', ਵਰਗੀ ਮਾਮੂਲੀ ਜਿਹੀ ਗੱਲ ਨੂੰ ਯਾਦ ਕਰਨ ਲਈ ਸਾਰਾ ਸਿਸਟਮ ਹਿਲਜੁਲ ਕਰਦਾ ਹੈ। ਇਹੋ ਜਿਹੀਆਂ ਸੈਂਕੜੇ ਗੱਲਾਂ ਰੋਜ਼ ਯਾਦ ਕਰ ਕੇ ਦਿਮਾਗ਼ ਜਵਾਬ ਲੱਭ ਕੇ ਦਿੰਦਾ ਹੈ।

ਇਸੇ ਲਈ ਦਿਮਾਗ਼ ਨੂੰ ਚੁਸਤ ਰੱਖਣ ਅਤੇ ਵੇਲੇ ਸਿਰ ਪੂਰਾ ਆਰਾਮ ਦੇਣ ਦੀ ਲੋੜ ਹੁੰਦੀ ਹੈ।

ਯਾਦਾਸ਼ਤ ਉਘਾੜਨ ਲਈ ਦੋ ਤਰੀਕੇ ਹੁੰਦੇ ਹਨ। ਪਹਿਲਾ, ਬਾਹਰੀ ਸੁਨੇਹੇ ਤੇ ਦੂਜਾ, ਅੰਦਰੂਨੀ। ਸੈੱਲਾਂ ਰਾਹੀਂ ਪਹੁੰਚੀਆਂ ਤਰੰਗਾਂ ਜਿਸ ਤਰੀਕੇ ਛਪਦੀਆਂ ਹਨ, ਉਨ੍ਹਾਂ ਨੂੰ ਇਕ ਯੂਨਿਟ ਦੀ ਇਕ ਨੁੱਕਰੇ ਤਹਿ ਬਣਾ ਕੇ, ਯਾਦ ਦੇ ਰੂਪ ਵਿਚ ਰੱਖ ਲਿਆ ਜਾਂਦਾ ਹੈ। ਫੇਰ ਦਿਮਾਗ਼ ਉਸ ਯਾਦ ਨੂੰ ਆਪਣੀ ਲਿਆਕਤ ਅਨੁਸਾਰ ਚੰਗੀ, ਮਾੜੀ, ਬੇਹੂਦਾ, ਸ਼ਰਮਸਾਰ, ਭਿਆਨਕ ਆਦਿ ਲੇਬਲ ਲਾ ਕੇ ਸਾਂਭ ਲੈਂਦਾ ਹੈ। ਉਸ ਤੋਂ ਬਾਅਦ ਇਸ ਯਾਦ ਦੀ ਛਾਂਟੀ ਕੀਤੀ ਜਾਂਦੀ ਹੈ ਕਿ ਕਿੰਨਾ ਹਿੱਸਾ ਉਸ ਵਿਚੋਂ ਪੱਕੀ ਯਾਦ ਬਣਾ ਕੇ ਰੱਖਣਾ ਹੈ।

ਇਸ ਤੋਂ ਬਾਅਦ ਕਿਸ ਕਿਸਮ ਦਾ ਕਦਮ ਪੁੱਟਣਾ ਹੈ-ਸ਼ਾਂਤ ਰਹਿਣਾ ਹੈ, ਭੜਕਣਾ ਹੈ, ਬਦਲਾ ਲੈਣਾ ਹੈ ਜਾਂ ਹੌਲੀ-ਹੌਲੀ ਭੁਲਾ ਦੇਣਾ ਹੈ-ਬਾਰੇ ਫ਼ੈਸਲਾ ਲਿਆ ਜਾਂਦਾ ਹੈ।

ਇਸ ਯਾਦ ਉੱਤੇ ਬਾਹਰੀ ਅਸਰ ਹੁੰਦੇ ਹਨ:- ਉਸ ਸਮੇਂ ਦਾ ਤਣਾਓ, ਗੁੱਸਾ, ਲੜਾਈ, ਪਿਆਰ, ਮੌਤ ਆਦਿ। ਜੇ ਯਾਦ ਪਿਆਰੀ ਹੋਵੇ ਜਾਂ ਡੂੰਘੀ ਸੱਟ ਮਾਰ ਗਈ ਹੋਵੇ ਤਾਂ ਛੇਤੀ ਭੁੱਲਦੀ ਨਹੀਂ। ਤਣਾਓ ਅਧੀਨ ਜੁੜੀਆਂ ਯਾਦਾਂ ਹੌਲੀ-ਹੌਲੀ ਫਿੱਕੀਆਂ ਪੈਣ ਲੱਗ ਪੈਂਦੀਆਂ ਹਨ ਤੇ ਦੁਬਾਰਾ ਧਿਆਨ ਕਰਨ ਉੱਤੇ ਪੂਰੀ ਯਾਦ ਉਘਾੜੀ ਨਹੀਂ ਜਾਂਦੀ। ਕਈ ਵਾਰ ਬਿਲਕੁਲ ਉਸੇ ਤਰ੍ਹਾਂ ਦੀ ਘਟਨਾ ਦਿਸ ਪਵੇ ਤਾਂ ਛਪੀ ਹੋਈ ਯਾਦ ਦਾ ਕੁਝ ਹਿੱਸਾ ਉੱਘੜ ਕੇ ਸਾਹਮਣੇ ਆ ਜਾਂਦਾ ਹੈ। ਸਾਡੇ ਸੁੱਤਿਆਂ ਹੋਇਆਂ ਵੀ ਦਿਮਾਗ਼ ਦਾ ਇਕ ਹਿੱਸਾ ਹਮੇਸ਼ਾ ਜਾਗਦਾ ਹੋਇਆ, ਸਾਫ਼-ਸਫ਼ਾਈ ਕਰਦਾ ਅਤੇ ਯਾਦਾਂ ਨੂੰ ਇੱਧਰ-ਉੱਧਰ ਸਾਂਭਦਾ ਜਾਂ ਝਾੜਦਾ ਰਹਿੰਦਾ ਹੈ। ਇਸੇ ਕਰਕੇ ਕਦੇ ਕਦਾਈਂ ਸੁੱਤਿਆਂ ਵੀ ਮੂੰਹ ਉੱਤੇ ਮੁਸਕਾਨ, ਹਾਸਾ ਜਾਂ ਮੂੰਹੋਂ ਕੁਬੋਲ ਨਿਕਲ ਜਾਂਦੇ ਹਨ। ਯਾਦਾਸ਼ਤ ਵਧਾਉਣ ਬਾਰੇ ਅਨੇਕ ਖੋਜਾਂ ਹੋ ਚੁੱਕੀਆਂ ਹਨ। ਇਸ ਬਾਬਤ 30 ਸਾਲਾਂ ਦੀ ਹਾਵਰਡ ਯੂਨੀਵਰਸਿਟੀ ਵੱਲੋਂ ਕੀਤੀ ਖੋਜ ਦੇ ਕੁਝ ਅੰਸ਼ ਸਾਂਝੇ ਕਰ ਰਹੀ ਹਾਂ:

**1. ਹੋਰ ਨਵੀਆਂ ਚੀਜ਼ਾਂ ਸਿੱਖਣੀਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ:**

ਕਾਰ ਚਲਾਉਣੀ, ਗੋਡੀ ਕਰਨੀ, ਸਾਈਕਲ ਚਲਾਉਣਾ, ਕਿਤਾਬਾਂ ਪੜ੍ਹਨੀਆਂ, ਪੇਂਟਿੰਗ ਕਰਨੀ, ਸ਼ਤਰੰਜ ਖੇਡਣੀ, ਕੈਰਮ ਬੋਰਡ ਖੇਡ ਖੇਡਣੀ,



ਸੁਡੋਕੂ ਖੇਡਣੀ, ਪਹੇਲੀਆਂ ਬੁੱਝਣੀਆਂ ਆਦਿ। ਇਸ ਤਰ੍ਹਾਂ ਦਿਮਾਗ਼ ਲਗਾਤਾਰ ਹਿਲਜੁਲ ਵਿਚ ਜੁਟਿਆ ਰਹਿੰਦਾ ਹੈ ਤੇ ਚੁਸਤ ਰਹਿੰਦਾ ਹੈ।

**2. ਇੰਦ੍ਰੀਆਂ ਦੀ ਵਧੇਰੇ ਵਰਤੋਂ ਲਾਹੇਵੰਦ ਹੁੰਦੀ ਹੈ:**

ਪੱਕੀ ਯਾਦ ਬਣਾਉਣ ਲਈ ਵੇਖਣਾ, ਸੁਣਨਾ, ਟੋਹਣਾ, ਸੁੰਘਣਾ ਆਦਿ ਸ਼ਕਤੀਆਂ ਰਲਾ ਕੇ ਜ਼ਿਆਦਾ ਅਸਰਦਾਰ ਸਾਬਤ ਹੋ ਜਾਂਦੇ ਹਨ। ਦਿਮਾਗ਼ ਦਾ 'ਪਿਰੀਫੌਰਮ ਕੌਰਟੈਕਸ' ਹਿੱਸਾ ਸੁੰਘੀ ਹੋਈ ਚੀਜ਼ ਨੂੰ ਯਾਦ ਰੱਖਣ ਵਿਚ ਮਦਦ ਕਰਦਾ ਹੈ। ਇੰਜ ਵੱਖੋ-ਵੱਖ ਹਿੱਸੇ ਰਲ-ਮਿਲ ਕੇ, ਭਾਵ ਨਜ਼ਰ, ਛੋਹ, ਸੁਣਨਾ ਆਦਿ ਅਲੱਗ-ਅਲੱਗ ਸੁਨੇਹੇ ਭੇਜ ਕੇ ਪਹਿਲਾਂ ਯਾਦ ਪੱਕੀ ਕਰਨ ਵਿਚ ਮਦਦ ਕਰਦੇ ਹਨ ਤੇ ਫਿਰ ਯਾਦ ਉਘਾੜਨ ਵਿਚ ਵੀ ਮਦਦ ਕਰਦੇ ਹਨ। ਸੁੰਘਣ ਲਈ ਜੁੜੀ ਯਾਦ ਜ਼ਿਆਦਾ ਪੱਕੀ ਹੁੰਦੀ ਹੈ।

**3. ਆਪਣੇ ਆਪ ਉੱਤੇ ਯਕੀਨ ਰੱਖਣਾ:**

ਜਦੋਂ ਆਪ ਹੀ ਆਪਣੇ ਆਪ ਨੂੰ ਇਹ ਕਹਿਣਾ ਸ਼ੁਰੂ ਕਰ ਦੇਈਏ ਕਿ ਹੁਣ ਤਾਂ ਚੀਜ਼ਾਂ ਭੁੱਲਣ ਲੱਗ ਪਈਆਂ ਹਨ, ਚਲੋ ਉਮਰ ਲੰਘ ਗਈ ਹੈ, ਤਾਂ ਗੱਲ ਜ਼ਿਆਦਾ ਦੇਰ ਦਿਮਾਗ਼ ਵਿਚ ਟਿਕਦੀ ਹੀ ਨਹੀਂ। ਇਹ ਸੋਚ ਹੀ ਦਿਮਾਗ਼ ਨੂੰ ਤਰੋਤਾਜ਼ਾ ਤੇ ਤੇਜ਼ ਰੱਖਣ ਵਾਲੀਆਂ ਕਸਰਤਾਂ ਕਰਨ ਤੋਂ ਰੋਕ ਦਿੰਦੀ ਹੈ।

**4. ਦਿਮਾਗ਼ ਦੀ ਵਧੀਆ ਵਰਤੋਂ ਕਰਨੀ:**

ਹਰ ਨਿੱਕੀ ਤੋਂ ਨਿੱਕੀ ਗੱਲ ਯਾਦ ਰੱਖਣੀ ਦਿਮਾਗ਼ ਲਈ ਵੀ ਔਖੀ ਹੁੰਦੀ ਹੈ। ਜਿਵੇਂ ਰਸੋਈ ਵਿਚ ਕੰਮ ਕਰਦਿਆਂ ਚਾਬੀ ਕਿਸੇ ਕੋਨੇ ਵਿਚ ਰੱਖੀ ਗਈ, ਕੀ ਸਬਜ਼ੀ ਵਿਚ ਦੁਬਾਰਾ ਲੂਣ ਤਾਂ ਨਹੀਂ ਪੈ ਗਿਆ, ਘਰ ਅੰਦਰ ਵੜਦਿਆਂ ਐਨਕ ਕਿੱਥੇ ਰੱਖ ਦਿੱਤੀ, ਵਗੈਰਾਹ।

ਇਸੇ ਲਈ ਕ੍ਰਮਵਾਰ ਚੀਜ਼ਾਂ ਕਰਨ ਦੀ ਲੋੜ ਹੁੰਦੀ ਹੈ। ਮਿਸਾਲ ਵਜੋਂ ਘਰ ਅੰਦਰ ਵੜ ਕੇ ਚਾਬੀ ਇਕੋ ਥਾਂ, ਐਨਕ ਦੂਜੀ ਥਾਂ ਤੇ ਕਾਗਜ਼ ਤੀਜੀ ਥਾਂ। ਜੇ ਉਸੇ ਤਰ੍ਹਾਂ ਚੀਜ਼ਾਂ ਰੱਖੀਆਂ ਜਾਣ ਤਾਂ ਦਿਮਾਗ਼ ਨੂੰ ਫ਼ਾਲਤੂ ਚੀਜ਼ਾਂ ਲਗਾਤਾਰ ਯਾਦ ਰੱਖਣ ਦੀ ਲੋੜ ਨਹੀਂ ਰਹਿੰਦੀ।

ਇੰਜ ਹੀ ਬਾਜ਼ਾਰ ਜਾਣ ਲੱਗਿਆਂ ਜ਼ੁਬਾਨੀ ਰੱਟਾ ਲਾਉਣ ਨਾਲੋਂ ਕਾਗਜ਼ ਉੱਤੇ ਲਿਖਣਾ ਬਿਹਤਰ ਹੈ ਤਾਂ ਜੋ ਦਿਮਾਗ਼ ਉੱਤੇ ਫ਼ਾਲਤੂ ਬੋਝ ਨਾ ਪਵੇ।

ਕਾਗਜ਼ਾਂ ਦੀ ਵੀ ਇਕ ਫਾਈਲ ਲਾਉਣੀ ਠੀਕ ਹੈ ਤਾਂ ਜੋ ਕਾਗਜ਼ ਲੱਭਦਿਆਂ ਸਾਰਾ ਘਰ ਉੱਤੇ ਥੱਲੇ ਨਾ ਕੀਤਾ ਜਾਵੇ। ਫਰਿੱਜ ਉੱਤੇ ਜਾਂ ਅਲਮਾਰੀ ਉੱਤੇ ਇਕ ਕਲਿੱਪ ਲਾ ਕੇ ਰੋਜ਼ ਦੇ ਕਰਨ ਵਾਲੇ ਕੰਮ ਲਿਖੇ ਜਾ ਸਕਦੇ ਹਨ।

**5. ਉੱਚੀ ਬੋਲ ਕੇ ਆਪਣੇ ਆਪ ਨੂੰ ਸੁਣਾਓ:**

ਜਿਸ ਚੀਜ਼ ਦੇ ਭੁੱਲਣ ਦਾ ਖ਼ਤਰਾ ਹੋਵੇ, ਉਸ ਦੀ ਥਾਂ ਬਾਰੇ ਆਪਣੇ ਆਪ ਨੂੰ ਉੱਚਾ ਬੋਲ ਕੇ ਸੁਣਾਓ ਤਾਂ ਦਿਮਾਗ਼ ਦੀ ਗ਼ਰਾਰੀ ਵਿਚ ਗੱਲ ਅੜ ਜਾਂਦੀ ਹੈ। ਮਸਲਨ-ਐਹ ਪਰਸ ਮੈਂ ਇੱਥੇ ਰੱਖ ਰਹੀ ਹਾਂ-ਉੱਚੀ ਬੋਲ ਕੇ ਕਮਰੇ ਵਿਚੋਂ ਬਾਹਰ ਨਿਕਲ ਜਾਓ। ਉਹੀ ਗੱਲ ਕੰਨਾਂ ਰਾਹੀਂ ਦੁਬਾਰਾ ਦਿਮਾਗ਼ ਨੂੰ ਤਰੋਤਾਜ਼ਾ ਕਰ ਦਿੰਦੀ ਹੈ। ਕੋਈ ਸ਼ਰਮ ਦੀ ਗੱਲ ਨਹੀਂ ਜੇ ਆਪਣੇ ਆਪ ਨੂੰ ਦੁਬਾਰਾ ਉੱਚੀ ਬੋਲ ਕੇ ਪੁੱਛ ਲਵੋ-ਯਾਦ ਹੈ ਨਾ ਪਰਸ ਐਥੇ ਰੱਖਿਆ ਹੈ!

**6. ਔਖੀਆਂ ਗੱਲਾਂ ਇਕੱਠੀਆਂ ਯਾਦ ਨਾ ਕੀਤੀਆਂ ਜਾਣ:**

ਜਦੋਂ ਦਿਮਾਗ਼ ਦੇ ਪੂਰੇ ਹਿੱਸੇ ਇਕ ਔਖਾ ਚੈਪਟਰ ਮਸਾਂ ਹੀ ਯਾਦ ਕਰ ਕੇ ਹਟੇ ਹੋਣ ਤਾਂ ਉਸੇ ਵੇਲੇ ਇਕ ਹੋਰ ਔਖਾ ਚੈਪਟਰ ਯਾਦ ਕਰਨ ਨਾਲ ਦਿਮਾਗ਼ ਦੀ ਬਸ ਹੋ ਜਾਂਦੀ ਹੈ ਤੇ ਪਹਿਲਾਂ ਦਾ ਯਾਦ ਕੀਤਾ ਚੈਪਟਰ ਵੀ ਅੱਧਾ ਭੁੱਲ ਜਾਂਦਾ ਹੈ। ਇਸੇ ਲਈ ਇਕ ਔਖਾ ਤੇ ਫੇਰ ਇਕ ਸੌਖਾ ਚੈਪਟਰ ਯਾਦ ਕਰਨ ਨਾਲ ਦਿਮਾਗ਼ ਨੂੰ ਰਤਾ ਕੁ ਆਰਾਮ ਮਿਲ ਜਾਂਦਾ ਹੈ।

ਮਿਸਾਲ ਵਜੋਂ ਮਾਮੇ ਦੀ ਭੂਆ ਦੇ ਸਾਂਢੂ ਦੀ ਗਵਾਂਢਣ ਦਾ ਰਿਸ਼ਤਾ ਪਤਨੀ ਦੀ ਭਰਜਾਈ ਦੀ ਭਾਬੀ ਦੇ ਭਰਾ ਦੇ ਦੋਸਤ ਨਾਲ ਕਰਵਾਉਣ ਲਈ ਸਾਰੇ ਰਿਸ਼ਤੇਦਾਰਾਂ ਦੇ ਨਾਂ ਯਾਦ ਰੱਖਣੇ ਔਖੇ ਹੋ ਸਕਦੇ ਹਨ!

**7. ਵਾਰ-ਵਾਰ ਯਾਦ ਕਰਨਾ:**

ਔਖਾ ਚੈਪਟਰ ਕਈ ਵਾਰ ਪੜ੍ਹਨ ਨਾਲ ਸੌਖਿਆਂ ਯਾਦ ਹੋਣ ਲੱਗ ਪੈਂਦਾ ਹੈ। ਔਖੀਆਂ ਸਤਰਾਂ ਆਪਣੇ ਕਮਰੇ ਵਿਚ ਸਾਹਮਣੀ ਕੰਧ ਉੱਤੇ ਲਿਖ ਲੈਣੀਆਂ ਚਾਹੀਦੀਆਂ ਹਨ ਤਾਂ ਜੋ ਲੰਘਦੇ ਵੜਦੇ ਵਾਰ-ਵਾਰ ਨਜ਼ਰਾਂ ਸਾਹਮਣੇ ਆ ਜਾਣ ਤੇ ਦਿਮਾਗ਼ ਪੱਕੀ ਯਾਦ ਬਣਾ ਸਕੇ। ਸਾਰਾ ਸਾਲ ਪੜ੍ਹਦੇ ਰਹਿਣ ਨਾਲ ਚੈਪਟਰ ਜ਼ਿਆਦਾ ਚੰਗੀ ਤਰ੍ਹਾਂ ਯਾਦ ਰਹਿੰਦੇ ਹਨ। ਇਮਤਿਹਾਨ ਤੋਂ ਕੁਝ ਦਿਨ ਪਹਿਲਾਂ ਲਾਏ ਰੱਟਿਆਂ ਦੀ ਪੱਕੀ ਯਾਦ ਨਹੀਂ ਬਣਦੀ। ਇਸੇ ਲਈ ਰੱਟੇ ਲਾਉਣ ਵਾਲਿਆਂ ਦੀ ਬੁਨਿਆਦ ਕੱਚੀ ਰਹਿ ਜਾਂਦੀ ਹੈ।

**8. ਲੈਅ ਤਾਲ ਦੀ ਵਰਤੋਂ:**

ਜੇ ਸਬਜ਼ੀ, ਐਨਕ ਲਿਆਉਣੀ, ਅਲਮਾਰੀ ਠੀਕ, ਸਕੂਲ ਫੀਸ ਭਰਨ ਵਾਲੇ ਕੰਮ ਕਰਨੇ ਹਨ ਤਾਂ ਹਰ ਸ਼ਬਦ ਦਾ ਪਹਿਲਾ ਅੱਖਰ ਜੋੜ ਲਵੋ- ਸ, ਅ, ਅ, ਸ ਤੇ 'ਸਾਸ' ਯਾਦ ਰੱਖ ਲਵੋ ਤਾਂ ਕੰਮ ਭੁੱਲਦੇ ਨਹੀਂ।

**ਯਾਦਾਸ਼ਤ ਤੇਜ਼ ਕਰਨ ਲਈ ਰਾਮਬਾਣ ਹੈ-ਪਿਆਰ ਕਰਨਾ!**

ਪਿਆਰ ਨਾਲ ਭਿੱਜਿਆ ਮਨ ਤਿੰਨ ਗੁਣਾ ਤਾਕਤ ਨਾਲ ਭਰ ਜਾਂਦਾ ਹੈ! ਜਦੋਂ ਯਾਦਾਸ਼ਤ ਘਟਦੀ ਜਾਪੇ ਤਾਂ ਕਿਸੇ ਨੂੰ ਪਿਆਰ ਕਰਨਾ ਸ਼ੁਰੂ ਕਰ ਦਿਓ, ਭਾਵੇਂ ਇਨਸਾਨ ਨਾਲ, ਜਾਨਵਰ ਨਾਲ ਜਾਂ ਰੱਬ ਨਾਲ, ਪਰ ਕਰੋ ਜ਼ਰੂਰ! ਅਜ਼ਮਾਓ ਤੇ ਯਾਦਾਂ ਤਾਜ਼ਾ ਕਰ ਲਓ!

---

# ਅਡਾਨੀ ਦਾ ਅਣਸੁਲਝਿਆ ਸਵਾਲ

ਰਾਜੇਸ਼ ਰਾਮਚੰਦਰਨ

ਇਹ ਮੰਨਿਆ ਨਿਆ ਜਾਂਦਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੁੱਚੀ ਵਿਰੋਧੀ ਧਿਰ ਉੱਤੇ ਭਾਰੇ ਪੈ ਜਾਂਦੇ ਹਨ ਪਰ ਉਨ੍ਹਾਂ 'ਤੇ ਕੁਝ ਕੁ ਲਿਹਾਜ਼ੂ ਪੂੰਜੀਪਤੀਆਂ ਦੇ ਹਿੱਤ ਸਾਧਣ ਦੇ ਲੱਗ ਰਹੇ ਦੋਸ਼ਾਂ ਮੁਤੱਲਕ ਕੁਝ ਦਿਨ ਪਹਿਲਾਂ ਪਾਰਲੀਮੈਂਟ ਵਿਚ ਉਨ੍ਹਾਂ ਜਿਹੋ ਜਿਹਾ ਰੁਖ਼ ਅਪਣਾਇਆ, ਉਹ ਕਮਜ਼ੋਰ ਜਾਪਦਾ ਹੈ। ਉਨ੍ਹਾਂ ਤੋਂ ਘੱਟੋ-ਘੱਟ ਇਹ ਉਮੀਦ ਤਾਂ ਕੀਤੀ ਹੀ ਜਾ ਸਕਦੀ ਸੀ ਕਿ ਉਹ ਪਾਰਲੀਮੈਂਟ ਅਤੇ ਇਸ ਰਾਹੀਂ ਮੁਲਕ ਨੂੰ ਇਹ ਭਰੋਸਾ ਦਿੰਦੇ ਕਿ ਜੇ ਕੋਈ ਠੋਸ ਦੋਸ਼ ਜਾਂ ਬੇਨੇਮੀ ਸਾਹਮਣੇ ਆਈ ਤਾਂ ਉਹ ਜਾਂਚ ਏਜੰਸੀਆਂ ਰਾਹੀਂ ਜਾਂਚ ਕਰਾਉਣਗੇ। ਅਜਿਹਾ ਕਰਨ ਨਾਲ ਅਡਾਨੀ ਦੀਆਂ ਕੰਪਨੀਆਂ ਦੇ ਸ਼ੇਅਰਾਂ ਨੇ ਹੋਰ ਗੋਤਾ ਖਾ ਜਾਣਾ ਸੀ ਪਰ ਇਸ ਨਾਲੋਂ ਪ੍ਰਧਾਨ ਮੰਤਰੀ ਕੁਨਬਾਪਰਵਰੀ ਦੇ ਦੋਸ਼ਾਂ ਵਿਚ ਘਿਰਨ ਤੋਂ ਬਚ ਸਕਦੇ ਸਨ। ਸੱਤਾ ਧਿਰ ਦੇ ਸੰਸਦ ਮੈਂਬਰਾਂ ਅਤੇ ਮੰਤਰੀਆਂ ਵੱਲੋਂ ਅਡਾਨੀ ਨੂੰ ਆਪਣੇ ਵਹੀ ਖਾਤੇ ਖੋਲ੍ਹਣ ਲਈ ਕਹਿਣ ਦੀ ਬਜਾਇ ਉਹ ਜਿਵੇਂ 'ਮੋਦੀ ਮੋਦੀ' ਦੇ ਨਾਅਰੇ ਲਾਉਂਦੇ ਅਤੇ ਮੇਜ਼ ਥਪਥਪਾਉਂਦੇ ਰਹੇ, ਉਹ ਨਿਰੀ ਖੁਸ਼ਾਮਦ ਸੀ, ਹੋਰ ਕੁਝ ਵੀ ਨਹੀਂ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਆਗੂ ਨੂੰ ਇਸ ਪ੍ਰਕਾਰ ਆਪਣਾ ਸ਼ਕਤੀ ਪ੍ਰਦਰਸ਼ਨ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਇੰਦਰਾ ਗਾਂਧੀ ਤੋਂ ਬਾਅਦ ਕਿਸੇ ਵੀ ਭਾਰਤੀ ਸਿਆਸੀ ਆਗੂ ਦਾ ਆਪਣੀ ਪਾਰਟੀ 'ਤੇ ਇੰਨਾ ਮੁਕੰਮਲ ਕੰਟਰੋਲ ਨਹੀਂ ਹੋਇਆ ਜਿਵੇਂ ਮੋਦੀ ਨੇ ਕੀਤਾ ਹੈ ਅਤੇ ਜਿਵੇਂ ਲੋਕ ਰਾਏ ਨੂੰ ਪ੍ਰਭਾਵਿਤ ਕੀਤਾ ਹੈ। ਇੰਦਰਾ ਦੇ ਉਲਟ ਮੋਦੀ ਘੱਟ ਸਾਧਨਾਂ ਵਾਲੇ ਪਿਛੋਕੜ ਤੋਂ ਆਏ ਸਨ ਅਤੇ ਉਨ੍ਹਾਂ ਨੇ ਪਾਰਟੀ ਦੇ ਸਿਖਰਲੇ ਮੁਕਾਮ ਤੱਕ ਅੱਪੜਨ ਲਈ ਕਾਫ਼ੀ ਮਿਹਨਤ ਕੀਤੀ ਹੈ ਜਿਸ ਕਰ ਕੇ ਉਨ੍ਹਾਂ ਨੂੰ ਜਥੇਬੰਦੀ ਨੂੰ ਸਰਬਉਚ ਬਣਾ ਕੇ ਰੱਖਣ ਲਈ ਹੋਰ ਵੀ ਜ਼ਿਆਦਾ ਧਿਆਨ ਦੇਣਾ ਬਣਦਾ ਸੀ। ਭਾਜਪਾ ਦੇ ਸੰਸਦ ਮੈਂਬਰਾਂ ਵਲੋਂ ਦਿਖਾਈ ਜਾ ਰਹੀ ਆਗੂ ਭਗਤੀ ਕਾਂਗਰਸ ਪ੍ਰਧਾਨ ਦੇਵ ਕਾਂਤ ਬਰੂਆ ਦੇ ਦੌਰ ਦੀ ਯਾਦ ਦਿਵਾ ਰਹੀ ਹੈ ਜਿਸ ਨੇ 'ਇੰਡੀਆ ਇਜ਼ ਇੰਦਰਾ ਐਂਡ ਇੰਦਰਾ ਇਜ਼ ਇੰਡੀਆ' ਦਾ ਨਾਅਰਾ ਘੜਿਆ ਸੀ। ਕੋਈ ਹੁਸ਼ਿਆਰ ਆਗੂ ਹੁੰਦਾ ਤਾਂ ਉਹ ਇਕ ਇਕ ਦੋਸ਼ ਨੂੰ ਲੈ ਕੇ ਇਸ ਦੀਆਂ ਵਖੀਏ ਉਧੇੜਦਾ ਜੋ ਅਸਲ ਵਿਚ ਕੋਈ ਔਖਾ ਕੰਮ ਵੀ ਨਹੀਂ ਸੀ। ਕਿਸੇ ਅਸੰਭਵ ਜਿਹੀ ਗੱਲ ਦਾ ਬਚਾਓ ਕਰਦੇ ਹੋਏ ਸੰਸਦੀ ਬਹਿਸ ਜਾਂ ਅਦਾਲਤੀ ਕਾਰਵਾਈ ਦਾ ਇਹ ਹੁਨਰ ਹੁੰਦਾ ਹੈ ਕਿ ਆਪਣੀ ਜ਼ਮੀਨ ਵੀ ਬਚਾ ਕੇ ਰੱਖੀ ਜਾਵੇ ਤੇ ਦਿਨ ਆਪਣੇ ਨਾਂ ਕਰ ਲਿਆ ਜਾਵੇ।

ਅਡਾਨੀ ਦਾ ਦਬਦਬਾ ਜੱਗ ਜ਼ਾਹਿਰ ਹੈ। ਅਡਾਨੀ ਸਮੂਹ ਦੀ ਇਕੁਇਟੀ (ਪੂੰਜੀ) ਅਤੇ ਕਰਜ਼ ਦਾ ਅਨੁਪਾਤ ਦੇਖ ਕੇ ਡਰ ਆਉਂਦਾ ਹੈ ਹਾਲਾਂਕਿ ਅਜੇ ਤੱਕ ਇਸ ਦਾ ਢਿੱਡ ਨੰਗਾ ਨਹੀਂ ਹੋਇਆ। ਇਸ ਦੇ ਕਰਜ਼ੇ ਦੀ ਇਕ ਵੀ ਕਿਸ਼ਤ ਨਹੀਂ ਟੁੱਟੀ। ਅਜੇ ਤੱਕ ਇਸ ਦਾ ਇਕ ਵੀ ਪ੍ਰੋਜੈਕਟ ਨਾਕਾਮ ਨਹੀਂ ਹੋਇਆ। ਜੇ ਇਸ ਨੇ ਆਪਣੇ ਸ਼ੇਅਰਾਂ ਦੀ ਕੀਮਤ ਵਧਾਈ ਹੈ ਜਾਂ ਇਨ੍ਹਾਂ ਨਾਲ ਕੋਈ ਛੇੜਛਾੜ ਕੀਤੀ ਹੈ ਤਾਂ ਸਵਾਲ ਇਹ ਹੈ ਕਿ ਕੀ ਸ਼ੇਅਰ ਬਾਜ਼ਾਰ ਦੇ ਜ਼ਿਆਦਾਤਰ ਬਾਕੀ ਵੱਡੇ ਖਿਡਾਰੀ ਇਵੇਂ ਨਹੀਂ ਕਰਦੇ? ਅਜਿਹੀਆਂ ਕਿੰਨੀਆਂ ਕੁ ਵੱਡੀਆਂ ਭਾਰਤੀ ਜਾਂ ਆਲਮੀ ਕੰਪਨੀਆਂ ਹੋਣਗੀਆਂ ਜੋ ਸ਼ੇਅਰ ਬਾਜ਼ਾਰ ਵਿਚ ਇਸ ਕਿਸਮ ਦੇ ਹਥਕੰਡੇ ਨਾ ਵਰਤਣ ਦਾ ਦਾਅਵਾ ਕਰ ਸਕਦੀਆਂ ਹਨ? ਇਹ ਬਹੁਤ ਹੀ ਮੌਕਾਪ੍ਰਸਤੀ ਜਾਂ ਪੱਖਪਾਤ ਵਾਲੀ ਗੱਲ ਹੋਵੇਗੀ ਕਿ ਕਿਸੇ ਇਕ ਉਦਮੀ ਨੂੰ ਨਿਸ਼ਾਨਾ ਬਣਾਇਆ ਜਾਵੇ ਅਤੇ ਉਸ ਤੋਂ ਇਹ ਉਮੀਦ ਕੀਤੀ ਜਾਵੇ ਕਿ ਉਹ ਪਾਕ-ਸਾਫ਼ ਰਹੇ ਜਦਕਿ ਸਮੁੱਚੀ ਪੂੰਜੀਪਤੀ ਜਮਾਤ ਬਾਜ਼ਾਰ ਨੂੰ ਸਿਆਹ ਕਰਨ 'ਤੇ ਜੁਟੀ ਹੋਵੇ। ਫਿਰ ਵੀ ਜੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਜਾਂ ਇਸ ਦੇ ਪ੍ਰਧਾਨ ਮੰਤਰੀ 'ਤੇ ਕੋਈ ਦਾਗ਼ ਹੈ ਤਾਂ ਇਹ ਉਨ੍ਹਾਂ ਦੇ ਅਡਾਨੀ ਨਾਲ ਕਰੀਬੀ ਸਾਂਝ ਕਰ ਕੇ ਹੈ।

ਹਕੀਕੀ ਹੋਣ ਜਾਂ ਫਰਜ਼ੀ ਪਰ ਇਸ ਤਰ੍ਹਾਂ ਦੇ ਰਿਸ਼ਤੇ ਦੇ ਮੱਦੇਨਜ਼ਰ ਸਰਕਾਰ ਲਈ ਕੁਝ ਹਕੀਕੀ ਸਵਾਲਾਂ ਦਾ ਜਵਾਬ ਦੇਣਾ ਜ਼ਰੂਰੀ ਹੋ ਜਾਂਦਾ ਹੈ। ਕੀ ਭਾਜਪਾ ਸਰਕਾਰ ਅਜਿਹਾ ਪ੍ਰਸੰਗ ਤਿਆਰ ਕਰ ਸਕਦੀ ਹੈ ਕਿ ਅਡਾਨੀ ਨੇ ਕਦੋਂ ਕਦੋਂ ਭਾਰਤ ਜਾਂ ਵਿਦੇਸ਼ ਵਿਚ ਮਲਾਈਦਾਰ ਪ੍ਰੋਜੈਕਟ ਹਾਸਲ ਕੀਤੇ ਸਨ? ਕੀ ਜਾਂਚ ਏਜੰਸੀਆਂ ਨੇ ਕਦੇ ਮੁੰਬਈ ਹਵਾਈ ਅੱਡੇ ਅਤੇ ਗੰਗਾਵਰਮ ਬੰਦਰਗਾਹ ਅਡਾਨੀ ਦੇ ਹਵਾਲੇ ਕਰਨ ਬਾਰੇ ਘੋਖ ਪੜਤਾਲ ਕੀਤੀ ਸੀ? 'ਫਾਇਨੈਂਸ਼ੀਅਲ ਟਾਈਮਜ਼' ਦੇ ਸਹਾਇਕ ਪ੍ਰਕਾਸ਼ਨ 'ਨਿਕੀ ਏਸ਼ੀਆ' ਮੁਤਾਬਕ 'ਅਡਾਨੀ ਸਮੂਹ ਸਿਰ ਚੜ੍ਹਿਆ ਕਰਜ਼ਾ ਭਾਰਤ ਦੀ ਕੁੱਲ ਕੁੱਲ ਘਰੇਲੂ ਪੈਦਾਵਾਰ ਦਾ ਇਕ ਫ਼ੀਸਦ ਬਣ ਜਾਂਦਾ ਹੈ'। ਕੀ ਭਾਰਤੀ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਨੂੰ ਅਡਾਨੀ ਦੇ ਪ੍ਰੋਜੈਕਟਾਂ ਲਈ ਫੰਡ ਮੁਹੱਈਆ ਕਰਾਉਣ ਜਾਂ ਅਡਾਨੀ ਦੀਆਂ ਕੰਪਨੀਆਂ ਦੇ ਸ਼ੇਅਰ ਖਰੀਦਣ ਲਈ ਮਜਬੂਰ ਕੀਤਾ ਗਿਆ ਸੀ? ਜੇ ਇਹ ਗੱਲ ਸਹੀ ਹੈ ਤਾਂ ਇਸ ਵਿਚ ਕਿੰਨਾ ਵੱਡਾ ਅਪਰਾਧਕ ਇਰਾਦਾ ਤੇ ਅਪਰਾਧਕ ਵਿਹਾਰ ਬਣਦਾ ਹੈ? ਤੇ ਸਿਰਫ ਭਾਜਪਾ ਦੀਆਂ ਸਰਕਾਰਾਂ ਹੀ ਨਹੀਂ ਸਗੋਂ ਸੀ.ਪੀ.ਐੱਮ. ਨੇ ਵੀ ਭਾਜਪਾ ਦੀ ਤਰਜ਼ 'ਤੇ ਤਿਰੂਵਨੰਤਪੁਰਮ ਵਿਚ ਅਡਾਨੀ ਦੀ ਬੰਦਰਗਾਹ ਲਈ ਇਹੋ ਕੰਮ ਕੀਤਾ ਸੀ।

ਹੋ ਸਕਦਾ ਹੈ ਕਿ ਇਨ੍ਹਾਂ ਸਵਾਲਾਂ ਦੇ ਸਰਕਾਰ ਦੇ ਜਵਾਬ ਤੋਂ ਬਹੁਤਾ ਕੁਝ ਪਤਾ ਨਾ ਲੱਗ ਸਕੇ ਪਰ ਇਸ ਨਾਲ ਇਕ ਅਤਿਅੰਤ ਧਨਾਢ ਦੇ ਦਬਦਬੇ ਨੂੰ ਤਾਂ ਠੱਲ੍ਹ ਪੈ ਸਕਦੀ ਹੈ। ਲੋਕਤੰਤਰ ਉਦੋਂ ਨਾਕਾਮ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਜਾਂ ਕੁਝ ਵਿਅਕਤੀਆਂ ਦੀ ਦੇਸ਼ ਦੀ ਬੈਂਕਿੰਗ ਪ੍ਰਣਾਲੀ ਤੱਕ ਬਹੁਤ ਜ਼ਿਆਦਾ ਰਸਾਈ ਹੋ ਜਾਂਦੀ ਹੈ। ਕਿਸੇ ਬੈਂਕਰ ਲਈ ਕੋਈ ਇਕ ਉਦਮੀ ਹੋਰਾਂ ਦੇ ਮੁਕਾਬਲੇ ਜ਼ਿਆਦਾ ਚਹੇਤਾ ਨਹੀਂ ਹੋ ਸਕਦਾ। ਮੰਦੇਭਾਗੀਂ, ਹੋਰਨਾਂ ਉਭਰਦੇ ਅਰਥਚਾਰਿਆਂ 'ਚੋਂ ਭਾਰਤ ਵਿਚ ਇਹ ਮੰਨਿਆ ਜਾਂਦਾ ਹੈ ਕਿ ਇਸ ਦੀਆਂ ਜਾਤੀਗਤ ਬੰਦਸ਼ਾਂ ਦੇ ਪੇਸ਼ੇਨਜ਼ਰ ਪੂੰਜੀ ਤੱਕ ਪਹੁੰਚ ਬਹੁਤ ਜ਼ਿਆਦਾ ਔਖੀ ਹੈ। ਹੈਰਤ ਦੀ ਗੱਲ ਨਹੀਂ ਕਿ ਬੈਂਕਾਂ ਦਾ ਕਰਜ਼ੇ ਨਾ ਮੋੜਨ ਵਾਲੇ ਬਹੁਤੇ ਉਦਮੀ ਇਕ ਹੀ ਵਰਣ ਨਾਲ ਸਬੰਧਿਤ ਹਨ। ਅਡਾਨੀ 'ਤੇ ਲੱਗੇ ਦੋਸ਼ਾਂ ਨਾਲ ਇਹ ਪੁਰਾਣੇ ਪ੍ਰਭਾਵ ਹੋਰ ਮਜ਼ਬੂਤ ਹੀ ਹੋਣਗੇ ਕਿ ਇਕ ਰਵਾਇਤੀ ਭਾਰਤੀ ਪੂੰਜੀਪਤੀ ਸ਼੍ਰੇਣੀ ਜਨਤਕ ਬੱਚਤਾਂ ਨਾਲ ਆਪਣੇ ਹੱਥ ਰੰਗਣ ਲਈ ਨੇਮਾਂ ਨੂੰ ਤੋੜ ਮਰੋੜ ਲੈਂਦੀ ਹੈ। ਇਕ ਅਡਾਨੀ ਨੂੰ ਰਜਾਉਣ ਲਈ ਲੱਖਾਂ ਹੋਰਨਾਂ ਉਦਮੀਆਂ ਨੂੰ ਪਿਆਸੇ ਰਹਿਣਾ ਪੈਂਦਾ ਹੈ। ਭਾਰਤ ਦੀ ਉਦਮਸ਼ੀਲਤਾ ਦੀਆਂ ਊਰਜਾਵਾਂ ਦੀ ਅਲਖ ਜਗਾਉਣ ਲਈ ਪੂੰਜੀ ਦਾ ਜਮਹੂਰੀਕਰਨ ਹੀ ਇਕਮਾਤਰ ਰਾਹ ਹੈ। ਜਿੰਨੀ ਦੇਰ ਭਾਰਤੀ ਪੂੰਜੀ ਉਪਰ ਅਡਾਨੀ ਵਰਗਿਆਂ ਦੀ ਇਜਾਰੇਦਾਰੀ ਬਣੀ ਰਹੇਗੀ, ਓਨੀ ਦੇਰ ਤਕ ਸਾਡੇ ਦੇਸ਼ ਵਿਚ ਗੈਰੇਜ ਤੋਂ ਉਠ ਕੇ ਆਲਮੀ ਮੰਚ ਦੀਆਂ ਗਾਥਾਵਾਂ ਬਣਨ ਵਾਲੇ ਸਟੀਵ ਜੌਬਸ ਤੇ ਮਾਰਕ ਜ਼ਕਰਬਰਗ ਜਿਹੇ ਉਦਮੀ-ਅਰਬਾਪਤੀ ਪੈਦਾ ਨਹੀਂ ਹੋਣਗੇ।

ਸਾਡੇ ਨਿਜ਼ਾਮ ਦੀਆਂ ਕਮਜ਼ੋਰੀਆਂ ਤੋਂ ਇਲਾਵਾ, ਜਾਤੀ ਬੰਦਸ਼ਾਂ ਤੇ ਸਿਆਸੀ ਸਰਪ੍ਰਸਤੀ ਹੀ ਭਾਰਤੀ ਲਿਹਾਜ਼ੂ ਪੂੰਜੀਵਾਦ ਦਾ ਰੂਪ ਆਖੇ ਜਾ ਸਕਦੇ ਹਨ। ਹਿੰਡਨਬਰਗ ਰਿਪੋਰਟ ਵਿਚ ਅਡਾਨੀ ਬਾਰੇ ਨਵਾਂ ਕੁਝ ਵੀ ਨਹੀਂ ਹੈ ਜਿਸ ਨੂੰ ਅਸੀਂ ਪਹਿਲਾਂ ਨਾ ਜਾਣਦੇ ਹੋਈਏ। ਫਿਰ ਵੀ ਇਹ ਰਿਪੋਰਟ ਅਡਾਨੀ ਦੀਆਂ ਕੰਪਨੀਆਂ ਦੇ ਸ਼ੇਅਰ ਦੀ ਕੀਮਤ ਅਜਿਹੇ ਸਮੇਂ ਡੇਗਣ ਵਿਚ ਕਾਮਯਾਬ ਹੋ ਗਈ ਜਦੋਂ ਅਡਾਨੀ ਆਪਣੀ ਇਕ ਕੰਪਨੀ ਦਾ ਫਾਲੋਆਨ ਪਬਲਿਕ ਆਫਰ ਲੈ ਕੇ ਆਏ ਅਤੇ ਚੁਣਾਵੀ ਸਾਲ ਦਾ ਇਕ ਬਹੁਤ ਵਧੀਆ ਬਜਟ ਪੇਸ਼ ਕੀਤਾ ਗਿਆ ਸੀ। ਹੋਰ ਕਿਸੇ ਸਮੇਂ 'ਤੇ ਇਸ ਨਾਲ ਕਾਫ਼ੀ ਵਧੀਆ ਮਾਹੌਲ ਬਣਾਇਆ ਜਾ ਸਕਦਾ ਸੀ। ਪਤਾ ਨਹੀਂ ਕਿ ਹਿੰਡਨਬਰਗ ਅਤੇ 21 ਸਾਲ ਪਹਿਲਾਂ ਹੋਏ ਗੁਜਰਾਤ ਦੰਗਿਆਂ ਬਾਰੇ ਬੀਬੀਸੀ ਦਸਤਾਵੇਜ਼ੀ ਵਿਚਕਾਰ ਕੋਈ ਸਾਜ਼ਿਸ਼ ਹੈ ਜਾਂ ਨਹੀਂ ਪਰ ਇਸ ਰਿਪੋਰਟ ਨੇ ਐਨਰੌਨ ਕੰਪਨੀ ਦੇ ਬਰਬਾਦ ਹੋਣ ਅਤੇ ਉਸ ਤੋਂ ਬਾਅਦ ਦੇ ਝਟਕਿਆਂ ਦਾ ਚੇਤਾ ਕਰਵਾ ਦਿੱਤਾ ਹੈ।

ਉਸ ਵੇਲੇ ਦੇ ਵਿੱਤ ਮੰਤਰੀ ਕਿਸੇ ਵੇਲੇ ਭਾਰਤ ਵਿਚ ਐਨਰੌਨ ਦੇ ਵਕੀਲ ਰਹੇ ਸਨ ਜਿਸ ਕਰ ਕੇ ਉਨ੍ਹਾਂ ਆਪਣੇ ਆਪ ਨੂੰ ਉਸ ਮੀਟਿੰਗ ਤੋਂ ਵੱਖ ਕਰ ਲਿਆ ਸੀ ਜਿਸ ਵਿਚ ਵਿੱਤ ਮੰਤਰਾਲੇ ਵਲੋਂ ਭਾਰਤੀ ਜੀਵਨ ਬੀਮਾ ਨਿਗਮ (ਐੱਲ.ਆਈ.ਸੀ.) ਅਤੇ ਐਂਪਲਾਈਜ਼ ਪ੍ਰਾਵੀਡੈਂਟ ਫੰਡ (ਈ.ਪੀ.ਐੱਫ.) ਉਪਰ ਐਨਰੌਨ ਇੰਡੀਆ (ਡਬੋਲ ਪ੍ਰੋਜੈਕਟ) ਦਾ ਵਿਦੇਸ਼ੀ ਕਰਜ਼ਾ ਤਾਰਨ ਲਈ ਦਬਾਅ ਪਾਏ ਜਾਣ ਬਾਰੇ ਪੁਣਛਾਣ ਕੀਤੀ ਗਈ ਸੀ। ਜਦੋਂ ਮੈਂ ਇਹ ਸਟੋਰੀ ਕੱਢੀ ਸੀ ਤਾਂ ਦੁਨੀਆ ਦੇ ਸਭ ਤੋਂ ਵੱਡੇ ਕਾਰੋਬਾਰੀ ਅਖ਼ਬਾਰਾਂ 'ਚ ਸ਼ੁਮਾਰ ਇਕ ਅਖ਼ਬਾਰ ਦੇ ਭਾਰਤੀ ਨੁਮਾਇੰਦੇ ਨੇ ਮੈਥੋਂ ਦਸਤਾਵੇਜ਼ਾਂ ਦੀ ਕਾਪੀ ਮੰਗੀ ਸੀ। ਸਾਡੇ ਸੰਪਾਦਕ ਇਸ ਗੱਲੋਂ ਖੁਸ਼ ਸਨ ਕਿ ਸਾਡੀ ਸਟੋਰੀ ਨੂੰ ਇਕ ਵੱਡੇ ਆਲਮੀ ਅਖ਼ਬਾਰ ਵਲੋਂ ਚੁੱਕਿਆ ਗਿਆ ਹੈ ਜਿਸ ਕਰ ਕੇ ਉਨ੍ਹਾਂ ਨੂੰ ਕਾਪੀ ਦੇ ਦਿੱਤੀ ਗਈ ਪਰ ਉਸ ਦੀ ਸਟੋਰੀ ਵਿਚ ਭਾਰਤੀ ਦੇ ਕਾਮਿਆਂ ਜਾਂ ਨਿਵੇਸ਼ਕਾਂ ਨਾਲ ਵੱਜੀ ਠੱਗੀ ਦਾ ਕੋਈ ਸਰੋਕਾਰ ਨਹੀਂ ਸੀ ਸਗੋਂ ਉਹ ਐਨਰੌਨ ਦੇ ਅਮਰੀਕੀ ਕਰਜ਼ਦਾਤਿਆਂ ਨੂੰ ਧਰਵਾਸ ਦਿਵਾਉਂਦੀ ਸੀ। ਇਸ ਲਈ ਦੇਸੀ ਤੇ ਵਿਦੇਸ਼ੀ ਗੋਦੀ ਮੀਡੀਆ 'ਚੋਂ ਕਿਸੇ ਇੰਕਸ਼ਾਫ ਦੇ ਮਨੋਰਥਾਂ ਜਾਂ ਸਿੱਟਿਆਂ ਨੂੰ ਸਮਝ ਸਕਣਾ ਹਮੇਸ਼ਾ ਮੁਸ਼ਕਿਲ ਹੁੰਦਾ ਹੈ। ਉਂਝ, ਇਕ ਗੱਲ ਕਹਿਣੀ ਬਣਦੀ ਹੈ ਕਿ ਜੇ ਲੋੜੀਂਦਾ ਧਿਆਨ ਰੱਖਿਆ ਜਾਂਦਾ ਤੇ ਪਾਰਦਰਸ਼ਤਾ ਵਰਤੀ ਜਾਂਦੀ ਤਾਂ 2008 ਵਾਲਾ ਵਿੱਤੀ ਸੰਕਟ ਟਾਲਿਆ ਜਾ ਸਕਦਾ ਸੀ।

# ਪੰਜਾਬ ਦੀ ਖੇਤੀ ਨੀਤੀ

ਪੰਜਾਬ ਸਰਕਾਰ ਦਾ ਅਗਲੀ 31 ਮਾਰਚ ਤੱਕ 'ਨਵੀਂ' ਖੇਤੀਬਾੜੀ ਨੀਤੀ ਲਿਆਉਣ ਦਾ ਫ਼ੈਸਲਾ ਸਵਾਗਤਯੋਗ ਹੈ। ਸੂਬੇ ਦੀ ਖੇਤੀਬਾੜੀ ਲੰਮੇ ਸਮੇਂ ਤੋਂ ਸੰਕਟ ਵਿਚ ਹੈ। ਹਕੀਕਤ ਤਾਂ ਇਹ ਹੈ ਕਿ ਹਰੇ ਇਨਕਲਾਬ ਦੀ ਆਮਦ ਅਤੇ 1966 ਵਿਚ ਪੰਜਾਬ ਦੇ ਮੁੜ-ਗਠਨ ਦੇ ਵੇਲੇ ਤੋਂ ਹੀ 'ਨਵੀਂ' ਨਹੀਂ ਸਗੋਂ ਪਹਿਲੀ ਖੇਤੀ ਨੀਤੀ ਹੋਵੇਗੀ। ਪੰਜਾਬ ਰਾਜ ਕਿਸਾਨ ਕਮਿਸ਼ਨ ਨੇ ਖੇਤੀ ਨੀਤੀਆਂ ਦੇ ਦੋ ਖਰੜੇ 2013 ਅਤੇ 2018 ਵਿਚ ਤਿਆਰ ਕਰ ਕੇ ਸਰਕਾਰ ਦੇ ਸਪੁਰਦ ਕੀਤੇ ਸਨ। ਮੈਂ ਦੋਵਾਂ ਖਰੜਿਆਂ ਉਤੇ ਵਿਚਾਰ ਕਰਨ ਵਾਲੇ ਗਰੁੱਪਾਂ ਦਾ ਮੈਂਬਰ ਸਾਂ। ਅਫ਼ਸੋਸ ਕਿ ਵੇਲੇ ਦੀਆਂ



ਸਰਕਾਰਾਂ ਨੇ ਦੋਵੇਂ ਖਰੜੇ ਵਿਚਾਰੇ ਤੱਕ ਨਹੀਂ, ਨੀਤੀ ਨੂੰ ਅੰਤਿਮ ਰੂਪ ਦੇਣ ਦੀ ਤਾਂ ਗੱਲ ਹੀ ਛੱਡੋ। ਇਸ ਤੋਂ ਉਨ੍ਹਾਂ ਸਰਕਾਰਾਂ ਦੇ ਖੇਤੀਬਾੜੀ ਤੇ ਇਸ

**ਡਾ. ਰਣਜੀਤ ਸਿੰਘ ਘੁੰਮਣ**
ਫੋਨ: +91-98722-20714

ਤਰ੍ਹਾਂ ਸੂਬੇ ਦੇ ਅਰਥਚਾਰੇ ਪ੍ਰਤੀ ਗ਼ੈਰ-ਸੰਜੀਦਾ ਰਵੱਈਏ ਦਾ ਪਤਾ ਲੱਗਦਾ ਹੈ।

ਪੰਜਾਬ ਵਿਚ ਜਾਰੀ ਖੇਤੀ ਸੰਕਟ ਅਤੇ ਸੂਬੇ ਦੇ ਆਰਥਿਕ ਵਿਕਾਸ ਦੀ ਰਫ਼ਤਾਰ ਵਿਚ ਆਈ ਕਮੀ ਲਈ ਕਾਫ਼ੀ ਹੱਦ ਤੱਕ ਸਮੇਂ ਸਮੇਂ ਦੀਆਂ ਸਰਕਾਰਾਂ ਦੀ ਲੰਮੇ ਸਮੇਂ ਤੱਕ ਰਹੀ ਉਦਾਸੀਨਤਾ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਉਮੀਦ ਕਰਨੀ ਚਾਹੀਦੀ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣਾ ਵਾਅਦਾ ਪੂਰਾ ਕਰਦਿਆਂ ਇਕ ਦਿਨ ਖੇਤੀਬਾੜੀ ਨੀਤੀ ਜ਼ਰੂਰ ਸਾਹਮਣੇ ਲਿਆਉਣਗੇ। ਖੇਤੀਬਾੜੀ ਨੀਤੀ ਬਣਾਉਣ ਲਈ ਸਰਕਾਰ ਦੀ ਕਾਇਮ ਕੀਤੀ ਕਮੇਟੀ ਅਤੇ ਇਸ ਦੀ ਬਣਤਰ ਇਸ ਗੱਲ ਦਾ ਇਸ਼ਾਰਾ ਹੈ ਕਿ ਸਰਕਾਰ ਕੁਝ ਕੰਮ ਕਰਨਾ ਚਾਹੁੰਦੀ ਹੈ। ਇਸ ਕਮੇਟੀ ਦੀਆਂ ਹਵਾਲਾ ਸ਼ਰਤਾਂ ਦਾ ਕਿਉਂਕਿ ਅਜੇ ਪਤਾ ਨਹੀਂ, ਇਸ ਲਈ ਉਮੀਦ ਕੀਤੀ ਜਾਂਦੀ ਹੈ ਕਿ ਕਮੇਟੀ ਸਰਵ-ਵਿਆਪਕ ਖੇਤੀਬਾੜੀ ਨੀਤੀ ਲੈ ਕੇ ਆਵੇਗੀ ਜਿਸ ਵਿਚ ਖੇਤੀ ਦੇ ਟਿਕਾਊ ਵਿਕਾਸ ਉਤੇ ਜ਼ੋਰ ਦਿੱਤਾ ਜਾਵੇਗਾ ਜਿਹੜਾ ਸਾਰੇ ਹਿੱਸੇਦਾਰਾਂ, ਖ਼ਾਸਕਰ ਛੋਟੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਲਈ ਲਾਹੇਵੰਦ ਹੋਵੇ। ਕਮੇਟੀ ਦਾ ਪਹਿਲਾ ਤੇ ਸਭ ਤੋਂ ਅਹਿਮ ਕੰਮ ਸਮੁੱਚੇ ਤੌਰ 'ਤੇ ਖੇਤੀ ਖੇਤਰ ਨੂੰ ਦਰਪੇਸ਼ ਵੱਖ ਵੱਖ ਅਲਾਮਤਾਂ ਤੇ ਚੁਣੌਤੀਆਂ ਦੀ ਤਸ਼ਖ਼ੀਸ਼ ਕਰਨਾ ਅਤੇ ਨਾਲ ਹੀ ਇਸ ਵਿਚ ਮੌਜੂਦ ਮੌਕਿਆਂ ਦਾ ਪਤਾ ਲਾਉਣਾ ਹੋਣਾ ਚਾਹੀਦਾ ਹੈ।

ਪੰਜਾਬ ਦਾ ਖੇਤੀ ਮਾਡਲ ਮੁੱਖ ਤੌਰ 'ਤੇ ਕਰੋੜਾਂ ਲੋਕਾਂ ਦਾ ਢਿੱਡ ਭਰਨ ਲਈ ਵਧੇਰੇ ਅਨਾਜ ਉਗਾਉਣ ਦੇ ਟੀਚੇ ਨਾਲ ਵਿਕਸਤ ਕੀਤਾ ਗਿਆ ਸੀ ਜੋ ਇਸ ਮੰਤਵ ਵਿਚ ਬਹੁਤ ਕਾਮਯਾਬ ਵੀ ਰਿਹਾ ਅਤੇ ਇਸ ਸਦਕਾ ਮੁਲਕ ਨੂੰ ਅੰਨ ਦੀ ਕਮੀ ਦੀ ਸਮੱਸਿਆ ਤੋਂ ਛੁਟਕਾਰਾ ਮਿਲਿਆ। ਇਸ ਪ੍ਰਕਿਰਿਆ ਵਿਚ ਪੰਜਾਬ ਨੇ ਆਪਣੇ ਕੁਦਰਤੀ ਵਸੀਲਿਆਂ ਦਾ ਇਸ ਹੱਦ ਤੱਕ ਜ਼ਿਆਦਾ ਇਸਤੇਮਾਲ ਕਰ ਲਿਆ ਕਿ ਇਸ ਦੀ ਮਿੱਟੀ ਦੀ ਸਿਹਤ ਵਿਗੜ ਗਈ ਅਤੇ ਧਰਤੀ ਹੇਠਲਾ ਪਾਣੀ ਮੁੱਕ ਗਿਆ। ਰਸਾਇਣਕ ਖਾਦਾਂ ਅਤੇ ਕੀੜੇਮਾਰ ਤੇ ਨਦੀਨਮਾਰ ਜ਼ਹਿਰਾਂ ਨੇ ਇਸ ਦੀ ਆਬੋ-ਹਵਾ ਨੂੰ ਗੰਧਲਾ ਕਰ ਦਿੱਤਾ ਹੈ।



ਇਸ ਲਈ ਬਹੁਤ ਜ਼ਰੂਰੀ ਹੈ ਕਿ ਨੀਤੀ ਤਹਿਤ ਖੇਤੀਬਾੜੀ ਦੇ ਟਿਕਾਊ ਵਿਕਾਸ, ਮਿੱਟੀ ਦੀ ਸਿਹਤ ਦੀ ਕਾਇਆ ਕਲਪ, ਫ਼ਸਲਾਂ ਦੀ ਵੰਨ-ਸਵੰਨਤਾ ਅਤੇ ਪਾਣੀ ਦੀ ਸੰਭਾਲ ਨੂੰ ਸਭ ਤੋਂ ਵੱਧ ਤਵੱਜੋ ਦਿੱਤੀ ਜਾਵੇ।

ਇਸ ਤੋਂ ਇਲਾਵਾ ਹੋਰ ਗੰਭੀਰ ਚਿੰਤਾਵਾਂ ਹਨ- ਫ਼ਸਲਾਂ ਦੀ ਲਗਾਤਾਰ ਵਧਦੀ ਲਾਗਤ, ਘਟਦੀ ਪ੍ਰਤੀ ਏਕੜ ਆਮਦਨ ਅਤੇ ਖੇਤੀ ਵਿਚ ਘਟ ਰਹੇ ਰੁਜ਼ਗਾਰ। ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਸ਼ਾਇਦ ਇਕੱਲੇ ਖੇਤੀਬਾੜੀ ਖੇਤਰ ਵਿਚੋਂ ਨਾ ਲੱਭੇ। ਇਸ ਵਾਸਤੇ ਪ੍ਰੋਸੈਸਿੰਗ ਦੇ ਢੰਗ-ਤਰੀਕੇ ਅਪਣਾ ਕੇ ਅਤੇ ਪੇਂਡੂ ਨੌਜਵਾਨਾਂ ਨੂੰ ਇਸ ਵਿਚ ਵੱਡੇ ਪੱਧਰ 'ਤੇ ਸ਼ਾਮਲ ਕਰ ਕੇ ਖੇਤੀਬਾੜੀ ਜਿਣਸਾਂ ਦਾ ਮੁੱਲ-ਵਾਧਾ ਕੀਤੇ ਜਾਣ ਦੀ ਲੋੜ ਹੋਵੇਗੀ। ਦੂਜੇ ਲਫ਼ਜ਼ਾਂ ਵਿਚ, ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਖੇਤੀ ਨੂੰ ਕਿਵੇਂ ਲਾਗਤ ਪੱਖੋਂ ਅਸਰਦਾਰ, ਵਾਤਾਵਰਨ ਪੱਖੋਂ ਹੰਢਣਸਾਰ ਅਤੇ ਰੁਜ਼ਗਾਰ ਮੁਖੀ ਬਣਾਇਆ ਜਾਵੇ ਤਾਂ ਕਿ ਇਸ ਨਾਲ ਨਾ ਸਿਰਫ਼ ਕਿਸਾਨਾਂ ਦੀ ਹੀ ਆਮਦਨ ਵਧੇ ਸਗੋਂ ਇਹ ਹੋਰਨਾਂ ਹਿੱਸੇਦਾਰਾਂ ਲਈ ਵੀ ਲਾਹੇਵੰਦੀ ਸਾਬਤ ਹੋਵੇ। ਇਸ ਲਈ ਲਾਜ਼ਮੀ ਹੈ ਕਿ ਖੇਤੀ ਨੀਤੀ ਸਰਵ-ਵਿਆਪਕ ਹੋਵੇ ਅਤੇ ਨਾਲ ਹੀ ਇਹ ਖ਼ਾਸਕਰ ਸਨਅਤੀ ਨੀਤੀ ਤੇ ਆਮ ਤੌਰ 'ਤੇ ਸਥੂਲ ਆਰਥਿਕ ਨੀਤੀ ਨਾਲ ਜੁੜੀ ਹੋਣੀ ਚਾਹੀਦੀ ਹੈ, ਕਿਉਂਕਿ ਕਿਸੇ ਵੀ ਖ਼ਿੱਤੇ ਜਾਂ ਸੂਬੇ ਦਾ ਮਾਲੀ ਵਿਕਾਸ ਆਪਸ ਵਿਚ ਜੁੜਿਆ ਹੋਇਆ ਹੁੰਦਾ ਹੈ।

ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਖੇਤੀ ਨੀਤੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਸਿਰ ਵਧ ਰਹੀ ਕਰਜ਼ੇ ਦੀ ਪੰਡ ਤੇ ਉਨ੍ਹਾਂ ਦੀਆਂ ਖ਼ੁਦਕੁਸ਼ੀਆਂ ਦੀ ਵਧ ਰਹੀ ਗਿਣਤੀ ਵਰਗੇ ਮੁੱਦਿਆਂ ਦਾ ਵੀ ਹੱਲ ਕਰਨ ਵਾਲੀ ਹੋਵੇ। ਫ਼ਸਲਾਂ ਦੀ ਵੰਨ-ਸਵੰਨਤਾ ਰਾਹੀਂ ਕਾਫ਼ੀ ਸਾਰੇ ਰਕਬੇ ਨੂੰ ਝੋਨੇ ਦੀ ਕਾਸ਼ਤ ਹੇਠੋਂ ਕੱਢ ਕੇ ਧਰਤੀ ਹੇਠਲੇ ਪਾਣੀ ਉਤੇ ਨਿਰਭਰਤਾ ਨੂੰ ਘਟਾਉਣਾ ਇਕ ਹੋਰ ਕੀਤਾ ਜਾਣ ਵਾਲਾ ਅਹਿਮ ਪਰ ਔਖਾ ਕੰਮ ਹੈ। ਇਹ ਸਥਾਪਤ ਸੱਚਾਈ ਹੈ ਕਿ ਚੌਲਾਂ ਦੀ ਬਰਾਮਦ ਦੇ ਰੂਪ ਵਿਚ ਪੰਜਾਬ ਆਪਣੇ ਦਰਿਆਈ ਤੇ ਧਰਤੀ ਹੇਠਲੇ ਪਾਣੀ ਨੂੰ ਬਰਾਮਦ ਕਰ ਰਿਹਾ ਹੈ। ਚੌਲਾਂ ਦੀ ਪੈਦਾਵਾਰ ਲਈ ਵਰਤੇ ਜਾਣ ਵਾਲੇ ਕੁੱਲ ਪਾਣੀ ਵਿਚੋਂ ਕਰੀਬ 82 ਫ਼ੀਸਦੀ ਦਾ ਇਸਤੇਮਾਲ ਕੇਂਦਰੀ ਅੰਨ ਭੰਡਾਰ ਵਿਚ ਪੰਜਾਬ ਦੇ ਹਿੱਸੇ ਦੀ ਪੈਦਾਵਾਰ ਵਾਸਤੇ ਕੀਤਾ ਜਾਂਦਾ ਹੈ। ਇਸ ਪੱਖ ਤੋਂ ਆਰਗੈਨਿਕ ਖੇਤੀ ਨੂੰ ਹੁਲਾਰਾ ਦੇਣਾ ਵੀ ਕੁਝ ਮਦਦਗਾਰ ਹੋ ਸਕਦਾ ਹੈ। ਫ਼ਸਲਾਂ ਦੀ ਵੰਨ-ਸਵੰਨਤਾ ਦੇ ਮਾਮਲੇ ਵਿਚ ਜੌਹਲ ਕਮੇਟੀ-1 (1986) ਅਤੇ ਜੌਹਲ ਕਮੇਟੀ-2 (2002) ਦੀਆਂ ਰਿਪੋਰਟਾਂ ਅਜੇ ਵੀ ਢੁਕਵੀਆਂ ਹੋ ਸਕਦੀਆਂ ਹਨ। ਪਾਣੀ ਦੀ ਵਿਗੜ ਰਹੀ ਕੁਆਲਿਟੀ ਅਤੇ ਸੇਮ ਦੀ ਸਮੱਸਿਆ ਦੇ ਨਾਲ ਹੀ ਸਤਹਿ ਉਤਲੇ ਪਾਣੀ ਦੀ ਸੰਭਾਲ ਤੇ ਇਸ ਦਾ ਲਾਹਾ ਲੈਣ ਵੱਲ ਵੀ ਸੰਜੀਦਗੀ ਨਾਲ ਧਿਆਨ ਦਿੱਤੇ ਜਾਣ ਦੀ ਜ਼ਰੂਰਤ ਹੈ।

ਮੁੱਖ ਤੌਰ 'ਤੇ ਝੋਨੇ ਦੀ ਕਾਸ਼ਤ ਕਰ ਕੇ ਧਰਤੀ ਹੇਠਲੇ ਪਾਣੀ ਉਤੇ ਲਗਾਤਾਰ ਵਧ ਰਹੀ ਨਿਰਭਰਤਾ ਕਾਰਨ ਨਾ ਸਿਰਫ਼ ਧਰਤੀ ਹੇਠਲੇ ਪਾਣੀ ਦਾ ਹੱਦੋਂ ਵੱਧ ਇਸਤੇਮਾਲ ਹੋ ਰਿਹਾ ਹੈ ਸਗੋਂ ਇਸ ਦਾ ਸਿੱਟਾ ਧਰਤੀ ਹੇਠੋਂ ਪਾਣੀ ਖਿੱਚਣ ਵਾਲੀਆਂ ਮੋਟਰਾਂ ਦੀ ਸਮਰੱਥਾ (ਹਾਰਸ ਪਾਵਰ) ਵਿਚ ਵਾਧੇ ਰਾਹੀਂ ਬਿਜਲੀ ਦੀ ਭਾਰੀ ਖ਼ਪਤ ਦੇ ਰੂਪ ਵਿਚ ਵੀ ਨਿਕਲ ਰਿਹਾ ਹੈ। ਪਾਣੀ ਦੇ ਖੇਤਰ ਵਿਚ ਇਹੋ ਸਭ ਤੋਂ ਵੱਡੀ ਚੁਣੌਤੀ ਹੈ ਕਿ ਝੋਨੇ-ਪਾਣੀ-ਊਰਜਾ ਦੇ ਗੱਠਜੋੜ ਨੂੰ ਕਿਵੇਂ ਤੋੜਿਆ ਜਾਵੇ। ਆਪਣੀ ਹਾਲੀਆ ਕੈਲੀਫੋਰਨੀਆ (ਅਮਰੀਕਾ) ਫੇਰੀ ਦੌਰਾਨ ਮੈਂ ਇਕ ਨਹਿਰ ਦਾ ਬੜਾ ਵੱਡਾ ਹਿੱਸਾ (ਜਿਸ ਦੀ ਲੰਬਾਈ ਕਈ ਮੀਲਾਂ ਤੱਕ ਸੀ) ਧਰਤੀ ਹੇਠਲੇ ਪਾਣੀ ਨੂੰ ਅੰਨ੍ਹੇਵਾਹ ਢੰਗ ਨਾਲ ਕੱਢੇ ਜਾਣ ਕਾਰਨ ਧਰਤੀ ਵਿਚ ਧਸਿਆ ਹੋਇਆ ਦੇਖਿਆ। ਇਹੋ ਦੁਆ ਹੈ ਕਿ ਸਾਨੂੰ ਕਦੇ ਅਜਿਹੇ ਹਾਲਾਤ ਦਾ ਸਾਹਮਣਾ ਨਾ ਕਰਨਾ ਪਵੇ। ਸਬਬ ਨਾਲ ਪੰਜਾਬ ਨੇ ਅਜੇ ਤੱਕ ਆਪਣੀ ਕੋਈ ਪਾਣੀ ਨੀਤੀ ਵੀ ਨਹੀਂ ਬਣਾਈ। ਸਾਨੂੰ ਲਾਜ਼ਮੀ ਤੌਰ 'ਤੇ ਪਾਣੀ ਨੀਤੀ ਵੀ ਬਣਾਉਣੀ ਚਾਹੀਦੀ ਹੈ ਅਤੇ ਇਹ ਖੇਤੀ ਨੀਤੀ ਦਾ ਅਟੁੱਟ ਹਿੱਸਾ ਹੋਣੀ ਚਾਹੀਦੀ ਹੈ।

ਫ਼ਸਲੀ ਵੰਨ-ਸਵੰਨਤਾ ਵੱਲ ਵਧਦੇ ਸਮੇਂ ਜਿਸ ਚੀਜ਼ ਦਾ ਜ਼ਰੂਰ ਧਿਆਨ ਰੱਖਿਆ ਜਾਣਾ ਚਾਹੀਦਾ ਹੈ, ਉਹ ਇਹ ਕਿ ਬਦਲਵੀਆਂ ਫ਼ਸਲਾਂ ਤੋਂ ਕਿਸਾਨਾਂ ਲਈ ਘੱਟੋ-ਘੱਟ ਓਨੀ ਪ੍ਰਤੀ ਏਕੜ ਆਮਦਨ ਯਕੀਨੀ ਬਣਾਈ ਜਾਵੇ ਜਿੰਨੀ ਆਮਦਨ ਉਨ੍ਹਾਂ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਤੋਂ ਹੋ ਰਹੀ ਹੈ। ਇਸ ਲਈ ਬਦਲਵੀਆਂ ਫ਼ਸਲਾਂ ਵਿਚ ਖੋਜ ਤੇ ਵਿਕਾਸ ਦੀ ਲੋੜ ਹੋਵੇਗੀ ਅਤੇ ਨਾਲ ਹੀ ਕਿਸਾਨਾਂ ਨੂੰ ਇਨ੍ਹਾਂ ਫ਼ਸਲਾਂ ਦੇ ਲਾਹੇਵੰਦ ਭਾਅ ਤੇ ਮਾਲੀ ਪ੍ਰੇਰਕ ਦਿੱਤੇ ਜਾਣ, ਦੀ ਜ਼ਰੂਰਤ ਹੋਵੇਗੀ ਤਾਂ ਕਿ ਕਿਸਾਨ ਬਦਲਵੀਆਂ ਫ਼ਸਲਾਂ ਵੱਲ ਰੁਖ਼ ਕਰਨ। ਇਸ ਪੱਖੋਂ ਰਕਬੇ ਦੀ ਯੋਜਨਾਬੰਦੀ ਤੇ ਜੋਖ਼ਮ ਬੀਮਾ ਵਰਗੇ ਕਦਮ ਵੀ ਕਾਫ਼ੀ ਸਹਾਈ ਹੋ ਸਕਦੇ ਹਨ। ਇਸੇ ਤਰ੍ਹਾਂ ਬਦਲਵੀਆਂ ਫ਼ਸਲਾਂ ਦਾ ਮੰਡੀਕਰਨ ਵੀ ਇਕ ਹੋਰ ਅਹਿਮ ਚੁਣੌਤੀ ਹੋਵੇਗ। ਲੋਕਾਂ ਦੀਆਂ ਬਦਲਦੀਆਂ ਹੋਈਆਂ ਖ਼ਪਤ ਆਦਤਾਂ ਅਤੇ ਸੰਸਾਰ ਵਪਾਰ ਸੰਸਥਾ ਤਹਿਤ ਉੱਭਰਦੇ ਹੋਏ ਮੁੱਦਿਆਂ ਦੇ ਮੱਦੇਨਜ਼ਰ, ਖੇਤੀਬਾੜੀ ਸੈਕਟਰ ਵਿਚ ਮਾਰਕੀਟ ਚੌਕਸੀ ਵੀ ਨੀਤੀ ਦਾ ਹਿੱਸਾ ਹੋਣੀ ਚਾਹੀਦੀ ਹੈ।

ਝੋਨੇ ਦੀ ਪਰਾਲੀ ਤੇ ਹੋਰ ਫ਼ਸਲਾਂ ਦੀ ਰਹਿੰਦ-ਖੂਹੰਦ ਅਤੇ ਨਾਲ ਹੀ ਇਨ੍ਹਾਂ ਦੇ ਉਸੇ ਸਥਾਨ 'ਤੇ ਇਸਤੇਮਾਲ ਅਤੇ ਹੋਰਨੀਂ ਥਾਈਂ ਇਨ੍ਹਾਂ ਦੀ ਲਾਹੇਵੰਦੀ ਵਰਤੋਂ ਨੂੰ ਵੀ ਨੀਤੀ ਵਿਚ ਤਵੱਜੋ ਦਿੱਤੀ ਜਾਣੀ ਚਾਹੀਦੀ ਹੈ। ਖੇਤੀਬਾੜੀ ਵਿਚਲੀ ਵਾਧੂ ਕਿਰਤ ਸ਼ਕਤੀ ਨੂੰ ਖਪਾਉਣਾ ਵੀ ਚਿੰਤਾ ਵਾਲਾ ਇਕ ਹੋਰ ਖੇਤਰ ਹੈ। ਇਸ ਲਈ ਦਰਮਿਆਨੇ ਤੋਂ ਲੰਮੇ ਸਮੇਂ ਦਾ ਖ਼ਾਕਾ ਉਲੀਕੇ ਜਾਣ ਦੀ ਲੋੜ ਹੈ, ਜਿਸ ਲਈ ਬਦਲੇ ਵਿਚ ਖੇਤੀ ਸੈਕਟਰ ਵਿਚ ਭਰਵੇਂ ਜਨਤਕ ਨਿਵੇਸ਼ ਦੀ ਜ਼ਰੂਰਤ ਹੋਵੇਗੀ। ਇਸ ਤੋਂ ਇਲਾਵਾ ਹੋਰ ਵੀ ਅਜਿਹੀਆਂ ਬਹੁਤ ਸਾਰੀਆਂ ਚੁਣੌਤੀਆਂ ਹੋ ਸਕਦੀਆਂ ਹਨ ਜਿਨ੍ਹਾਂ ਨਾਲ ਕਮੇਟੀ ਨੂੰ ਸਿੱਝਣਾ ਪੈ ਸਕਦਾ ਹੈ।

ਇਨ੍ਹਾਂ ਚੁਣੌਤੀਆਂ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਵੀ ਵਿਆਪਕ ਖੇਤੀਬਾੜੀ ਨੀਤੀ ਤਿਆਰ ਕਰਨ ਤੇ ਅੰਤਿਮ ਰੂਪ ਦੇਣ ਵਾਸਤੇ ਮਿਥਿਆ ਗਿਆ ਸਮਾਂ (31 ਮਾਰਚ ਤੱਕ) ਕਾਫ਼ੀ ਨਹੀਂ, ਖ਼ਾਸਕਰ ਉਦੋਂ ਜਦੋਂ ਅਜਿਹੀ ਨੀਤੀ ਪਹਿਲੀ ਵਾਰ ਬਣਾਈ ਜਾ ਰਹੀ ਹੈ। ਫਿਰ ਇਕ ਵਾਰ ਇਸ ਨੀਤੀ ਨੂੰ ਅੰਤਿਮ ਰੂਪ ਦੇ ਦਿੱਤੇ ਜਾਣ ਤੋਂ ਬਾਅਦ ਜ਼ਰੂਰੀ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ ਕਿਉਂਕਿ ਅਕਸਰ ਬਿਹਤਰੀਨ ਨੀਤੀਆਂ ਵੀ ਉਨ੍ਹਾਂ ਨੂੰ ਖ਼ਾਸਕਰ ਸਿਆਸੀ ਤੇ ਪ੍ਰਸ਼ਾਸਕੀ ਠੋਸ ਇਰਾਦੇ ਦੀ ਕਮੀ ਕਾਰਨ ਸਹੀ ਢੰਗ ਨਾਲ ਲਾਗੂ ਨਾ ਕੀਤੇ ਜਾਣ ਕਰ ਕੇ ਨਾਕਾਮਯਾਬ ਹੋ ਜਾਂਦੀਆਂ ਹਨ।

# ਪਰਵਾਸੀ ਭਾਰਤੀਆਂ ਦੇ ਵਾਸ ਪਰਵਾਸ ਨਾਲ ਜੁੜੀਆਂ ਮਨੋ-ਸਮਾਜਿਕ ਸਮੱਸਿਆਵਾਂ ਨੂੰ ਉਭਾਰਦਾ ਕਹਾਣੀ ਸੰਗ੍ਰਹਿ - 'ਅੱਗ 'ਚ ਸੜਦੇ ਫੁੱਲ'

ਪਰਵਾਸੀ ਕਹਾਣੀਕਾਰ ਗੁਰਮੇਲ ਬੀਰੋਕੇ ਆਪਣੇ ਪਲੇਠੇ ਕਹਾਣੀ ਸੰਗ੍ਰਹਿ 'ਅੱਗ 'ਚ ਸੜਦੇ ਫੁੱਲ' ਦੇ ਪ੍ਰਕਾਸ਼ਨ ਤੋਂ ਪਹਿਲਾਂ ਆਪਣੀ ਪੁਸਤਕ 'ਬਾਤਾਂ ਸੜਕ ਦੀਆਂ' ਰਾਹੀਂ ਪੰਜਾਬੀ ਸਾਹਿਤ ਦੇ ਪਾਠਕਾਂ ਨਾਲ ਰਾਬਤਾ ਜੋੜ ਚੁੱਕਾ ਹੈ। ਉਸਦਾ ਇਹ ਕਹਾਣੀ ਸੰਗ੍ਰਹਿ ਕੈਨੇਡਾ ਵਿਚ ਰਹਿਣ ਵਾਲੇ ਪਰਵਾਸੀ ਭਾਰਤੀਆਂ ਦੇ ਵਾਸ-ਪਰਵਾਸ ਨਾਲ

**ਨਿਰੰਜਣ ਬੋਹਾ**
ਫੋਨ: 91-89682-82700

ਜੁੜੀਆਂ ਮਨੋ-ਸਮਾਜਿਕ ਸਮੱਸਿਆਵਾਂ ਬਾਰੇ ਭਾਵਪੂਰਤ ਸੰਵਾਦ ਸਿਰਜ ਕੇ ਇਸ ਵਿਸ਼ਲੇਸ਼ਣੀ ਸਿੱਟੇ ਨੂੰ ਉਚੇਚੇ ਤੌਰ 'ਤੇ ਉਭਾਰਦਾ ਹੈ ਕਿ ਦਹਾਕਿਆਂ ਤੋਂ ਉੱਥੇ ਰਹਿ ਰਹੇ ਭਾਰਤੀ ਅਜੇ ਤੱਕ ਜੀਵਨ ਦਾ ਅਜਿਹਾ ਸੁਹਜ ਸਲੀਕਾ ਨਹੀਂ ਸਿਰਜ ਸਕੇ ਜਿਹੜਾ ਸੱਚ-ਮੁੱਚ ਉਨ੍ਹਾਂ ਦੇ ਖੁਸ਼ਹਾਲ ਤੇ ਮਾਨਸਿਕ ਤੌਰ 'ਤੇ ਸਤੁੰਸ਼ਟ ਹੋਣ ਦੀ ਗਵਾਹੀ ਦੇ ਸਕੇ। ਉਸ ਦੀਆਂ ਕਹਾਣੀਆਂ ਇਸ ਗੱਲ ਦਾ ਖੁਲਾਸਾ ਵਿਸ਼ੇਸ਼ ਤੌਰ 'ਤੇ ਕਰਦੀਆਂ ਹਨ ਕਿ ਪੂਰਬ ਵੱਲੋਂ ਪੱਛਮੀ ਮੁਲਕਾਂ ਵਿਚ ਜਾਣ ਵਾਲੇ ਲੋਕ ਆਪਣੇ ਜੀਵਨ ਵਿਚਲੀਆਂ ਬਹੁਤ ਸਾਰੀਆਂ ਸਮੱਸਿਆਵਾਂ ਲਈ ਆਪ ਹੀ ਜ਼ਿੰਮੇਵਾਰ ਹਨ। ਉਹ ਕੈਨੇਡਾ ਸਰਕਾਰ ਵੱਲੋਂ ਬਣਾਏ ਨਿਯਮਾਂ ਦੀ ਦੁਰਵਰਤੋਂ ਕਰ ਕੇ ਆਪਣੇ ਭਾਰਤ ਰਹਿੰਦੇ ਰਿਸ਼ਤੇਦਾਰਾਂ ਨੂੰ ਏਧਰ ਬੁਲਾਉਣ ਸਬੰਧੀ ਤਾਂ ਬਹੁਤ ਸਾਰੀਆਂ ਹੇਰਾ-ਫੇਰੀਆਂ ਤੇ ਚਲਾਕੀਆਂ ਸਿੱਖ ਗਏ ਹਨ ਪਰ ਆਪਣੇ ਆਪ ਨੂੰ ਇਸ ਮੁਲਕ ਦੀਆਂ ਮਨੁੱਖੀ ਰਹੁ-ਰੀਤਾਂ ਅਨੁਸਾਰ ਨਹੀਂ ਢਾਲ ਸਕੇ।

ਕਹਾਣੀ 'ਛਾਲਾ ਫਿੱਸ ਗਿਆ' ਦੇ ਪਾਤਰ ਇੱਥੋਂ ਦੀਆਂ ਸਮਾਜਿਕ ਮਾਨਤਾਵਾਂ ਅਨੁਸਾਰ ਪਰਵਾਸ ਨੂੰ ਸਹਿਜ ਵਾਸ ਵਿਚ ਬਦਲਣ ਦੀ ਕੋਸ਼ਿਸ਼ਾਂ ਕਰਨ ਦੀ ਬਜਾਏ ਆਪਣੇ ਪਿਛੋਕੜੀ ਸੰਸਕਾਰਾਂ ਵਿੱਚ ਜਕੜੇ ਰਹਿੰਦੇ ਹਨ ਤਾਂ ਨਵੀਆਂ ਮਾਨਸਿਕ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਕਹਾਣੀ ਆਪਣੇ ਕੈਨੇਡੀਅਨ ਮੂਲ ਦੇ ਪਾਤਰ ਡੇਨੀਅਲ ਦੇ ਭਾਰਤੀ ਮੂਲ ਦੇ ਪਾਤਰ ਹਰਵੀਰ ਦੀ ਮਾਨਸਿਕਤਾ ਦਾ ਤੁਲਨਾਤਮਕ ਅਧਿਐਨ ਕਰ ਕੇ ਇਸ ਸਿੱਟੇ ਨੂੰ ਉਭਾਰਦੀ ਹੈ ਕਿ ਰਿਸ਼ਤਿਆਂ ਨੂੰ ਨਿਭਾਉਣ ਦੇ ਮਾਮਲੇ ਵਿਚ ਪਰਵਾਸੀ ਭਾਰਤੀਆਂ ਦੀ ਸੋਚ ਉੱਥੋਂ ਦੇ ਮੂਲ ਨਿਵਾਸੀਆਂ ਦੇ ਮੁਕਾਬਲੇ ਅਜੇ ਵੀ ਬਹੁਤ ਸੰਕੀਰਣ ਤੇ ਛਲ ਕਪਟ ਵਾਲੀ ਹੈ। ਇਕ ਪਾਸੇ ਹਰਵੀਰ ਸ਼ੱਕ ਦੇ ਆਧਾਰ 'ਤੇ ਹੀ ਆਪਣੀ ਪਤਨੀ ਦਾ ਕਤਲ ਕਰ ਦਿੰਦਾ ਹੈ ਤਾਂ ਦੂਜੇ ਪਾਸੇ ਡੇਨੀਅਲ ਆਪਣੀ ਪਤਨੀ ਦੀ ਖੁਸ਼ੀ ਲਈ ਉਸਨੂੰ ਆਪਣਾ ਜੀਵਨ ਆਪਣੀ ਮਰਜ਼ੀ ਅਨੁਸਾਰ ਜਿਉਣ ਦੀ ਪੂਰੀ ਆਜ਼ਾਦੀ ਦਿੰਦਾ ਹੈ। ਕਹਾਣੀ 'ਝੂਠੀਆਂ ਇੱਜ਼ਤਾ ਵਾਲੇ' ਇਸ ਤੁਲਨਾ ਦੇ ਇਕ ਪੱਲੜੇ ਵਿਚ ਪਰਵਾਸੀ ਭਾਰਤੀਆਂ ਨੂੰ ਤੇ ਦੂਜੇ ਵਿਚ ਗੋਰੇ ਲੋਕਾਂ ਨੂੰ ਰੱਖਦੀ ਹੈ ਤਾਂ ਗੋਰੇ ਲੋਕਾਂ ਵਾਲਾ ਪੱਲੜਾ ਹੀ ਭਾਰੂ ਵਿਖਾਈ ਦਿੰਦਾ ਹੈ। ਕਹਾਣੀ ਅਨੁਸਾਰ ਪੱਛਮੀ ਮੁਲਕਾਂ ਵਿਚ ਵਸੇਬਾ ਕਰਨ ਵਾਲੇ ਪੰਜਾਬੀ ਇੱਕੀਵੀਂ ਸਦੀ ਵਿਚ ਪਹੁੰਚ ਕੇ ਵੀ ਸਾਂਝੇ ਮਨੁੱਖੀ ਭਾਈਚਾਰੇ ਦਾ ਹਿੱਸਾ ਬਣਨ ਦੀ ਬਜਾਇ ਖਾਨਦਾਨੀ ਇੱਜ਼ਤ ਦੇ ਨਾਂ 'ਤੇ ਆਪਣੀਆਂ ਧੀਆਂ ਦਾ ਕਤਲ ਕਰਨ ਨੂੰ ਆਪਣੀ




ਗੁਰਮੇਲ ਬੀਰੋਕੇ ਦੇ ਕਹਾਣੀ ਸੰਗ੍ਰਹਿ 'ਅੱਗ 'ਚ ਸੜਦੇ ਫੁੱਲ' ਦਾ ਮੁਖੜਾ

ਸੂਰਮਤਾਈ ਸਮਝਦੇ ਹਨ।

ਕਹਾਣੀ 'ਆਲ੍ਹਣੇ ਵਾਲੇ ਸੱਪ' ਕੈਨੇਡਾ ਰਹਿੰਦੇ ਉਨ੍ਹਾਂ ਪਰਵਾਸੀ ਭਾਰਤੀਆਂ ਦੀ ਤੁਲਨਾ ਬੁੱਕਲ ਵਿਚਲੇ ਸੱਪਾਂ ਨਾਲ ਕਰਦੀ ਹੈ, ਜਿਹੜੇ ਇਸ ਮੁਲਕ ਵਿਚ ਪੱਕਾ ਹੋਣ ਲਈ ਪਹਿਲਾਂ ਰਿਸ਼ਤਿਆਂ ਨੂੰ ਵਰਤਦੇ ਹਨ ਤੇ ਫਿਰ ਉਨ੍ਹਾਂ ਦੀ ਹੋਂਦ ਹੀ ਮਿਟਾ ਦਿੰਦੇ ਹਨ। ਕਹਾਣੀ 'ਸੀਲ ਮੋਰਨੀ' ਅਨੁਸਾਰ ਜਦੋਂ ਹਰਲੀਨ ਕੌਰ ਵਰਗੀਆਂ ਸੀਲ ਮੋਰਨੀਆਂ ਮੁਟਿਆਰਾਂ ਗਰੀਬ ਮਾਪਿਆਂ ਦੀ ਮਜਬੂਰੀ ਕਾਰਨ ਆਪਣੀ ਪਿਓ ਦੀ ਉਮਰ ਦੇ ਲਾੜਿਆਂ ਨਾਲ ਨਰੜ ਕੇ ਇੱਥੇ ਆਉਂਦੀਆਂ ਹਨ ਤਾਂ ਉਨ੍ਹਾਂ ਦਾ ਸਾਰਾ ਜੀਵਨ ਹੀ ਸੰਤਾਪਿਆ ਜਾਂਦਾ ਹੈ। ਕਹਾਣੀ 'ਸੁੱਚੇ ਕੱਚ ਦੀਆਂ ਕੀਚਰਾਂ' ਵਿਚਲੀ ਸਰੂਪ ਹਰਲੀਨ ਵਾਂਗ ਹੀ ਮਜਬੂਰੀ ਵੱਸ ਮੰਦਬੁੱਧੀ ਪਤੀ ਨਾਲ ਵਿਆਹ ਕੇ ਇੱਥੇ ਆਉਂਦੀ ਹੈ। ਜਦੋਂ ਉਸਦਾ ਸਹੁਰਾ ਤਰਲੋਕ ਸਿੰਘ ਉਸ ਨੂੰ ਆਪਣੀ ਜ਼ਰ ਖਰੀਦ ਗੁਲਾਮ ਸਮਝ ਕੇ ਉਸਨੂੰ ਭੋਗਣਾ ਚਾਹੁੰਦਾ ਹੈ ਤਾਂ ਇਸਦਾ ਵਿਰੋਧ ਕਰਨ ਦਾ ਨਤੀਜਾ ਉਸਨੂੰ ਸਹੁਰੇ ਵੱਲੋਂ ਕੀਤੇ ਕਾਤਲਾਨਾ ਹਮਲੇ ਵਜੋਂ ਭੁਗਤਣਾ ਪੈਂਦਾ ਹੈ। ਕਹਾਣੀ 'ਟਾਕੀਆਂ ਲੱਗੇ ਰਿਸ਼ਤੇ' ਵਿਚਲੀ ਮੁੱਖ ਪਾਤਰ ਆਪਣੇ ਸ਼ਰਾਬੀ ਕਬਾਬੀ ਹੌਲਦਾਰ ਪਤੀ ਦੀ ਮੌਤ ਤੋਂ ਬਾਅਦ ਆਪਣੇ ਤੋਂ ਵੱਡੀ ਉਮਰ ਦੇ ਬੰਦੇ ਨਾਲ ਵਿਆਹ ਕਰਵਾ ਕੇ ਕੈਨੇਡਾ ਆਉਂਦੀ ਹੈ ਤਾਂ ਟਾਕੀਆਂ ਲੱਗਾ ਇਹ ਰਿਸ਼ਤਾ ਉਸ ਵੇਲੇ ਪੂਰੀ ਤਰ੍ਹਾਂ ਤਾਰ ਤਾਰ ਹੋ ਜਾਂਦਾ ਹੈ, ਜਦੋਂ ਉਸਦਾ ਪਤੀ ਆਪਣੀ ਮਤਰੇਈ ਧੀ 'ਤੇ ਹੀ ਮੈਲੀ ਨਜ਼ਰ ਰੱਖਣ ਲੱਗ ਪੈਂਦਾ ਹੈ ਤੇ ਆਪਣੀਆਂ ਕਾਮੁਕ ਇੱਛਾਵਾਂ ਦੀ ਪੂਰਤੀ ਨਾ ਹੋਣ 'ਤੇ ਉਸਨੂੰ ਉਸ ਦੇ ਭਰਾ ਸਮੇਤ ਮਾਰ ਮੁਕਾਉਂਦਾ ਹੈ।

ਕਹਾਣੀ 'ਡਰੇ ਹੋਏ ਫੁੱਲ' ਆਪਣੇ ਪਾਤਰਾਂ ਅੰਦਰਲੇ ਮਾਨਸਿਕ ਖਲਾਅ ਨੂੰ ਭਰਨ ਦੀ ਤਾਂਘ ਨਾਲ ਜੁੜੀ ਹੋਈ ਹੈ। ਨਾਨਕਿਆਂ ਤੇ ਦਾਦਕਿਆਂ ਵੱਲੋਂ ਕੀਤਾ ਅਮਾਨਵੀ ਵਿਹਾਰ ਕਹਾਣੀਆਂ ਵਿਚਲੀਆਂ ਦੋ ਸਹੇਲੀਆਂ ਦੇ ਅੰਦਰ ਵੱਡਾ ਮਾਨਸਿਕ ਖਲਾਅ ਪੈਦਾ ਕਰ ਦਿੰਦਾ ਹੈ ਤਾਂ ਉਹ ਆਪਸੀ ਸਾਥ ਤੇ ਸਮਲਿੰਗੀ ਸਬੰਧਾਂ ਰਾਹੀਂ ਇਸ ਨੂੰ ਭਰਨ ਦੀ ਕੋਸ਼ਿਸ਼ ਕਰਦੀਆਂ ਹਨ। ਛੇਤੀ ਹੀ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਜਾਂਦਾ ਹੈ ਕਿ ਇਹ ਖਲਾਅ ਦਿਲਾਂ ਦੀਆਂ ਜਾਨਣ ਵਾਲੇ ਕਿਸੇ ਪੁਰਸ਼ ਸਾਥੀ ਦੇ ਸਾਥ ਨਾਲ ਹੀ ਭਰ ਸਕਦਾ ਹੈ।

ਇਸ ਸੰਗ੍ਰਹਿ ਵਿਚ ਪੁਸਤਕ ਦੇ ਟਾਈਟਲ 'ਅੱਗ 'ਚ ਸੜਦੇ ਫੁੱਲ' ਦੇ ਨਾਂ ਵਾਲੀ ਕੋਈ ਵੀ ਕਹਾਣੀ ਸ਼ਾਮਿਲ ਨਹੀਂ ਹੈ ਪਰ ਇਨ੍ਹਾਂ ਸਾਰੀਆਂ ਕਹਾਣੀਆਂ ਵਿਚੋਂ ਫੁੱਲਾਂ ਵਰਗੀਆਂ ਜਵਾਨੀਆਂ ਦੇ ਲਾਲਚ ਤੇ ਨਫਰਤ ਦੀ ਅੱਗ ਵਿਚ ਸੜਨ ਦੇ ਦਰਦ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇਨ੍ਹਾਂ ਕਹਾਣੀਆਂ ਦੀਆਂ ਸੰਗਠਨਾਤਮਕ ਤੇ ਬਿਰਤਾਂਤਕ ਜੁਗਤਾਂ ਭਾਵੇਂ ਕੁਝ ਦਹਾਕੇ ਪਹਿਲੋਂ ਲਿਖੀ ਕਹਾਣੀ ਵਾਂਗ ਸਾਦ-ਮੁਰਾਦੀਆਂ ਹਨ, ਪਰ ਫਿਰ ਵੀ ਇਨ੍ਹਾਂ ਦੀ ਪੜ੍ਹਨ ਯੋਗਤਾ ਪਾਠਕਾਂ ਨੂੰ ਆਪਣੇ ਨਾਲ ਤੋਰਨ ਵਿਚ ਸਫ਼ਲ ਵਿਖਾਈ ਦਿੰਦੀ ਹੈ। ਇਹ ਕਹਾਣੀਆਂ ਕੈਨੇਡੀਅਨ-ਪਰਵਾਸੀ ਪੰਜਾਬੀ ਸਮਾਜ ਦੀਆਂ ਕੁਝ ਕੌੜੀਆਂ ਸੱਚਾਈਆਂ ਨੂੰ ਬਿਆਨ ਕੇ ਜਾਇਜ਼ ਨਾਜਾਇਜ਼ ਢੰਗ ਨਾਲ ਉੱਥੇ ਵਸੇਬਾ ਕਰਨ ਲਈ ਕਾਹਲੇ ਪਏ ਨੌਜਵਾਨਾਂ ਨੂੰ ਇਸ ਕਾਹਲ ਬਾਰੇ ਦੁਬਾਰਾ ਸੋਚਣ ਲਈ ਪ੍ਰੇਰਿਤ ਕਰਨ ਵਾਲੀਆਂ ਹਨ। ਨਵਯੁਗ ਪਬਲਿਸ਼ਰਜ਼, ਦਿੱਲੀ ਵੱਲੋਂ ਛਾਪੀ ਗਈ 112 ਪੰਨਿਆਂ 'ਤੇ ਆਧਾਰਤ 225 ਰੁਪਏ ਮੁੱਲ ਦੀ ਇਹ ਪੁਸਤਕ ਪੜ੍ਹਨ ਤੇ ਸੁਅਗਤ ਯੋਗ ਹੈ। ਮੈਂ ਇਸਦਾ ਹਾਰਦਿਕ ਸੁਆਗਤ ਕਰਦਾ ਹਾਂ।

# ਬੱਚਿਆਂ ਦੀ 'ਜ਼ਿੰਦਗੀ' ਉੱਪਰ ਹਾਵੀ ਹੋ ਰਿਹਾ ਮੋਬਾਈਲ



ਅਬਦੁਲ ਗ਼ੱਫ਼ਾਰ

ਸ਼ਰਾਬ, ਬੀੜੀ-ਸਿਗਰਟ, ਜ਼ਰਦਾ ਅਤੇ ਗੁਟਕਾ ਆਦਿ ਹੀ ਨਸ਼ਾ ਨਹੀਂ ਸਗੋਂ ਕਿਸੇ ਵਸਤੂ ਦੀ ਲੋੜ ਤੋਂ ਵੱਧ ਵਰਤੋਂ ਜਾਂ ਕਿਸੇ ਵਸਤੂ ਜਿਵੇਂ ਮੋਬਾਈਲ ਅਤੇ ਇੰਟਰਨੈੱਟ ਦਾ ਜਨੂੰਨ ਦੀ ਹੱਦ ਤੱਕ ਆਦੀ ਹੋ ਜਾਣਾ ਵੀ ਕਿਸੇ ਨਸ਼ੇ ਤੋਂ ਘੱਟ ਨਹੀਂ ਹੈ। ਅੱਜ-ਕੱਲ੍ਹ ਮੋਬਾਈਲ, ਕੰਪਿਊਟਰ, ਟੈਬਲੇਟ ਆਦਿ ਗੈਜ਼ੇਟਸ ਨਵੀਂ ਪੀੜ੍ਹੀ ਨੂੰ ਬੇਹੱਦ ਪ੍ਰਭਾਵਿਤ ਕਰ ਰਹੇ ਹਨ। ਇੰਟਰਨੈੱਟ ਦੀ ਵਧ ਰਹੀ ਵਰਤੋਂ ਨੇ ਜਿੱਥੇ ਇੰਟਰਨੈੱਟ ਪ੍ਰੋਵਾਈਡਰਾਂ ਦੀ ਕਮਾਈ 'ਚ ਵਾਧਾ ਕੀਤਾ ਹੈ, ਉੱਥੇ ਹੀ ਇੰਟਰਨੈੱਟ ਵਰਤਣ ਵਾਲ਼ੇ ਲੋਕਾਂ ਦੀ ਗਿਣਤੀ 'ਚ ਵੀ ਅਥਾਹ ਵਾਧਾ ਹੋਇਆ ਹੈ। ਸਿੱਟੇ ਵਜੋਂ ਅੱਜ ਹਰ ਆਮ ਅਤੇ ਖ਼ਾਸ ਵਿਅਕਤੀ ਕੋਲ਼ ਮੋਬਾਈਲ ਹੈ ਅਤੇ ਉਹ ਧੜੱਲੇ ਨਾਲ਼ ਇੰਟਰਨੈੱਟ ਦੀ ਵਰਤੋਂ ਕਰ ਰਿਹਾ ਹੈ। ਅੱਜ ਬੱਚੇ ਵੀ ਮੋਬਾਈਲ ਦੀ ਵਰਤੋਂ ਦੇ ਮਾਮਲੇ 'ਚ ਵੱਡਿਆਂ ਨਾਲ਼ੋਂ ਘੱਟ ਨਹੀਂ ਹਨ।

ਜੇਕਰ ਮੋਬਾਈਲ ਫੋਨ ਦੀ ਗੱਲ ਕਰੀਏ ਤਾਂ ਇਕ ਅੰਦਾਜ਼ੇ ਅਨੁਸਾਰ ਸਾਡੇ ਦੇਸ਼ ਅੰਦਰ ਲਗਭਗ 30 ਫ਼ੀਸਦੀ ਬੱਚਿਆਂ ਨੂੰ 10 ਸਾਲ ਦੀ ਉਮਰ ਤੱਕ ਅਤੇ 70 ਫ਼ੀਸਦੀ ਬੱਚਿਆਂ ਨੂੰ 12 ਸਾਲ ਦੀ ਉਮਰ ਤੱਕ ਮੋਬਾਈਲ ਮਿਲ਼ ਜਾਂਦਾ ਹੈ। ਲਗਭਗ ਸਾਰੇ ਬੱਚਿਆਂ ਕੋਲ਼15 ਸਾਲ ਦੀ ਉਮਰ ਤੱਕ ਆਪਣਾ ਮੋਬਾਈਲ ਫੋਨ ਹੁੰਦਾ ਹੈ। ਪਰ ਇਸ ਪਾਸੇ ਮਾਪਿਆਂ ਦੇ ਜਾਗਰੂਕ ਨਾ ਹੋਣ ਕਾਰਨ ਉਨ੍ਹਾਂ ਦੇ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਪੱਧਰ 'ਤੇ ਮੋਬਾਈਲ ਫੋਨ ਮਾਰੂ ਅਸਰ ਪਾ ਰਿਹਾ ਹੈ, ਕਿਉਂਕਿ ਕਰੀਬ 39 ਫ਼ੀਸਦੀ ਬੱਚਿਆਂ ਦਾ ਕਹਿਣਾ ਹੈ ਕਿ ਉਹ ਮੋਬਾਈਲ ਫੋਨ ਤੋਂ ਬਿਨਾ ਨਹੀਂ ਰਹਿ ਸਕਦੇ। ਇਸ ਤੋਂ ਵੀ ਕਿਤੇ ਵੱਧ ਚਿੰਤਾ ਦੀ ਗੱਲ ਹੈ ਕਿ ਕੁੱਝ ਮਾਵਾਂ ਆਪਣੇ ਛੋਟੇ ਦੁੱਧ ਚੁੰਘਦੇ ਬੱਚਿਆਂ ਨੂੰ ਵੀ ਮੋਬਾਈਲ ਦੇਣ ਤੋਂ ਨਹੀਂ ਕਤਰਾਉਂਦੀਆਂ, ਸਗੋਂ ਉਹ ਚਾਹੁੰਦੀਆਂ ਹਨ ਕਿ ਜੇਕਰ ਉਨ੍ਹਾਂ ਦਾ ਬੱਚਾ ਫੋਨ 'ਚ ਰੁੱਝਿਆ ਰਹੇਗਾ ਤਾਂ ਉਹ ਰੋਵੇਗਾ ਨਹੀਂ ਅਤੇ ਉਹ ਆਪਣੇ ਕੰਮ ਸਕੂਨ ਨਾਲ਼ ਨਿਪਟਾ ਲੈਣਗੀਆਂ। ਕੁੱਝ ਮਾਪੇ ਆਪਣੇ ਬੱਚਿਆਂ ਸਾਹਮਣੇ ਅਕਸਰ ਮੋਬਾਈਲ ਫੋਨ 'ਚ ਰੁੱਝੇ ਰਹਿੰਦੇ ਹਨ, ਇਸ ਕਰਕੇ ਬੱਚਿਆਂ ਦੇ ਮਨ ਅੰਦਰ ਵੀ ਮੋਬਾਈਲ ਪ੍ਰਤੀ ਆਕਰਸ਼ਣ 'ਚ ਵਾਧਾ ਹੁੰਦਾ ਹੈ।



ਕਰੋਨਾ ਕਾਲ 'ਚ ਪ੍ਰਾਈਵੇਟ ਸਕੂਲਾਂ ਨੇ ਆਪਣੀ ਸਾਖ਼ ਅਤੇ ਆਰਥਿਕ ਸਥਿਤੀ ਨੂੰ ਬਚਾਈ ਰੱਖਣ ਲਈ, ਜਿੱਥੇ ਰੱਜ ਕੇ ਆਨਲਾਈਨ ਹੋਮ ਵਰਕ ਰਾਹੀਂ ਬੱਚਿਆਂ ਨੂੰ ਮੋਬਾਈਲ ਦੀ ਲਤ ਲਗਾਉਣ 'ਚ ਅਹਿਮ ਰੋਲ ਅਦਾ ਕੀਤਾ ਹੈ, ਉੱਥੇ ਹੀ ਸਰਕਾਰੀ ਸਕੂਲਾਂ ਅੰਦਰ ਕਰੋਨਾ ਕਾਲ ਤੋਂ ਬਾਅਦ ਵੀ ਬੱਚਿਆਂ ਨੂੰ ਮੋਬਾਈਲ 'ਤੇ ਵ੍ਹਟਸਐਪ ਗਰੁੱਪਾਂ ਰਾਹੀਂ ਹੋਮ ਵਰਕ ਭੇਜਿਆ ਜਾ ਰਿਹਾ ਹੈ। ਸਿੱਟੇ ਵਜੋਂ ਮਾਪੇ ਬੱਚਿਆਂ ਨੂੰ ਅਲਹਿਦਾ ਮੋਬਾਈਲ ਲੈ ਕੇ ਦੇਣ ਲਈ ਬੇਵੱਸ ਹਨ। ਬੱਚੇ ਧੜੱਲੇ ਨਾਲ਼ ਮੋਬਾਈਲ 'ਤੇ ਗੇਮਿੰਗ, ਯੂ-ਟਿਊਬ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਕਰ ਰਹੇ ਹਨ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਚੌਥੀ-ਪੰਜਵੀਂ ਜਮਾਤ 'ਚ ਪੜ੍ਹਨ ਵਾਲ਼ੇ ਬੱਚੇ ਵੀ ਆਪਣੇ ਯੂ-ਟਿਊਬ ਚੈਨਲ ਚਲਾ ਰਹੇ ਹਨ। ਉਹ ਮੋਬਾਈਲ ਅਤੇ ਇੰਟਰਨੈੱਟ ਦੀ ਜਾਦੂਗਰੀ ਵਾਲ਼ੀ ਚਕਾਚੌਂਧ ਤੋਂ ਪ੍ਰਭਾਵਿਤ ਹੋ ਕੇ ਇਸ ਦਲਦਲ ਰੂਪੀ ਟੈਕਨਾਲੌਜੀ ਦੀ ਮਾਰ ਹੇਠ ਆ ਰਹੇ ਹਨ। ਬੱਚੇ ਫ਼ੇਸਬੁੱਕ, ਇੰਸਟਾਗ੍ਰਾਮ, ਟਵਿੱਟਰ ਅਤੇ ਓ.ਟੀ.ਟੀ. ਐਪਸ ਦੀ ਵੀ ਰੱਜ ਕੇ ਵਰਤੋਂ ਕਰ ਰਹੇ ਹਨ। ਟੈਕਨਾਲੌਜੀ ਕੰਪਨੀਆਂ ਵੱਲੋਂ ਬੱਚਿਆਂ ਅਤੇ ਨੌਜਵਾਨਾਂ ਨੂੰ ਖ਼ਾਸ ਤੌਰ 'ਤੇ ਧਿਆਨ 'ਚ ਰੱਖ ਕੇ ਨਵੇਂ ਗੈਜ਼ੇਟਸ ਅਤੇ ਐਪਸ ਤਿਆਰ ਕੀਤੇ ਜਾ ਰਹੇ ਹਨ, ਜਿਨ੍ਹਾਂ ਦੀ ਬੇਤਹਾਸ਼ਾ ਵਰਤੋਂ ਸਾਡੀ ਨਵੀਂ ਪਨੀਰੀ ਅਤੇ ਨੌਜਵਾਨ ਪੀੜ੍ਹੀ ਦਾ ਜਿੱਥੇ ਸਮਾਂ ਬਰਬਾਦ ਕਰ ਰਹੀ ਹੈ, ਉੱਥੇ ਹੀ ਆਰਥਿਕ, ਸਮਾਜਿਕ, ਮਾਨਸਿਕ ਅਤੇ ਸਰੀਰਕ ਪੱਖੋਂ ਉਨ੍ਹਾਂ ਨੂੰ ਖੋਰਾ ਲਾ ਰਹੀ ਹੈ।

ਮਾਹਿਰ ਸਿਫ਼ਾਰਸ਼ ਕਰਦੇ ਹਨ ਕਿ ਮੋਬਾਈਲ ਫੋਨ 16 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਹੀ ਦਿੱਤੇ ਜਾਣੇ ਚਾਹੀਦੇ ਹਨ। 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮੋਬਾਈਲ ਨਹੀਂ ਦਿੱਤਾ ਜਾਣਾ ਚਾਹੀਦਾ। ਉਨ੍ਹਾਂ ਦਾ ਦਿਮਾਗ਼ ਮੋਬਾਈਲ ਰੇਡੀਏਸ਼ਨ ਦੇ ਪ੍ਰਭਾਵਾਂ ਦਾ ਸਾਹਮਣਾ ਕਰਨ ਲਈ ਬਹੁਤ ਸੰਵੇਦਨਸ਼ੀਲ ਹੁੰਦਾ ਹੈ, ਕਿਉਂਕਿ ਦਿਮਾਗ਼ ਅਤੇ ਸਰੀਰ ਦੇ ਟਿਸ਼ੂ ਅਜੇ ਵਿਕਸਤ ਹੋ ਰਹੇ ਹੁੰਦੇ ਹਨ, ਇਹ ਕਿਰਨਾਂ ਸੈੱਲਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਰੇਡੀਏਸ਼ਨ ਦੇ ਸੋਖਣ ਕਾਰਨ ਬੱਚਿਆਂ ਨੂੰ ਗੰਭੀਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। ਬ੍ਰਿਟੇਨ ਦੀ ਐਕਸੀਟਰ ਯੂਨੀਵਰਸਿਟੀ ਦੀ ਖੋਜ ਮੁਤਾਬਕ ਜੇਕਰ ਤੁਸੀਂ ਜ਼ਿਆਦਾ ਸਮਾਂ ਮੋਬਾਈਲ ਦੀ ਵਰਤੋਂ ਕਰਦੇ ਹੋ ਤਾਂ ਰੇਡੀਏਸ਼ਨ ਨਾਲ ਕੈਂਸਰ ਅਤੇ ਨਪੁੰਸਕਤਾ ਦਾ ਖ਼ਤਰਾ ਵਧਦਾ ਹੈ। ਮੋਬਾਈਲ ਦੀ ਜ਼ਿਆਦਾ ਮਾਤਰਾ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਰੋਗਾਂ ਨੂੰ ਵੀ ਜਨਮ ਦਿੰਦੀ ਹੈ। ਬੱਚਿਆਂ ਦੇ ਮਾਮਲੇ 'ਚ ਇਹ ਨਤੀਜੇ ਹੋਰ ਵੀ ਘਾਤਕ ਸਾਬਤ ਹੋ ਸਕਦੇ ਹਨ। ਮੋਬਾਈਲ ਫੋਨਾਂ ਦਾ ਬੱਚਿਆਂ 'ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਇਹ ਉਨ੍ਹਾਂ ਦੀ ਜੀਵਨ ਸ਼ੈਲੀ ਵਿਚ ਅਣਚਾਹੇ ਬਦਲਾਅ ਲਿਆ ਸਕਦਾ ਹੈ। ਕਈ ਬੱਚੇ ਫੋਨ ਦੇ ਮਾਮਲੇ 'ਚ ਐਨੇ ਜਨੂੰਨੀ ਹੋ ਜਾਂਦੇ ਹਨ ਕਿ ਉਹ ਆਪਣੇ ਮਾਪਿਆਂ ਅਤੇ ਦੋਸਤਾਂ-ਮਿੱਤਰਾਂ ਤੋਂ ਦੂਰੀ ਬਣਾ ਲੈਂਦੇ ਹਨ ਅਤੇ ਹਰ ਸਮੇਂ ਮੋਬਾਈਲ ਫੋਨ 'ਚ ਗੁਆਚੇ ਰਹਿੰਦੇ ਹਨ। ਬੱਚਿਆਂ ਦੇ ਹੱਥਾਂ 'ਚ ਮੋਬਾਈਲ ਹੋਣ ਨਾਲ਼ ਮੋਬਾਈਲ ਫੋਨ ਦੀ ਦੁਰਵਰਤੋਂ ਦੀਆਂ ਸੰਭਾਵਨਾਵਾਂ ਬਹੁਤ ਜ਼ਿਆਦਾ ਵਧ ਜਾਂਦੀਆਂ ਹਨ। ਬੱਚੇ ਅਸ਼ਲੀਲ ਸੰਦੇਸ਼, ਤਸਵੀਰਾਂ ਜਾਂ ਵੀਡੀਓਜ਼ ਭੇਜ ਅਤੇ ਪ੍ਰਾਪਤ ਕਰ ਸਕਦੇ ਹਨ। ਬੱਚੇ ਬਾਲਗ ਵੈੱਬਸਾਈਟਾਂ ਤੱਕ ਪਹੁੰਚ ਕਰ ਸਕਦੇ ਹਨ। ਉਹ ਅਚਾਨਕ ਵੀ ਅਜਿਹੀਆਂ ਚੀਜ਼ਾਂ ਦੇ ਸੰਪਰਕ 'ਚ ਆ ਸਕਦੇ ਹਨ। ਕੁਝ ਵੈੱਬਸਾਈਟਾਂ ਰਾਹੀਂ ਬ੍ਰਾਊਜ਼ਿੰਗ ਕਰਦੇ ਸਮੇਂ ਉਹ ਗ਼ਲਤੀ ਨਾਲ ਲਿੰਕਾਂ 'ਤੇ ਕਲਿੱਕ ਕਰ ਸਕਦੇ ਹਨ ਜੋ ਉਨ੍ਹਾਂ ਨੂੰ ਬਾਲਗ ਜਾਂ ਅਪਰਾਧੀ ਬਿਰਤੀ ਵਾਲ਼ੀ ਸਮੱਗਰੀ ਵੱਲ ਲੈ ਜਾ ਸਕਦੇ ਹਨ। ਇਸ ਲਈ ਅਪਰਾਧ ਦੀਆਂ ਬਹੁਤ ਸਾਰੀਆਂ ਘਟਨਾਵਾਂ ਆਏ ਦਿਨ ਸਾਹਮਣੇ ਆ ਰਹੀਆਂ ਹਨ।

ਮਾਹਿਰ ਮੋਬਾਈਲ ਫੋਨ ਦੁਆਰਾ ਛੋਟੇ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਬੁਰੇ ਪ੍ਰਭਾਵਾਂ ਬਾਰੇ ਚਿਤਾਵਨੀ ਦੇ ਰਹੇ ਹਨ। ਯੂਨੀਵਰਸਿਟੀ ਆਫ਼ ਟੋਲੇਡੋ ਨੇ ਆਪਣੀ ਇਕ ਖੋਜ 'ਚ ਦਾਅਵਾ ਕੀਤਾ ਹੈ ਕਿ ਇਨ੍ਹਾਂ ਗੈਜ਼ੇਟਸ 'ਚੋਂ ਨਿਕਲਣ ਵਾਲ਼ੀ ਨੀਲੀ ਰੋਸ਼ਨੀ ਸਾਨੂੰ ਸਮੇਂ ਤੋਂ ਪਹਿਲਾਂ ਅੰਨ੍ਹੇਪਣ ਵੱਲ ਧਕੇਲ ਰਹੀ ਹੈ। ਇਸ ਕਾਰਨ ਚਮੜੀ 'ਤੇ ਖਾਰਸ਼, ਖੁਸ਼ਕੀ ਅਤੇ ਟੈਨਿੰਗ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਮੋਬਾਈਲ ਕਾਰਨ ਬੱਚੇ ਨੂੰ ਥਕਾਵਟ, ਸਿਰਦਰਦ, ਨੀਂਦ ਦੀ ਕਮੀ, ਯਾਦਦਾਸ਼ਤ ਦਾ ਘਟਣਾ, ਕੰਨ ਵੱਜਣਾ, ਜੋੜਾਂ ਦਾ ਦਰਦ, ਮੋਟਾਪਾ ਅਤੇ ਤਣਾਅ ਆਦਿ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹੁਤੇ ਮਾਪੇ ਬੱਚਿਆਂ ਨੂੰ ਵਿਅਸਤ ਰੱਖਣ ਲਈ ਮੋਬਾਈਲ ਗੇਮਾਂ ਖੇਡਣ ਦੀ ਇਜਾਜ਼ਤ ਦਿੰਦੇ ਹਨ। ਇਨ੍ਹਾਂ ਆਨਲਾਈਨ ਗੇਮਾਂ ਦੀ ਲੱਗੀ ਲਤ ਹੌਲ਼ੀ-ਹੌਲ਼ੀ ਬੱਚਿਆਂ ਦੇ ਦਿਮਾਗ਼ ਅਤੇ ਸੋਚਣ ਦੇ ਤਰੀਕੇ ਨੂੰ ਪ੍ਰਭਾਵਿਤ ਕਰਨ ਲੱਗਦੀ ਹੈ। ਉਨ੍ਹਾਂ ਦਾ ਪੂਰਾ ਧਿਆਨ ਪੜ੍ਹਾਈ ਦੀ ਥਾਂ ਮੋਬਾਈਲ ਗੇਮਾਂ ਵੱਲ ਲੱਗ ਜਾਂਦਾ ਹੈ। ਗੇਮਾਂ ਕਾਰਨ ਬੱਚਿਆਂ ਦਾ ਮਾਨਸਿਕ ਸੰਤੁਲਨ ਵਿਗੜਨਾ, ਸਮਾਜਿਕ ਮਿਲਵਰਤਨ ਦੀ ਘਾਟ, ਮਨ ਦੀ ਇਕਾਗਰਤਾ ਦਾ ਭੰਗ ਹੋਣਾ, ਨੀਂਦ ਦੀਆਂ ਸਮੱਸਿਆਵਾਂ, ਪੜ੍ਹਾਈ ਤੋਂ ਟਾਲਾ ਵੱਟਣਾ, ਨਕਾਰਾਤਮਕ ਮੁੱਦਿਆਂ ਦਾ ਮਨ 'ਤੇ ਹਾਵੀ ਹੋਣਾ, ਜੀਵਨ ਦੇ ਹੋਰ ਪੱਖਾਂ 'ਚ ਉਦਾਸੀਨਤਾ, ਗੁੱਸੇ ਦਾ ਵਧਣਾ, ਹਿੰਸਕ ਮਾਨਸਿਕਤਾ ਅਤੇ ਹੋਰ ਅਨੇਕਾਂ ਸਰੀਰਕ ਸਮੱਸਿਆਵਾਂ ਬੱਚਿਆਂ ਦੇ ਜ਼ਿੰਦਗੀ ਪ੍ਰਤੀ ਨਜ਼ਰੀਏ ਨੂੰ ਬਦਲਦਿਆਂ ਉਨ੍ਹਾਂ ਦਾ ਭਵਿੱਖ ਤਬਾਹ ਕਰ ਰਹੀਆਂ ਹਨ।

ਇੱਕ ਹੋਰ ਅਧਿਐਨ ਅਨੁਸਾਰ ਇਕ ਔਸਤ ਮੋਬਾਈਲ ਫੋਨ ਤੁਹਾਡੀ ਫਲੱਸ਼ ਸੀਟ ਤੋਂ 7 ਗੁਣਾ ਜ਼ਿਆਦਾ ਗੰਦਾ ਹੁੰਦਾ ਹੈ। ਇਹ ਗੰਦੇ ਕੀਟਾਣੂ ਫ਼ੂਡ ਪੁਆਇਜ਼ਨਿੰਗ ਅਤੇ ਪੇਟ ਦੇ ਕੀੜਿਆਂ ਦਾ ਕਾਰਨ ਬਣਦੇ ਹਨ। ਇਸ ਕਾਰਨ ਪੇਟ ਦਰਦ, ਉਲਟੀਆਂ ਅਤੇ ਦਸਤ ਲੱਗਣ ਦੀ ਸੰਭਾਵਨਾ ਵਧ ਜਾਂਦੀ ਹੈ।

---

## ਕਾਵਿ-ਕਿਆਰੀ

### ਦਿਲ ਜੋ ਆਪਣਾ ਵਿਸ਼ਾਲ ਹੁੰਦਾ ਹੈ

ਦਿਲ ਜੋ ਆਪਣਾ ਵਿਸ਼ਾਲ ਹੁੰਦਾ ਹੈ
ਫਿਰ ਨਾ ਕੋਈ ਸਵਾਲ ਹੁੰਦਾ ਹੈ।

ਹੋਣਾ ਸੀ ਹੋ ਗਿਆ ਡਰ ਨਹੀਂ ਕੋਈ
ਫਿਰ ਨਾ ਕੋਈ ਮਲਾਲ ਹੁੰਦਾ ਹੈ।

ਇਸ਼ਕ ਹੁੰਦਾ ਹੈ ਜਿਸ ਨਾਲ ਕਦੇ
ਦਿਲ 'ਚ ਉਸਦਾ ਖਿਆਲ ਹੁੰਦਾ ਹੈ।

ਪਿਆਰ ਨਾਲ ਭਰ ਗਏ ਅਮੀਰੀ ਹੈ
ਦਿਲ ਵੀ ਫਿਰ ਮਾਲਾ-ਮਾਲ ਹੁੰਦਾ ਹੈ।

ਕਰਦੈ ਜੋ ਪਿਆਰ ਪਿਆਰ ਕਰਦੈ ਜੋ,
ਜੀਣਾ ਉਸਦਾ ਕਮਾਲ ਹੁੰਦਾ ਹੈ।

ਚਿਹਰੇ 'ਤੇ ਨੂਰ ਚਮਕਦਾ ਹੁੰਦੈ
ਸਾਫ਼ ਦਿਲ ਦਾ ਜਲਾਲ ਹੁੰਦਾ ਹੈ।

ਦਿਲ ਦੁਖਾਇਆ ਕਿਸੇ ਦਾ ਜੇ ਕੋਮਲ
ਚੰਗਾ ਨਾ ਇਹ ਅਮਾਲ ਹੁੰਦਾ ਹੈ।

**-ਬਸੰਤ ਲਾਲ ਕੋਮਲ**
**ਫੋਨ: 94170-05813**

---

### ਸਮਰਪਣ

ਸੱਚ ਦੱਸੀਂ....
ਤੈਨੂੰ ਕਦੇ
ਅਹਿਸਾਸ ਨਹੀਂ ਹੋਇਆ?
ਮੇਰੇ ਅਦਬ ਅਤੇ ਇਬਾਦਤ ਦਾ...?

ਪਰ, ਤੂੰ ਤਾਂ ਡਾਹਢਾ ਏਂ
ਤੇ ਡਾਹਢੇ ਅੱਗੇ ਕੀਹਦਾ ਜ਼ੋਰ??
ਜਾਂ ਤੂੰ ਪੱਕਾ ਪਰਖਦਾ ਹੋਣੈ,
ਮੇਰੇ ਸਿਦਕ ਨੂੰ
ਮੇਰੀ ਵਫ਼ਾ ਨੂੰ।

ਹਾਂ, ਤੂੰ ਡਾਹਢਾ ਵੀ ਏਂ
ਤੇ ਪਰਖ ਵੀ ਸਕਦੈਂ
ਚੱਲ ਦੱਸ,
ਕੀ ਕਸਵੱਟੀ ਹੈ
ਤੇਰੀ ਪਰਖ ਦੀ?
ਜਾਨ? ਜਹਾਨ?
ਸ਼ਾਨ? ਈਮਾਨ?

ਸਭ ਪੇਸ਼ ਏ
ਤੇਰੀ ਖ਼ਿਦਮਤ 'ਚ!
ਸਵੀਕਾਰ, ਜਾਂ ਅਸਵੀਕਾਰ...?
ਕਿਉਂਕਿ ਭਾਈ
ਤੂੰ ਤਾਂ ਡਾਹਢਾ ਏਂ...!

***-ਖੁਸ਼ਦੀਪ ਬਰਾੜ***

---

### ਕਾਤਲਾਂ ਤੋਂ ਇਨਸਾਫ ਭਾਲਦੇ

ਕਾਤਲਾਂ ਤੋਂ ਇਨਸਾਫ ਭਾਲਦੇ,
ਨਾਦਾਨ ਨੇ ਜੋ ਏਹ ਆਸ ਪਾਲਦੇ।
ਮਾਵਾਂ ਦੇ ਪੁੱਤ ਜਿਨ੍ਹਾਂ ਕੋਹ ਕੋਹ ਮਾਰੇ,
ਓਹਨਾਂ ਦੀਆਂ ਨੀਅਤਾਂ ਸਾਫ ਭਾਲਦੇ।

ਕਿਸ ਨੂੰ ਮਿਲੀ ਆਜ਼ਾਦੀ ਏਥੇ,
ਕੈਦ ਕਿਹੜੇ ਪਿੰਜਰੇ 'ਚ ਪੰਛੀ।
ਨਸੀਬ ਨਾ ਛੱਤ ਸੜਕਾਂ 'ਤੇ ਸੌਂਦੇ,
ਫਿਕਰ ਪਏ ਨੇ ਰੋਟੀ ਦਾਲ ਦੇ।

ਪਿਓ ਨੇ ਕਚਹਿਰੀ ਇਨਸਾਫ ਸੀ ਮੰਗਿਆ,
ਪੁੱਤ ਪਿਆ ਅਜੇ ਤਰੀਕਾਂ ਭੁਗਤੇ।
ਆਓ ਸੁਣਾਵਾਂ ਸੁਣੋ ਸਾਥੀਓ,
ਇਨਸਾਫ ਦਾ ਪੁੱਛਦੇ ਹਾਲ ਚਾਲ ਜੇ।

ਬੇਕਸੂਰ ਜਿੱਥੇ ਰਗੜੇ ਜਾਵਣ,
ਕਸੂਰਵਾਰ ਬਣ ਮੰਤਰੀ ਬੈਠੇ।
ਰੇਤਾ ਚਿੱਟਾ ਭੁੱਕੀਆਂ ਵੇਚਣ,
ਦੁੱਧ ਦੀ ਰਾਖੀ ਬਿੱਲੇ ਬਹਾਲ 'ਤੇ।

ਝੂਠੇ ਹੋਏ ਮੁਕਾਬਲੇ ਕਿੱਧਰੇ,
ਹੋਈਆਂ ਕਿਤੇ ਝੂਠੀਆਂ ਤਰੱਕੀਆਂ।
ਨਿਰਦੋਸ਼ ਕਿਤੇ ਜੇਲ੍ਹਾਂ ਵਿਚ ਢੱਕਤੇ,
ਜਿਉਂਦੇ ਜੀਅ ਵੀ ਕਿਤੇ ਜਾਲ 'ਤੇ।

ਇਨਸਾਫ ਨਹੀਂ ਥਾਲੀ ਧਰ ਕੋਈ ਦੇਂਦਾ,
ਸੂਰਮਿਆਂ ਨੂੰ ਬਾਗੀ ਹੋਣਾ ਪੈਂਦਾ।
ਜ਼ਖ਼ਮਾਂ 'ਤੇ ਜਦੋਂ ਲੂਣ ਕੋਈ ਭੁੱਕੇ,
ਜਦ ਕੋਈ ਥੱਲੇ ਅੱਗ ਬਾਲ ਦਏ।

ਹਕੂਮਤਾਂ ਬਦਲੀਆਂ ਸੋਚ ਨਾ ਬਦਲੀ,
ਬੋਦਲਾਂ ਦੇ ਸੁੱਖਵਿੰਦਰਾ ਇਸਹਾਸ ਫਰੋਲੇ।
ਜ਼ਾਲਮਾਂ ਚਿਣੇ ਸੀ ਗੁਰੂ ਦੇ ਬੱਚੇ,
ਨੀਹਾਂ ਵਿਚ ਸੱਤ-ਨੌਂ ਸਾਲ ਦੇ।

ਕਾਤਲਾਂ ਤੋਂ ਇਨਸਾਫ ਭਾਲਦੇ,
ਨਾਦਾਨ ਨੇ ਜੋ ਏਹ ਆਸ ਪਾਲਦੇ।
ਮਾਵਾਂ ਦੇ ਪੁੱਤ ਜਿਨ੍ਹਾਂ ਕੋਹ ਕੋਹ ਮਾਰੇ,
ਉਨ੍ਹਾਂ ਦੀਆਂ ਨੀਅਤਾਂ ਸਾਫ ਭਾਲਦੇ।

***-ਸੁੱਖਵਿੰਦਰ ਸਿੰਘ ਬੋਦਲਾਂਵਾਲਾ***

---

### ਸਹਾਰਾ ਬਣ ਵੀ ਜਾਇਆ ਕਰ...

ਸਹਾਰਾ ਬਣ ਵੀ ਜਾਇਆ ਕਰ,
ਮੈਂ ਤੈਨੂੰ ਪਿਆਰ ਕਰਦਾ ਹਾਂ।
ਨਿਆਰਾ ਬਣ ਵੀ ਜਾਇਆ ਕਰ,
ਤੇਰਾ ਸਤਿਕਾਰ ਕਰਦਾ ਹਾਂ।

ਭੁੱਲ ਕੇ ਸਭ ਗਿਲੇ ਸ਼ਿਕਵੇ,
ਆ! ਪਿਆਰਾਂ ਦੀ ਰਾਹ ਟੁਰੀਏ।
ਬਿਖੜੇ ਪੰਧ ਨੇ ਜੀਵਨ ਦੇ,
ਆ! ਚਨਾਰਾਂ ਦੀ ਰਾਹ ਟੁਰੀਏ।
ਕਿਸ਼ਤੀ ਜਾਪੇ ਹੁਣ ਮੰਝਧਾਰੀਂ
ਖੁੱਲ੍ਹਾ ਇਜ਼ਹਾਰ ਕਰਦਾ ਹਾਂ।
ਸਹਾਰਾ ਬਣ ਵੀ ਜਾਇਆ ਕਰ...।
ਜੋ ਸੁਪਨੇ ਸੰਜੋਏ ਸਨ ਸੱਜਣਾ!
ਬੜੇ ਇਕਰਾਰ ਕੀਤੇ ਸਨ।
ਨਿਭਾਵਾਂਗੇ ਤੋੜ ਤੱਕ ਸੱਜਣਾ,
ਦਿਲੋਂ ਇਜ਼ਹਾਰ ਕੀਤੇ ਸਨ।
ਨੈਣ ਨੇ ਦੀਦ ਦੇ ਭੁੱਖੇ,
ਤੇਰਾ ਇੰਤਜ਼ਾਰ ਕਰਦਾ ਹਾਂ।
ਸਹਾਰਾ ਬਣ ਵੀ ਜਾਇਆ ਕਰ...।

ਜ਼ਮਾਨਾ ਲੱਖ ਮਾਰ ਤਾਹਨੇ
ਇਸ਼ਕ ਨਹੀਂ ਡੋਲਦਾ ਤੱਕਿਆ।
ਸੱਚੀ ਪ੍ਰੇਮ ਦੀ ਗਾਥਾ ਨੂੰ,
ਕੋਈ ਟੋਕ ਨਹੀਂ ਸਕਿਆ।
ਤੇਰੀ ਇਕ ਹੀ ਤੱਕਣੀ 'ਤੇ
ਦਿਲ ਨਿਸਾਰ ਕਰਦਾ ਹਾਂ।
ਸਹਾਰਾ ਬਣ ਵੀ ਜਾਇਆ ਕਰ
ਮੈਂ ਤੈਨੂੰ...।

ਮਿਹਰਬਾਨੀਆਂ ਕਰ ਜੋ ਸਕਦਾ ਹੈ,
ਉਹ ਜੱਗ 'ਤੇ ਨਾਮ ਪਾਉਂਦਾ ਹੈ।
ਇਨਸਾਨ ਜੇ ਅਪਣਾ ਲਏ ਇਹ ਗੁਣ,
ਇਹ ਕਰਤੇ ਨੂੰ ਵੀ ਭਾਉਂਦਾ ਹੈ।
ਮੈਂ ਤਰਸਾਂ ਮਿਹਰਬਾਨੀ ਨੂੰ,
ਦਿਲੋਂ ਗੁਹਾਰ ਕਰਦਾ ਹਾਂ।
ਸਹਾਰਾ ਬਣ ਵੀ ਜਾਇਆ ਕਰ,
ਮੈਂ ਤੈਨੂੰ ਪਿਆਰ ਕਰਦਾ ਹਾਂ।

ਸਹਾਰਾ ਬਣ ਵੀ ਜਾਇਆ ਕਰ,
ਮੈਂ ਤੈਨੂੰ ਪਿਆਰ ਕਰਦਾ ਹਾਂ।
ਨਿਆਰਾ ਬਣ ਵੀ ਜਾਇਆ ਕਰ,
ਤੇਰਾ ਸਤਿਕਾਰ ਕਰਦਾ ਹਾਂ।

***-ਮਨਜੀਤ ਸਿੰਘ ਗਿੱਲ***
***ਫੋਨ: 94175-02773***

# ਚੁਣੌਤੀ ਬਣਿਆ ਪੰਜਾਬ ਦੇ ਪਿੰਡਾਂ ਦਾ ਵਿਕਾਸ

ਪੰਜਾਬ 'ਚ ਜਦੋਂ ਵੀ ਕਿਸੇ ਸਿਆਸੀ ਧਿਰ ਦੀ ਸਰਕਾਰ ਹੋਂਦ ਵਿਚ ਆਉਂਦੀ ਹੈ, ਉਸ ਵਲੋਂ ਪਿੰਡਾਂ ਦੇ ਵਿਕਾਸ ਦੀ ਗੱਲ ਕੀਤੀ ਜਾਂਦੀ ਹੈ। ਮੌਜੂਦਾ ਸਰਕਾਰ ਨੇ 500 'ਸਮਾਰਟ ਵਿਲੇਜ' ਬਣਾ ਕੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦਾ ਟੀਚਾ ਮਿਥਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਹਰ ਬਲਾਕ ਦੇ ਪੰਜ-ਪੰਜ ਪਿੰਡਾਂ 'ਚ ਸਿਹਤ, ਸਿੱਖਿਆ, ਖੇਡਾਂ, ਸੈਨੀਟੇਸ਼ਨ ਅਤੇ ਪੀਣ ਵਾਲੇ ਸ਼ੁੱਧ ਪਾਣੀ ਦਾ ਸਹੀ ਪ੍ਰਬੰਧ ਕੀਤਾ ਜਾਵੇਗਾ। ਸਰਕਾਰ ਵਲੋਂ ਪਿੰਡਾਂ 'ਚ ਛੋਟੇ ਸੂਚਨਾ ਕੇਂਦਰ ਸਥਾਪਤ ਕੀਤੇ ਜਾਣ ਦੀ ਵੀ ਯੋਜਨਾ ਹੈ ਤਾਂ ਕਿ ਪੇਂਡੂ ਨੌਜਵਾਨ ਰੁਜ਼ਗਾਰਤ ਹੋ ਸਕਣ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਨੇ ਇਸ ਮੰਤਵ ਲਈ 'ਮੇਰਾ ਪਿੰਡ ਮੇਰੀ ਰੂਹ' ਮੁਹਿੰਮ ਆਰੰਭੀ ਹੈ। ਸਰਕਾਰ ਨੇ 9 ਟੀਚੇ ਮਿੱਥੇ ਹਨ। ਪਿੰਡ 'ਚ ਹਰੇਕ ਨੂੰ




**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**


ਰੋਟੀ ਮਿਲੇ, ਪਿੰਡ ਸਿਹਤਮੰਦ ਬਣੇ, ਬੱਚਿਆਂ ਦੀ ਸਿਹਤ ਸੰਭਾਲ ਪਿੰਡ 'ਚ ਚੰਗੀ ਹੋਵੇ, ਪਿੰਡ 'ਚ ਸਾਫ਼ ਸੁਥਰਾ ਪਾਣੀ ਮਿਲੇ, ਪਿੰਡ ਸਾਫ਼ ਸੁਥਰਾ ਅਤੇ ਹਰਿਆ ਭਰਿਆ ਹੋਵੇ, ਪਿੰਡ 'ਚ ਆਪਣਾ ਭਰਵਾਂ ਬੁਨਿਆਦੀ ਢਾਂਚਾ ਹੋਵੇ, ਪਿੰਡ 'ਚ ਸਮਾਜਿਕ ਨਿਆਂ ਮਿਲੇ, ਪਿੰਡਾਂ 'ਚ ਪ੍ਰਬੰਧਕੀ ਢਾਂਚਾ ਮਜ਼ਬੂਤ ਹੋਵੇ ਅਤੇ ਖ਼ਾਸ ਕਰਕੇ ਔਰਤਾਂ ਸੁਰੱਖਿਅਤ ਹੋਣ। ਇਹ ਸਾਰੇ ਕੰਮ ਪਿੰਡ ਪੰਚਾਇਤਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਜ਼ੁੰਮੇ ਲਾਏ ਗਏ ਹਨ, ਜਿਨ੍ਹਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਹਾੜੀ, ਸਾਉਣੀ ਉਹ ਪਿੰਡਾਂ 'ਚ ਗ੍ਰਾਮ ਸਭਾ ਦਾ ਇਜਲਾਸ ਕਰ ਕੇ ਪਿੰਡਾਂ ਦੇ ਕੀਤੇ ਜਾਣ ਵਾਲੇ ਕੰਮਾਂ ਦੀ ਪਹਿਲ ਨਿਰਧਾਰਤ ਕਰਨ ਅਤੇ ਲੋਕਾਂ ਦੇ ਸਹਿਯੋਗ ਨਾਲ ਕੰਮ ਕਰਨ।

ਪਿੰਡਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਪਿੰਡ ਪੰਚਾਇਤ 'ਤੇ ਹੈ, ਜਿਸ ਨੂੰ ਪਿੰਡ ਦੀ ਇਕਾਈ ਗ੍ਰਾਮ ਸਭਾ (ਪਿੰਡ ਦੇ ਸਮੂਹ ਵੋਟਰਾਂ ਦੀ ਸੰਸਥਾ) ਚੁਣਦੀ ਹੈ। ਮੌਜੂਦਾ ਸਮੇਂ 'ਚ ਸਰਪੰਚ ਦੀ ਸਿੱਧੀ ਚੋਣ ਤੋਂ ਇਲਾਵਾ ਵਾਰਡ ਬੰਦੀ ਨਾਲ ਪੰਚ ਚੁਣੇ ਜਾਂਦੇ ਹਨ। ਇਹ ਪੰਜ ਸਾਲਾਂ ਲਈ ਚੁਣੀ ਹੋਈ ਪੰਚਾਇਤ, ਪਿੰਡ ਦੇ ਵਿਕਾਸ ਲਈ ਜ਼ਿੰਮੇਵਾਰ ਹੁੰਦੀ ਹੈ। ਪਰ ਪਿਛਲੇ ਕੁਝ ਸਮੇਂ ਤੋਂ ਪਿੰਡ ਪੰਚਾਇਤਾਂ 'ਚ ਉੱਚ ਵਿਕਾਸ ਪੰਚਾਇਤ ਅਧਿਕਾਰੀਆਂ ਦੇ ਮਜ਼ਬੂਤ ਸ਼ਿਕੰਜੇ ਨੇ ਪੰਚਾਇਤਾਂ ਦਾ ਸਥਾਨਕ ਸਰਕਾਰ ਦਾ ਬਿੰਬ ਬੁਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਚੁਣੀਆਂ ਪੰਚਾਇਤਾਂ ਨੂੰ ਬਲਾਕ ਵਿਕਾਸ ਪੰਚਾਇਤ ਅਫ਼ਸਰਾਂ, ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ, ਮਨਰੇਗਾ ਅਫ਼ਸਰਾਂ ਉਤੇ ਪੂਰੀ ਤਰ੍ਹਾਂ ਨਿਰਭਰ ਬਣਾ ਦਿੱਤਾ ਗਿਆ ਹੈ। ਮੌਜੂਦਾ ਸਮੇਂ 'ਚ ਹਾਲਤ ਇਥੋਂ ਤੱਕ ਬਦਤਰ ਹਨ ਕਿ ਪੰਚਾਇਤ ਸਕੱਤਰਾਂ, ਬਲਾਕ ਵਿਕਾਸ ਅਫ਼ਸਰਾਂ ਦੀ ਕਮੀ ਹੈ, ਦੋ-ਦੋ ਦਰਜਨ ਦੇ ਲਗਭਗ ਪਿੰਡਾਂ ਨੂੰ ਇੱਕ ਪੰਚਾਇਤ ਸਕੱਤਰ ਕੰਟਰੋਲ ਕਰਦਾ ਹੈ, ਜੋ ਵਿਕਾਸ ਦੇ ਕੰਮਾਂ ਲਈ ਮਤਾ ਪਾਉਂਦਾ ਹੈ, ਬੈਂਕਾਂ ਦਾ ਹਿਸਾਬ ਕਿਤਾਬ ਰੱਖਦਾ ਹੈ, ਪੰਚਾਇਤਾਂ ਦੀਆਂ ਮੀਟਿੰਗਾਂ ਤੇ ਇਜਲਾਸ ਕਰਵਾਉਂਦਾ ਹੈ। ਕੀ ਇਸ ਸਥਿਤੀ 'ਚ ਕੋਈ ਪੰਚਾਇਤ ਆਪਣੇ ਤੌਰ 'ਤੇ ਕੋਈ ਸਾਰਥਕ ਕੰਮ ਚਲਾ ਸਕਦੀ ਹੈ? ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਫਗਵਾੜਾ ਦੇ 91 ਪਿੰਡ ਹਨ। ਇਨ੍ਹਾਂ 91 ਪਿੰਡਾਂ ਦੀਆਂ ਪੰਚਾਇਤਾਂ ਦੇ ਕੰਮ ਚਲਾਉਣ ਲਈ ਸਿਰਫ਼ ਤਿੰਨ ਪੰਚਾਇਤ ਸਕੱਤਰ ਹਨ, ਫਗਵਾੜਾ 'ਚ ਕੋਈ ਪੱਕਾ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਨਹੀਂ। ਸੁਲਤਾਨਪੁਰ ਲੋਧੀ



ਦਾ ਵਿਕਾਸ ਅਤੇ ਪੰਚਾਇਤ ਅਫ਼ਸਰ ਇੱਥੋਂ ਦਾ ਕੰਮ ਕਦੇ ਕਦਾਈਂ ਆ ਕੇ ਵੇਖਦਾ ਹੈ, ਜਿਸ ਕੋਲ ਇਕ ਹੋਰ ਜ਼ਿਲ੍ਹੇ ਜਲੰਧਰ ਦੇ ਇਕ ਬਲਾਕ ਦਾ ਵੀ ਚਾਰਜ ਹੈ। ਕੀ ਤਿੰਨ ਵਿਕਾਸ ਬਲਾਕਾਂ ਨੂੰ ਇੱਕ ਅਫ਼ਸਰ ਚਲਾ ਸਕਦਾ ਹੈ? ਕੀ ਨਿਰਧਾਰਤ ਟੀਚੇ ਪੂਰੇ ਕਰ ਸਕਦਾ ਹੈ?

ਪੰਚਾਇਤ ਦੇ ਆਮਦਨ ਦੇ ਸਾਧਨ ਸੀਮਤ ਹਨ। ਕੁਝ ਰਕਮ ਪੰਚਾਇਤ ਨੂੰ ਆਪਣੀ ਸ਼ਾਮਲਾਟ ਦੇ ਜ਼ਮੀਨੀ ਹਾਲੇ ਤੋਂ ਪ੍ਰਾਪਤ ਹੁੰਦੀ ਹੈ। ਕੁਝ ਰਕਮ ਕੇਂਦਰ ਸਰਕਾਰ ਤੋਂ। ਇਸ ਸਮੇਂ 13ਵੇਂ ਅਤੇ 14ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਤੋਂ ਵਿਕਾਸ ਕੰਮਾਂ ਲਈ ਪ੍ਰਾਪਤ ਹੁੰਦੀ ਹੈ ਅਤੇ ਵਿਕਾਸ ਅਤੇ ਪੰਚਾਇਤ ਦੇ ਕੁਝ ਵਿਕਾਸ ਕਾਰਜ ਮਗਨਰੇਗਾ ਸਕੀਮ ਅਧੀਨ ਕੀਤੇ ਜਾਂਦੇ ਹਨ ਅਤੇ ਕੁਝ ਸੂਬਾ ਸਰਕਾਰ ਦੇ ਪੇਂਡੂ ਵਿਕਾਸ ਫੰਡ ਤੋਂ ਪ੍ਰਾਪਤ ਫੰਡਾਂ ਰਾਹੀਂ ਕਰਦੀ ਹੈ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਦੀ ਇੱਕ ਰਿਪੋਰਟ ਮੁਤਾਬਕ ਸੂਬੇ ਭਰ 'ਚ ਪੰਚਾਇਤ ਦੀ 6.68 ਲੱਖ ਏਕੜ ਪੰਚਾਇਤ ਸ਼ਾਮਲਾਟ ਜ਼ਮੀਨ ਹੈ, ਜਿਸ ਵਿਚੋਂ 4.98 ਲੱਖ ਏਕੜ ਵਾਹੀ ਯੋਗ ਨਹੀਂ ਹੈ, ਇਸ ਜ਼ਮੀਨ ਵਿਚ ਵਣ, ਸੜਕਾਂ, ਸਕੂਲ, ਡਿਸਪੈਂਸਰੀਆਂ, ਛੱਪੜ ਆਦਿ ਹਨ, ਸਿਰਫ਼ 1.70 ਲੱਖ ਏਕੜ ਪੰਚਾਇਤੀ ਜ਼ਮੀਨ ਵਾਹੀਯੋਗ ਹੈ। ਇਸ ਨੂੰ ਪੰਚਾਇਤ ਮਹਿਕਮਾ ਪੰਚਾਇਤਾਂ ਰਾਹੀਂ ਬੋਲੀ 'ਤੇ ਖੇਤੀ ਲਈ ਦੇਂਦਾ ਹੈ ਅਤੇ ਪਿਛਲੇ ਸਾਲ ਇਸ ਨੂੰ 384 ਕਰੋੜ ਦੀ ਕਮਾਈ ਹੋਈ ਪਰ ਇਸ ਵਿਚੋਂ 18,412 ਏਕੜ ਜ਼ਮੀਨ ਉਤੇ ਲੋਕਾਂ ਅਤੇ ਪ੍ਰਾਈਵੇਟ ਸੰਸਥਾਵਾਂ ਆਦਿ ਦੇ ਨਾਜਾਇਜ਼ ਕਬਜ਼ੇ ਹਨ। ਇਨ੍ਹਾਂ ਕਬਜ਼ਿਆਂ ਨੂੰ ਛੁਡਾਉਣ ਲਈ ਕਈ ਥਾਈਂ ਕਾਨੂੰਨੀ ਚਾਰਾਜੋਈ ਹੋਈ ਹੈ, ਪਰ ਦਹਾਕਿਆਂ ਤੋਂ ਇਹ ਕੇਸ ਲੰਬਿਤ ਹੋਣ ਕਾਰਨ 3893 ਏਕੜ ਜ਼ਮੀਨ ਛੁਡਵਾਈ ਨਹੀਂ ਜਾ ਸਕੀ। ਕਾਨੂੰਨ ਅਨੁਸਾਰ ਪੰਚਾਇਤ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਅਦਾਲਤ 'ਚ ਨਾਜਾਇਜ਼ ਕਬਜ਼ਾ ਛੁਡਾਉਣ ਲਈ ਕੇਸ ਦਾਇਰ ਕਰਦੀਆਂ ਹਨ, ਜਿਸਦੀ 6 ਮਹੀਨੇ 'ਚ ਸੁਣਵਾਈ ਤੇ ਫੈਸਲਾ ਜ਼ਰੂਰੀ ਹੁੰਦਾ ਹੈ, ਪਰ ਇਹ ਕੇਸ ਸਿਆਸੀ ਸਰਪ੍ਰਸਤੀ ਕਾਰਨ ਸਾਲਾਂਬੱਧੀ ਲਟਕਦੇ ਹਨ, ਉਪਰੰਤ ਡਾਇਰੈਕਟਰ ਪੰਚਾਇਤਾਂ ਕੋਲ ਅਪੀਲ ਅਤੇ ਫਿਰ ਪੰਜਾਬ ਹਰਿਆਣਾ ਹਾਈ ਕੋਰਟ 'ਚ ਅਪੀਲਾਂ ਕਾਰਨ ਪੰਚਾਇਤ ਦੀ ਆਮਦਨ ਦੇ ਵਸੀਲਿਆਂ ਵਾਲੀ ਜ਼ਮੀਨ ਨਾਜਾਇਜ਼ ਕਬਜ਼ਾਧਾਰੀਆਂ ਕੋਲ ਪਈ ਰਹਿੰਦੀ ਹੈ। ਇੱਕ ਸਰਕਾਰੀ ਅੰਦਾਜ਼ੇ ਅਨੁਸਾਰ ਨਾਜਾਇਜ਼ ਕਬਜ਼ਾਧਾਰੀਆਂ ਨੇ ਪੰਚਾਇਤਾਂ ਦੀ 2000 ਕਰੋੜ ਮੁੱਲ ਦੀ ਜ਼ਮੀਨ 'ਤੇ ਕਬਜ਼ੇ ਕੀਤੇ ਹੋਏ ਹਨ, ਜਿਸ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਇਹ ਕਬਜ਼ੇ ਸਿਆਸੀ ਸ਼ਹਿ ਕਾਰਨ ਸਮਾਜ ਦੇ ਧੱਕੇ ਧੌਂਸ ਵਾਲੇ ਲੋਕਾਂ ਵਲੋਂ ਕੀਤੇ ਗਏ ਹਨ।

ਪਿੰਡਾਂ ਦੇ ਵਿਕਾਸ ਲਈ ਮਗਨਰੇਗਾ ਸਕੀਮ ਨੂੰ ਦੇਸ਼ ਭਰ 'ਚ ਪੇਂਡੂ ਵਿਕਾਸ ਅਤੇ ਪੇਂਡੂ ਰੁਜ਼ਗਾਰ ਲਈ ਵੱਡੀ ਯੋਜਨਾ ਮੰਨਿਆ ਜਾ ਰਿਹਾ ਹੈ। ਪੰਜਾਬ 'ਚ ਵੀ ਇਹ ਲਾਗੂ ਹੈ। ਪਰ ਮਗਨਰੇਗਾ ਦਾ ਪੰਜਾਬ 'ਚ ਜੋ ਹਾਲ ਹੈ ਜਾਂ ਕਿੰਨਾ ਕੁ ਵਿਕਾਸ 'ਚ ਯੋਗਦਾਨ ਹੈ, ਉਹ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਇਕ ਰਿਪੋਰਟ ਤੋਂ ਵੇਖਿਆ-ਪੜ੍ਹਿਆ ਜਾ ਸਕਦਾ ਹੈ। ਅੰਕੜੇ ਦੱਸਦੇ ਹਨ ਕਿ ਵਿੱਤੀ ਵਰ੍ਹੇ 2022-23 'ਚ ਪੰਜਾਬ ਨਰੇਗਾ ਨੇ 1.52 ਲੱਖ ਕੰਮ (ਪਹਿਲੇ ਸਾਲਾਂ ਦੇ ਅਤੇ ਇਸ ਸਾਲ ਦੇ) ਉਲੀਕੇ ਸਨ, ਜਿਸ ਵਿਚੋਂ 8 ਮਹੀਨਿਆਂ 'ਚ (ਨਵੰਬਰ 2022) ਤੱਕ ਸਿਰਫ਼ 18.78 ਫ਼ੀਸਦੀ ਹੀ ਪੂਰੇ ਕੀਤੇ ਗਏ। ਸੂਬੇ ਨੇ ਸਕੀਮ ਅਧੀਨ 1500 ਕਰੋੜ ਖ਼ਰਚਣੇ ਸਨ ਜਿਸ ਵਿਚੋਂ 853.46 ਕਰੋੜ ਹੀ ਖ਼ਰਚੇ (56.9 ਫ਼ੀਸਦੀ)। ਕੁਲ ਮਿਲਾ ਕੇ ਪੰਜਾਬ 'ਚ 153 ਵਿਕਾਸ ਬਲਾਕ ਹਨ, ਜਿਨ੍ਹਾਂ ਅਧੀਨ 13,326 ਗ੍ਰਾਮ ਪੰਚਾਇਤਾਂ ਹਨ। ਇਨ੍ਹਾਂ ਵਿਚੋਂ 654 ਪੰਚਾਇਤਾਂ ਇਹੋ ਜਿਹੀਆਂ ਹਨ, ਜਿਨ੍ਹਾਂ 'ਚ ਮਗਨਰੇਗਾ ਸਕੀਮ ਅਧੀਨ ਇਕ ਵੀ ਪੈਸਾ ਨਹੀਂ ਖਰਚਿਆ ਗਿਆ। ਮਗਨਰੇਗਾ ਸਕੀਮ ਅਧੀਨ 60 ਫ਼ੀਸਦੀ ਮਜ਼ਦੂਰੀ ਅਤੇ 40 ਫੀਸਦੀ ਮਟੀਰੀਅਲ (ਸਾਮਾਨ) 'ਤੇ ਖਰਚਿਆ ਜਾਣਾ ਹੁੰਦਾ ਹੈ। ਇਸ ਰਕਮ ਵਿਚੋਂ 25 ਫ਼ੀਸਦੀ ਸੂਬੇ ਦਾ ਹਿੱਸਾ ਹੁੰਦਾ ਹੈ। ਇਸ ਵਰ੍ਹੇ ਲੇਬਰ ਦਾ ਹਿੱਸਾ ਤਾਂ 71 ਫ਼ੀਸਦੀ ਖ਼ਰਚ ਦਿੱਤਾ ਗਿਆ ਪਰ ਮਟੀਰੀਅਲ ਦਾ ਹਿੱਸਾ ਸਿਰਫ਼ 28.56 ਖਰਚਿਆ ਗਿਆ, ਜਿਸਦਾ ਸਿੱਧਾ ਭਾਵ ਇਹ ਹੈ ਕਿ ਕਾਮਿਆਂ ਦੇ ਸਾਲਾਨਾ 100 ਦਿਨ ਦਾ ਰੁਜ਼ਗਾਰ ਪੈਦਾ ਕਰਨ ਲਈ ਸੜਕਾਂ, ਛੱਪੜ ਆਦਿ ਸਾਫ਼ ਕਰਨ ਉਤੇ ਹੀ ਮਜ਼ਦੂਰੀ ਕਰਵਾ ਦਿੱਤੀ ਗਈ, ਵਿਕਾਸ ਦੇ ਕੰਮਾਂ ਦੀ ਅਣਦੇਖੀ ਹੋਈ। ਜਿਸਦਾ ਸਿੱਧਾ ਕਾਰਨ ਸੂਬੇ ਵਿਚ ਰੇਤਾ, ਬਜਰੀ ਅਤੇ ਹੋਰ ਸਾਮਾਨ ਦੀ ਕਮੀ ਜਾਂ ਵੱਧ ਰੇਟਾਂ 'ਤੇ ਮਿਲਣਾ ਹੈ, ਕਿਉਂਕਿ ਇਮਾਰਤੀ ਮਟੀਰੀਅਲ ਨਾ ਮਿਲਣ ਕਾਰਨ ਪੇਂਡੂ ਵਿਕਾਸ ਦੇ ਕੰਮ ਠੱਪ ਪਏ ਹਨ ਅਤੇ ਬਹੁਤੇ ਥਾਈਂ ਪੰਚਾਇਤਾਂ ਦੇ ਖ਼ਾਤਿਆਂ 'ਚ ਫੰਡ ਤਾਂ ਹਨ, ਪਰ ਖ਼ਰਚੇ ਨਹੀਂ ਜਾ ਰਹੇ। ਉਂਜ ਵੀ ਮਗਨਰੇਗਾ 'ਚ ਕੋਈ ਵੀ ਨਵਾਂ ਪ੍ਰਜੈਕਟ ਆਨਲਾਈਨ ਦਾਖ਼ਲ ਹੁੰਦਾ ਹੈ, ਜਿਸ 'ਚ ਨਿਰਧਾਰਤ ਇਮਾਰਤੀ ਮਟੀਰੀਅਲ ਦਾ ਭਾਅ ਤੈਅ ਹੈ। ਭਾਵ ਜੇਕਰ ਕੋਈ ਉਸਾਰੀ ਕਰਨੀ ਹੈ ਤਾਂ ਸੀਮਿੰਟ ਦੀ ਕੀਮਤ 300 ਰੁਪਏ ਪ੍ਰਤੀ ਬੋਰਾ ਹੈ, ਪਰ ਮਾਰਕੀਟ 'ਚ 400 ਰੁਪਏ ਤੋਂ ਉਪਰ ਹੈ ਤਾਂ ਇਸ ਰੇਟ ਦਾ ਫ਼ਰਕ ਕਿਹੜੀ ਪੰਚਾਇਤ ਜਾਂ ਅਧਿਕਾਰੀ ਚੁੱਕੇਗਾ? ਉਂਜ ਵੀ ਜਿਵੇਂ ਮਾਰਕੀਟ ਵਿਚ ਮਜ਼ਦੂਰੀ ਦਾ ਪ੍ਰਤੀ ਦਿਨ ਰੇਟ 400 ਰੁਪਏ ਤੋਂ 500 ਰੁਪਏ ਹੈ ਜਦਕਿ ਮਗਨਰੇਗਾ 'ਚ ਇਹ ਰੇਟ 250 ਤੋਂ 300 ਰੁਪਏ ਪ੍ਰਤੀ ਦਿਹਾੜੀ ਹੈ।

ਭਾਰਤੀ ਸੰਵਿਧਾਨ ਵਿਚ 73ਵੀਂ ਸੋਧ ਜੋ 1992 'ਚ ਪਾਸ ਕੀਤੀ ਗਈ ਅਤੇ ਅਪ੍ਰੈਲ 1993 'ਚ ਇਹ ਸੋਧ ਲਾਗੂ ਹੋਈ, ਇਸ ਵਿਚ ਪੰਚਾਇਤੀ ਸੰਸਥਾਵਾਂ ਨੂੰ ਜ਼ਮੀਨੀ ਪੱਧਰ 'ਤੇ ਸੂਬਾਈ ਅਤੇ ਕੇਂਦਰੀ ਸਕੀਮਾਂ ਲਾਗੂ ਕਰਨ ਲਈ ਵੱਧ ਅਧਿਕਾਰ ਮਿਲੇ। ਗ੍ਰਾਮ ਸਭਾ ਦੀ ਸਥਾਪਨਾ ਹੋਈ। ਪੰਚਾਇਤਾਂ ਅਧੀਨ 29 ਮਹਿਕਮੇ ਲਿਆਂਦੇ ਗਏ ਪਰ ਇਹ ਅਧਿਕਾਰ ਧਰੇ ਧਰਾਏ ਰਹਿ ਗਏ, ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਨੇ ਪੰਚਾਇਤਾਂ ਨੂੰ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰਨ ਹੀ ਨਾ ਦਿੱਤੀ। ਪੰਚਾਇਤਾਂ ਨੂੰ ਦਿੱਤੇ ਜਾਂਦੇ ਫੰਡਾਂ ਨੂੰ ਵੀ ਅਤੇ ਇਸ ਦੇ ਖ਼ਰਚ ਨੂੰ ਵੀ ਸੂਬਿਆਂ ਦੀਆਂ ਸਰਕਾਰਾਂ ਨੇ 'ਫੰਡ ਨਿਯਮਿਤ' ਕਰਨ ਦੇ ਨਾਮ ਉਤੇ ਲਗਭਗ ਆਪਣੇ ਅਧੀਨ ਕਰ ਲਿਆ। ਹੁਣ ਸਥਿਤੀ ਇਹ ਹੈ ਕਿ ਪੰਚਾਇਤਾਂ ਸਥਾਨਕ ਸਰਕਾਰਾਂ ਵਜੋਂ ਨਹੀਂ, ਸਗੋਂ ਸੂਬਾ ਸਰਕਾਰ ਦੇ ਇੱਕ ਮਹਿਕਮੇ ਦੇ ਅੰਗ ਵਜੋਂ ਹੀ ਚਲਦੀਆਂ ਦਿਸਦੀਆਂ ਹਨ। ਉਂਜ ਵੀ ਪੰਚਾਇਤਾਂ ਨੂੰ ਮਿਲਣ ਵਾਲੇ ਫੰਡਾਂ ਦੀ ਕਮੀ ਵੀ ਪੇਂਡੂ ਵਿਕਾਸ ਦੇ ਆੜੇ ਆ ਰਹੀ ਹੈ।

ਪੰਜਾਬ 'ਚ ਪਿੰਡਾਂ ਦੇ ਵਿਕਾਸ ਲਈ ਪਹਿਲੀਆਂ ਸਰਕਾਰਾਂ ਵਲੋਂ ਵੀ ਟੀਚੇ ਮਿੱਥੇ ਜਾਂਦੇ ਰਹੇ ਹਨ, ਕਦੇ ਮਾਡਲ ਸਕੀਮ ਬਣਾਈ ਗਈ, ਕਦੇ ਕੋਈ ਹੋਰ ਸਕੀਮ, ਚੁਣੇ ਪਿੰਡਾਂ ਲਈ ਲੱਖਾਂ-ਕਰੋੜਾਂ ਦੀਆਂ ਸਰਕਾਰੀ ਗ੍ਰਾਂਟਾਂ ਸਿਆਸੀ ਆਧਾਰ 'ਤੇ ਦਿੱਤੀਆਂ ਗਈਆਂ, ਕਈ ਪਿੰਡਾਂ 'ਚ ਪ੍ਰਵਾਸੀ ਪੰਜਾਬੀਆਂ ਨੇ ਪਿੰਡਾਂ ਦੇ ਸੁਧਾਰ ਲਈ ਬੁਨਿਆਦੀ ਢਾਂਚਾ ਬਣਾਇਆ, ਖੇਡ ਸਟੇਡੀਅਮ, ਸਕੂਲ ਇਮਾਰਤਾਂ ਆਦਿ ਦੀ ਉਸਾਰੀ ਕੀਤੀ, ਪਰ ਪਿੰਡਾਂ ਦੇ ਸਮੂਹਿਕ ਵਿਕਾਸ ਲਈ ਪਿੰਡ ਜਾਂ ਬਲਾਕ ਪੱਧਰੀ ਕਿਸੇ ਵੀ ਪਲਾਨਿੰਗ (ਯੋਜਨਾ) ਦੀ ਅਣਹੋਂਦ ਰਹੀ। ਬਹੁਤੇ ਪਿੰਡਾਂ 'ਚ ਬੇਲੋੜਾ ਬੁਨਿਆਦੀ ਢਾਂਚਾ ਉਸਾਰਿਆ ਗਿਆ ਅਤੇ ਪਿੰਡ 'ਚ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਨਾ ਕੀਤੀਆਂ ਗਈਆਂ। ਆਮ ਤੌਰ 'ਤੇ ਗਲੀਆਂ, ਨਾਲੀਆਂ ਪੱਕੀਆਂ ਕਰਨ, ਗੰਦੇ ਪਾਣੀ ਦੇ ਨਿਕਾਸ ਆਦਿ ਤੱਕ ਹੀ ਪਿੰਡਾਂ ਦਾ ਵਿਕਾਸ ਸੀਮਤ ਕਰ ਦਿੱਤਾ ਗਿਆ।

ਲੋੜ ਤਾਂ ਇਸ ਗੱਲ ਦੀ ਸੀ ਕਿ ਪੰਚਾਇਤਾਂ ਨੂੰ ਸਥਾਨਕ ਸਰਕਾਰ ਵਜੋਂ ਵਿਕਸਤ ਕੀਤਾ ਜਾਂਦਾ। ਹਰ ਪਿੰਡ ਅਤੇ ਫਿਰ ਹਰ ਦਸ ਪਿੰਡਾਂ ਦੇ ਕਲਸਟਰ ਬਣਾ ਕੇ ਪਿੰਡਾਂ ਦੇ ਵਿਕਾਸ ਦੀ ਰੂਪ ਰੇਖਾ ਤਿਆਰ ਹੁੰਦੀ। ਬਲਾਕ ਪੱਧਰ 'ਤੇ ਸਮੂਹਿਕ ਪੇਂਡੂ ਵਿਕਾਸ ਲਈ ਯੋਜਨਾਵਾਂ ਬਣਦੀਆਂ। ਕਿੱਥੇ ਹਸਪਤਾਲ ਖੋਲ੍ਹਣਾ ਹੈ, ਕਿੱਥੇ ਲੋੜ ਅਨੁਸਾਰ ਹਾਈ, ਪ੍ਰਾਈਮਰੀ ਸਕੂਲ ਖੋਲ੍ਹਿਆ ਜਾਣਾ ਹੈ, ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਹੈ, ਨੌਜਵਾਨਾਂ ਲਈ ਵੋਕੇਸ਼ਨਲ ਸੈਂਟਰ ਖੋਲ੍ਹਣੇ ਹਨ, ਕਿੱਥੇ ਖੇਡ ਮੈਦਾਨ ਦੀ ਵਿਵਸਥਾ ਕਿੱਥੇ ਹੋਵੇ ਅਤੇ ਫੰਡਾਂ ਦੀ ਵਿਵਸਥਾ ਸੂਬਾ ਅਤੇ ਕੇਂਦਰ ਸਰਕਾਰ ਸਿਆਸੀ ਪੱਧਰ 'ਤੇ ਨਹੀਂ ਸਗੋਂ ਇਲਾਕੇ ਦੀਆਂ ਲੋੜਾਂ ਅਨੁਸਾਰ ਕਰੇ।

ਪਰ ਇਹ ਸਭ ਕੁਝ ਸਿਆਸੀ ਰੌਲੇ ਰੱਪੇ, ਪੇਂਡੂ ਧੜੇਬੰਦੀ, ਅਨਪੜ੍ਹਤਾ, ਅਗਿਆਨਤਾ ਦੀ ਭੇਟ ਚੜ੍ਹ ਗਿਆ। ਇਸ ਵੇਲੇ ਪੰਜਾਬ ਦਾ ਪੰਚਾਇਤੀ ਢਾਂਚਾ ਤਾਂ ਬੁਰੀ ਤਰ੍ਹਾਂ ਇਸ ਲਪੇਟ ਵਿਚ ਹੈ। ਜਦੋਂ ਗ੍ਰਾਂਟ ਇਹ ਤੈਅ ਕਰ ਕੇ ਦੇਣ ਦੀ ਪਿਰਤ ਹੋਵੇ ਕਿ ਕਿਸ ਪਿੰਡ ਤੇ ਕਿਸ ਪੰਚਾਇਤ ਨੇ ਵੋਟਾਂ ਕਿਸ ਸਿਆਸੀ ਧਿਰ ਨੂੰ ਪਾਈਆਂ ਹਨ ਅਤੇ ਸਿਆਸਤਦਾਨ ਹਾਕਮ ਵੀ ਇਹ ਲਿਸਟਾਂ ਚੁੱਕੀ ਫਿਰਨ ਅਤੇ ਥਾਣੇ ਕਚਹਿਰੀ ਪੰਚਾਇਤਾਂ ਜਾਂ ਉਨ੍ਹਾਂ ਨਾਲ ਜੁੜੇ ਲੋਕਾਂ ਨੂੰ ਖੱਜਲ ਕਰਨ ਤਾਂ ਫਿਰ ਵੱਧ ਅਧਿਕਾਰ, ਪਿੰਡ ਦਾ ਵਿਕਾਸ ਤਾਂ ਕਿਵੇਂ ਵੀ ਸੰਭਵ ਨਹੀਂ ਹੋ ਸਕਦਾ।

ਪੰਜਾਬ ਦਾ ਪਿੰਡ, ਪੰਜਾਬ ਦਾ ਪੰਚਾਇਤੀ ਸਿਸਟਮ ਸਿਆਸੀ ਚੁੰਗਲ 'ਚ ਫਸ ਚੁੱਕਾ ਹੈ, ਸੁਚੇਤ ਲੋਕ ਹੀ ਗ੍ਰਾਮ ਸਭਾਵਾਂ ਨੂੰ ਜਾਗਰਿਤ ਕਰ ਕੇ, ਪੰਜਾਬ ਦੀ ਵਿਰਾਸਤ ਪੰਚ-ਪ੍ਰਧਾਨੀ ਸਿਸਟਮ ਨੂੰ ਮੁੜ ਸਥਾਪਿਤ ਕਰ ਸਕਦੇ ਹਨ।

# ਕਦਰਾਂ-ਕੀਮਤਾਂ

ਅੱਜ ਅਸੀਂ ਭਾਵੇਂ ਕਿੰਨੇ ਹੀ ਡਿਜੀਟਲ ਹੋਣ ਦੇ ਵੱਡੇ ਵੱਡੇ ਦਾਅਵੇ ਕਰੀ ਜਾਈਏ ਕਿ ਅਸੀਂ ਬਹੁਤ ਤਰੱਕੀ ਕਰ ਲਈ ਹੈ ਪਰ ਹਕੀਕਤ ਇਹ ਹੈ ਕਿ ਅਸੀਂ ਆਪਣੀਆਂ ਮੌਲਿਕ ਕਦਰਾਂ-ਕੀਮਤਾਂ ਨੂੰ ਵਿਸਾਰਦੇ ਜਾ ਰਹੇ ਹਾਂ। ਇੰਝ ਲੱਗਦਾ ਹੈ ਕਿ ਮਸ਼ੀਨਾਂ ਦੇ ਇਸ ਯੁੱਗ ਵਿਚ ਜਿਵੇਂ ਇਨਸਾਨ ਵੀ ਮਸ਼ੀਨ




**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**


ਬਣ ਕੇ ਰਹਿ ਗਿਆ ਹੈ। ਇਹੋ ਵਜ੍ਹਾ ਹੈ ਕਿ ਇਕ ਸ਼ਾਇਰ ਨੇ ਆਪਣੇ ਸ਼ਿਅਰ 'ਚ ਮਨੁੱਖ ਦੀ ਖੋਖਲੀ ਤਰੱਕੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ :

ਬੜ੍ਹਨੇ ਕੋ ਬਸ਼ਰ ਚਾਂਦ ਸੇ ਭੀ ਆਗੇ ਬੜ੍ਹਾ ਹੈ।
ਯੇਹ ਸੋਚੀਏ ਕਿਰਦਾਰ ਘਟਾ ਹੈ ਕਿ ਬੜ੍ਹਾ ਹੈ।

ਪਿਛਲੇ ਸਮਿਆਂ ਵਿਚ ਵੱਡੀ ਉਮਰ ਦੇ ਲੋਕਾਂ ਨੇ ਅਕਸਰ ਪਿੰਡਾਂ ਵਿਚ ਮਦਰੱਸੇ ਵੇਖੇ ਹੋਣਗੇ ਜਿਨ੍ਹਾਂ ਨੂੰ ਅੰਗਰੇਜ਼ਾਂ ਦੇ ਬਾਅਦ 'ਚ ਸਕੂਲ ਦੇ ਨਾਂ ਨਾਲ ਨਿਵਾਜ਼ਿਆ।

ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ ਦਿਨਾਂ ਵਿਚ ਸਕੂਲਾਂ 'ਚ ਵਿਦਿਆਰਥੀਆਂ ਦੇ ਰੋਲ ਨੰਬਰ ਤੇ ਨਾਮ ਦੀ ਕੋਈ ਇੰਨੀ ਜ਼ਿਆਦਾ ਅਹਿਮੀਅਤ ਨਹੀਂ ਸੀ ਹੁੰਦੀ। ਵਧੇਰੇ ਬੱਚਿਆਂ ਨੂੰ ਉਨ੍ਹਾਂ ਦੇ ਟੱਬਰਾਂ ਤੋਂ ਪਹਿਚਾਣਿਆ ਜਾਂਦਾ ਸੀ ਤੇ ਅਕਸਰ ਮਾਸਟਰ ਜੀ ਹਾਜ਼ਰੀ ਵੀ ਰੋਲ ਨੰਬਰ ਦੀ ਥਾਂ ਟੱਬਰ ਵਾਈਜ਼ ਹੀ ਲਾਇਆ ਕਰਦੇ ਸਨ। ਜਿਵੇਂ, 'ਲੰਬੜਾਂ ਦਾ ਜੱਗੀ!' ਤੇ ਬੱਚੇ ਆਖਣਾ, 'ਹਾਜ਼ਰ ਜੀ!'

'ਗੁੱਜਰਾਂ ਦਾ ਸਦੀਕ!' ਉਸ ਨੇ ਕਹਿਣਾ ਹਾਜ਼ਰ ਜਨਾਬ!

'ਜੱਟਾਂ ਦਾ ਕੁਲਦੀਪ!' ਹਾਜ਼ਰ ਜੀ!

ਨਾਈਆਂ ਦਾ ਮੁਖ਼ਤਿਆਰ! ਤੇ ਉਸ ਨੇ ਵੀ ਜੁਆਬ 'ਚ ਆਖਣਾ ਹਾਜ਼ਰ ਜੀ!

ਤੇ ਫਿਰ ਇਸੇ ਤਰ੍ਹਾਂ ਮਾਸਟਰ ਜੀ ਨੇ ਕਹਿਣਾ 'ਘੁਮਿਆਰਾਂ ਦਾ ਅਸ਼ਰਫ਼!' ਤੇ ਉਨ੍ਹੇ ਵੀ ਆਖਣਾ ਹਾਜ਼ਰ ਜਨਾਬ!

'ਪਠਾਨਾਂ ਦਾ ਜਮਸ਼ੇਦ!' 'ਪਰੇਜ਼ੇਂਟ ਸ੍ਰ!'

ਉਨ੍ਹੀਂ ਦਿਨੀਂ ਮਾਸਟਰ ਤਾਅਲੀਮ ਦੇ ਨਾਲ ਨਾਲ ਬੱਚਿਆਂ ਦੀ ਤਰਬੀਅਤ ਵੱਲ ਵੀ ਉਚੇਚਾ ਧਿਆਨ ਦਿੰਦੇ ਸਨ।

ਵਿਦਿਆਰਥੀਆਂ ਵਿਚ ਇਖ਼ਲਾਕੀ ਕਦਰਾਂ-ਕੀਮਤਾਂ ਨੂੰ ਬੜਾਵਾ (ਫਿਰੋਗ਼) ਦੇਣ ਲਈ ਆਖ ਦਿੰਦੇ ਕਿ ਸਵੇਰ ਨੂੰ ਹਰ ਵਿਦਿਆਰਥੀ ਨੇ ਕੋਈ ਨਾ ਕੋਈ ਨੇਕੀ ਵਾਲਾ ਕੰਮ ਕਰ ਕੇ ਆਉਣਾ ਹੈ। ਤੇ ਜਦੋਂ ਦੂਜੇ ਦਿਨ ਸਕੂਲ 'ਚ ਬੱਚੇ ਆਉਂਦੇ ਤਾਂ ਮਾਸਟਰ ਕ੍ਰਮਵਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੁਆਰਾ ਕੀਤੇ ਨੇਕ ਕੰਮਾਂ ਬਾਰੇ ਪੁੱਛਣਾ ਸ਼ੁਰੂ ਕਰ ਦਿੰਦਾ ਤਾਂ ਜਮਾਤ ਵਿਚ ਲਾਈਨ ਵਿਚ ਖੜ੍ਹੇ ਕਰ ਜਦੋਂ ਮਾਸਟਰ ਜੀ ਪੁੱਛਦੇ ਤਾਂ ਲੰਬੜਾ ਦਾ ਜੱਗੀ ਆਖਦਾ, 'ਜੀ ਮੈਂ ਸਵੇਰੇ ਸਵੇਰੇ ਆਪਣੀ ਮਾਤਾ ਲਈ ਕੱਪੜੇ ਤੇ ਮੱਝਾਂ ਨਹਾਉਣ ਲਈ ਨਲਕੇ 'ਚੋਂ ਤਿੰਨ ਬਾਲਟੀਆਂ ਪਾਣੀ ਦੀਆਂ ਭਰ ਕੇ ਆਇਆ ਹਾਂ।' ਮਾਸਟਰ ਆਖਦਾ, 'ਸ਼ਾਬਾਸ਼ੇ ਵੀ ਜੱਗੀ ਤੇਰੇ!'

ਤੇ ਉਧਰ ਗੁੱਜਰਾਂ ਦਾ ਸਦੀਕ ਆਖਦਾ, 'ਜੀ ਮੈਂ ਸਵੇਰੇ ਫਜਰ ਦੀ ਨਮਾਜ਼ ਪੜ੍ਹ ਮੱਝਾਂ ਨੂੰ ਪੱਠੇ ਪਾ ਕੇ ਤਿੰਨ ਮੱਝਾਂ ਦਾ ਦੁੱਧ ਚੋਅ ਕੇ ਆਇਆ ਹਾਂ।'

'ਬਹੁਤ ਵਧੀਆ ਕੀਤਾ ਵੀ ਸਦੀਕ ਤੂੰ ਬੈਠ ਆਪਣੀ ਥਾਂ 'ਤੇ ਜਾ ਕੇ।'

ਨਾਈਆਂ ਦਾ ਮੁਖ਼ਤਿਆਰ ਆਖਦਾ, 'ਮੈਂ ਆਪਣੇ ਬਿਮਾਰ ਬਾਪੂ ਦੀਆਂ ਲੱਤਾਂ ਘੁੱਟ ਕੇ ਤੇ ਆਪਣੀ ਮਾਂ ਨਾਲ ਟੋਕਾ ਕਰਵਾ ਕੇ ਆਇਆ ਹਾਂ।'

ਘੁਮਿਆਰਾਂ ਦੇ ਅਸ਼ਰਫ਼ ਦੀ ਵਾਰੀ ਆਈ ਤਾਂ ਉਸ ਨੇ ਆਖਿਆ, 'ਮਾਸਟਰ ਜੀ ਸਵੇਰੇ ਸਵੇਰੇ ਪਿੰਡ ਦੇ ਖੂਹ ਦੇ ਲਾਗੇ ਖੜ੍ਹੀਆਂ ਜਨਾਨੀਆਂ ਦੀਆਂ ਬਲਟੋਹੀਆਂ 'ਚ ਪਾਣੀ ਭਰ ਭਰ ਪਾ ਕੇ ਆਇਆ ਹਾਂ।'

ਕਾਸ਼ ਉਹ ਦਿਨ ਮੁੜ ਆ ਜਾਣ... ਕਾਸ਼ ਸਾਡੀ ਉਹ ਸਾਦਗੀ ਭਰੀ ਜ਼ਿੰਦਗੀ ਸਾਨੂੰ ਕੋਈ ਮੁੜ ਵਾਪਸ ਕਰ ਦੇਵੇ... ਕਾਸ਼ ਸਾਡੇ ਬੱਚਿਆਂ ਦੀ ਉਹੀ ਪਹਿਲਾਂ ਵਾਲੀ ਮਾਸੂਮੀਅਤ ਦੁਬਾਰਾ ਉਨ੍ਹਾਂ ਵਿਚ ਆ ਜਾਵੇ... ਤਾਂ ਜੀਵਨ ਮੁੜ ਤੋਂ ਸੁਰਜੀਤ ਹੋ ਜਾਵੇ।

# ਲਾਹੌਰ ਫਿਲਮ ਸਨਅਤ ਦਾ ਬਾਨੀ ਹਕੀਮ ਰਾਮ ਪ੍ਰਸ਼ਾਦ

ਮਨਦੀਪ ਸਿੰਘ ਸਿੱਧੂ

ਲਾਹੌਰ ਦਾ ਖ਼ਿਆਲ ਆਉਂਦਿਆਂ ਹੀ ਇੱਕ ਖ਼ੂਬਸੂਰਤ ਤਸਵੀਰ ਅੱਖਾਂ ਸਾਹਵੇਂ ਨੱਚ ਉੱਠਦੀ ਹੈ। ਇਸ ਦੀ ਖ਼ੂਬਸੂਰਤੀ ਦਾ ਰਾਜ਼ ਇੱਥੋਂ ਦੀ ਫਿਲਮ ਸਨਅਤ ਹੈ ਜਿਸ ਨੇ ਪੰਜਾਬ ਦੀ ਪੰਜਾਬੀ, ਹਿੰਦੀ ਅਤੇ ਖ਼ਾਮੋਸ਼ ਫਿਲਮ ਜਗਤ ਨੂੰ ਕਈ ਮਸ਼ਹੂਰ ਕਲਾਕਾਰ ਦੇ ਕੇ ਫਿਲਮ ਇਤਿਹਾਸ 'ਚ ਆਪਣਾ ਨਾਮ ਸੁਨਹਿਰੀ ਅੱਖਰਾਂ ਵਿਚ ਦਰਜ ਕਰਵਾਇਆ। ਇਨ੍ਹਾਂ ਅਜ਼ੀਮ ਪੰਜਾਬੀ ਕਲਕਾਰਾਂ ਦੀ ਸੂਚੀ ਵਿਚ ਇੱਕ ਨਾਮ ਹਕੀਮ ਰਾਮ ਪ੍ਰਸ਼ਾਦ ਦਾ ਆਉਂਦਾ ਹੈ ਜਿਸ ਨੂੰ ਸਿਨੇਮਾ ਘਰਾਂ ਦਾ ਬਾਦਸ਼ਾਹ ਕਿਹਾ ਜਾਂਦਾ ਸੀ।

ਹਕੀਮ ਰਾਮ ਪ੍ਰਸ਼ਾਦ ਦੀ ਪੈਦਾਇਸ਼ 1902 ਵਿਚ ਲਾਹੌਰ ਦੇ ਪੰਜਾਬੀ ਹਿੰਦੂ ਪਰਿਵਾਰ ਵਿਚ ਹੋਈ। ਉਹ ਲਾਹੌਰ ਦਾ ਦੌਲਤਮੰਦ ਸ਼ਖ਼ਸ ਸੀ। ਪੰਜਾਬ ਵੰਡ ਤੋਂ ਪਹਿਲਾਂ ਉਸ ਦੇ ਲਾਹੌਰ, ਭਾਟੀ ਗੇਟ ਦੇ ਬਾਹਰਵਾਰ ਪੰਜ ਸਿਨੇਮਾਘਰ ਮੌਜੂਦ ਸਨ ਜਿਨਾਂ ਵਿਚ 'ਵਲਿੰਗਟਨ ਸਿਨੇਮਾ', 'ਕੈਪੀਟਲ ਸਿਨੇਮਾ', 'ਐਕਸੀਲੀਜ਼ਰ ਸਿਨੇਮਾ' (ਮੌਜੂਦਾ ਰਿਟਜ਼ ਸਿਨੇਮਾ), 'ਰੌਕਸੀ ਸਿਨੇਮਾ' (ਮੌਜੂਦਾ ਸਨੋਬਰ ਸਿਨੇਮਾ) ਅਤੇ 'ਕਰਾਊਨ ਸਿਨੇਮਾ' ਦੇ ਨਾਮ ਜ਼ਿਕਰਯੋਗ ਹਨ। ਪੰਜਾਬ ਤੋਂ ਇਲਾਵਾ ਹਕੀਮ ਰਾਮ ਪ੍ਰਸ਼ਾਦ ਦੇ ਦਿੱਲੀ, ਸ਼ਿਮਲਾ ਅਤੇ ਅਹਿਮਦਾਬਾਦ ਵਿਚ ਸਿਨੇਮਾ ਘਰ ਮੌਜੂਦ ਸਨ। ਇਨ੍ਹਾਂ ਤੋਂ ਇਲਾਵਾ ਇੱਕ ਡਿਸਟ੍ਰੀਬਿਊਸ਼ਨ ਅਦਾਰਾ 'ਰਾਇਲ ਪਿਕਚਰਜ਼ ਡਿਸਟ੍ਰੀਬਿਊਸ਼ਨ' ਅਤੇ ਇੱਕ ਫਿਲਮ ਸਟੂਡੀਓ 'ਪਲੇਆਰਟ ਫੋਟੋਟੋਨ' ਦੇ ਨਾਮ ਨਾਲ ਸੀ। ਇਸੇ ਸਦਕਾ ਹਕੀਮ ਸਾਹਬ ਨੂੰ ਪੰਜਾਬ ਫਿਲਮ ਸਨਅਤ ਦਾ ਬਾਨੀ ਵੀ ਕਿਹਾ ਜਾਂਦਾ ਸੀ।

1931 ਵਿਚ ਮਹਾਂਦੀਪ ਵਿਚ ਇਨਕਲਾਬ ਆ ਗਿਆ, ਯਾਨੀ ਚੁੱਪ ਫਿਲਮਾਂ ਤੋਂ ਬਾਅਦ ਬੋਲਣ ਵਾਲੀਆਂ ਫਿਲਮਾਂ ਦਾ ਦੌਰ ਸ਼ੁਰੂ ਹੋ ਗਿਆ। 14 ਮਾਰਚ 1931 ਨੂੰ ਬੰਬਈ ਦੇ ਮੈਜਿਸਟਿਕ ਸਿਨੇਮਾ ਵਿਚ ਭਾਰਤ ਦੀ ਪਹਿਲੀ ਬੋਲਦੀ ਤੇ ਨੱਚਦੀ ਗਾਉਂਦੀ ਹਿੰਦੀ ਫਿਲਮ 'ਆਲਮ ਆਰਾ' ਦੀ ਨੁਮਾਇਸ਼ ਹੋਈ। ਇਸ ਫਿਲਮ ਦੇ ਹਿਦਾਇਤਕਾਰ ਖ਼ਾਨ ਬਹਾਦੁਰ ਅਰਦੇਸ਼ੀਰ ਐੱਮ. ਇਰਾਨੀ ਸਨ। ਫਿਲਮ ਦਾ ਸੰਗੀਤ ਫਿਰੋਜ਼ ਸ਼ਾਹ ਮਿਸਤਰੀ ਅਤੇ ਬੀ. ਇਰਾਨੀ ਉਰਫ ਬਹਿਰਾਮ ਇਰਾਨੀ ਨੇ ਤਿਆਰ ਕੀਤਾ ਸੀ। ਫਿਲਮ ਦੇ 7 ਗੀਤਾਂ ਦਾ ਹਵਾਲਾ ਮਿਲਦਿਆ ਹੈ ਜਿਨ੍ਹਾਂ ਨੂੰ ਵਜ਼ੀਰ ਮੁਹੰਮਦ ਖ਼ਾਨ, ਜ਼ੁਬੈਦਾ, ਜਿੱਲੋ ਬਾਈ ਆਦਿ ਨੇ ਗਾਇਆ ਸੀ। ਇਸ ਫਿਲਮ ਦੇ ਅਦਾਕਾਰਾਂ ਵਿਚ ਮਾਸਟਰ ਵਿੱਠਲ, ਮਿਸ ਜ਼ੁਬੈਦਾ, ਮਿਸ ਜਿੱਲੋ ਬਾਈ, ਸੁਸ਼ੀਲਾ, ਪ੍ਰਿਥਵੀਰਾਜ ਕਪੂਰ, ਜਗਦੀਸ਼ ਸੇਠੀ, ਮੁਨਸ਼ੀ ਜ਼ਹੀਰ (ਅੰਮ੍ਰਿਤਸਰ), ਵੀ.ਐੱਲ. ਪ੍ਰਸ਼ਾਦ, ਅਲੀਜ਼ਰ ਸਖੂ ਸ਼ਾਮਲ ਸਨ। 124 ਮਿੰਟ ਦੀ ਇਹ ਫਿਲਮ 40 ਹਜ਼ਾਰ ਦੀ ਲਾਗਤ ਨਾਲ ਬਣੀ ਸੀ।

ਇਸ ਫਿਲਮ ਨੇ ਲਾਹੌਰ (ਪੰਜਾਬ) ਦੇ ਫਿਲਮਸਾਜ਼ਾਂ ਨੂੰ ਵੀ ਬੜਾ ਪ੍ਰਭਾਵਿਤ ਕੀਤਾ। ਇਨ੍ਹਾਂ ਵਿਚ ਪਹਿਲਾ ਨਾਮ ਹਕੀਮ ਰਾਮ ਪ੍ਰਸ਼ਾਦ ਦਾ ਆਉਂਦਾ ਹੈ ਜਿਨ੍ਹਾਂ ਨੇ ਇਸ ਫਿਲਮ ਨੂੰ ਰਿਲੀਜ਼ ਕਰਨ ਦਾ ਮਾਣ ਹਾਸਿਲ ਕੀਤਾ। ਲਾਹੌਰ ਵਿਚ ਇਸ ਫਿਲਮ ਦੀ ਨੁਮਾਇਸ਼ ਹਕੀਮ ਸਾਹਬ ਦੇ ਵਿਤਰਕ ਅਦਾਰੇ ਰਾਇਲ ਪਿਕਚਰਜ਼ ਡਿਸਟ੍ਰੀਬਿਊਟਰ ਕੰਪਨੀ ਦੇ ਸਹਿਯੋਗ ਨਾਲ ਹੋਈ ਸੀ। ਫਿਲਮ ਲਾਹੌਰ ਦੇ ਕੈਪੀਟਲ ਥੀਏਟਰ ਵਿਚ 14 ਅਪਰੈਲ 1931 ਨੂੰ ਨੁਮਾਇਸ਼ ਹੋਈ। ਇਸ ਫਿਲਮ ਦਾ ਲਾਹੌਰ ਵਿਚ ਇਸ ਕਦਰ ਤਹਿਲਕਾ ਮੱਚਿਆ ਸੀ ਕਿ ਦੋ ਆਨੇ ਵਾਲੀ ਟਿਕਟ ਦਾ ਰੇਟ 6 ਆਨੇ ਕਰ ਦਿੱਤਾ ਗਿਆ ਸੀ ਪਰ ਉਸ ਵੇਲੇ ਇਹ ਟਿਕਟ ਬਲੈਕ ਵਿਚ 10, 15 ਅਤੇ 20 ਰੁਪਏ ਤੱਕ ਸੇਲ ਹੋਈ।

ਇਸ ਫਿਲਮ ਦੇ ਲਾਹੌਰ ਤੋਂ ਛਪਦੇ ਰੋਜ਼ਾਨਾ ਉਰਦੂ ਅਖ਼ਬਾਰ 'ਦਿ ਡੇਲੀ ਇਨਕਲਾਬ' ਦੇ 14 ਅਪਰੈਲ 1931 ਨੂੰ ਪ੍ਰਕਾਸ਼ਿਤ ਇਸ਼ਤਿਹਾਰ ਉੱਤੇ ਦਰਜ ਇਬਾਰਤ ਅਨੁਸਾਰ- 'ਦੁਨਿਆਵੀ ਸਿਨੇਮਾ ਮੇਂ ਤਹਿਲਕਾ ਮਚ ਦੇਨੇ ਵਾਲੀ ਫਿਲਮ ਕੈਪੀਟਲ ਥੀਏਟਰਜ਼, ਮੈਕਲੋਡ ਰੋਡ ਮੇਂ...ਹਿੰਦੋਸਤਾਨੀ ਸੌ ਫੀਸਦੀ ਗਾਨੇ ਔਰ ਬੋਲਨੇ ਵਾਲਾ ਡਰਾਮਾ 'ਆਲਮ ਆਰਾ' 14 ਅਪਰੈਲ ਬਰੋਜ਼ (ਦਿਨ) ਮੰਗਲਵਾਰ ਸੇ।' ਉਸ ਦੇ ਥੱਲੇ ਲਿਖਿਆ ਸੀ- 'ਯੇਹ ਮੁਕੰਮਲ ਹਿੰਦੋਸਤਾਨੀ ਗਾਨੇ ਔਰ ਬੋਲਨੇ ਵਾਲਾ ਪਹਿਲਾ ਡਰਾਮਾ ਹੈ ਜਿਸ ਮੇਂ ਹਿੰਦੋਸਤਾਨ ਕੇ ਹੁਸੀਨਤਰੀਨ ਔਰ ਖ਼ੁਸ਼ਗੁਲ ਐਕਟਰ ਕਾਮ ਕਰਤੇ ਹੈਂ। ਇਸ ਫਿਲਮ ਕੀ ਕਹਾਨੀ ਨਿਹਾਇਤ ਅਸਲੀ ਹੈ ਜਿਸ ਕੋ ਦਿਲਕਸ਼ ਗਾਨੋਂ ਔਰ ਹੁਸੀਨਤਰੀਨ ਐਕਟਰਸੋਂ ਨੇ ਉਨ ਪਰ ਚਾਰ ਚਾਂਦ ਲਗਾ ਦੀਏ ਹੈਂ। ਐਸੀ ਲਾਜਵਾਬ ਫਿਲਮ ਪਹਿਲੇ ਆਪ ਨੇ ਨਹੀਂ ਦੇਖੀ ਹੋਗੀ। ਇਸਕੋ ਜ਼ਰੂਰ ਦੇਖੇਂ!'

ਸਾਲ 1931 ਤੱਕ ਲਾਹੌਰ ਦੇ ਸਿਨੇਮੇ ਘਰਾਂ ਵਿਚ ਟਿਕਟਾਂ ਦੇ ਰੇਟ 5 ਰੁਪਏ ਗੈਲਰੀ, ਇੱਕ ਰੁਪਈਆ ਸਟਾਲ, ਅੱਠ ਆਨੇ, ਚਾਰ ਆਨੇ ਆਮ ਟਿਕਟ ਸਨ। ਇਸ ਫਿਲਮ ਦੀ ਨੁਮਾਇਸ਼ ਨੇ ਲਾਹੌਰ ਵਿਚ ਵੀ ਚੁੱਪ ਫਿਲਮਾਂ ਦੇ ਦੌਰ ਨੂੰ ਖ਼ਤਮ ਕਰ ਦਿੱਤਾ ਸੀ। ਜਿਹੜੇ ਫਿਲਮਸਾਜ਼ ਚੁੱਪ ਫਿਲਮਾਂ ਬਣਾਉਣ ਦੇ ਪ੍ਰੋਗਰਾਮ ਤਿਆਰ ਕਰ ਰਹੇ ਸਨ, ਉਨ੍ਹਾਂ ਨੇ ਆਪਣੇ ਸਾਰੇ ਦੇ ਸਾਰੇ ਪ੍ਰੋਗਰਾਮ ਰੱਦ ਕਰਵਾ ਦਿੱਤੇ ਅਤੇ ਬੋਲਣ ਵਾਲੀਆਂ ਫਿਲਮਾਂ ਦੇ ਬਾਰੇ ਮਨਸੂਬੇ ਬਣਾਉਣੇ ਸ਼ੁਰੂ ਕਰ ਦਿੱਤੇ।

ਹਕੀਮ ਰਾਮ ਪ੍ਰਸ਼ਾਦ ਨੇ ਫਿਲਮ 'ਆਲਮ ਆਰਾ' ਦੀ ਨੁਮਾਇਸ਼ ਤੋਂ ਬਹੁਤ ਜ਼ਿਆਦਾ ਸਰਮਾਇਆ ਇਕੱਠਾ ਕਰ ਲਿਆ ਸੀ। ਇਸੇ ਖ਼ੁਸ਼ੀ ਵਿਚ ਉਨ੍ਹਾਂ ਨੇ ਲਾਹੌਰ ਦੇ ਗੱਭਰੂ ਅਬਦੁੱਲ ਰਸ਼ੀਦ ਕਾਰਦਾਰ ਨੂੰ ਬੰਬਈ ਤੋਂ ਇੱਕ ਫਿਲਮ ਨਿਰਦੇਸ਼ਿਤ ਕਰਨ ਲਈ ਲਾਹੌਰ ਸੱਦ ਲਿਆ। ਕਾਰਦਾਰ ਆਪਣੇ ਨਾਲ ਆਪਣੇ ਕਰੀਬੀ ਮਿੱਤਰ ਮੁਹੰਮਦ ਇਸਮਾਇਲ (ਐੱਮ. ਇਸਮਾਇਲ) ਨੂੰ ਵੀ ਲੈ ਆਇਆ ਜੋ ਪਿੱਛਿਓਂ ਭਾਟੀ ਗੇਟ, ਲਾਹੌਰ ਦਾ ਰਹਿਣ ਵਾਲਾ ਸੀ।

ਅਬਦੁੱਲ ਰਸ਼ੀਦ ਕਾਰਦਾਰ ਨੇ ਹਕੀਮ ਰਾਮ ਪ੍ਰਸ਼ਾਦ ਦੇ ਨਾਲ ਮਿਲ ਕੇ ਮੈਕਲੋਡ ਰੋਡ, ਲਾਹੌਰ ਉੱਪਰ 'ਰਿਟਜ਼ ਸਿਨੇਮਾ' ਦੇ ਪਿੱਛੇ ਇੱਕ ਮੰਜ਼ਿਲ ਦਾ ਸਟੂਡੀਓ ਤਾਮੀਰ ਕੀਤਾ ਜਿਸ ਦਾ ਨਾਮ 'ਪਲੇਆਰਟ ਫੋਟੋਟੋਨ ਸਟੂਡੀਓ' ਰੱਖਿਆ ਗਿਆ ਜੋ ਅੱਜ ਵੀ 'ਸਿਟੀ ਸਟੂਡੀਓ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਐੱਮ. ਇਸਮਾਇਲ ਅਤੇ



ਐੱਮ. ਜ਼ਹੂਰ ਉਰਫ ਸ਼ੇਖ਼ ਮੁਹੰਮਦ ਜ਼ਹੂਰ-ਉਦ-ਦੀਨ, ਗੁੱਜਰਾਂਵਾਲਾ (ਅਦਾਕਾਰਾ ਸੁਰੱਈਆ ਦਾ ਸਕਾ ਮਾਮਾ) ਦਾ ਕਹਿਣਾ ਸੀ ਕਿ ਉਹ ਇਸ ਸਟੂਡੀਓ ਦੀ ਉਸਾਰੀ ਦੌਰਾਨ ਦੂਸਰਿਆਂ ਮਜ਼ਦੂਰਾਂ ਦੇ ਨਾਲ ਲੋਹੇ ਦੇ ਭਾਰੇ ਗਾਡਰ ਆਪਣੇ ਮੋਢਿਆਂ ਉੱਪਰ ਚੁੱਕ ਕੇ ਲਿਆਉਂਦੇ ਸਨ। ਕਾਰਦਾਰ ਦਾ ਸਾਰਾ ਯੂਨਿਟ ਰੋਜ਼ਾਨਾ ਸਟੂਡੀਓ ਦੀ ਉਸਾਰੀ ਵਿਚ ਮਸਰੂਫ ਰਹਿੰਦਾ ਅਤੇ ਇਸ ਤਰ੍ਹਾਂ ਸਾਰਿਆਂ ਦੇ ਪਿਆਰ ਤੇ ਮਿਹਨਤ-ਮੁਸ਼ੱਕਤ ਨਾਲ ਇਹ ਅਦਾਰਾ ਮੁਕੰਮਲ ਹੋ ਗਿਆ।

1932 ਵਿਚ ਹਕੀਮ ਰਾਮ ਪ੍ਰਸ਼ਾਦ ਨੇ ਆਪਣੇ ਇਸ ਫਿਲਮਸਾਜ਼ ਅਦਾਰੇ ਪਲੇਆਰਟ ਫੋਟੋਟੋਨ, ਲਾਹੌਰ ਦੇ ਬੈਨਰ ਹੇਠ ਏ. ਆਰ. ਕਾਰਦਾਰ ਉਰਫ ਅਬਦੁੱਲ ਰਸ਼ੀਦ ਕਾਰਦਾਰ ਦੀ ਹਿਦਾਇਤਕਾਰੀ ਵਿਚ ਆਪਣੀ ਪਹਿਲੀ ਬੋਲਦੀ ਹਿੰਦੀ/ਉਰਦੂ ਫਿਲਮ 'ਹੀਰ ਰਾਂਝਾ' ਉਰਫ 'ਹੂਰ-ਏ-ਪੰਜਾਬ' (1932) ਸ਼ੁਰੂ ਕੀਤੀ। ਵਾਰਿਸ ਸ਼ਾਹ ਦੇ ਮਸ਼ਹੂਰ ਇਸ਼ਕੀਆ ਅਫਸਾਨੇ 'ਤੇ ਬਣੀ ਇਸ ਹਿੰਦੀ ਫਿਲਮ ਵਿਚ 'ਹੀਰ' ਦਾ ਕਿਰਦਾਰ ਅੰਮ੍ਰਿਤਸਰ ਦੀ ਮਾਰੂਫ ਲੋਕ ਫਨਕਾਰਾ ਮਿਸ ਅਨਵਰ ਉਰਫ ਅਨਵਰੀ ਬਾਈ ਉਰਫ ਅਨਵਰੀ ਬੇਗਮ (ਬੁਲਬੁਲ-ਏ-ਪੰਜਾਬ) ਨੇ ਅਦਾ ਕੀਤਾ ਜਿਸ ਦੇ ਹਮਰਾਹ 'ਰਾਂਝਾ' ਦਾ ਕਿਰਦਾਰ ਰਾਵਲਪਿੰਡੀ ਦਾ ਗੱਭਰੂ ਮੁਹੰਮਦ ਰਫੀਕ ਗ਼ਜ਼ਨਵੀ ਬੀ. ਏ. ਨੇ ਨਿਭਾ ਰਿਹਾ ਸੀ। ਇਹ ਦੋਵਾਂ ਦੀ ਪਹਿਲੀ ਫਿਲਮ ਸੀ।

ਬਾਕੀ ਕਲਾਕਾਰਾਂ ਵਿਚ ਐੱਮ. ਇਸਮਾਇਲ (ਕੈਦੋਂ), ਗੁਲ ਹਮੀਦ (ਰਾਜਾ ਅਦਲੀ), ਲਾਲਾ ਯਕੂਬ, ਹੈਦਰ ਸ਼ਾਹ, ਨਜ਼ੀਰ, ਨਵਾਬ ਕਾਰਦਾਰੀ (ਡਰਾਈਵਰ ਏ. ਆਰ. ਕਾਰਦਾਰ), ਤਰੂ ਸ਼ਾਹ ਆਦਿ ਸ਼ਾਮਲ ਸਨ। ਫਿਲਮ ਦੀ ਫੋਟੋਗ੍ਰਾਫੀ ਵੀ. ਐੱਮ. ਵਿਆਸ, ਕਹਾਣੀ ਪ੍ਰੋਫੈਸਰ ਆਬਿਦ ਅਲੀ ਆਬਿਦ, ਸੰਵਾਦ ਲਾਲਾ ਯਕੂਬ (ਲਾਹੌਰ), ਸਕਰੀਨ ਪਲੇਅ ਐੱਮ. ਸਾਦਿਕ (ਲਾਹੌਰ), ਕਲਾ ਨਿਰਦੇਸ਼ਕ ਐੱਮ. ਇਸਮਾਇਲ, ਗੀਤ/ਕਲਾਮ ਵਾਰਿਸ ਸ਼ਾਹ ਅਤੇ ਸੰਗੀਤ ਦੀਆਂ ਤਰਜ਼ਾਂ ਖ਼ੁਦ ਮੁਹੰਮਦ ਰਫੀਕ ਗ਼ਜ਼ਨਵੀ ਨੇ ਮੁਰੱਤਿਬ ਕੀਤੀਆਂ ਸਨ। ਇਹ ਗੱਲ ਕਾਬਿਲ-ਏ-ਜ਼ਿਕਰ ਹੈ ਮਸ਼ਹੂਰ ਸੰਗੀਤਕਾਰ ਭਾਈ ਗ਼ੁਲਾਮ ਹੈਦਰ 'ਅੰਮ੍ਰਿਤਸਰੀ' ਰਫੀਕ ਗ਼ਜ਼ਨਵੀ ਦੇ ਸਹਾਇਕ ਸੰਗੀਤਕਾਰ ਸਨ ਜਿਨ੍ਹਾਂ ਨਾਲ ਮੋਹਨੀ ਬੈਂਡ, ਲਾਹੌਰ ਦੇ ਮਾਲਕ ਮੋਹਨੀ ਕਲੈਰੇਨਟ ਵਜਾਉਂਦੇ ਸਨ।

ਇਸ ਫਿਲਮ 'ਚ ਕਾਫੀ ਤਦਾਦ 'ਚ ਗੀਤ ਸਨ ਪਰ ਲਾਹੌਰ ਤੋਂ ਛਪਦੇ ਰੋਜ਼ਾਨਾ ਉਰਦੂ ਅਖ਼ਬਾਰ 'ਦਿ ਡੇਲੀ ਇਨਕਲਾਬ' ਦੇ ਇਸ਼ਤਿਹਾਰਾਂ 'ਤੇ ਦਰਜ ਇਬਾਰਤ ਅਨੁਸਾਰ ਫਿਲਮ ਦੇ ਸਿਰਫ ਤਿੰਨ ਗੀਤਾਂ ਦਾ ਹਵਾਲਾ ਮਿਲ ਸਕਿਆ ਹੈ। ਪਹਿਲੇ ਦੋ ਗੀਤ ਪੰਜਾਬੀ ਜ਼ੁਬਾਨ 'ਚ 'ਰਾਂਝੇ ਨੂੰ ਲਿਆਵੋ ਮੋੜ ਕੇ ਨਾ ਜਾਵੀਂ ਰਾਂਝਣਾ ਵੇ' ਤੇ 'ਟੁਰ ਚੱਲਿਆ ਨੀ ਰਾਂਝਾ ਮੇਰੀ ਪ੍ਰੀਤ ਨੂੰ ਤੋੜ ਕੇ' ਅਤੇ ਤੀਜੀ ਉਰਦੂ ਗ਼ਜ਼ਲ 'ਉੱਠ ਏ ਵਫਾ ਸ਼ਾਰ ਮੇਰਾ ਹਾਲੇ ਜ਼ਾਰ ਦੇਖ'। ਇਹ ਫਿਲਮ 9 ਸਤੰਬਰ 1932 ਨੂੰ ਕੈਪੀਟਲ ਸਿਨੇਮਾ, ਮੈਕਲੋਡ ਰੋਡ, ਲਾਹੌਰ ਅਤੇ ਸਟਾਰ ਸਿਨੇਮਾ, ਭਾਟੀ ਗੇਟ, ਲਾਹੌਰ ਵਿਖੇ ਨੁਮਾਇਸ਼ ਲਈ ਪੇਸ਼ ਕਰ ਦਿੱਤੀ ਗਈ ਪਰ ਆਪਣੀ ਨਾਕਸ ਫੋਟੋਗ੍ਰਾਫੀ ਦੀ ਵਜ੍ਹਾ ਨਾਲ ਫਲਾਪ ਹੋ ਗਈ।

ਇਸ ਫਿਲਮ ਤੋਂ ਬਾਅਦ ਫਿਲਮਸਾਜ਼ ਹਕੀਮ ਰਾਮ ਪ੍ਰਸ਼ਾਦ ਨੇ ਆਪਣੀ ਦੂਜੀ ਹਿੰਦੀ/ਉਰਦੂ ਫਿਲਮ 'ਰਾਜਾ ਗੋਪੀ ਚੰਦ' (1932) ਸ਼ੁਰੂ ਕੀਤੀ। ਇਸ ਦੀ ਹਿਦਾਇਤਕਾਰੀ ਲਈ ਬੰਬਈ ਤੋਂ ਅਖ਼ਤਰ ਨਵਾਜ਼ ਨੂੰ ਸੱਦਿਆ ਗਿਆ ਜੋ ਪਿੱਛਿਓਂ ਪਸ਼ੌਰ (ਪੇਸ਼ਾਵਰ) ਦਾ ਰਹਿਣ ਵਾਲਾ ਪੰਜਾਬੀ ਸੀ। ਫਿਲਮ ਦੇ ਸਿਤਾਰਿਆਂ ਵਿਚ ਜੱਦਣ ਬਾਈ (ਸੰਗੀਤ ਦੀ ਰਾਣੀ), ਐੱਚ.ਸੀ. ਬਾਲੀ ਉਰਫ ਹਰੀਸ਼ ਚੰਦਰ ਬਾਲੀ (ਸੰਗੀਤ ਰਤਨ), ਦੇਵ ਬਾਲਾ, ਰਾਮ ਕ੍ਰਿਸ਼ਨ ਚੌਬੇ, ਮਿਸ ਕਮਲਾ, ਐੱਮ. ਇਸਮਾਇਲ, ਡਾਕਟਰ ਸੌਫੀ, ਅਖ਼ਤਰ ਹੁਸੈਨ ਅਤੇ ਮਿਸ ਸੀਤਾ ਸ਼ਾਮਲ ਸਨ। ਇਸ ਫਿਲਮ ਲਈ ਜੱਦਣ ਬਾਈ ਨੂੰ ਕਲਕੱਤੇ ਤੋਂ ਲਾਹੌਰ ਬੁਲਾਇਆ ਗਿਆ ਸੀ। ਉਸ ਨਾਲ ਉਸ ਦੀ 4 ਸਾਲਾ ਧੀ ਬੇਬੀ ਰਾਣੀ (ਅਦਾਕਾਰਾ ਨਰਗਿਸ) ਤੇ ਪੁੱਤਰ ਅਖ਼ਤਰ ਹੁਸੈਨ (ਪਹਿਲੇ ਵਿਆਹ 'ਚੋਂ) ਵੀ ਸੀ, ਜਿਸ ਨੇ ਇਸ ਫਿਲਮ 'ਚ ਅਦਾਕਾਰੀ ਵੀ ਕੀਤੀ। ਬਤੌਰ ਅਦਾਕਾਰਾ ਇਹ ਜੱਦਣ ਬਾਈ ਦੀ ਪਹਿਲੀ ਫਿਲਮ ਸੀ ਅਤੇ ਇਸ ਫਿਲਮ ਵਿਚ ਕੰਮ ਕਰਨ ਤੋਂ ਬਾਅਦ ਉਹ ਬੰਬਈ ਵਾਪਸ ਚਲੀ ਗਈ ਸੀ।

ਜੱਦਣ ਬਾਈ ਨੇ ਫਿਲਮ 'ਚ ਰਾਜਾ ਗੋਪੀ ਚੰਦ ਦੀ ਮਾਂ 'ਮੈਨਾਵਤੀ' ਦਾ ਕਿਰਦਾਰ ਨਿਭਾਇਆ ਜਦੋਂ ਕਿ ਹੁਸ਼ਿਆਰਪੁਰ ਦਾ ਐੱਚ. ਸੀ ਬਾਲੀ 'ਰਾਜਾ ਗੋਪੀਚੰਦ' ਦਾ ਟਾਈਟਲ ਰੋਲ ਕਰ ਰਿਹਾ ਸੀ। ਕਹਾਣੀ, ਗੀਤ, ਮੰਜ਼ਰਨਾਮਾ ਤੇ ਮੁਕਾਲਮੇ ਰਾਮਦਾਸ 'ਆਜ਼ਾਦ' ਨੇ ਤਿਆਰ ਕੀਤੇ। ਫਿਲਮ ਵਿਚ ਕੁੱਲ 24 ਗੀਤ ਸਨ ਜਿਨ੍ਹਾਂ ਦੀਆਂ ਧੁਨਾਂ ਐੱਚ.ਸੀ. ਬਾਲੀ ਨੇ ਤਿਆਰ ਕੀਤੀਆਂ। ਫਿਲਮ ਦੇ ਖ਼ੂਬਸੂਰਤ ਭਜਨ ਤੇ ਗੀਤਾਂ ਦੇ ਬੋਲ ਹਨ 'ਬਲਿਹਾਰੀ ਰਸੀਆ ਗਿਰਧਾਰੀ ਸੁੰਦਰ ਸ਼ਿਆਮ', 'ਆਜ ਸੁਨੋ ਰੀ ਸਖੀਆ ਸ਼ੁੱਭ ਘੜੀ ਆਈ', 'ਜਗਤ ਕਾ ਕਯਾ ਭਰੋਸਾ ਹੈ ਫਕਤ ਦੋ ਦਿਨ ਕਾ ਮੇਲਾ ਹੈ', 'ਦਿਲ ਉਸ ਸੇ ਨਾ ਭਰ ਪਾਇਆ ਰੇ', 'ਹਮਾਰੇ ਰਕਸ਼ਕ ਹੈਂ ਭਗਵਾਨ ਵਹੀ ਹਮਾਰੇ ਮਾਤ-ਪਿਤਾ ਹੈਂ', 'ਰਾਧੇ ਸ਼ਿਆਮ ਬੋਲ ਮੁਖ ਸੇ ਰਾਧੇ ਕ੍ਰਿਸ਼ਨ ਬੋਲ', 'ਅੰਧੇਰਾ ਉਸ ਜਗ੍ਹਾ ਪਾਇਆ ਜਹਾਂ ਥੀ ਚਮਕ', 'ਯੂੰ ਤੋ ਹਰ ਏਕ ਯਹਾਂ ਆ ਕੇ ਚਲਾ ਜਾਤਾ ਹੈ', 'ਜਬ ਗੌਰ ਕੀਆ ਹਮਨੇ ਦੁਨੀਆ ਕੀ ਹਕੀਕਤੋਂ ਕਾ' ਆਦਿ। ਇਸ ਦੇ ਗ੍ਰਾਮੋਫੋਨ ਰਿਕਾਰਡ 'ਤੇ ਗਾਇਕਾਂ ਦੇ ਨਾਵਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਮੇਰੇ ਕੋਲ ਮੌਜੂਦ ਇਸ ਫਿਲਮ ਦੀ ਬੁੱਕਲੈਟ ਤੋਂ ਫਿਲਮ ਦੇ ਮੁਕੰਮਲ ਗੀਤਾਂ ਦੇ ਬੋਲ ਜ਼ਰੂਰ ਮਿਲ ਗਏ ਹਨ ਜੋ ਮੈਨੂੰ ਲਾਹੌਰ ਤੋਂ ਪ੍ਰਾਪਤ ਹੋਈ।

ਇਸ ਫਿਲਮ ਨੇ ਇੱਕ ਮੁਹੱਬਤੀ ਅਫਸਾਨੇ ਨੂੰ ਜਨਮ ਦਿੱਤਾ। ਫਿਲਮ ਦੀ ਸ਼ੂਟਿੰਗ ਦੇ ਦੌਰਾਨ ਡਾਕਟਰ ਸੌਫੀ ਤੇ ਮਿਸ ਕਮਲਾ ਦਰਮਿਆਨ ਇਸ਼ਕ ਹੋ ਗਿਆ। ਫਿਲਮ ਪੂਰੀ ਹੁੰਦਿਆਂ ਹੀ ਦੋਵਾਂ ਨੇ ਵਿਆਹ ਕਰਵਾ ਲਿਆ ਤੇ ਬੰਬਈ ਚਲੇ ਗਏ। ਆਪਣੀਆਂ ਦੋਵਾਂ ਫਿਲਮਾਂ ਦੀ ਨਾਕਾਮੀ ਤੋਂ ਬਾਅਦ ਫਿਲਮਸਾਜ਼ ਤੇ ਸਟੂਡੀਓਸਾਜ਼ ਹਕੀਮ ਰਾਮ ਪ੍ਰਸ਼ਾਦ ਨੇ ਫਿਲਮ ਨਿਰਮਾਣ ਤੋਂ ਮੁਕੰਮਲ ਕਿਨਾਰਾਕਸ਼ੀ ਕਰ ਲਈ। ਇਸ ਤੋਂ ਬਾਅਦ ਉਹ ਆਪਣੇ ਸਿਨੇਮਾ ਘਰਾਂ ਵਿਚ ਹਿੰਦੀ ਤੇ ਪੰਜਾਬੀ ਫਿਲਮਾਂ ਰਿਲੀਜ਼ ਕਰ ਕੇ ਹੀ ਦੌਲਤ ਤੇ ਸ਼ੁਹਰਤ ਕਮਾਉਂਦੇ ਰਹੇ। ਵੰਡ ਤੋਂ ਪਹਿਲਾਂ ਹਕੀਮ ਸਾਹਬ ਦੇ ਕਰਾਊਨ ਟਾਕੀਜ਼ ਵਿਚ ਰਿਲੀਜ਼ਸ਼ੁਦਾ ਪੰਜਾਬੀ ਫਿਲਮਾਂ 'ਚ 'ਦੁੱਲਾ ਭੱਟੀ' ਉਰਫ 'ਦੁੱਖੀ ਜਵਾਨੀ' (26 ਅਪਰੈਲ 1940), 'ਜੱਗਾ ਡਾਕੂ' (27 ਸਤੰਬਰ 1940), 'ਲੈਲਾ ਮਜਨੂੰ' (1 ਨਵੰਬਰ 1940), 'ਚਤਰ ਬਕਾਵਲੀ' (2 ਮਈ 1940), 'ਮੇਰਾ ਮਾਹੀ' (20 ਜੂਨ 1941), 'ਗੁਲ ਬਲੋਚ' (23 ਅਗਸਤ 1946) ਤੋਂ ਇਲਾਵਾ ਵਲਿੰਗਟਨ ਟਾਕੀਜ਼ ਵਿਚ 'ਨਿਖੱਟੂ' (1 ਅਕਤੂਬਰ 1943) ਤੇ 'ਕੋਇਲ' (24 ਨਵੰਬਰ 1944) ਦੇ ਨਾਮ ਜ਼ਿਕਰਯੋਗ ਹਨ।

ਪੰਜਾਬ ਵੰਡ ਤੋਂ ਬਾਅਦ ਹਕੀਮ ਰਾਮ ਪ੍ਰਸ਼ਾਦ ਲਾਹੌਰ (ਪਾਕਿਸਤਾਨ) ਰਹੇ ਜਾਂ ਭਾਰਤੀ ਪੰਜਾਬ ਆ ਗਏ, ਕਾਫੀ ਛਾਣ-ਬੀਣ ਕਰਨ ਦੇ ਬਾਵਜੂਦ ਦੋਵਾਂ ਪੰਜਾਬਾਂ 'ਚੋਂ ਕੋਈ ਹੋਰ ਜਾਣਕਾਰੀ ਨਹੀਂ ਮਿਲ ਸਕੀ।

# 'ਛੋਰੀ-2' ਦੀ ਦਸਤਕ






2021 ਵਿਚ ਆਈ ਅਦਾਕਾਰਾ ਨੁਸਰਤ ਭਰੂਚਾ ਦੀ ਫਿਲਮ 'ਛੋਰੀ' ਦੇ ਅਗਲੇ ਭਾਗ ਦੀ ਸ਼ੂਟਿੰਗ ਵੀ ਅਦਾਕਾਰਾ ਨੇ ਮੁਕੰਮਲ ਕਰ ਲਈ ਹੈ। ਅਦਾਕਾਰਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਜਾਣਕਾਰੀ ਸਾਂਝੀ ਕਰਦਿਆਂ ਫਿਲਮ ਵਿਚ ਅਦਾਕਾਰਾ ਸੋਹਾ ਅਲੀ ਖ਼ਾਨ ਦੀ ਝਲਕ ਵੀ ਸਾਂਝੀ ਕੀਤੀ ਹੈ। ਨੁਸਰਤ ਨੇ ਲਿਖਿਆ ਹੈ: 'ਫਿਲਮ 'ਛੋਰੀ 2' ਦੇ ਸੈੱਟ ਤੋਂ ਸੋਹਾ ਅਲੀ ਖ਼ਾਨ ਦੀ ਦਿਲ ਦਹਿਲਾ ਦੇਣ ਵਾਲੀ ਝਲਕ। ਫਿਲਮ ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ।'

ਫਿਲਮ 'ਛੋਰੀ' 2017 ਵਿਚ ਆਈ ਵਿਸ਼ਾਲ ਫੁਰੀਆ ਦੀ ਮਰਾਠੀ ਫਿਲਮ 'ਲਾਪਾਛਾਪੀ' ਦਾ ਹਿੰਦੀ ਰੀਮੇਕ ਸੀ। 'ਛੋਰੀ 2' ਵਿਚ ਪੱਲਵੀ ਪਾਟਿਲ ਅਤੇ ਸੌਰਭ ਗੋਇਲ ਵੀ ਹਨ।

# ਅਨਿਲ ਕਪੂਰ ਦੇ ਚਾਰ ਦਹਾਕੇ

ਅਦਾਕਾਰ ਅਨਿਲ ਕਪੂਰ ਨੇ ਫਿਲਮ ਜਗਤ ਵਿਚ ਆਪਣੇ ਸਫ਼ਰ ਦੇ ਚਾਰ ਦਹਾਕੇ ਮੁਕੰਮਲ ਕਰ ਲਏ ਹਨ। ਇਸ ਸਫ਼ਰ ਦੌਰਾਨ ਉਸ ਨੂੰ ਕਈ ਐਵਾਰਡਾਂ ਅਤੇ ਸਨਮਾਨਾਂ ਨਾਲ ਨਿਵਾਜਿਆ ਗਿਆ ਹੈ। ਇਸ ਮੌਕੇ ਉਸ ਨੇ ਇੰਸਟਾਗ੍ਰਾਮ 'ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ ਜਿਨ੍ਹਾਂ ਵਿਚ ਬੀਤੇ ਸਮੇਂ ਦੇ ਕਈ ਪਲਾਂ ਦੀਆਂ ਝਲਕੀਆਂ ਸ਼ਾਮਲ ਹਨ। ਇਨ੍ਹਾਂ ਤਸਵੀਰਾਂ ਰਾਹੀਂ ਅਦਾਕਾਰ ਨੇ ਵੱਖ-ਵੱਖ ਸਮਿਆਂ 'ਤੇ ਮਿਲਣ ਵਾਲੇ ਐਵਾਰਡਾਂ ਦੇ ਸਮਾਗਮਾਂ ਦੀ ਯਾਦ ਵੀ ਤਾਜ਼ਾ ਕੀਤੀ ਹੈ। ਉਹਨੇ ਲਿਖਿਆ ਹੈ: 'ਮੈਂ ਚਾਰ ਦਹਾਕੇ ਲੰਘਾ ਚੁੱਕਾ ਹਾਂ। ਉਤਾਰ-ਚੜ੍ਹਾਅ ਆਏ ਹਨ, ਹੁਨਰ ਬਦਲਿਆ ਹੈ, ਮਿਜ਼ਾਜ ਬਦਲੇ ਹਨ ਤੇ ਜ਼ਾਹਿਰਾ ਤੌਰ 'ਤੇ ਦਰਸ਼ਕ ਵੀ ਬਦਲੇ ਹਨ... ਉਂਝ, ਇੱਕ ਚੀਜ਼ ਜੋ ਹੁਣ ਤੱਕ ਨਹੀਂ ਬਦਲੀ ਹੈ... ਉਹ ਹੈ ਸਖ਼ਤ ਮਿਹਨਤ ਅਤੇ ਦ੍ਰਿੜ੍ਹਤਾ। ਇਹੀ ਸਭ ਤੋਂ ਵੱਡੇ ਐਵਾਰਡ ਵੀ ਹਨ।'



66 ਸਾਲਾ ਅਨਿਲ ਕਪੂਰ ਹੁਣ ਤੱਕ ਸੌ ਤੋਂ ਵੱਧ ਫਿਲਮਾਂ ਵਿਚ ਆਪਣੀ ਅਦਾਕਾਰੀ ਦਾ ਲੋਹਾ ਮਨਵਾ ਚੁੱਕਿਆ ਹੈ। ਇਨ੍ਹਾਂ ਵਿਚ 'ਮੇਰੀ ਜੰਗ', 'ਕਰਮਾ', 'ਮਿਸਟਰ ਇੰਡੀਆ', 'ਤੇਜ਼ਾਬ', 'ਪਰਿੰਦਾ', '1942: ਏ ਲਵ ਸਟੋਰੀ', 'ਤਾਲ', 'ਨਾਇਕ' ਆਦਿ ਫਿਲਮਾਂ ਸ਼ਾਮਲ ਹਨ।

ਅਨਿਲ ਕਪੂਰ (ਜਨਮ 24 ਦਸੰਬਰ 1956) ਨੇ ਆਪਣੇ ਕਰੀਅਰ ਦੀ ਸ਼ੁਰੂਆਤ 1979 ਵਿਚ ਆਈ ਫਿਲਮ 'ਹਮਾਰੇ ਤੁਮਹਾਰੇ' ਵਿਚ ਛੋਟੀ ਜਿਹੀ ਭੂਮਿਕਾ ਨਾਲ ਕੀਤੀ ਸੀ। ਫਿਰ 1980 ਵਿਚ ਤੈਲਗੂ ਫਿਲਮ 'ਵਾਮਸਾ ਵਰੁਕਸ਼ਮ' ਅਤੇ 1983 ਵਿਚ ਕੰਨੜ ਫਿਲਮ 'ਪੱਲਵੀ ਅਨੁਪੱਲਵੀ' ਵਿਚ ਦਿਖਾਈ ਦਿੱਤੇ। 1984 ਵਿਚ ਐਕਸ਼ਨ ਫਿਲਮ 'ਮਸ਼ਾਲ' ਨਾਲ ਉਸ ਦੇ ਕਰੀਅਰ ਨੂੰ ਖੰਭ ਲੱਗ ਗਏ। ਇਸ ਤੋਂ ਬਾਅਦ ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹ ਅਜਿਹਾ ਅਦਾਕਾਰ ਹੋ ਨਿੱਬੜਿਆ ਜਿਸ ਨੇ ਵੱਖ-ਵੱਖ ਕਿਰਦਾਰ ਬਾਖ਼ੂਬੀ ਨਿਭਾਏ। *-ਗੁਰਜੰਟ ਸਿੰਘ*

# Noblesville

## *Trucks & Trailer Repair Shop*

**15203 Stony Creek Way,
Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road
Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,
Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020